

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Ray Dhaliwal
Real Estate Broker

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 23; June 10, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਭਾਜਪਾ ਨੇ ਪੰਜਾਬ ਨਾਲ ਇਕ ਹੋਰ ਦਾਅ ਖੇਡਿਆ

## ਹੁਣ ਪੰਜਾਬ ਯੂਨੀਵਰਸਿਟੀ ਉਤੇ ਆਪਣਾ ਹੱਕ ਮੰਗਿਆ

**ਚੰਡੀਗੜ੍ਹ:** ਪਾਣੀਆਂ ਦੇ ਮਸਲੇ, ਚੰਡੀਗੜ੍ਹ ਉਤੇ ਹੱਕ, ਵੱਖਰੀ ਵਿਧਾਨ ਸਭਾ ਦੀ ਮੰਗ ਤੋਂ ਬਾਅਦ ਹੁਣ ਪੰਜਾਬ ਅਤੇ ਹਰਿਆਣਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਉਤੇ ਆਪਣੇ ਹੱਕ ਨੂੰ ਲੈ ਕੇ ਉਲਝ ਪਏ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੰਜਾਬ ਯੂਨੀਵਰਸਿਟੀ ਵਿਚ ਬਣਦੀ ਹਿੱਸੇਦਾਰੀ ਦੇਣ ਦੀ ਮੰਗ ਕਰ ਦਿੱਤੀ ਹੈ।





ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਗ੍ਰਾਂਟਾਂ ਜਾਰੀ ਕਰਨ ਦੇ ਮੁੱਦੇ 'ਤੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜਰੀ 'ਚ ਇਹ ਮੰਗ ਰੱਖ ਦਿੱਤੀ। ਇਸ ਮੰਗ ਤੋਂ ਬਾਅਦ ਪੰਜਾਬ ਦੀ ਸਿਆਸਤ ਭਖ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਆਖਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ, ਹਰਿਆਣਾ ਦੀ ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਬੇਨਕਾਬ ਕਰਨ ਦੀ ਥਾਂ ਯੂਨੀਵਰਸਿਟੀ ਦੇ ਮਾਮਲੇ ਵਿਚ ਸੂਬੇ ਦਾ ਕੇਸ ਕਮਜ਼ੋਰ ਕਰ ਰਹੇ ਹਨ।

ਅਕਾਲੀ ਦਲ ਨੇ ਆਖਿਆ ਹੈ ਕਿ ਹਰਿਆਣਾ ਸਰਕਾਰ ਵੱਲੋਂ ਆਪਣੇ ਕਾਲਜਾਂ ਲਈ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਮੰਗਣਾ ਭਾਜਪਾ ਤੇ ਆਰ.ਐਸ.ਐਸ. ਵੱਲੋਂ ਯੂਨੀਵਰਸਿਟੀ ਦਾ ਕੰਟਰੋਲ ਆਪਣੇ ਅਧੀਨ ਲੈਣ ਦੀ ਸਾਜ਼ਿਸ਼ ਹੈ। ਉਧਰ, ਰਾਜਪਾਲ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਮਾਮਲੇ 'ਤੇ ਸੱਦੀ ਮੀਟਿੰਗ ਵਿਚ ਹਰਿਆਣਾ ਦੇ ਮੁੱਖ ਮੰਤਰੀ ਦੀ ਹਾਜ਼ਰੀ 'ਤੇ ਵੀ ਸਵਾਲ ਕੀਤੇ ਜਾ ਰਹੇ ਹਨ ਕਿਉਂਕਿ 1970 ਵਿਚ ਯੂਨੀਵਰਸਿਟੀ ਕੋਲੋਂ ਆਪਣੇ ਕਾਲਜਾਂ ਦੀ ਮਾਨਤਾ ਖਤਮ ਕਰਵਾਉਣ ਵੇਲੇ ਤੋਂ ਹਰਿਆਣਾ ਦਾ ਪੰਜਾਬ ਯੂਨੀਵਰਸਿਟੀ ਵਿਚ ਕੋਈ ਹਿੱਸਾ ਨਹੀਂ ਰਹਿ ਗਿਆ। ਯਾਦ ਰਹੇ ਕਿ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 72 ਦੀ ਉਪ ਧਾਰਾ (4) ਅਨੁਸਾਰ ਯੂਨੀਵਰਸਿਟੀ ਦੇ ਰੱਖ-ਰਖਾਅ ਤੇ ਘਾਟੇ ਦੀਆਂ ਗਰਾਂਟਾਂ ਨੂੰ ਸਬੰਧਤ ਸੂਬਿਆਂ ਭਾਵ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਯੂਟੀ ਪ੍ਰਸ਼ਾਸਨ ਵਿਚ ਕ੍ਰਮਵਾਰ 20:20:20:40 ਦੇ ਅਨੁਪਾਤ ਵਿਚ ਸਾਂਝਾ ਅਤੇ ਅਦਾ ਕੀਤਾ ਜਾਣਾ ਸੀ। ਸਾਲ 1970 ਵਿਚ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਬੰਸੀ ਲਾਲ ਨੇ ਆਪਣੀ ਮਰਜ਼ੀ ਨਾਲ ਯੂਨੀਵਰਸਿਟੀ ਵਿਚੋਂ ਆਪਣੇ ਸੂਬੇ ਦਾ ਹਿੱਸਾ ਵਾਪਸ ਲੈ ਲਿਆ ਸੀ ਅਤੇ 1973 ਵਿਚ ਹਰਿਆਣਾ ਨੇ ਆਪਣੇ ਸੈਨੇਟ ਮੈਂਬਰਾਂ ਨੂੰ ਯੂਨੀਵਰਸਿਟੀ ਤੋਂ ਵਾਪਸ ਬੁਲਾ ਲਿਆ ਸੀ। ਪੰਜਾਬ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਯੂਨੀਵਰਸਿਟੀ ਨੂੰ ਕ੍ਰਮਵਾਰ 40:60 ਦੇ ਅਨੁਪਾਤ ਵਿਚ ਰੱਖ-ਰਖਾਅ ਘਾਟੇ ਦੀਆਂ ਗਰਾਂਟਾਂ ਦਾ ਭੁਗਤਾਨ ਕਰਨ ਦੀ ਵਿੱਤੀ ਜ਼ਿੰਮੇਵਾਰੀ ਚੁੱਕੀ ਸੀ। ਇਸ ਤਰ੍ਹਾਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੇ ਹੱਥ ਪਿਛਾਂਹ ਖਿੱਚ ਲਏ ਸਨ ਪਰ ਪੰਜਾਬ ਸਰਕਾਰ ਨੇ ਫੰਡ ਦੇਣੇ ਜਾਰੀ ਰੱਖੇ।

ਉਧਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਵਿਰਾਸਤ ਹੈ ਜਿਸ 'ਚ ਕਿਸੇ ਵੀ ਤਰ੍ਹਾਂ ਦਾ ਬਦਲਾਅ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੰਸਥਾ ਦੀ ਇਤਿਹਾਸਕ, ਸੱਭਿਆਚਾਰਕ ਅਤੇ ਸੂਬਾਈ ਅਹਿਮੀਅਤ ਦੇ ਮੱਦੇਨਜ਼ਰ ਪੰਜਾਬ ਦੇ ਲੋਕਾਂ ਨਾਲ ਇਸ ਦੀ ਦਿਲੀ ਅਤੇ ਜਜ਼ਬਾਤੀ ਸਾਂਝ ਹੈ। ਭਗਵੰਤ ਮਾਨ ਨੇ ਚੇਤੇ ਕਰਵਾਇਆ ਕਿ ਇਸ ਸੰਸਥਾ ਨੂੰ ਲਾਹੌਰ ਜੋ ਉਸ

(ਬਾਕੀ ਸਫਾ 6 'ਤੇ)

# ਸ਼੍ਰੋਮਣੀ ਅਕਾਲੀ ਦਲ ਲਈ ਹੁਣ ਨਵੀਂ ਚੁਣੌਤੀ



**ਅੰਮ੍ਰਿਤਸਰ:** ਆਪਣੀ ਹੋਂਦ ਬਚਾਉਣ ਲਈ ਹੱਥ-ਪੈਰ ਮਾਰ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਆਉਂਦੇ ਦਿਨ ਹੋਰ ਚੁਣੌਤੀ ਵਾਲੇ ਹੋਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਜਨਰਲ ਚੋਣਾਂ ਕਰਵਾਉਣ ਦਾ ਅਮਲ ਸ਼ੁਰੂ ਹੋ ਗਿਆ ਹੈ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਐਸ.ਐਸ. ਸਾਰੋਂ ਨੇ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਅਮਲ ਸ਼ੁਰੂ ਕਰਨ ਲਈ ਆਖਿਆ ਹੈ। ਇਸ ਐਲਾਨ ਪਿੱਛੋਂ ਚੋਣਾਂ ਵਿਚ ਹਿੱਸਾ ਲੈਣ ਵਾਲੀਆਂ ਧਿਰਾਂ ਨੇ ਸਰਗਰਮੀਆਂ ਵਧਾ ਦਿੱਤੀਆਂ ਹਨ।

ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਸ਼੍ਰੋਮਣੀ ਅਕਾਲੀ ਪੰਥਕ ਬੋਰਡ ਦਾ ਐਲਾਨ ਕਰਨ ਤੋਂ ਬਾਅਦ ਆਪਣੇ ਸਮਰਥਕਾਂ ਨਾਲ ਮੀਟਿੰਗਾਂ ਦਾ ਦੌਰ ਤੇਜ਼ ਕਰ ਦਿੱਤਾ ਹੈ। ਉਨ੍ਹਾਂ ਆਖਿਆ ਹੈ ਕਿ ਉਨ੍ਹਾਂ ਦਾ ਇਕੋ ਇਕ ਮਕਸਦ ਐਸ.ਜੀ.ਪੀ.ਸੀ. ਨੂੰ ਇਕ ਪਾਰਟੀ ਅਤੇ ਪਰਿਵਾਰ ਤੋਂ ਮੁਕਤ ਕਰਵਾਉਣਾ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪਾਰਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਤਿਆਰ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਅਗਾਮੀ ਆ ਰਹੀਆਂ ਚੋਣਾਂ ਜਥੇਬੰਦੀ ਵਾਸਤੇ ਕੋਈ ਨਵੀਂ ਚੁਣੌਤੀ ਨਹੀਂ ਹਨ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਵੀ ਕਈ ਵਾਰ ਅਜਿਹੀ ਸਥਿਤੀ ਨੂੰ ਨਜਿੱਠ ਚੁੱਕਿਆ ਹੈ। ਚੇਤੇ ਰਹੇ ਕਿ ਦੋ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਹਾਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਆਪਣੀ ਹੋਂਦ ਬਚਾਉਣ ਲਈ ਯਤਨਸ਼ੀਲ ਹੈ। ਪਾਰਟੀ ਦੇ ਕਈ ਕੱਦਾਵਰ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਨੂੰ ਅੰਦਰੂਨੀ ਪੱਧਰ 'ਤੇ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀਆਂ 2011 ਦੀਆਂ ਚੋਣਾਂ 'ਤੇ ਜੇਕਰ ਝਾਤ ਮਾਰੀ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਸੰਤ ਸਮਾਜ ਦੀ ਮਦਦ ਨਾਲ ਕੁਲ 170 'ਚੋਂ 157 ਸੀਟਾਂ ਉਤੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਸੀ।

ਇਸ ਤੋਂ ਪਹਿਲਾਂ ਹੋਈਆਂ ਚੋਣਾਂ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਦੀ ਹੀ ਝੰਡੀ ਸੀ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਿਚ ਇਸ ਵੇਲੇ ਕੁੱਲ 191 ਮੈਂਬਰ ਹਨ, ਜਿਨ੍ਹਾਂ 'ਚੋਂ 170 ਚੁਣ ਕੇ ਆਉਂਦੇ ਹਨ ਤੇ 15 ਨਾਮਜ਼ਦ ਕੀਤੇ ਜਾਂਦੇ ਹਨ। ਪੰਜ ਤਖਤਾਂ ਦੇ ਜਥੇਦਾਰ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੀ ਸਦਨ ਦੇ ਮੈਂਬਰ ਹਨ। ਅਕਾਲੀ ਦਲ ਲਈ ਇਸ ਵਾਰ ਹਾਲਾਤ ਕੁਝ ਵੱਖਰੇ ਹਨ, ਕਿਉਂਕਿ ਡੇਰਾ ਸਿਰਸਾ ਮੁਖੀ ਨੂੰ ਅਕਾਲ ਤਖਤ ਤੋਂ ਮੁਆਫੀ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਗੋਲੀ ਕਾਂਡ ਵਰਗੀਆਂ ਵਾਪਰੀਆਂ ਘਟਨਾਵਾਂ ਨੇ ਇਸ ਦੇ ਪੰਥਕ ਵੋਟ ਨੂੰ ਵੱਡਾ ਖੋਰਾ ਲਾਇਆ ਹੈ। ਇਸ ਖੋਰੇ ਤੋਂ ਬਾਅਦ ਅਕਾਲੀ ਦਲ ਦੋ ਵਾਰ ਵਿਧਾਨ ਸਭਾ ਚੋਣਾਂ ਹਾਰਿਆ ਹੈ। ਹੁਣ ਸ਼੍ਰੋਮਣੀ ਕਮੇਟੀ ਦੀ ਚੋਣ ਇਸ ਪੰਥਕ ਸਿਆਸੀ ਧਿਰ ਲਈ ਵੱਡੀ ਚੁਣੌਤੀ ਹੋਵੇਗੀ।






Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*

Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury



Offices in San Francisco and Union City

WILLIAM E. WEISS
Of Counsel



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਸਪਰਿੰਗਫੀਲਡ 'ਮੈਮੋਰੀਅਲ ਡੇਅ ਪਰੇਡ' ਵਿਚ ਸਿੱਖ ਭਾਈਚਾਰੇ ਦੀ ਚੜ੍ਹਤ

**ਸਪਰਿੰਗਫੀਲਡ (ਓਹਾਇਓ):** ਇੱਥੇ ਹੋਈ 'ਮੈਮੋਰੀਅਲ ਡੇਅ ਪਰੇਡ' ਵਿਚ ਕਾਰੋਬਾਰੀ ਅਵਤਾਰ ਸਿੰਘ ਸਪਰਿੰਗਫੀਲਡ ਦੀ ਅਗਵਾਈ ਵਿਚ ਸਪਰਿੰਗਫੀਲਡ, ਕੋਲੰਬਸ, ਇੰਡੀਆਨਾ ਤੇ ਸਿਨਸਿਨੈਟੀ ਤੋਂ ਵੱਡੀ ਗਿਣਤੀ ਸਿੱਖ ਭਾਈਚਾਰੇ ਨੇ ਹਿੱਸਾ ਲਿਆ। ਅਵਤਾਰ ਸਿੰਘ ਦੀ ਅਗਵਾਈ 'ਚ ਪਿਛਲੇ 25 ਸਾਲਾਂ ਤੋਂ ਵੱਡੀ ਗਿਣਤੀ ਸਿੱਖ ਭਾਈਚਾਰਾ ਸਪਰਿੰਗਫੀਲਡ ਵਿਚ ਸ਼ਹੀਦ ਫੌਜੀਆਂ ਦੀ ਯਾਦ 'ਚ ਹਰ ਸਾਲ ਕੱਢੀ ਜਾਂਦੀ ਮੈਮੋਰੀਅਲ ਡੇਅ ਪਰੇਡ ਵਿਚ ਹਿੱਸਾ ਲੈਂਦਾ ਹੈ।

ਇਸ ਵਾਰ ਸਿੱਖ ਭਾਈਚਾਰਾ ਸ਼ਹੀਦਾਂ ਦੀਆਂ ਤਸਵੀਰਾਂ ਦੇ ਪੋਸਟਰ ਲਾ ਕੇ ਜੀਪਾਂ, ਵੈਨਾਂ, ਕਾਰਾਂ 'ਚ ਸਵਾਰ ਹੋ ਕੇ 'ਮੈਮੋਰੀਅਲ ਡੇਅ ਪਰੇਡ' ਵਿਚ ਸ਼ਾਮਲ ਹੋਇਆ। ਉਨ੍ਹਾਂ ਨੇ ਅਮਰੀਕਨ ਝੰਡੇ ਚੁੱਕੇ ਹੋਏ ਸਨ। ਵਿਸ਼ਵ ਯੁੱਧ ਦੌਰਾਨ ਸ਼ਹੀਦ ਹੋਏ ਸਿੱਖ ਫੌਜੀਆਂ ਬਾਰੇ ਜਾਣਕਾਰੀ ਦੇਣ ਲਈ ਹਰ ਸਾਲ ਦੀ ਤਰ੍ਹਾਂ ਇਸ ਵਾਰ 25ਵੇਂ ਸਾਲ ਮੌਕੇ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਇਹ ਪਰੇਡ ਤਿੰਨ ਮੀਲਾਂ ਤੋਂ ਵੱਧ ਲੰਬੀ ਸੀ ਅਤੇ ਸੜਕਾਂ ਦੇ ਦੋਵੇਂ ਪਾਸੇ ਵੱਡੀ ਗਿਣਤੀ ਲੋਕ ਇਸ ਪਰੇਡ ਨੂੰ ਹੱਥ ਹਿਲਾ ਕੇ, ਝੰਡੇ ਲਹਿਰਾ ਕੇ ਜੀਅ ਆਇਆਂ ਆਖ ਰਹੇ ਸਨ। ਲੋਕਾਂ ਨੇ ਲਾਲ, ਚਿੱਟੇ, ਨੀਲੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ। ਇਸ ਪਰੇਡ ਵਿਚ 3000 ਲੋਕਾਂ ਨੇ 300 ਤੋਂ ਵੱਧ ਗੱਡੀਆਂ ਨਾਲ ਹਿੱਸਾ ਲਿਆ। ਸਥਾਨਕ ਸੰਸਥਾਵਾਂ ਦਾ ਪਰੇਡ ਲਈ ਵਿਸ਼ੇਸ਼ ਉਤਸ਼ਾਹ ਵੇਖਣ ਨੂੰ ਮਿਲਿਆ। ਦੱਸਣਯੋਗ ਹੈ ਕਿ ਇਸ ਸ਼ਹਿਰ ਦੀ ਪਰੇਡ ਅਮਰੀਕਾ 'ਚ ਕਰਵਾਈ ਜਾਣ ਵਾਲੀ ਵਿਸ਼ੇਸ਼ ਮਹੱਤਵ ਰੱਖਣ ਵਾਲੀ ਪਰੇਡ ਹੈ।

ਵੱਖ ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਿਕ ਅਦਾਰਿਆਂ ਦੀਆ ਝਲਕੀਆਂ, ਇਸ ਪਰੇਡ ਦੀ ਵਿਸ਼ੇਸ਼ ਖਿੱਚ ਸਨ। ਫ਼ੌਜ ਦੀਆਂ ਜੀਪਾਂ, ਫਾਇਰ ਟਰੱਕ, ਮੋਟਰਸਾਈਕਲ, ਅਣਗਿਣਤ ਵਾਹਨ ਪਰੇਡ ਦਾ ਹਿੱਸਾ ਸਨ। ਅਮਰੀਕਨ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈਆਂ ਸਿੱਖ ਝਾਕੀਆਂ ਖਿੱਚ ਦਾ ਕੇਂਦਰ ਰਹੀਆਂ। ਇਨ੍ਹਾਂ ਉੱਪਰ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਬਾਰੇ ਜਾਣਕਾਰੀ ਦਿੱਤੀ ਗਈ ਸੀ। ਪਰੇਡ ਜਦੋਂ ਬਾਜ਼ਾਰਾਂ ਵਿਚੋਂ ਲੰਘੀ, ਤਾਂ ਹਮੇਸ਼ਾਂ ਦੀ ਤਰ੍ਹਾਂ ਸਿੱਖ ਝਾਕੀ ਦਾ ਸੜਕ ਕੰਢੇ ਖੜ੍ਹੇ ਅਤੇ ਬੈਠੇ ਹਜ਼ਾਰਾਂ ਸ਼ਹਿਰੀਆਂ ਨੇ ਹੱਥਾਂ ਵਿਚ ਅਮਰੀਕੀ ਝੰਡੇ ਲੈ ਕੇ ਹੱਥ ਹਿਲਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਹ 'ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇਅ' ਵੀ ਕਹਿ ਰਹੇ ਸਨ।

ਅਵਤਾਰ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਸਰਬਜੀਤ ਕੌਰ ਦੀ ਪ੍ਰੇਰਨਾ ਸਦਕਾ ਪਰੇਡ ਦੇ 25ਵੇਂ ਵਰ੍ਹੇ ਵੱਡੀ ਗਿਣਤੀ ਸਿੱਖ ਭਾਈਚਾਰੇ ਨੇ ਪਰੇਡ 'ਚ ਸ਼ਾਮਲ ਹੋਣ ਦਾ ਵੱਡਾ ਹੁੰਗਾਰਾ ਭਰਿਆ। ਯਾਦ ਰਹੇ ਅਵਤਾਰ ਸਿੰਘ ਪਿਛਲੇ ਲੰਮੇ ਸਮੇਂ ਤੋਂ ਪੰਜਾਬ, ਪੰਜਾਬੀ, ਪੰਜਾਬੀਅਤ ਲਈ ਤਾਂ ਵਿਸ਼ੇਸ਼ ਉਪਰਾਲੇ ਕਰ ਹੀ ਰਹੇ ਹਨ, ਪਰ ਅਮਰੀਕਾ ਦੀ ਧਰਤੀ 'ਤੇ ਰਹਿ ਕੇ ਸਤੰਬਰ 2001 ਦੇ ਹਮਲੇ ਦੇ ਬਾਅਦ ਸਿੱਖਾਂ ਉਤੇ ਗਲਤ ਪਹਿਚਾਣ ਦੇ ਮੱਦੇਨਜ਼ਰ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਸਿੱਖ ਪਹਿਚਾਣ ਸਬੰਧੀ ਅਮਰੀਕਨ ਲੋਕਾਂ ਨੂੰ ਜਾਣਕਾਰੀ ਦੇਣ ਲਈ ਵੀ ਵਿਸ਼ੇਸ਼ ਉਪਰਾਲੇ ਕਰ ਰਹੇ ਹਨ।

ਮੈਮੋਰੀਅਲ ਡੇਅ ਪਰੇਡ ਦੇ ਅੰਤ ਵਿਚ ਸ਼ਾਮਲ ਹੋਏ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਅਵਤਾਰ ਸਿੰਘ ਦੇ ਗ੍ਰਹਿ ਵਿਖੇ ਖਾਣਾ ਖਾਦਾ ਅਤੇ ਸਭਨਾਂ ਨੇ ਪਰਿਵਾਰ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ ਕਿ ਉਹ ਭਾਈਚਾਰੇ ਨੂੰ ਸਥਾਨਕ ਅਮਰੀਕਨਾਂ ਨਾਲ ਜੋੜ ਕੇ ਵੱਡਾ ਉਪਰਾਲਾ ਕਰ ਰਹੇ ਹਨ। ਇਸ ਪਰੇਡ ਦੇ ਆਯੋਜਨ ਵਿਚ ਬੋਬੀ ਸਿੱਧੂ ਅਤੇ ਉਸਦੇ ਪਰਿਵਾਰ ਦਾ ਵਿਸ਼ੇਸ਼ ਯੋਗਦਾਨ ਰਿਹਾ ਅਤੇ ਫੋਟੋਗ੍ਰਾਫੀ ਸੁਨੀਲ ਮੱਲੀ ਨੇ ਕੀਤੀ। ਡਾ. ਚਰਨਜੀਤ ਸਿੰਘ ਗੁਮਟਾਲਾ ਅਤੇ ਉਨ੍ਹਾਂ ਦੇ ਸਪੁੱਤਰ ਸਮੀਪ ਸਿੰਘ ਗੁਮਟਾਲਾ ਇਸ ਪਰੇਡ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਹਨ ਅਤੇ ਇਸ ਪਰੇਡ ਦੀ ਕਾਮਯਾਬੀ ਲਈ ਪੰਜਾਬੀ ਭਾਈਚਾਰੇ ਨੂੰ ਇੱਕ ਮੁੱਠ ਕਰਨ ਵਿਚ ਪੂਰਾ ਸਹਿਯੋਗ ਦਿੰਦੇ ਹਨ।




















# ਵਿਪਸਾਅ ਵਲੋਂ ਲੇਖਕ ਬਖ਼ਸ਼ਿੰਦਰ ਨਾਲ ਸਾਹਿਤਕ ਮਿਲਣੀ

**ਹੇਵਰਡ, ਕੈਲੀਫ਼ੋਰਨੀਆ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਲੰਘੀ 3 ਜੂਨ ਨੂੰ ਕੈਨੇਡਾ ਤੋਂ ਪਹੁੰਚੇ ਮਹਿਮਾਨ ਲੇਖਕ ਬਖ਼ਸ਼ਿੰਦਰ ਨਾਲ ਸਾਹਿਤ ਅਤੇ ਭਾਸ਼ਾ ਦੇ ਵਿਸ਼ੇ ਉੱਪਰ ਬੈਠਕ ਕੀਤੀ ਗਈ, ਜਿਸ ਵਿਚ ਸਮੂਹ ਅਕਾਦਮੀ ਮੈਂਬਰਾਂ ਨੇ ਸ਼ਿਰਕਤ ਕੀਤੀ। ਅਕਾਦਮੀ ਦੇ ਮੋਢੀ ਮੈਂਬਰ ਸੁਖਵਿੰਦਰ ਕੰਬੋਜ ਨੇ ਬਖ਼ਸ਼ਿੰਦਰ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਅਤੇ ਉਸ ਵਲੋਂ ਸਾਹਿਤਕਾਰੀ ਅਤੇ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਦਾ ਵੇਰਵਾ ਦਿੱਤਾ। ਸਮਾਗਮ ਦੀ ਪ੍ਰਧਾਨਗੀ ਸੁਖਵਿੰਦਰ ਕੰਬੋਜ, ਬਖ਼ਸ਼ਿੰਦਰ, ਚਰਨਜੀਤ ਸਿੰਘ ਪੰਨੂੰ ਅਤੇ ਸੁਰਿੰਦਰ ਸੀਰਤ ਨੇ ਕੀਤੀ।

ਬਖ਼ਸ਼ਿੰਦਰ ਨੇ ਆਪਣੇ ਸਬੱਬੀਂ ਹੀ ਪੱਤਰਕਾਰਤਾ ਨਾਲ ਜੁੜਨ ਦੇ ਦਿਨਾਂ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਬਾਰੇ ਵਿਸਥਾਰ-ਪੂਰਵਕ ਗੱਲਬਾਤ ਕੀਤੀ। ਪਿੰਡ ਵਿਚ ਇਕ ਸਭਾ ਵੱਲੋਂ ਹੋ ਰਹੇ ਛੋਟੇ ਮੋਟੇ ਸਮਾਗਮਾਂ ਦੀਆਂ ਖਬਰਾਂ ਲਿਖਣ ਤੋਂ ਸ਼ੁਰੂ ਹੋ ਕੇ ਰਾਜਧਾਨੀ ਵਿਚ ਛਪ ਰਹੇ ਅਖਬਾਰਾਂ ਵਿਚ ਭਾਸ਼ਾ ਅਤੇ ਪੱਤਰਕਾਰੀ ਵਿਚ ਹੋ ਰਹੀਆਂ ਗਲਤੀਆਂ ਅਤੇ ਉਨ੍ਹਾਂ ਦੇ ਸੁਧਾਰ ਬਾਰੇ ਪੁਖ਼ਤਾ ਰਾਏ ਦੇਣ ਦੇ ਸਮਰੱਥ ਹੋਣ ਦਾ ਲੰਮਾ ਸਫ਼ਰ ਸੀ ਜੋ ਹਾਲੇ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਲਿਖਾਰੀਆਂ ਅਤੇ ਪ੍ਰਕਾਸ਼ਕਾਂ ਵੱਲੋਂ ਵਿਆਕਰਨ ਅਤੇ ਸ਼ਬਦ-ਜੋੜਾਂ ਦੀਆਂ ਕੁਤਾਹੀਆਂ ਬਹੁਤ ਗੰਭੀਰ ਮੁੱਦਾ ਹੈ ਜੋ ਭਾਸ਼ਾ ਨੂੰ ਵਿਗਾੜ ਰਿਹਾ ਹੈ। ਜਿਨ੍ਹਾਂ ਦੇ ਸਿਰ ਭਾਸ਼ਾ ਦੀ ਪ੍ਰਫੁੱਲਤਾ ਦੀ ਜ਼ਿੰਮੇਵਾਰੀ ਹੈ ਉਹ ਹੀ ਜਾਣੇ ਅਣਜਾਣੇ ਭਾਸ਼ਾ ਦਾ ਨੁਕਸਾਨ ਕਰ ਰਹੇ ਹਨ। ਉਨ੍ਹਾਂ ਆਪਣੇ ਨਾਟਕ, ਨਾਵਲ ਅਤੇ ਫਿਲਮ ਸਮੀਖਿਆ ਬਾਰੇ ਲਿਖੀਆਂ ਕਿਤਾਬਾਂ ਦੇ ਵਿਸ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਬਖ਼ਸ਼ਿੰਦਰ ਨੇ ਆਪਣੀਆਂ ਕੁਝ ਕਵਿਤਾਵਾਂ ਵੀ ਸੁਣਾਈਆਂ। ਉਨ੍ਹਾਂ ਕਿਹਾ ਕਿ ਲੇਖਕ ਆਪਣੀ ਗੱਲ ਕਿਸੇ ਵੀ ਸਿਨਫ ਵਿਚ ਕਰ ਸਕਦਾ ਹੈ ਜੋ ਉਸ ਗੱਲ ਦਾ ਸੰਚਾਰ ਕਰਨ ਲਈ ਢੁਕਵੀ ਹੋਵੇ। ਸਾਨੂੰ ਲੇਖਕਾਂ ਨੂੰ ਵੱਖੋ ਵੱਖਰੇ ਸਾਂਚਿਆਂ ਵਿਚ ਨਹੀਂ ਰੱਖਣਾ ਚਾਹੀਦਾ। ਜੋ ਗੱਲ ਕਵਿਤਾ ਵਿਚ ਨਹੀਂ ਕਹੀ ਜਾ ਸਕਦੀ ਉਹ ਕਵੀ ਵਾਰਤਕ ਵਿਚ ਕਰ ਸਕਦਾ/ਕਰਦੇ ਵੀ ਹਨ। ਜੋ ਵਿਸ਼ੇ ਅਸੀਂ ਅੰਗਰੇਜ਼ੀ ਸਾਹਿਤ ਵਿਚ ਰੁਚੀ ਨਾਲ ਪੜ੍ਹਦੇ ਹਾਂ ਉਨ੍ਹਾਂ ਨੂੰ ਪੰਜਾਬੀ ਵਿਚ ਵਰਜਿਤ ਸਮਝਦੇ ਹਾਂ। ਓਮ ਕਮਲ ਧਰਮਸੋਤ ਨੇ ਇਸ ਗੱਲਬਾਤ ਨੂੰ ਅੱਗੇ ਤੋਰਨ ਲਈ ਢੁਕਵੇਂ ਸਵਾਲ ਪੁੱਛੇ।

ਸਮਾਗਮ ਵਿਚ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਬਾਰੇ ਸੁਹਿਰਦ ਵਿਚਾਰ ਵਟਾਂਦਰਾ ਹੋਇਆ। ਪਿਛਲੇ ਦਿਨੀਂ ਲਹਿੰਦੇ ਪੰਜਾਬ ਵਿਚ ਪ੍ਰਕਾਸ਼ਿਤ ਹੋਈ ਕਿਤਾਬ 'ਵੰਡ' (1947 ਦੀ ਵੰਡ ਬਾਰੇ ਲਿਖੀਆਂ ਪੰਜਾਬੀ ਕਹਾਣੀਆਂ ਦਾ ਵੱਡ-ਅਕਾਰੀ ਸੰਗ੍ਰਹਿ) ਦੀ ਪਹਿਲੀ ਵਾਰ ਅਮਰੀਕਾ ਵਿਚ ਮੁੱਖ ਦਿਖਾਈ ਹੋਈ। 'ਵੰਡ' ਦਾ ਪਹਿਲਾ ਭਾਗ ਪਾਕਿਸਤਾਨ ਤੋਂ ਲੈ ਕੇ ਆਏ ਉੱਘੇ ਨਾਟ-ਕਰਮੀ ਸੁਰਿੰਦਰ ਸਿੰਘ ਧਨੋਆ ਨੇ 'ਵੰਡ' ਬਾਰੇ ਦੱਸਿਆ ਕਿ ਇਹ ਪੰਜ ਜਿਲਦਾਂ ਵਿਚ ਛਪਣ ਵਾਲੀ ਬਹੁਤ ਹੀ ਅਹਿਮ ਕਿਤਾਬ ਹੈ ਜਿਸਦਾ ਸੰਪਾਦਨ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਇਲੀਆਸ ਘੁੰਮਣ ਕਰ ਰਹੇ ਹਨ। ਜਗਜੀਤ ਨੌਸ਼ਹਿਰਵੀ ਨੇ ਦੱਸਿਆ ਕਿ ਇਸ ਪਹਿਲੀ ਜਿਲਦ ਵਿਚ ਵਿਪਸਾਅ ਦੇ ਮੀਤ-ਪ੍ਰਧਾਨ ਚਰਨਜੀਤ ਸਿੰਘ ਪੰਨੂੰ ਦੀ ਕਹਾਣੀ 'ਮੁਹੰਮਦ ਸ਼ੇਰ ਸਿੰਘ ਅਜੇ ਜ਼ਿੰਦਾ ਹੈ' ਵੀ ਛਪੀ ਹੈ। 'ਵੰਡ' ਦੀ ਮੁੱਖ ਦਿਖਾਈ ਵਿਚ ਲਾਜ ਨੀਲਮ ਸੈਣੀ, ਗੁਲਸ਼ਨ ਦਿਆਲ, ਸਰਬਜੀਤ ਕੌਰ ਚੀਮਾ, ਤਾਰਾ ਸਿੰਘ ਸਾਗਰ, ਬਲਜਿੰਦਰ ਸਵੈਚ, ਕੁਲਵਿੰਦਰ, ਕਵੀ ਐਸ਼, ਸੁਰਿੰਦਰ ਸਿੰਘ ਧਨੋਆ, ਸੁਖਦੇਵ ਸਾਹਿਲ, ਪ੍ਰੋ. ਸੁਖਦੇਵ ਸਿੰਘ ਅਤੇ ਪੰਜਾਬ ਲੋਕ ਰੰਗ ਮੰਚ ਦੀ ਜਸਵਿੰਦਰ ਕੌਰ ਧਨੋਆ ਨੇ ਹਿੱਸਾ ਲਿਆ।

ਸਮਾਗਮ ਵਿਚ ਹਾਜ਼ਰ ਕਵੀਆਂ ਵਿਚੋਂ ਸੁਰਿੰਦਰ ਸੀਰਤ, ਅਮਰਜੀਤ ਜੌਹਲ, ਗਗਨਦੀਪ ਮਾਹਲ, ਕਵੀ ਐਸ਼ ਅਤੇ ਜਗਜੀਤ ਨੌਸ਼ਹਿਰਵੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਨਾਮਵਰ ਗਾਇਕ ਸੁਖਦੇਵ ਸਾਹਿਲ ਨੇ ਸੂਫ਼ੀ ਕਲਾਮ ਤਰੰਨਮ ਵਿਚ ਗਾ ਕੇ ਸਾਂਝ ਪਾਈ। ਲਾਜ ਨੀਲਮ ਸੈਣੀ, ਚਰਨਜੀਤ ਸਿੰਘ ਪੰਨੂੰ ਅਤੇ ਕੁਲਵਿੰਦਰ ਨੇ ਆਪਣੀਆਂ ਕੁਝ ਕਿਤਾਬਾਂ ਸਮਾਗਮ ਦੇ ਮਹਿਮਾਨ ਬਖ਼ਸ਼ਿੰਦਰ ਨੂੰ ਭੇਟ ਕੀਤੀਆਂ।

ਕਹਾਣੀ ਸੰਗ੍ਰਹਿ 'ਵੰਡ' ਦੀ ਪਹਿਲੀ ਜਿਲਦ ਦੀ ਅਮਰੀਕਾ ਵਿਚ ਮੁੱਖ-ਦਿਖਾਈ ਕਰਦੇ ਹੋਏ ਅਮਰਜੀਤ ਜੌਹਲ, ਬਲਜਿੰਦਰ ਸਿੰਘ ਸਵੈਚ, ਗੁਲਸ਼ਨ ਦਿਆਲ, ਤਾਰਾ ਸਿੰਘ ਸਾਗਰ, ਲਾਜ ਨੀਲਮ ਸੈਣੀ, ਸੁਖਵਿੰਦਰ ਕੰਬੋਜ, ਸਰਬਜੀਤ ਕੌਰ ਚੀਮਾ, ਚਰਨਜੀਤ ਸਿੰਘ ਪੰਨੂੰ, ਸੁਰਿੰਦਰ ਧਨੋਆ, ਕੁਲਵਿੰਦਰ, ਸੁਰਿੰਦਰ ਸੀਰਤ, ਬਖ਼ਸ਼ਿੰਦਰ, ਪ੍ਰੋ. ਸੁਖਦੇਵ ਸਿੰਘ, ਕਵੀ ਐਸ਼, ਗਗਨਦੀਪ ਮਾਹਲ, ਸੁਖਦੇਵ ਸਾਹਿਲ, ਜਗਜੀਤ ਨੌਸ਼ਹਿਰਵੀ ਅਤੇ ਜਸਵਿੰਦਰ ਕੌਰ ਧਨੋਆ।


# ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ

ਚਾਹਵਾਨ ਸੰਪਰਕ ਕਰਨ: 469-353-9516

# Truck Shop For Lease

Truck Shop Truck Wash Restaurant with 2 Pump huge building is available for lease on Highway 10 Texas

**Contact: 469-353-9516**


# Matrimonials

## ਲੜਕੀ ਦੀ ਲੋੜ ਹੈ

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar. Pl email: utakecare2@yahoo.com or call 1-618-402-4269 20-23

---

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only.
Please call or whatsapp 347-920-9033. 20-23

---

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar.
Please send biodata/pictures
Whatsapp: (224) 595-9926
inderjeetverma08@gmail.com 17-20

---

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only.
Please Contact us at: +15103968812

---

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS.
Please contact us at 262-960-7366. 21-24

---

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

---

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949 20-23


# SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**



# UMA TRAVELS

**2535 West Devon Ave., Chicago, IL 60659**

**For Delhi-Bombay Ahmedabad, Hydrabad-Madra**
**Call For Special Sale Fares**

**Call: 773-338-5603**

# ਪੰਜਾਬ ਲਈ ਸਾਰੇ ਰਾਹ ਬੰਦ ਕਰਨ ਦੀਆਂ ਨੀਤੀਆਂ ਘੜਨ ਲੱਗਾ ਕੇਂਦਰ

**ਚੰਡੀਗੜ੍ਹ:** ਕੇਂਦਰ ਦੀ ਮੋਦੀ ਸਰਕਾਰ ਵਿੱਤੀ ਸੰਕਟ ਵਿਚ ਘਿਰੀ ਪੰਜਾਬ ਸਰਕਾਰ ਨੂੰ ਝਟਕੇ ਉਤੇ ਝਟਕਾ ਦੇ ਰਹੀ ਹੈ। ਕੇਂਦਰ ਸਰਕਾਰ ਹੁਣ ਸੂਬਾ ਸਰਕਾਰ ਦੇ ਕਰਜ਼ੇ ਚੁੱਕਣ ਦੇ ਰਾਹ ਵੀ ਬੰਦ ਕਰਨ ਦੀਆਂ ਨੀਤੀਆਂ ਘੜਨ ਲੱਗੀ ਹੈ। ਕੇਂਦਰੀ ਵਿੱਤ ਮੰਤਰਾਲੇ ਨੇ ਪੰਜਾਬ ਦੀ ਕਰਜ਼ਾ ਲੈਣ ਦੀ ਸੀਮਾ ਵਿਚ 18,000 ਕਰੋੜ ਰੁਪਏ ਦੀ ਵੱਡੀ ਕਟੌਤੀ ਕਰ ਦਿੱਤੀ ਹੈ।

ਚੇਤੇ ਰਹੇ ਕਿ ਲੰਮੇ ਅਰਸੇ ਤੋਂ ਨਵੇਂ ਕਰਜ਼ੇ ਚੁੱਕ ਕੇ ਸੂਬੇ ਦੀ ਆਰਥਿਕਤਾ ਨੂੰ ਠੁੰਮ੍ਹਣਾ ਦਿੱਤਾ ਜਾ ਰਿਹਾ ਹੈ। ਉਪਰੋਂ ਹੁਣ ਕਰਜ਼ਾ ਚੁੱਕਣ ਦੀ ਸੀਮਾ 'ਚ ਕਟੌਤੀ ਕੀਤੇ ਜਾਣ ਨਾਲ ਪੰਜਾਬ ਲਈ ਸਾਰੇ ਰਾਹ ਬੰਦ ਹੋਣ ਲੱਗੇ ਹਨ। ਵੇਰਵਿਆਂ ਅਨੁਸਾਰ ਪੰਜਾਬ ਦੀ ਆਪਣੇ ਕੁੱਲ ਘਰੇਲੂ ਉਤਪਾਦ ਦਾ ਤਿੰਨ ਫੀਸਦੀ ਤੱਕ ਕਰਜ਼ਾ ਚੁੱਕਣ ਦੀ ਸੀਮਾ ਹੈ ਜੋ ਕਿ ਸਾਲਾਨਾ 39,000 ਕਰੋੜ ਰੁਪਏ ਬਣਦੀ ਹੈ। ਵਿੱਤ ਵਿਭਾਗ ਦੇ ਸੂਤਰਾਂ ਅਨੁਸਾਰ ਭਾਰਤ ਸਰਕਾਰ ਨੇ ਹੁਣ ਪੰਜਾਬ ਦੀ ਕਰਜ਼ਾ ਚੁੱਕਣ ਦੀ ਸੀਮਾ ਵਿਚ 18,000 ਕਰੋੜ ਦੀ ਸਾਲਾਨਾ ਕਟੌਤੀ ਕਰ ਦਿੱਤੀ ਹੈ ਜਿਸ ਦਾ ਮਤਲਬ ਹੈ ਕਿ ਹੁਣ ਪੰਜਾਬ ਸਰਕਾਰ ਸਾਲਾਨਾ 21,000 ਕਰੋੜ ਰੁਪਏ ਦਾ ਹੀ ਕਰਜ਼ਾ ਚੁੱਕ ਸਕੇਗੀ। ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕੀਤਾ ਹੈ। ਕੇਂਦਰ ਸਰਕਾਰ ਨੂੰ ਖ਼ਦਸ਼ਾ ਹੈ ਕਿ ਸੂਬਾ ਸਰਕਾਰ ਰਾਜ ਪੈਨਸ਼ਨ ਫ਼ੰਡ ਰੈਗੂਲੇਟਰੀ ਅਤੇ ਵਿਕਾਸ ਅਥਾਰਿਟੀ ਨੂੰ ਸਾਲਾਨਾ 3000 ਕਰੋੜ ਰੁਪਏ ਦਾ ਯੋਗਦਾਨ ਦੇਣਾ ਬੰਦ ਕਰ ਦੇਵੇਗੀ। ਇਸੇ ਤਰ੍ਹਾਂ ਭਾਰਤ ਸਰਕਾਰ ਨੇ ਪੂੰਜੀ ਸੰਪਤੀ ਦੇ ਵਿਕਾਸ ਲਈ ਦਿੱਤੀ ਜਾਣ ਵਾਲੀ ਸਾਲਾਨਾ 2600 ਕਰੋੜ ਰੁਪਏ ਦੀ ਗਰਾਂਟ ਵੀ ਬੰਦ ਕਰ ਦਿੱਤੀ ਹੈ। ਪੰਜਾਬ ਸਰਕਾਰ ਇਨ੍ਹਾਂ ਫੰਡਾਂ ਨੂੰ ਸੜਕਾਂ ਤੇ ਫਲਾਈਓਵਰ ਆਦਿ ਦੇ ਨਿਰਮਾਣ 'ਤੇ ਖਰਚ ਕਰਦੀ ਹੈ। ਕੇਂਦਰ ਸਰਕਾਰ ਨੇ ਇਹ ਫ਼ੰਡ ਬੰਦ ਕਰਨ ਪਿੱਛੇ ਇਹ ਵਜ੍ਹਾ ਦੱਸੀ ਹੈ ਕਿ ਪੰਜਾਬ ਸਰਕਾਰ 'ਪੂੰਜੀਗਤ ਖਰਚੇ' ਦੇ ਨਿਯਮਾਂ ਦੀ ਉਲੰਘਣਾ ਕਰ ਰਹੀ ਹੈ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਪਹਿਲਾਂ ਹੀ ਕੌਮੀ ਸਿਹਤ ਮਿਸ਼ਨ ਦੇ ਕਰੀਬ 800 ਕਰੋੜ ਦੇ ਫੰਡ ਰੋਕੀ ਬੈਠੀ ਹੈ। ਕੇਂਦਰ ਦਾ ਇਤਰਾਜ਼ ਸੀ ਕਿ ਆਯੂਸ਼ਮਾਨ ਭਾਰਤ ਹੈਲਥ ਐਂਡ ਵੈਲਨੈੱਸ ਸੈਂਟਰਾਂ ਦਾ ਨਾਮ 'ਆਮ ਆਦਮੀ ਕਲੀਨਿਕ' ਰੱਖਿਆ ਗਿਆ ਹੈ ਅਤੇ ਇਨ੍ਹਾਂ ਇਮਾਰਤਾਂ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਸਵੀਰ ਲਾਈ ਗਈ ਹੈ। ਸਿਹਤ ਮੰਤਰੀ ਡਾ. ਬਲਵੀਰ ਸਿੰਘ ਇਹ ਮਾਮਲਾ ਕੇਂਦਰ ਕੋਲ ਉਠਾ ਚੁੱਕੇ ਹਨ। ਦਿਹਾਤੀ ਵਿਕਾਸ ਫ਼ੰਡਾਂ ਦੇ ਕਰੀਬ ਚਾਰ ਹਜ਼ਾਰ ਕਰੋੜ ਰੁਪਏ ਵੀ ਕੇਂਦਰ ਸਰਕਾਰ ਨੇ ਹਾਲੇ ਤੱਕ ਪੰਜਾਬ ਨੂੰ ਜਾਰੀ ਨਹੀਂ ਕੀਤੇ ਹਨ।



### ਐਤਕੀਂ ਜੀ.ਐਸ.ਟੀ. ਮੁਆਵਜ਼ਾ ਮਿਲਣਾ ਵੀ ਬੰਦ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਐਤਕੀਂ ਜੀ.ਐਸ.ਟੀ. ਮੁਆਵਜ਼ਾ ਵੀ ਮਿਲਣਾ ਬੰਦ ਹੋ ਗਿਆ ਹੈ। ਇਸ ਤਰ੍ਹਾਂ ਵਿੱਤੀ ਸੰਕਟ ਵਾਲੇ ਮਾਹੌਲ 'ਚ ਸੂਬਾ ਸਰਕਾਰ ਲਈ ਅੱਗੇ ਵਧਣਾ ਇਕ ਚੁਣੌਤੀ ਬਣ ਗਿਆ ਹੈ। ਵਿੱਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਪੰਜਾਬ ਪੂਰੀ ਤਰ੍ਹਾਂ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ ਦੀ ਪਾਲਣਾ ਕਰ ਰਿਹਾ ਹੈ ਜਿਸ ਕਰਕੇ ਕਰਜ਼ਾ ਸੀਮਾ ਵਿਚ ਕੋਈ ਕਟੌਤੀ ਨਹੀਂ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਸਰਕਾਰ ਕੇਂਦਰੀ ਵਿੱਤ ਮੰਤਰਾਲੇ ਕੋਲ ਆਪਣਾ ਪੱਖ ਪੇਸ਼ ਕਰੇਗੀ ਅਤੇ ਸੂਬਾ ਸਰਕਾਰ ਨੇ ਇਹ ਭਰੋਸਾ ਪਹਿਲਾਂ ਹੀ ਕੇਂਦਰ ਨੂੰ ਦੇ ਦਿੱਤਾ ਹੈ ਕਿ ਰਾਜ ਪੈਨਸ਼ਨ ਰੈਗੂਲੇਟਰੀ ਅਤੇ ਵਿਕਾਸ ਅਥਾਰਿਟੀ ਨੂੰ ਤਿੰਨ ਹਜ਼ਾਰ ਕਰੋੜ ਰੁਪਏ ਦਾ ਆਪਣਾ ਹਿੱਸਾ ਦੇਵੇਗੀ।

## ਪਾਕਿਸਤਾਨ ਤੋਂ ਰਿਹਾਅ ਭਾਰਤੀ ਮਛੇਰੇ ਵਤਨ ਪੁੱਜੇ

**ਅਟਾਰੀ:** ਭਾਰਤ-ਪਾਕਿਸਤਾਨ ਵਿਚਕਾਰ ਹੋਏ ਸਮਝੌਤਿਆਂ ਤਹਿਤ ਪਾਕਿਸਤਾਨ ਸਥਿਤ ਕਰਾਚੀ ਦੀ ਮਲੇਰ ਲਾਂਡੀ ਜੇਲ੍ਹ ਵਿਚੋਂ ਰਿਹਾਅ ਹੋਏ ਭਾਰਤੀ ਮੂਲ ਦੇ 203 ਮਛੇਰੇ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪੁੱਜੇ। ਵਾਹਗਾ-ਅਟਾਰੀ ਸਰਹੱਦ 'ਤੇ ਪਾਕਿਸਤਾਨ ਰੇਂਜਰਜ਼ ਦੇ ਅਧਿਕਾਰੀ ਵੱਲੋਂ ਭਾਰਤੀ ਮੂਲ ਦੇ ਮਛੇਰਿਆਂ ਨੂੰ ਸੀਮਾ ਸੁਰੱਖਿਆ ਬਲ ਦੇ 144ਵੀਂ ਬਟਾਲੀਅਨ ਦੇ ਅਧਿਕਾਰੀ ਹਵਾਲੇ ਕੀਤਾ ਗਿਆ।

ਜੇਲ੍ਹ ਤੋਂ ਰਿਹਾਅ ਹੋ ਕੇ ਵਤਨ ਪਰਤੇ ਭਾਰਤੀ ਮੂਲ ਦੇ 203 ਮਛੇਰੇ ਲੰਘੇ 24 ਤੋਂ 30 ਮਹੀਨਿਆਂ ਤੱਕ ਕਰਾਚੀ ਸਥਿਤ ਜੇਲ੍ਹਾਂ ਵਿੱਚ ਬੰਦ ਸਨ। ਇਨ੍ਹਾਂ ਮਛੇਰਿਆਂ ਵਿਚ 171 ਮਛੇਰੇ ਗੁਜਰਾਤ ਨਾਲ ਸਬੰਧਤ ਹਨ ਜਦਕਿ ਗਿਰ ਸੋਮਨਾਥ ਦੇ 129, ਦੇਵਭੂਮੀ ਦਵਾਰਕਾ ਦੇ 31, ਦਿਊ ਦੇ 15, ਜੂਨਾਗੜ੍ਹ ਦੇ 2, ਮਹਾਰਾਸ਼ਟਰ 6, ਉੱਤਰ ਪ੍ਰਦੇਸ਼ ਦੇ 5 ਅਤੇ ਬਿਹਾਰ ਦੇ 3 ਮਛੇਰੇ ਸ਼ਾਮਲ ਹਨ। ਇਨ੍ਹਾਂ ਮਛੇਰਿਆਂ ਨੂੰ ਸਮੁੰਦਰ ਵਿਚ ਮੱਛੀਆਂ ਫੜਦੇ ਸਮੇਂ ਪਾਕਿਸਤਾਨੀ ਖੇਤਰ ਦੇ ਪਾਣੀਆਂ ਵਿਚ ਦਾਖ਼ਲ ਹੋਣ ਸਮੇਂ ਪਾਕਿਸਤਾਨ ਦੀ ਜਲ ਸੈਨਾ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

# ਭਗਵੰਤ ਮਾਨ ਵੱਲੋਂ ਕੇਂਦਰ ਦੀ ਜ਼ੈੱਡ ਪਲੱਸ ਸੁਰੱਖਿਆ ਤੋਂ ਨਾਂਹ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਦੀ ਜ਼ੈੱਡ ਪਲੱਸ ਸੁਰੱਖਿਆ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਸੂਬੇ ਵੱਲੋਂ ਦਿੱਤੀ ਸੁਰੱਖਿਆ 'ਤੇ ਭਰੋਸਾ ਪ੍ਰਗਟ ਕੀਤਾ ਹੈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਦਿੱਲੀ ਵਿਚ ਸਥਾਨਕ ਸਰਕਾਰ ਦੀਆਂ ਤਾਕਤਾਂ ਘਟਾਉਣ ਵਾਲੇ ਆਰਡੀਨੈਂਸ ਨੂੰ ਲੈ ਕੇ ਸਿਆਸੀ ਲੜਾਈ ਤਿੱਖੀ ਹੋ ਗਈ ਹੈ ਅਤੇ ਮੁੱਖ ਮੰਤਰੀ ਦੇ ਇਨਕਾਰ ਨੂੰ ਇਸੇ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਕੇਂਦਰ ਖ਼ਿਲਾਫ਼ ਲੜਾਈ ਵਿਚ ਹੁਣ ਭਗਵੰਤ ਮਾਨ ਵੀ ਖੁੱਲ੍ਹ ਕੇ ਕੁੱਦ ਪਏ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਨੇ 25 ਮਈ ਨੂੰ ਭਗਵੰਤ ਮਾਨ ਨੂੰ ਕੇਂਦਰੀ ਸੁਰੱਖਿਆ ਬਲਾਂ ਵਾਲੀ ਜੈੱਡ ਪਲੱਸ ਸੁਰੱਖਿਆ ਦੇਣ ਦਾ ਫੈਸਲਾ ਕੀਤਾ ਸੀ। ਦੇਸ਼ ਵਿਦੇਸ਼ 'ਚੋਂ ਸੁਰੱਖਿਆ ਖਤਰੇ ਨੂੰ ਭਾਂਪਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਹ ਫੈਸਲਾ ਕੀਤਾ ਸੀ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਹੁਣ ਇਕ ਪੱਤਰ ਲਿਖਿਆ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਪੰਜਾਬ ਅਤੇ ਦਿੱਲੀ ਵਿਚ ਜੈੱਡ ਪਲੱਸ ਸੁਰੱਖਿਆ ਤਹਿਤ ਕੇਂਦਰੀ ਸੁਰੱਖਿਆ ਬਲਾਂ ਦੀ ਕੋਈ ਲੋੜ ਨਹੀਂ ਹੈ। ਪੰਜਾਬ ਜਾਂ ਦਿੱਲੀ ਤੋਂ ਬਾਹਰ ਜਾਣ 'ਤੇ ਹੀ ਉਨ੍ਹਾਂ ਨੂੰ ਸੁਰੱਖਿਆ ਦੀ ਲੋੜ ਪਏਗੀ।



ਪੰਜਾਬ ਸਰਕਾਰ ਨੇ ਕਿਹਾ ਕਿ ਮੁੱਖ ਮੰਤਰੀ ਇੱਥੇ ਸੁਰੱਖਿਅਤ ਹਨ ਅਤੇ ਉਹ ਸੁਰੱਖਿਆ ਦੀ ਦੋਹਰੀ ਕਮਾਨ ਨਹੀਂ ਚਾਹੁੰਦੇ ਹਨ ਜਿਸ ਨਾਲ ਗਲਤੀਆਂ ਦੀ ਗੁੰਜਾਇਸ਼ ਬਣੀ ਰਹੇਗੀ। ਸੂਤਰਾਂ ਅਨੁਸਾਰ ਮੁੱਖ ਮੰਤਰੀ ਦੀ ਸੁਰੱਖਿਆ ਵਿਚ ਸੈਂਕੜੇ ਮੁਲਾਜ਼ਮ ਪਹਿਲਾਂ ਹੀ ਤਾਇਨਾਤ ਹਨ ਅਤੇ ਮੁੱਖ ਮੰਤਰੀ ਦੀ ਸੁਰੱਖਿਆ ਲਈ ਯੋਗ ਸੁਰੱਖਿਆ ਪ੍ਰਣਾਲੀ ਇੱਥੇ ਮੌਜੂਦ ਹੈ। ਮੁੱਖ ਮੰਤਰੀ ਨੇ ਪੰਜਾਬ ਅਤੇ ਦਿੱਲੀ ਵਿਚ ਜੈੱਡ ਪਲੱਸ ਸੁਰੱਖਿਆ ਲੈਣ ਤੋਂ ਇਨਕਾਰ ਕੀਤਾ ਹੈ ਜਿਸ ਦਾ ਮਤਲਬ ਹੈ ਕਿ ਉਹ ਪੰਜਾਬ ਤੇ ਦਿੱਲੀ ਤੋਂ ਬਾਹਰ ਦੌਰੇ ਮੌਕੇ ਕੇਂਦਰੀ ਸੁਰੱਖਿਆ ਲੈਣਗੇ।

### ਪੰਜਾਬ ਪੁਲਿਸ ਦੀ ਸੁਰੱਖਿਆ ਉਤੇ ਭਰੋਸਾ

**ਚੰਡੀਗੜ੍ਹ:** ਮੁੱਖ ਮੰਤਰੀ ਦਫਤਰ ਦੇ ਸੂਤਰਾਂ ਮੁਤਾਬਕ ਜੇ ਪੰਜਾਬ ਵਿਚ ਮੁੱਖ ਮੰਤਰੀ ਦੀ ਸੁਰੱਖਿਆ ਕੇਂਦਰੀ ਬਲਾਂ ਵੱਲੋਂ ਕੀਤੀ ਜਾਂਦੀ ਹੈ ਤਾਂ ਇਸ ਦਾ ਸੁਨੇਹਾ ਗਲਤ ਜਾਵੇਗਾ ਕਿ ਮੁੱਖ ਮੰਤਰੀ ਨੂੰ ਆਪਣੀ ਪੰਜਾਬ ਪੁਲਿਸ 'ਤੇ ਭਰੋਸਾ ਨਹੀਂ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਕੋਲ ਗ੍ਰਹਿ ਵਿਭਾਗ ਵੀ ਹੈ ਅਤੇ ਉਹ ਅਜਿਹਾ ਸੰਕੇਤ ਕਿਧਰੇ ਨਹੀਂ ਦੇਣਾ ਚਾਹੁਣਗੇ ਕਿ ਉਨ੍ਹਾਂ ਨੂੰ ਪੰਜਾਬ ਪੁਲਿਸ 'ਤੇ ਭਰੋਸਾ ਨਹੀਂ।

# ਨਾਇਬ ਤਹਿਸੀਲਦਾਰ ਤੇ ਸੇਵਾਮੁਕਤ ਪਟਵਾਰੀ ਗ੍ਰਿਫਤਾਰ

**ਬਠਿੰਡਾ:** ਵਿਜੀਲੈਂਸ ਦੀ ਟੀਮ ਨੇ ਸ਼ਾਮਲਾਟ ਜਮੀਨ ਫਰਜ਼ੀ ਕਾਸ਼ਤਕਾਰਾਂ ਦੇ ਨਾਂ ਕਰਨ ਦੇ ਦੋਸ਼ ਹੇਠ ਸਰਦੂਲਗੜ੍ਹ ਦੇ ਨਾਇਬ ਤਹਿਸੀਲਦਾਰ ਬਲਵਿੰਦਰ ਸਿੰਘ ਅਤੇ ਸੇਵਾਮੁਕਤ ਪਟਵਾਰੀ ਜਗਜੀਤ ਸਿੰਘ ਜੱਗਾ ਨੂੰ ਗ੍ਰਿਫਤਾਰ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਨਾਇਬ ਤਹਿਸੀਲਦਾਰ ਬਲਵਿੰਦਰ ਸਿੰਘ (ਉਸ ਸਮੇਂ ਕਾਨੂੰਨਗੋ) ਅਤੇ ਮਾਲ ਹਲਕਾ ਸੇਮਾਂ ਦੇ ਤਤਕਾਲੀ ਪਟਵਾਰੀ ਜਗਜੀਤ ਸਿੰਘ (ਹੁਣ ਸੇਵਾਮੁਕਤ) ਨੇ ਸਾਲ 2005-06 ਵਿਚ ਮਾਲ ਵਿਭਾਗ ਦੇ ਰਿਕਾਰਡ ਵਿਚ ਫੇਰਬਦਲ ਕਰਕੇ ਪਿੰਡ ਸੇਮਾਂ ਤਹਿਸੀਲ ਨਥਾਣਾ ਜ਼ਿਲ੍ਹਾ ਬਠਿੰਡਾ ਦੀ ਕਰੀਬ 28 ਏਕੜ ਸ਼ਾਮਲਾਟ ਜ਼ਮੀਨ ਵਿਚ ਪ੍ਰਾਈਵੇਟ ਵਿਅਕਤੀਆਂ ਨੂੰ ਮਾਲਕ ਅਤੇ ਖੁਦਕਾਸ਼ਤ ਬਣਾ ਦਿੱਤਾ। ਵਿਜੀਲੈਂਸ ਵਿਭਾਗ ਵੱਲੋਂ ਕੀਤੀ ਗਈ ਪੜਤਾਲ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਪਟਵਾਰੀ ਜਗਜੀਤ ਸਿੰਘ ਜੱਗਾ ਵੱਲੋਂ ਜਮ੍ਹਾਂਬੰਦੀ 2005-06 ਵਿੱਚ ਪ੍ਰਾਈਵੇਟ ਵਿਅਕਤੀਆਂ ਨੂੰ ਕਾਸ਼ਤਕਾਰ ਤੋਂ ਮਾਲਕ ਬਣਾ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਇਨ੍ਹਾਂ ਮਾਲਕਾਂ ਵੱਲੋਂ ਸ਼ਾਮਲਾਟ ਜ਼ਮੀਨ 'ਤੇ ਬੈਂਕਾਂ ਤੋਂ ਲੱਖਾਂ ਰੁਪਏ ਦਾ ਕਰਜ਼ਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਵਿਭਾਗ ਨੂੰ ਸੂਚਨਾ ਮਿਲੀ ਸੀ ਕਿ ਪਟਵਾਰੀ ਵੱਲੋਂ ਮਾਲ ਰਿਕਾਰਡ ਵਿਚ ਫੇਰਬਦਲ ਕਰ ਕੇ ਪ੍ਰਾਈਵੇਟ ਵਿਅਕਤੀਆਂ ਨੂੰ ਸ਼ਾਮਲਾਟ ਜ਼ਮੀਨ ਦਾ ਮਾਲਕ ਬਣਾਇਆ ਗਿਆ ਹੈ। ਵਿਜੀਲੈਂਸ ਵਿਭਾਗ ਵੱਲੋਂ ਇਸ ਸਬੰਧੀ ਕੀਤੀ ਗਈ ਪੜਤਾਲ ਦੌਰਾਨ ਬਲਵਿੰਦਰ ਸਿੰਘ ਨਾਇਬ ਤਹਿਸੀਲਦਾਰ ਸਰਦੂਲਗੜ੍ਹ ਜੋ ਉਸ ਸਮੇਂ ਬਤੌਰ ਕਾਨੂੰਨਗੋ ਤਾਇਨਾਤ ਸੀ, ਖ਼ਿਲਾਫ਼ ਵੀ ਸਬੂਤ ਸਾਹਮਣੇ ਆਏ।



ਵਿਜੀਲੈਂਸ ਨੇ ਇਨ੍ਹਾਂ ਨੂੰ ਕੇਸ ਵਿਚ ਮੁਲਜ਼ਮਾਂ ਵਜੋਂ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ। ਵਿਜੀਲੈਂਸ ਵਿਭਾਗ ਨੇ ਇਸ ਸ਼ਾਮਲਾਟ ਜ਼ਮੀਨ ਦੇ ਨਾਜਾਇਜ਼ ਮਾਲਕ ਬਣੇ ਵਿਅਕਤੀਆਂ ਨੂੰ ਵੀ ਇਸ ਕੇਸ 'ਚ ਨਾਮਜ਼ਦ ਕੀਤਾ ਹੈ, ਜਿਨ੍ਹਾਂ ਵੱਲੋਂ ਇਸ ਸ਼ਾਮਲਾਤ ਜ਼ਮੀਨ 'ਤੇ ਬੈਂਕਾਂ ਤੋਂ ਲੱਖਾਂ ਰੁਪਏ ਦਾ ਕਰਜ਼ਾ ਹਾਸਲ ਕੀਤਾ ਗਿਆ। ਵਿਜੀਲੈਂਸ ਨੇ ਇਸ ਸਬੰਧੀ ਥਾਣਾ ਰੇਂਜ ਬਠਿੰਡਾ 'ਚ ਕੇਸ ਦਰਜ ਕਰਕੇ ਕਾਰਵਾਈ ਵਿੱਢ ਦਿੱਤੀ ਹੈ।

## ਫੰਡ ਮਾਮਲਾ: ਮਲਵਿੰਦਰ ਨੂੰ ਜ਼ਮਾਨਤ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਫੋਰਟਿਸ ਦੇ ਸਾਬਕਾ ਪ੍ਰਮੋਟਰ ਮਲਵਿੰਦਰ ਮੋਹਨ ਸਿੰਘ ਤੇ ਤਿੰਨ ਹੋਰਾਂ ਨੂੰ ਰੈਲੀਗੇਅਰ ਫਿਨਵੈਸਟ ਲਿਮਟਿਡ (ਆਰ.ਐਫ.ਐਲ.) ਦੇ ਫੰਡਾਂ ਦੀ ਦੁਰਵਰਤੋਂ ਦੇ ਕੇਸ ਵਿਚ ਜ਼ਮਾਨਤ ਦੇ ਦਿੱਤੀ ਹੈ।

ਇਸ ਸਬੰਧੀ ਕੇਸ ਦਿੱਲੀ ਪੁਲਿਸ ਵੱਲੋਂ ਦਰਜ ਕੀਤਾ ਗਿਆ ਸੀ। ਮਲਵਿੰਦਰ ਤੋਂ ਇਲਾਵਾ ਅਦਾਲਤ ਨੇ ਰੈਲੀਗੇਅਰ ਐਂਟਰਪ੍ਰਾਇਜ਼ਿਜ ਲਿਮਟਿਡ ਦੇ ਸਾਬਕਾ ਸੀ.ਐਮ.ਡੀ. ਸੁਨੀਲ ਗੋਧਵਾਨੀ, ਆਰ.ਈ.ਐਲ. ਦੇ ਸਾਬਕਾ ਸੀ.ਈ.ਓ. ਕਵੀ ਅਰੋੜਾ ਤੇ ਰਜਿੰਦਰ ਅਗਰਵਾਲ ਨਾਂ ਦੇ ਵਿਅਕਤੀ ਨੂੰ ਵੀ ਜ਼ਮਾਨਤ ਦੇ ਦਿੱਤੀ ਹੈ। ਅਗਰਵਾਲ ਉਨ੍ਹਾਂ ਕੁਝ ਕੰਪਨੀਆਂ ਦੇ ਡਾਇਰੈਕਟਰ-ਸ਼ੇਅਰਧਾਰਕ ਸਨ ਜਿਨ੍ਹਾਂ ਨੂੰ ਆਰ.ਐਫ.ਐਲ. ਨੇ ਆਪਣੀ ਮੁੱਖ ਇਕਾਈ ਆਰ.ਈ.ਐਲ. ਰਾਹੀਂ ਕਰਜ਼ੇ ਦਿੱਤੇ ਸਨ। ਦੱਸਣਯੋਗ ਹੈ ਕਿ ਇਹ ਕਰਜ਼ੇ ਮੋੜੇ ਨਹੀਂ ਗਏ। ਦਿੱਲੀ ਪੁਲਿਸ ਦੇ ਆਰਥਿਕ ਅਪਰਾਧਾਂ ਬਾਰੇ ਵਿੰਗ ਨੇ ਮਨਪ੍ਰੀਤ ਸੂਰੀ ਦੀ ਸ਼ਿਕਾਇਤ ਉਤੇ ਐਫ.ਆਈ.ਆਰ. ਦਰਜ ਕੀਤੀ ਸੀ। ਐਫ.ਆਈ.ਆਰ. 'ਚ ਸ਼ਿਵਇੰਦਰ ਮੋਹਨ ਸਿੰਘ, ਗੋਧਵਾਨੀ ਤੇ ਹੋਰਾਂ ਦਾ ਨਾਂ ਸ਼ਾਮਲ ਸੀ। ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਫਰਮ ਨੂੰ ਚਲਾਉਂਦੇ ਸਮੇਂ ਕਰਜ਼ੇ ਲਏ, ਪਰ ਪੈਸਾ ਹੋਰ ਕੰਪਨੀਆਂ ਵਿਚ ਨਿਵੇਸ਼ ਕੀਤਾ ਗਿਆ।

## ਬੇਅੰਤ ਸਿੰਘ ਮਾਮਲੇ ਵਿਚ ਗੁਰਮੀਤ ਸਿੰਘ ਨੂੰ ਜ਼ਮਾਨਤ

**ਚੰਡੀਗੜ੍ਹ:** ਅਦਾਲਤ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਗੁਰਮੀਤ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਚੀਫ ਜੁਡੀਸ਼ਲ ਮੈਜਿਸਟਰੇਟ ਅਮਨ ਇੰਦਰ ਸਿੰਘ ਸੰਧੂ ਨੇ ਉਸ ਨੂੰ 2-2 ਲੱਖ ਰੁਪਏ ਦੀਆਂ ਦੋ ਜ਼ਾਮਨੀਆਂ 'ਤੇ ਜ਼ਮਾਨਤ ਦਿੱਤੀ। ਵਕੀਲ ਜਸਪਾਲ ਸਿੰਘ ਮੰਝਪੁਰ ਅਤੇ ਦਿਲਸ਼ੇਰ ਸਿੰਘ ਜੰਡਿਆਲਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜਨਵਰੀ 'ਚ ਸੁਣਾਏ ਹੁਕਮਾਂ ਦੇ ਆਧਾਰ 'ਤੇ ਜ਼ਮਾਨਤ ਦੀ ਅਰਜ਼ੀ ਦਾਖਲ ਕੀਤੀ ਸੀ। ਅਦਾਲਤ ਨੇ ਹੁਕਮ ਦਿੱਤਾ ਸੀ ਕਿ ਜਿਨ੍ਹਾਂ ਦੋਸ਼ੀਆਂ ਦੀ ਉਮਰ ਕੈਦ ਪੂਰੀ ਹੋ ਗਈ ਹੈ ਅਤੇ ਉਨ੍ਹਾਂ ਦੀ ਪੱਕੀ ਰਿਹਾਈ ਬਾਰੇ ਫੈਸਲੇ ਰਹਿੰਦੇ ਹਨ, ਉਨ੍ਹਾਂ ਸਾਰਿਆਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਜਾਵੇ। ਇਸ ਤੋਂ ਪਹਿਲਾਂ ਇਕ ਹੋਰ ਦੋਸ਼ੀ ਲਖਵਿੰਦਰ ਸਿੰਘ ਨੂੰ ਮਈ ਵਿਚ ਜ਼ਮਾਨਤ 'ਤੇ ਰਿਹਾਅ ਕੀਤਾ ਸੀ। ਗੁਰਮੀਤ ਸਿੰਘ 27 ਸਾਲ ਤੋਂ ਜੇਲ੍ਹ 'ਚ ਹੈ। ਬੁੜੈਲ ਜੇਲ੍ਹ 'ਚ ਬੰਦ ਗੁਰਮੀਤ ਸਿੰਘ ਨੇ ਇਸ ਆਧਾਰ 'ਤੇ ਰਿਹਾਈ ਦੀ ਮੰਗ ਕੀਤੀ ਸੀ ਕਿ ਉਹ 27 ਸਾਲ ਜੇਲ੍ਹ ਕੱਟ ਚੁੱਕਾ ਹੈ। 14 ਸਾਲ ਸਜ਼ਾ ਪੂਰੀ ਕਰਨ ਪਿੱਛੋਂ ਰਿਹਾਅ ਕੀਤੇ ਕੈਦੀਆਂ ਦੇ ਮੁਕਾਬਲੇ ਉਸ ਨਾਲ ਪੱਖਪਾਤ ਨਹੀਂ ਕੀਤਾ ਜਾਣਾ ਚਾਹੀਦਾ।

# ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਵਿਰਸੇ ਨਾਲ ਜੋੜਨ ਦਾ ਉਪਰਾਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਦਿਆਰਥੀਆਂ ਨੂੰ ਸੂਬੇ ਦੀ ਮਹਾਨ ਵਿਰਾਸਤ ਨਾਲ ਜੋੜਨ ਲਈ ਨਿਵੇਕਲਾ ਉਪਰਾਲਾ ਕੀਤਾ ਹੈ। ਇਸ ਸਬੰਧੀ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਹਿਲੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਲਈ ਗਰਮੀ ਦੀਆਂ ਛੁੱਟੀਆਂ ਦੇ ਪਹਿਲੇ ਹਫਤੇ ਕੀਤੇ ਜਾਣ ਵਾਲੇ ਕੰਮਾਂ ਦੀ ਸਾਰਨੀ ਜਾਰੀ ਕੀਤੀ ਹੈ।

ਸਿੱਖਿਆ ਮੰਤਰੀ ਵੱਲੋਂ ਜਾਰੀ ਘਰੇਲੂ ਕੰਮ ਦੀ ਸੂਚੀ 'ਚ ਪਹਿਲੇ ਹਫਤੇ ਬੱਚਿਆਂ ਨੂੰ ਸਵੇਰੇ ਉੱਠ ਕੇ ਵੱਡਿਆਂ ਨੂੰ 'ਸਤਿ ਸ੍ਰੀ ਅਕਾਲ' ਬੁਲਾਉਣ, ਆਪਣਾ ਬਿਸਤਰਾ ਖੁਦ ਠੀਕ ਕਰਨ, ਖਾਣਾ ਜੂਠਾ ਨਾ ਛੱਡਣ ਤੇ ਦਿਨ 'ਚ ਇਕ ਵਾਰ ਕਿਸੇ ਦਾ 'ਧੰਨਵਾਦ' ਕਰਨ ਲਈ ਪ੍ਰੇਰਿਆ ਗਿਆ ਹੈ। ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਨੂੰ ਬਾਲ ਗੀਤ ਦੀ ਆਡੀਓ ਤੇ ਵੀਡੀਓ ਰਿਕਾਰਡ ਕਰਨਾ, ਬੁਝਾਰਤਾਂ ਬੁੱਝਣਾ, ਡਿਜ਼ਾਈਨ ਬਣਾਉਣਾ, ਘਰ 'ਚ ਵਰਤੀਆਂ ਜਾਣ ਵਾਲੀਆਂ ਦਾਲਾਂ ਤੇ ਮਸਾਲਿਆਂ ਦੀ ਜਾਣਕਾਰੀ ਹਾਸਲ ਕਰਨ ਲਈ ਕਿਹਾ ਗਿਆ ਹੈ।

ਇਸੇ ਤਰ੍ਹਾਂ ਛੇਵੀਂ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੂੰ ਘਰ ਦੇ ਮਸਾਲਿਆਂ ਦੀ ਸੂਚੀ ਤਿਆਰ ਕਰਨ, 5 ਜੂਨ ਨੂੰ ਵਾਤਾਵਰਨ ਦਿਵਸ 'ਤੇ ਇਕ ਬੂਟਾ ਲਗਾਉਣ ਦੀ ਹਦਾਇਤ ਸਣੇ ਸਮਾਜ ਨਾਲ ਜੁੜੀਆਂ ਹੋਰ ਗੱਲਾਂ ਨੂੰ ਸ਼ਾਮਲ ਕੀਤਾ ਗਿਆ ਹੈ।



ਸਿੱਖਿਆ ਮੰਤਰੀ ਬੈਂਸ ਨੇ ਸੂਬੇ ਦੇ ਸਰਕਾਰੀ ਸਕੂਲਾਂ 'ਚ 5ਵੀਂ ਤੋਂ 8ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਠੇਠ ਪੰਜਾਬੀ ਸ਼ਬਦਾਂ ਦੇ ਨਾਲ-ਨਾਲ ਦੇਸੀ ਮਹੀਨਿਆਂ ਦੇ ਨਾਮ ਤੇ ਦੇਸੀ ਮਹੀਨਿਆਂ ਦਾ ਰੁੱਤਾਂ ਨਾਲ ਸਬੰਧ ਯਾਦ ਕਰਵਾਉਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪ੍ਰੀ-ਨਰਸਰੀ ਦੇ ਬੱਚਿਆਂ ਨੂੰ ਛੁੱਟੀਆਂ ਦੌਰਾਨ ਸਰੀਰਕ ਕਿਰਿਆਵਾਂ, ਸਰੀਰ ਦੀ ਸਫਾਈ, ਰਸਤਾ ਲੱਭਣਾ ਅਤੇ ਆਪਸੀ ਜਾਣ-ਪਛਾਣ ਬਾਰੇ ਕੰਮ ਦਿੱਤਾ ਹੈ।

# ਪਿਆਰ ਵਾਲਾ ਆਧੁਨਿਕ ਭਾਰਤ ਸਿਰਜਣ ਦੀ ਲੋੜ: ਰਾਹੁਲ ਗਾਂਧੀ

ਨਿਊਯਾਰਕ: ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ (ਆਈਓਸੀਯੂਐਸਏ) ਵਲੋਂ ਪਿਛਲੇ ਦਿਨੀਂ ਨਿਊਯਾਰਕ ਦੇ ਜੈਵਿਟਸ ਸੈਂਟਰ ਵਿੱਚ ਮੀਟਿੰਗ ਕਰਵਾਈ ਗਈ, ਜਿਸ ਵਿਚ ਆਲ ਇੰਡੀਆ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੰਸਥਾ ਦੇ ਵਾਈਸ-ਚੇਅਰਮੈਨ ਜਾਰਜ ਅਬਰਾਹਮ ਨੇ ਰਾਹੁਲ ਗਾਂਧੀ ਦੀ ਹੌਂਸਲਾ ਅਫਜ਼ਾਈ ਕਰਦਿਆਂ ਮੀਟਿੰਗ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਰਾਹੁਲ ਗਾਂਧੀ ਨੇ ਕਿਹਾ 'ਸਾਨੂੰ ਆਧੁਨਿਕ ਭਾਰਤ ਨੂੰ ਪਿਆਰ ਨਾਲ ਬਣਾਉਣ ਦੀ ਲੋੜ ਹੈ, ਨਾ ਕਿ ਗੁੱਸੇ ਅਤੇ ਨਫ਼ਰਤ ਨਾਲ। ਵਰਤਮਾਨ ਸਮੇਂ, ਸਾਡੇ ਦੇਸ਼ ਵਿਚ ਦੋ ਵਿਚਾਰਧਾਰਾਵਾਂ ਵਿਚਕਾਰ ਲੜਾਈ ਚੱਲ ਰਹੀ ਹੈ। ਇੱਕ ਦੀ ਅਸੀਂ ਨੁਮਾਇੰਦਗੀ ਕਰਦੇ ਹਾਂ, ਅਤੇ ਦੂਜੇ ਦੀ ਭਾਜਪਾ ਕਰਦੀ ਹੈ। ਇੱਕ ਪਾਸੇ ਮਹਾਤਮਾ ਗਾਂਧੀ ਹੈ ਅਤੇ ਦੂਜੇ ਪਾਸੇ ਨੱਥੂਰਾਮ ਗੋਡਸੇ। ਗਾਂਧੀ ਜੀ ਆਧੁਨਿਕ, ਅਗਾਂਹਵਧੂ ਅਤੇ ਖੁੱਲ੍ਹੇ ਵਿਚਾਰਾਂ ਵਾਲੇ ਸਨ। ਹਾਲਾਂਕਿ, ਗੋਡਸੇ ਨੇ ਅਤੀਤ ਬਾਰੇ ਗੱਲ ਕੀਤੀ, ਭਵਿੱਖ ਬਾਰੇ ਕਦੇ ਗੱਲ ਨਹੀਂ ਕੀਤੀ ਪਰ ਗੁੱਸੇ ਅਤੇ ਨਫ਼ਰਤ ਨਾਲ ਭਰਿਆ ਹੋਇਆ ਸੀ। ਡਰਪੋਕ ਜੋ ਆਪਣੀ ਜ਼ਿੰਦਗੀ ਨਾਲ ਨਜਿੱਠਣ ਵਿੱਚ ਅਸਮਰੱਥ ਸੀ।' ਰਾਹੁਲ ਗਾਂਧੀ ਲਗਭਗ 4000 ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਹ ਸੰਯੁਕਤ ਰਾਜ ਅਮਰੀਕਾ ਦੇ ਛੇ ਦਿਨਾਂ ਦੌਰੇ 'ਤੇ ਆਏ ਸਨ।

ਉਨ੍ਹਾਂ ਕਿਹਾ, 'ਆਰ.ਐਸ.ਐਸ. ਅਤੇ ਭਾਜਪਾ ਭਵਿੱਖ ਵੱਲ ਦੇਖਣ ਤੋਂ ਅਸਮਰੱਥ ਹਨ।



ਉਹ 'ਭਾਰਤ ਦੀ ਕਾਰ' ਚਲਾ ਰਹੇ ਹਨ ਅਤੇ ਪਿਛਲੇ ਸ਼ੀਸ਼ੇ ਵਿੱਚ ਦੇਖ ਰਹੇ ਹਨ। ਉਹ ਹਮੇਸ਼ਾ ਕਿਸੇ ਹੋਰ ਨੂੰ ਦੋਸ਼ੀ ਲੱਭਣਗੇ। ਉਹ ਰੇਲ ਹਾਦਸੇ ਲਈ ਬ੍ਰਿਟਿਸ਼ ਨੂੰ ਵੀ ਦੋਸ਼ੀ ਠਹਿਰਾ ਸਕਦੇ ਹਨ। ਦੋਸ਼ ਲਗਾਉਣ ਦੀ ਬਜਾਏ, ਸਾਨੂੰ ਨੌਜਵਾਨਾਂ ਦੀ ਬੇਰੁਜ਼ਗਾਰੀ ਵਰਗੇ ਮੁੱਦਿਆਂ ਦਾ ਹੱਲ ਲੱਭਣਾ ਚਾਹੀਦਾ ਹੈ। ਸਾਨੂੰ ਭਾਰਤ ਅਤੇ ਅਮਰੀਕਾ ਵਿਚਕਾਰ ਇੱਕ ਪੁਲ ਬਣਾਉਣ ਦੀ ਲੋੜ ਹੈ, ਸਾਂਝੇਦਾਰੀ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਅਤੇ ਚੀਨ ਤੋਂ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਦੀ ਲੋੜ ਹੈ।' ਆਈਓਸੀਯੂਐਸਏ ਦੇ



ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ, "ਇਸ ਨੇ ਲੱਖਾਂ ਲੋਕਾਂ ਨੂੰ ਪ੍ਰੇਰਿਤ ਕੀਤਾ ਹੈ ਅਤੇ ਇੱਕ ਵਾਰ ਫਿਰ ਸਾਡੇ ਸਾਰਿਆਂ ਲਈ ਉਮੀਦ ਪ੍ਰਦਾਨ ਕੀਤੀ ਹੈ ਜੋ ਲੋਕਤੰਤਰ ਅਤੇ ਆਜ਼ਾਦੀ ਦੀ ਇੱਛਾ ਰੱਖਦੇ ਹਨ।"

ਸੈਮ ਪਿਤਰੋਦਾ, ਗਲੋਬਲ ਚੇਅਰਮੈਨ, ਨੇ ਭਾਰਤ ਦੇ ਬਿਹਤਰ ਭਵਿੱਖ ਲਈ ਜਾਗਰੂਕਤਾ ਅਤੇ ਚੌਕਸੀ ਨਾਲ ਕੰਮ ਕਰਨ ਦੀ ਜ਼ਰੂਰਤ ਬਾਰੇ ਗੱਲ ਕੀਤੀ। ਉਨ੍ਹਾਂ ਓਡੀਸ਼ਾ ਰੇਲ ਹਾਦਸੇ ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਇੱਕ ਮਿੰਟ ਦਾ ਮੌਨ ਰੱਖਣ ਲਈ ਮੀਟਿੰਗ ਦੀ ਅਗਵਾਈ ਵੀ ਕੀਤੀ। ਮੀਟਿੰਗ ਦੇ ਜਨਰਲ ਕਨਵੀਨਰ ਪ੍ਰਦੀਪ ਸਮਾਲਾ ਨੇ ਮੰਚ 'ਤੇ ਮੌਜੂਦ ਸਾਰੇ ਪਤਵੰਤਿਆਂ ਸਮੇਤ ਰਾਹੁਲ ਗਾਂਧੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਜੌਨ ਜੋਸੇਫ ਦਾ ਧੰਨਵਾਦ ਕੀਤਾ, ਜੋ 3 ਜੂਨ ਨੂੰ ਰਾਹੁਲ ਗਾਂਧੀ ਦੇ ਸ਼ਾਨਦਾਰ ਸਵਾਗਤ ਲਈ ਪ੍ਰਾਹੁਣਚਾਰੀ ਕਮੇਟੀ ਦੇ ਚੇਅਰਮੈਨ ਸਨ।

ਮੀਟਿੰਗ ਵਿਚ ਦੀਪੇਂਦਰ ਹੁੱਡਾ, ਮਣੀ ਸ਼ੰਕਰ ਅਈਅਰ, ਰੇਵੰਤ ਰੈਡੀ, ਵਿਜੇਂਦਰ ਸਿੰਘ, ਰੁਦਰ ਰਾਜੂ ਗੁਡੂਰੂ, ਮਧੂ ਯਕਸ਼ੀ, ਅਮਰਿੰਦਰ ਸਿੰਘ ਵੜਿੰਗ, ਵੈਂਕਟ ਰੈਡੀ, ਕੋਮਾਤੀ ਆਦਿ ਸ਼ਾਮਲ ਸਨ। ਨਿਊਯਾਰਕ ਸਿਟੀ ਦੇ ਡਿਪਟੀ ਕਮਿਸ਼ਨਰ ਦਲੀਪ ਚੌਹਾਨ ਨੇ ਵੀ ਸੰਬੋਧਨ ਕੀਤਾ। ਆਈਓਸੀ ਆਗੂ ਜੌਹਨ ਜੋਸਫ਼, ਫੁੰਮਣ ਸਿੰਘ, ਲੀਲਾ ਮਰੇਟ, ਥਾਮਸ ਮੈਥਿਊ, ਰਾਜੇਸ਼ਵਰ ਰੈਡੀ, ਰਾਮ ਗਡੁਲਾ, ਪੀਟਰ ਕੋਠਾਰੀ, ਹਰਕੇਸ਼ ਠਾਕੁਰ, ਅਮਰ ਸਿੰਘ ਗੁਲਸ਼ਨ, ਗੁਰਪ੍ਰੀਤ ਸਿੰਘ, ਕੁਲਰਾਜ ਗਰੇਵਾਲ, ਬਲਜਿੰਦਰ ਸਿੰਘ ਕੁੰਡੂ, ਗੁਰਮੀਤ ਸਿੰਘ ਗਿੱਲ, ਗੁਰਮੀਤ ਸਿੰਘ ਬੁੱਟਰ, ਰਜਿੰਦਰ ਡਿਚਪੱਲੀ, ਨਿਖਿਲ ਠਗਦੂਰ, ਪਵਨ ਦਰਸੀ, ਕਵਲਜੀਤ ਕੌਰ ਅਤੇ ਸੰਦੀਪ ਵੰਗਾਲਾ, ਸ਼ਰਤ ਚੰਦਰ ਵੇਮੁਗੁਟੀ ਆਦਿ ਵੀ ਮੰਚ 'ਤੇ ਮੌਜੂਦ ਸਨ।

# ਏ.ਆਈ.ਜੀ. ਅਸ਼ੀਸ਼ ਨੂੰ ਜੇਲ੍ਹੋਂ ਬਾਹਰ ਆਉਂਦਿਆਂ ਹੀ ਵਿਜੀਲੈਂਸ ਨੇ ਮੁੜ ਦਬੋਚਿਆ

**ਮੁਹਾਲੀ:** ਜ਼ੀਰਕਪੁਰ ਵਾਸੀ ਔਰਤ ਵੱਲੋਂ ਲਾਏ ਜਬਰ ਜਨਾਹ ਤੇ ਹੋਰ ਦੋਸ਼ਾਂ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਪੰਜਾਬ ਪੁਲਿਸ ਦੇ ਬਹੁ-ਚਰਚਿਤ ਏ.ਆਈ.ਜੀ. ਅਸ਼ੀਸ਼ ਕਪੂਰ ਨੂੰ ਜੇਲ੍ਹ ਵਿਚੋਂ ਬਾਹਰ ਆਉਂਦਿਆਂ ਹੀ ਵਿਜੀਲੈਂਸ ਬਿਊਰੋ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਮੁੜ ਗ੍ਰਿਫ਼ਤਾਰ ਕਰ ਲਿਆ ਹੈ। ਉਸ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ 13 (1) (ਬੀ), 13(2) ਅਤੇ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਵਿਜੀਲੈਂਸ ਬਿਊਰੋ ਉੱਡਣ ਦਸਤਾ-1, ਮੁਹਾਲੀ ਦੇ ਥਾਣੇ ਵਿਚ ਨਵਾਂ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿਚ ਕਪੂਰ ਦੀ ਪਤਨੀ ਕਮਲ ਕਪੂਰ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਅਸ਼ੀਸ਼ ਕਪੂਰ ਦੀ ਜ਼ਮਾਨਤ ਮਨਜ਼ੂਰ ਕੀਤੀ ਗਈ ਸੀ। ਉਹ ਕਾਫੀ ਸਮੇਂ ਤੋਂ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਸੀ। ਵਿਜੀਲੈਂਸ ਨੇ ਨਵੇਂ ਕੇਸ ਵਿਚ ਗ੍ਰਿਫ਼ਤਾਰੀ ਪਾ ਲਈ ਹੈ। ਹਾਲਾਂਕਿ ਵਿਜੀਲੈਂਸ ਇਹ ਦਾਅਵਾ ਕਰ ਰਹੀ ਹੈ ਕਿ ਕਪੂਰ ਨੂੰ ਜੇਲ੍ਹ 'ਚੋਂ ਪ੍ਰੋਡਕਸ਼ਨ ਵਾਰੰਟ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਦੂਜੇ ਪਾਸੇ, ਸੂਤਰ ਦੱਸਦੇ ਹਨ ਕਿ ਜ਼ਮਾਨਤ ਮਿਲਣ ਤੋਂ ਬਾਅਦ ਉਹ ਘਰ ਆ ਗਏ ਸਨ ਅਤੇ ਸਵੇਰੇ ਹੀ ਵਿਜੀਲੈਂਸ ਨੇ ਕਪੂਰ ਨੂੰ ਦੁਬਾਰਾ ਦਬੋਚ ਲਿਆ। ਕਪੂਰ 'ਤੇ ਨੌਕਰੀ ਦੌਰਾਨ ਚੰਡੀਗੜ੍ਹ ਅਤੇ ਮੁਹਾਲੀ ਵਿਚ ਆਮਦਨ ਸਰੋਤਾਂ ਤੋਂ ਵੱਧ ਨਾਜਾਇਜ਼ ਢੰਗ ਨਾਲ ਬੇਹਿਸਾਬ ਮਹਿੰਗੀਆਂ ਅਚੱਲ ਤੇ ਚੱਲ ਜਾਇਦਾਦਾਂ ਬਣਾਉਣ ਦਾ ਦੋਸ਼ ਹੈ।



ਵਿਜੀਲੈਂਸ ਅਨੁਸਾਰ ਅਸ਼ੀਸ਼ ਕਪੂਰ ਵੱਲੋਂ ਪਰਿਵਾਰ ਸਣੇ ਵਿਦੇਸ਼ੀ ਦੌਰਿਆਂ ਅਤੇ ਐਸ਼ੋ-ਆਰਾਮ ਦੀ ਜ਼ਿੰਦਗੀ ਬਿਤਾਉਣ ਉੱਪਰ ਲੱਖਾਂ ਰੁਪਏ ਖ਼ਰਚ ਕੀਤੇ ਗਏ। ਇਸ ਤੋਂ ਇਲਾਵਾ ਚੈੱਕ ਪੀਰੀਅਡ ਦੌਰਾਨ ਅਸ਼ੀਸ਼ ਕਪੂਰ, ਅਸ਼ੀਸ਼ ਕਪੂਰ ਐਂਡ ਸੰਨਜ (ਐਚ.ਯੂ.ਐਫ਼) ਤੇ ਉਸ ਦੀ ਪਤਨੀ ਕਮਲ ਕਪੂਰ ਦੇ ਨਾਂ 'ਤੇ ਵੱਖ-ਵੱਖ ਬੈਂਕਾਂ ਵਿਚ ਕਰੀਬ 10 ਬੈਂਕ ਖਾਤੇ ਖੁੱਲ੍ਹੇ ਹੋਏ ਹਨ ਜਿਨ੍ਹਾਂ ਵਿਚ ਕਰੀਬ 65 ਲੱਖ ਰੁਪਏ ਜਮ੍ਹਾਂ ਹੋਏ ਪਾਏ ਹਨ। ਉਨ੍ਹਾਂ ਕੋਲ ਆਮਦਨੀ ਦੇ ਜਾਣੂ ਸਰੋਤਾਂ ਤੋਂ ਕੁੱਲ ਆਮਦਨ 2,44,64,871 ਰੁਪਏ ਹੋਣੀ ਪਾਈ ਗਈ ਜਦਕਿ ਇਸੇ ਅਰਸੇ ਦੌਰਾਨ ਉਨ੍ਹਾਂ ਵੱਲੋਂ 5,60,91,650 ਰੁਪਏ ਖਰਚਾ ਕੀਤਾ ਗਿਆ ਹੈ। ਇੰਜ ਹੀ ਉਨ੍ਹਾਂ ਵੱਲੋਂ 3,16,26,779 ਰੁਪਏ ਵੱਧ ਖਰਚਾ ਕੀਤਾ ਗਿਆ ਜੋ ਉਨ੍ਹਾਂ ਦੀ ਕੁੱਲ ਆਮਦਨ ਤੋਂ 129.3 ਫੀਸਦੀ ਵੱਧ ਹੈ।

# ਕਣਕ ਦੇ ਖਰੀਦ ਸੀਜ਼ਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ 'ਚ ਸੰਗਰੂਰ ਜ਼ਿਲ੍ਹਾ ਮੋਹਰੀ

**ਸੰਗਰੂਰ:** ਹਾਲ ਹੀ ਵਿਚ ਮੁਕੰਮਲ ਹੋਏ ਕਣਕ ਦੀ ਖਰੀਦ ਸੀਜ਼ਨ ਨਾਲ ਜੁੜੇ ਸਮੁੱਚੇ ਕਾਰਜਾਂ ਨੂੰ ਸ਼ਾਨਦਾਰ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਜ਼ਿਲ੍ਹਾ ਸੰਗਰੂਰ ਪੂਰੇ ਪੰਜਾਬ ਵਿਚੋਂ ਪਹਿਲੇ ਸਥਾਨ ਉਤੇ ਆਇਆ ਹੈ।

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਚੰਡੀਗੜ੍ਹ ਵਿਚ ਫੂਡ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਪਹਿਲੇ ਸਥਾਨ ਵਜੋਂ ਐਵਾਰਡ ਪ੍ਰਦਾਨ ਕੀਤਾ ਗਿਆ।

ਫੂਡ ਸਪਲਾਈ ਮੰਤਰੀ ਨੇ ਕਣਕ ਦੀ ਖਰੀਦ, ਲਿਫਟਿੰਗ, ਅਦਾਇਗੀ, ਆਨਲਾਈਨ ਗੇਟ ਪਾਸ, ਵਹੀਕਲ ਟਰੈਕਿੰਗ ਸਿਸਟਮ ਸਮੇਤ ਹੋਰ ਕਾਰਜਾਂ ਨੂੰ ਯੋਜਨਾਬੱਧ ਤਰੀਕੇ ਨਾਲ ਸਮੇਂ ਸਿਰ ਨੇਪਰੇ ਚੜ੍ਹਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਨਮੋਲ ਸਿੰਘ



ਧਾਲੀਵਾਲ ਅਤੇ ਸਬੰਧਤ ਵਿਭਾਗਾਂ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਭੇਟ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਸੰਗਰੂਰ ਸਤਵੀਰ ਸਿੰਘ ਮਾਵੀ ਨੇ ਇਹ ਐਵਾਰਡ ਪ੍ਰਾਪਤ ਕੀਤਾ।

ਕਾਰਜਕਾਰੀ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਸਤਵੀਰ ਸਿੰਘ ਮਾਵੀ ਨੇ ਦੱਸਿਆ ਕਿ ਸਾਲ 2023-24 ਸੀਜ਼ਨ ਦੌਰਾਨ ਜ਼ਿਲ੍ਹਾ ਸੰਗਰੂਰ ਦੀਆਂ ਅਨਾਜ ਮੰਡੀਆਂ ਵਿਚੋਂ 8 ਲੱਖ 86 ਹਜ਼ਾਰ 353 ਟਨ ਕਣਕ ਦੀ ਖਰੀਦ ਕੀਤੀ ਗਈ ਜੋ ਕਿ ਪਿਛਲੇ ਸਾਲ ਨਾਲੋਂ ਕਰੀਬ ਡੇਢ ਲੱਖ ਟਨ ਵੱਧ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਕਰੀਬ 1642 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ ਅਤੇ ਇਸ ਸਮੁੱਚੀ ਪ੍ਰਕਿਰਿਆ ਨੂੰ ਨਿਰਵਿਘਨ ਢੰਗ ਨਾਲ ਨੇਪਰੇ ਚੜ੍ਹਾਇਆ ਗਿਆ ਹੈ।

# ਦਰਜਨ ਤੋਂ ਵੱਧ ਸਿਵਲ ਤੇ ਪੁਲਿਸ ਅਧਿਕਾਰੀ ਵਿਜੀਲੈਂਸ ਦੀ ਰਡਾਰ ਉਤੇ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ਦੇ ਸਿਵਲ ਅਤੇ ਪੁਲਿਸ ਅਧਿਕਾਰੀਆਂ ਦੇ ਅਸਾਸਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਇਸ ਸਮੇਂ 12 ਤੋਂ ਵੱਧ ਆਈ.ਏ.ਐਸ, ਆਈ.ਪੀ.ਐਸ, ਪੀ.ਸੀ.ਐਸ. ਅਤੇ ਪੀ.ਪੀ.ਐਸ. ਅਧਿਕਾਰੀਆਂ ਵਿਰੁੱਧ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚ ਚਾਰ ਸੇਵਾਮੁਕਤ ਅਧਿਕਾਰੀ ਵੀ ਹਨ ਜਦਕਿ ਬਾਕੀ ਸੇਵਾ ਨਿਭਾਅ ਰਹੇ ਹਨ। ਇਹ ਜਾਂਚ ਵਿਜੀਲੈਂਸ ਦੇ ਫਲਾਇੰਗ ਸਕੁਐਡ ਤੇ ਆਰਥਿਕ ਅਪਰਾਧ ਸ਼ਾਖਾ ਸਮੇਤ ਜ਼ਿਲ੍ਹਾ ਵਿਜੀਲੈਂਸ ਵਿੰਗ ਵਿਚ ਤਾਇਨਾਤ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਹੈ।

ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਵੱਢੀ ਲੈਂਦਿਆਂ ਫੜੇ ਜਾਣ ਜਾਂ ਭ੍ਰਿਸ਼ਟਾਚਾਰ ਦੇ ਮਾਮਲਿਆਂ ਤੋਂ ਬਾਅਦ ਤਾਂ ਕਈ ਅਧਿਕਾਰੀਆਂ ਜਿਵੇਂ ਕਿ ਸੰਜੈ ਪੋਪਲੀ ਅਤੇ ਅਸ਼ੀਸ਼ ਕੁਮਾਰ ਆਦਿ ਵਿਰੁੱਧ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਪੜਤਾਲ ਸ਼ੁਰੂ ਕੀਤੀ ਹੀ ਗਈ ਹੈ ਪਰ ਜਿਨ੍ਹਾਂ ਅਧਿਕਾਰੀਆਂ ਵੱਲੋਂ ਬੇਅਥਾਹ ਸੰਪਤੀ ਬਣਾਈ ਗਈ ਹੈ, ਅਜਿਹੇ ਅਧਿਕਾਰੀਆਂ ਖਿਲਾਫ਼




ਸੋਰਸ ਰਿਪੋਰਟਾਂ ਦੇ ਆਧਾਰ 'ਤੇ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਵਿਜੀਲੈਂਸ ਦੇ ਤਫ਼ਤੀਸ਼ੀ ਅਫਸਰ ਨੇ ਦੱਸਿਆ ਕਿ ਆਈ.ਏ.ਐਸ, ਆਈ.ਪੀ.ਐਸ, ਪੀ.ਸੀ.ਐਸ. ਅਤੇ ਪੀ.ਪੀ.ਐਸ. ਅਧਿਕਾਰੀਆਂ ਵੱਲੋਂ ਸ਼ਿਵਾਲਿਕ ਦੀਆਂ ਪਹਾੜੀਆਂ ਦੀਆਂ ਜੜ੍ਹਾਂ 'ਚ ਆਲੀਸ਼ਾਨ ਫਾਰਮ ਹਾਊਸ ਬਣਾਉਣ ਦੇ ਤੱਥ ਇਕੱਤਰ ਕੀਤੇ ਗਏ ਹਨ ਤੇ ਇਨ੍ਹਾਂ ਅਧਿਕਾਰੀਆਂ ਦੀ ਸੰਪਤੀ ਨੂੰ ਜਾਂਚ ਦਾ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਅਧਿਕਾਰੀਆਂ ਵੱਲੋਂ ਮੁਹਾਲੀ, ਖਰੜ, ਜ਼ੀਰਕਪੁਰ, ਡੇਰਾਬੱਸੀ ਵਿੱਚ ਪ੍ਰਾਈਵੇਟ ਬਿਲਡਰਾਂ ਨਾਲ ਮਿਲੀਭੁਗਤ ਕਰਕੇ ਪੂੰਜੀ ਨਿਵੇਸ਼ ਕੀਤਾ ਹੋਇਆ ਹੈ। ਇਨ੍ਹਾਂ ਅਧਿਕਾਰੀਆਂ ਵੱਲੋਂ ਆਪਣੇ ਜੀਵਨ ਸਾਥੀਆਂ, ਬੱਚਿਆਂ, ਮਾਤਾ ਪਿਤਾ ਜਾਂ ਹੋਰਨਾਂ ਅਜਿਹੇ ਰਿਸ਼ਤੇਦਾਰਾਂ ਦੇ ਨਾਮ 'ਤੇ ਜਾਇਦਾਦਾਂ ਖਰੀਦੀਆਂ ਗਈਆਂ ਹਨ। ਇਨ੍ਹਾਂ ਮਾਮਲਿਆਂ ਵਿਚ ਬਿਲਡਰਾਂ ਨੂੰ ਵੀ ਜਾਂਚ 'ਚ ਸ਼ਾਮਲ ਕੀਤਾ ਜਾ ਰਿਹਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਵਿਜੀਲੈਂਸ ਨੇ ਪਿਛਲੇ 15 ਸਾਲਾਂ ਦੌਰਾਨ ਅਹਿਮ ਅਹੁਦਿਆਂ 'ਤੇ ਤਾਇਨਾਤ ਰਹੇ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਚਰਚਿਤ ਸਿਵਲ ਅਤੇ ਪੁਲਿਸ ਅਧਿਕਾਰੀਆਂ ਦੀ ਸੰਪਤੀ ਤੇ ਹੋਰਨਾਂ ਅਸਾਸਿਆਂ ਨੂੰ ਜਾਂਚ ਦਾ ਆਧਾਰ ਬਣਾਇਆ ਹੈ। ਇਨ੍ਹਾਂ ਵਿਚ ਕਈ ਅਧਿਕਾਰੀ ਬਾਦਲ ਪਰਿਵਾਰ ਅਤੇ ਕਾਂਗਰਸ ਦੇ ਬੇਹੱਦ ਕਰੀਬੀ ਵੀ ਰਹੇ ਹਨ।

ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 8 ਦੇ ਕਰੀਬ ਅਧਿਕਾਰੀਆਂ ਨੂੰ ਤਾਂ ਵਿਜੀਲੈਂਸ ਦੇ ਤਫਤੀਸ਼ੀ ਅਧਿਕਾਰੀਆਂ ਨੇ ਪੜਤਾਲ ਨਾਲ ਸਬੰਧਤ ਪ੍ਰੋਫਾਰਮੇ ਭਰਨ ਦੀ ਹਦਾਇਤ ਕੀਤੀ ਹੈ। ਅਧਿਕਾਰੀਆਂ ਤੋਂ ਪਿਛਲੇ ਸਮੇਂ ਦੌਰਾਨ ਵਿਦੇਸ਼ ਦੌਰਿਆਂ ਦਾ ਖ਼ਰਚ ਅਤੇ ਹੋਰ ਵੇਰਵੇ ਵੀ ਮੰਗੇ ਹਨ। ਵਿਜੀਲੈਂਸ ਨੇ ਇਨ੍ਹਾਂ ਅਧਿਕਾਰੀਆਂ ਤੋਂ ਆਪਣੇ ਜਾਂ ਪਰਿਵਾਰਕ ਮੈਂਬਰਾਂ ਦੇ ਨਾਮ 'ਤੇ ਖਰੀਦੀ ਗਈ ਸੰਪਤੀ ਤੇ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤਿਆਂ ਦੇ ਵੇਰਵੇ ਮੰਗੇ ਹਨ।

## ਟਰੈਵਲ ਏਜੰਟ ਦੀ 58 ਲੱਖ ਦੀ ਜਾਇਦਾਦ ਕੁਰਕ

**ਨਵੀਂ ਦਿੱਲੀ:** ਵੱਖ-ਵੱਖ ਮੁਲਕਾਂ ਦੇ ਵਰਕ ਪਰਮਿਟ ਵੀਜ਼ੇ ਦਿਵਾਉਣ ਲਈ ਲੋਕਾਂ ਨਾਲ ਕਥਿਤ ਠੱਗੀ ਮਾਰਨ ਦੇ ਮਾਮਲੇ ਵਿਚ ਲੁਧਿਆਣਾ ਦੇ ਟਰੈਵਲ ਏਜੰਟ ਦੀ 58 ਲੱਖ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਬਿਆਨ ਵਿਚ ਕਿਹਾ ਗਿਆ ਹੈ ਕਿ ਟਰੈਵਲ ਏਜੰਟ ਨਿਤੀਸ਼ ਘਈ ਦੀਆਂ ਕੁਝ ਵਪਾਰਕ ਜਾਇਦਾਦਾਂ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ.ਐਮ.ਐਲ.ਏ.) ਤਹਿਤ ਕੁਰਕ ਕੀਤਾ ਗਿਆ ਹੈ। ਮਨੀ ਲਾਂਡਰਿੰਗ ਦਾ ਮਾਮਲਾ ਘਈ ਅਤੇ ਕੁਝ ਹੋਰਾਂ ਵਿਰੁੱਧ ਪੰਜਾਬ ਪੁਲਿਸ ਦੁਆਰਾ ਦਰਜ ਕਈ ਐਫ.ਆਈ.ਆਰਜ਼ ਦਰਜ ਕੀਤਾ ਗਿਆ। ਈ.ਡੀ. ਨੇ ਦੋਸ਼ ਲਾਇਆ ਕਿ ਟਰੈਵਲ ਏਜੰਟ ਉਤੇ ਲੋਕਾਂ ਨੂੰ ਵੱਖ-ਵੱਖ ਦੇਸਾਂ ਦੇ ਵਰਕ ਪਰਮਿਟ ਵੀਜ਼ਾ ਦੇਣ ਦੇ ਨਾਂ 'ਤੇ ਧੋਖਾ ਦੇਣ ਦਾ ਦੋਸ਼ ਹੈ।

## ਪੰਜਾਬ ਜਲ ਪ੍ਰਬੰਧਨ ਲਈ ਇਜ਼ਰਾਈਲ ਨਾਲ ਭਾਈਵਾਲੀ ਕਰੇਗਾ

**ਚੰਡੀਗੜ੍ਹ:** ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਸੂਬੇ ਵਿਚ ਬਿਹਤਰ ਜਲ ਪ੍ਰਬੰਧਨ ਪ੍ਰਣਾਲੀ ਵਿਕਸਿਤ ਕਰਨ ਲਈ ਇਜ਼ਰਾਈਲ ਨਾਲ ਰਣਨੀਤਕ ਭਾਈਵਾਲੀ ਬਣਾਏਗੀ। ਰਾਜ ਵਿਚ ਸਸਤੇ ਤੇ ਟਿਕਾਊ ਜਲ ਸਪਲਾਈ ਅਤੇ ਸੀਵਰੇਜ ਦੇ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਲਈ ਇਜ਼ਰਾਈਲੀ ਤਕਨਾਲੋਜੀ ਅਤੇ ਸਵਦੇਸ਼ੀ ਕਾਢਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ ਜਾਵੇਗੀ। ਪੰਜਾਬ ਭਵਨ 'ਚ ਇਜ਼ਰਾਈਲ ਦੇ ਦੂਤਾਵਾਸ ਦੇ ਡਾ. ਲਿਓਰ ਆਸਫ, ਇਜ਼ਰਾਈਲ ਦੂਤਾਵਾਸ ਦੇ ਸੀਨੀਅਰ ਜਲ ਸਰੋਤ ਮਾਹਿਰ ਨੀਰਜ ਗਹਿਲਾਵਤ ਤੇ ਥਾਪਰ ਯੂਨੀਵਰਸਿਟੀ ਤੋਂ ਪ੍ਰੋਫੈਸਰ ਡਾ. ਅਮਿਤ ਧੀਰ ਨਾਲ ਗੋਲਮੇਜ ਮੀਟਿੰਗ ਦੌਰਾਨ ਜਿੰਪਾ ਨੇ ਪਾਣੀ ਤੇ ਗੰਦੇ ਪਾਣੀ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਭਾਰਤ ਦੀ ਸਹਾਇਤਾ ਲਈ ਇਜ਼ਰਾਈਲ ਵਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਘੱਲੂਘਾਰਾ ਦਿਵਸ: ਜਥੇਦਾਰ ਵੱਲੋਂ ਸਿੱਖਾਂ ਨੂੰ ਇੱਕਮੁੱਠ ਹੋਣ ਦਾ ਸੱਦਾ



**ਅੰਮ੍ਰਿਤਸਰ:** 6 ਜੂਨ 1984 ਦੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ ਯਾਦ ਵਿਚ ਅਕਾਲ ਤਖਤ ਵਿਖੇ ਕਰਵਾਇਆ ਘੱਲੂਘਾਰਾ ਦਿਵਸ ਸਮਾਗਮ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਤੇ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਦੇ ਨਾਲ ਸਮਾਪਤ ਹੋ ਗਿਆ। ਇਸ ਦੌਰਾਨ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਦਿੱਤੇ ਅੰਮ੍ਰਿਤਸਰ ਬੰਦ ਦੇ ਸੱਦੇ ਦੇ ਤਹਿਤ ਸ਼ਹਿਰ ਵਿਚ ਕਾਰੋਬਾਰ ਅਤੇ ਵਪਾਰਕ ਅਦਾਰੇ ਬੰਦ ਹਨ।

ਘੱਲੂਘਾਰਾ ਦਿਵਸ ਸਬੰਧੀ ਸਵੇਰੇ ਅਕਾਲ ਤਖਤ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਆਖਿਆ ਕਿ ਸਮੇਂ ਦੀ ਹਕੂਮਤ ਵੱਲੋਂ ਜੂਨ 1984 ਵਿਚ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਮੇਤ ਹੋਰ ਗੁਰਧਾਮਾਂ ਤੇ ਫੌਜੀ ਹਮਲਾ ਕਰਕੇ ਦਿੱਤੇ ਜ਼ਖ਼ਮਾਂ ਦੇ ਨਿਸ਼ਾਨ ਸਿੱਖ ਕੌਮ ਕਦੇ ਵੀ ਭੁੱਲ ਨਹੀਂ ਸਕਦੀ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ। ਸਮੂਹ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਇਕੱਠੇ ਹੋ ਕੇ ਪਿੰਡਾਂ ਵੱਲ ਪ੍ਰਚਾਰ ਮੁਹਿੰਮ ਵਿੱਢੀ ਜਾਵੇ ਤਾਂ ਜੋ ਨੌਜਵਾਨ ਸਿੱਖ ਸ਼ਕਤੀ ਨੂੰ ਨਸ਼ਿਆਂ ਵਰਗੀ ਸਮਾਜਿਕ ਕੁਰੀਤੀ ਤੋਂ ਬਚਾਇਆ ਜਾ ਸਕੇ।

ਇਸ ਮੌਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਆਪਣੇ ਤੌਰ 'ਤੇ ਵੱਖਰਾ ਸੰਦੇਸ਼ ਵੀ ਜਾਰੀ ਕੀਤਾ ਗਿਆ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵੀ ਗੁਰਦੁਆਰਾ ਥੜ੍ਹਾ ਸਾਹਿਬ ਨੇੜੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕੀਤਾ।

ਇਸ ਦੌਰਾਨ ਜਿਵੇਂ ਹੀ ਅਖੰਡ ਪਾਠ ਦਾ ਭੋਗ ਪਿਆ ਤਾਂ ਦਲ ਖਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਹੋਰ ਨੌਜਵਾਨ ਸਿੱਖ ਜਥੇਬੰਦੀਆਂ ਵੱਲੋਂ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕੀਤੀ ਗਈ। ਇਸ ਦੌਰਾਨ ਪੁਲਿਸ ਵੱਲੋਂ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਸਾਰੇ ਰਸਤੇ ਅਤੇ ਗੁਰਦੁਆਰਿਆਂ ਦੇ ਆਲੇ ਦੁਆਲੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਹਰਿਮੰਦਰ ਸਾਹਿਬ ਦੇ ਕੈਂਪਸ ਵਿਚ ਵੀ ਵੱਡੀ ਗਿਣਤੀ ਵਿਚ ਚਿੱਟ ਕੱਪੜੀਏ ਪੁਲਿਸ ਮੁਲਾਜ਼ਮ ਤਾਇਨਾਤ ਹਨ।

## ਜੂਆ ਖੇਡਣ ਦੇ ਦੋਸ਼ 'ਚ 'ਆਪ' ਵਿਧਾਇਕ ਨੂੰ ਨੋਟਿਸ ਜਾਰੀ

**ਜਲੰਧਰ:** ਕਰੋਨਾ ਕਾਲ ਵਿਚ ਜੂਆ ਖੇਡਣ ਦੇ ਦੋਸ਼ ਹੇਠ ਪੱਛਮੀ ਹਲਕੇ ਦੇ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਵਿਰੁੱਧ ਦਰਜ ਹੋਏ ਕੇਸ ਵਿਚ ਚੀਫ ਜੁਡੀਸ਼ੀਅਲ ਅਦਾਲਤ ਨੇ ਨੋਟਿਸ ਜਾਰੀ ਕਰ ਕੇ 12 ਜੂਨ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ। ਜਾਣਕਾਰੀ ਮੁਤਾਬਕ ਕਰੋਨਾ ਕਾਲ ਸਮੇਂ ਸਥਾਨਕ ਪੁਲਿਸ ਨੇ ਸ਼ੀਤਲ ਅੰਗੁਰਾਲ ਨੂੰ ਸਾਥੀਆਂ ਨਾਲ ਜੂਆ ਖੇਡਣ ਦੇ ਦੋਸ਼ ਹੇਠ ਕਾਬੂ ਕੀਤਾ ਸੀ ਤੇ ਵਿਧਾਇਕ ਵਿਰੁੱਧ ਕੇਸ ਦਰਜ ਕਰ ਕੇ ਜ਼ਮਾਨਤ 'ਤੇ ਛੱਡ ਦਿੱਤਾ ਸੀ। ਜਾਣਕਾਰੀ ਮੁਤਾਬਕ ਡੀ.ਸੀ.ਪੀ. ਲਾਅ ਵੱਲੋਂ ਪੰਜ ਮਹੀਨੇ ਪਹਿਲਾਂ ਸ਼ੀਤਲ ਅੰਗੁਰਾਲ ਵਿਰੁੱਧ ਲਾਈ ਧਾਰਾ 188 ਦੀ ਅਪਰੂਵਲ ਲਈ ਡੀ.ਸੀ. ਜਲੰਧਰ ਪਾਸ ਫਾਈਲ ਭੇਜੀ ਗਈ ਸੀ ਜਿਸ ਨੂੰ ਮਨਜ਼ੂਰੀ ਨਹੀਂ ਮਿਲੀ ਸੀ। ਇਸ ਤੋਂ ਪਹਿਲਾਂ 28 ਜੁਲਾਈ 2022 ਵਿਚ ਇਸ ਕੇਸ ਦੀ ਤਰੀਕ ਸੀ ਜਿਸ ਦੌਰਾਨ ਸ਼ੀਤਲ ਅੰਗੁਰਾਲ ਅਦਾਲਤ ਵਿਚ ਪੇਸ਼ ਨਹੀਂ ਹੋਏ ਸਨ ਜਿਸ ਕਾਰਨ ਅਦਾਲਤ ਵੱਲੋਂ ਹੁਣ 12 ਜੂਨ ਨੂੰ ਸ਼ੀਤਲ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ।

## ਰੈਂਕਿੰਗ ਵਿਚ ਪੰਜਾਬ ਯੂਨੀਵਰਸਿਟੀ ਤਿੰਨ ਸਥਾਨ ਹੇਠਾਂ ਖਿਸਕੀ

**ਨਵੀਂ ਦਿੱਲੀ:** ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਅਤੇ ਇੰਸਟੀਚਿਊਟਾਂ ਦੀ ਦਰਜਾਬੰਦੀ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ 44ਵਾਂ ਸਥਾਨ ਹਾਸਲ ਕੀਤਾ ਹੈ ਜੋ ਪਿਛਲੇ ਸਾਲ ਦੇ ਮੁਕਾਬਲੇ ਤਿੰਨ ਸਥਾਨ ਹੇਠਾਂ ਖਿਸਕ ਗਈ ਹੈ। ਫਾਰਮੇਸੀ ਵਰਗ ਵਿਚ ਪੰਜਾਬ ਯੂਨੀਵਰਸਿਟੀ ਤਾਜ਼ਾ ਦਰਜਾਬੰਦੀ ਵਿਚ ਅੱਠਵੇਂ ਸਥਾਨ 'ਤੇ ਆ ਪਹੁੰਚੀ ਜਦੋਂ ਕਿ ਪਿਛਲੇ ਸਾਲ ਇਸ ਦੀ ਤੀਜੀ ਪੁਜ਼ੀਸ਼ਨ ਸੀ। ਉਧਰ, ਪੋਸਟ ਗਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਚੰਡੀਗੜ੍ਹ (ਪੀ.ਜੀ.ਆਈ.) ਨੂੰ ਲਗਾਤਾਰ ਛੇਵੀਂ ਵਾਰ ਦੂਜਾ ਸਰਵੋਤਮ ਮੈਡੀਕਲ ਇੰਸਟੀਚਿਊਟ ਦਾ ਦਰਜਾ ਦਿੱਤਾ ਗਿਆ ਹੈ।

ਸੰਸਥਾ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਫੈਕਲਟੀ ਅਤੇ ਸਟਾਫ ਮੈਂਬਰਾਂ ਨੂੰ ਇਸ ਉਪਲਬਧੀ ਲਈ ਲਗਾਤਾਰ ਸਹਿਯੋਗ ਅਤੇ ਯਤਨਾਂ ਲਈ ਵਧਾਈ ਦਿੱਤੀ ਹੈ। ਇੰਸਟੀਚਿਊਟਾਂ 'ਚ ਮਦਰਾਸ ਲਗਾਤਾਰ ਪੰਜਵੀਂ ਵਾਰ ਸਿਖਰਲੇ ਸਥਾਨ 'ਤੇ ਰਿਹਾ ਜਦੋਂ ਕਿ ਇੰਡੀਅਨ ਇੰਸਟੀਚਿਊਟ ਆਫ ਸਾਇੰਸ (ਆਈ.ਆਈ.ਐਸ.ਸੀ.) ਬੰਗਲੂਰੂ ਨੇ ਸਰਵੋਤਮ ਯੂਨੀਵਰਸਿਟੀ ਤੇ ਖੋਜ ਸੰਸਥਾ ਹੋਣ ਦਾ ਮਾਣ ਹਾਸਲ ਕੀਤਾ ਹੈ। ਦਰਜਾਬੰਦੀ ਦਾ ਐਲਾਨ ਕੇਂਦਰੀ ਸਿੱਖਿਆ ਰਾਜ ਮੰਤਰੀ ਰਾਜਕੁਮਾਰ ਰਾਜਨ ਨੇ ਕੀਤਾ। ਦੇਸ਼ ਭਰ ਦੀਆਂ ਸਿਖਰਲੀਆਂ 100 ਸਿੱਖਿਆ ਸੰਸਥਾਵਾਂ ਵਿਚ ਚੰਡੀਗੜ੍ਹ ਯੂਨੀਵਰਸਿਟੀ (ਸੀ.ਯੂ.) ਪੰਜਾਬ, ਜੋ ਪ੍ਰਾਈਵੇਟ ਯੂਨੀਵਰਸਿਟੀ ਹੈ, ਨੇ 45ਵਾਂ ਸਥਾਨ ਪ੍ਰਾਪਤ ਕੀਤਾ ਹੈ। ਇੰਜ ਹੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਜਲੰਧਰ 46ਵੇਂ ਸਥਾਨ 'ਤੇ ਰਹੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ 87ਵਾਂ ਜਦੋਂ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ 74ਵਾਂ ਸਥਾਨ ਹਾਸਲ ਕੀਤਾ।

## ਮਾਨ ਨੇ ਕੇਂਦਰੀ ਪੂਲ ਤੋਂ ਸੂਬੇ ਲਈ ਵਾਧੂ ਬਿਜਲੀ ਮੰਗੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਉਣ ਵਾਲੇ ਝੋਨੇ ਦੇ ਸੀਜ਼ਨ ਕਾਰਨ ਬਿਜਲੀ ਦੀ ਭਾਰੀ ਮੰਗ ਨੂੰ ਪੂਰਾ ਕਰਨ ਲਈ ਕੇਂਦਰੀ ਪੂਲ ਤੋਂ ਸੂਬੇ ਨੂੰ ਵਾਧੂ ਬਿਜਲੀ ਮੁਹੱਈਆ ਕਰਵਾਉਣ ਲਈ ਕੇਂਦਰੀ ਬਿਜਲੀ ਮੰਤਰੀ ਆਰ.ਕੇ. ਸਿੰਘ ਨੂੰ ਪੱਤਰ ਭੇਜਿਆ ਹੈ। ਪੱਤਰ ਵਿਚ ਸ੍ਰੀ ਮਾਨ ਨੇ ਕਿਹਾ ਕਿ ਸੂਬੇ ਦੇ ਕਿਸਾਨਾਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਲਈ ਸੂਬੇ ਨੂੰ 15 ਜੂਨ ਤੋਂ 15 ਅਕਤੂਬਰ ਤੱਕ 1,000 ਮੈਗਾਵਾਟ ਦੀ ਚੌਵੀ ਘੰਟੇ ਬਿਜਲੀ ਦੇਣ ਦੀ ਯਕੀਨੀ ਲੋੜ ਹੈ।

## ਪੰਜਾਬ ਸਰਕਾਰ ਵੱਲੋਂ ਪੇਂਡੂ ਤੇ ਸ਼ਹਿਰੀ ਚੋਣਾਂ ਇਕੱਠੇ ਕਰਵਾਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਇਸ ਵਾਰ ਪੇਂਡੂ ਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਇਕੱਠੇ ਕਰਾਉਣ ਦੇ ਰੌਂਅ ਵਿਚ ਹੈ। ਪੰਜ ਨਗਰ ਨਿਗਮਾਂ ਅਤੇ 42 ਨਗਰ ਕੌਂਸਲਾਂ ਤੇ ਪੰਚਾਇਤਾਂ ਦੀਆਂ ਚੋਣਾਂ ਇਸੇ ਵਰ੍ਹੇ ਸਤੰਬਰ ਵਿਚ ਹੋਣ ਦੀ ਸੰਭਾਵਨਾ ਹੈ। ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਵੀ ਇਨ੍ਹਾਂ ਨਿਗਮ ਤੇ ਕੌਂਸਲ ਚੋਣਾਂ ਦੇ ਨਾਲ ਹੀ ਕਰਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜਲੰਧਰ ਜ਼ਿਮਨੀ ਚੋਣਾਂ ਵਿਚ ਹੁਕਮਰਾਨ ਧਿਰ ਨੂੰ ਮਿਲੀ ਜਿੱਤ ਦਾ ਫਾਇਦਾ 'ਆਪ' ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿਚ ਵੀ ਫੌਰੀ ਲੈਣਾ ਚਾਹੁੰਦੀ ਹੈ। ਪੰਜਾਬ ਵਿਚ 23 ਜ਼ਿਲ੍ਹਾ ਪ੍ਰੀਸ਼ਦਾਂ ਅਤੇ 153 ਪੰਚਾਇਤ ਸੰਮਤੀਆਂ ਦੀਆਂ ਚੋਣਾਂ ਲਈ 'ਆਪ' ਵੱਲੋਂ ਰਣਨੀਤੀ ਘੜੀ ਜਾ ਰਹੀ ਹੈ। ਜੇ ਇਹ ਯੋਜਨਾ ਸਿਰੇ ਚੜ੍ਹਦੀ ਹੈ ਤਾਂ ਪਹਿਲੀ ਦਫ਼ਾ ਹੋਵੇਗਾ ਕਿ ਨਿਗਮ ਤੇ ਕੌਂਸਲ ਚੋਣਾਂ ਅਤੇ ਪੰਚਾਇਤ ਸੰਮਤੀਆਂ ਚੋਣਾਂ ਇਕੱਠੀਆਂ ਹੋਣਗੀਆਂ। ਪੰਜਾਬ ਵਿਚ ਸ਼ਹਿਰੀ ਅਤੇ ਪੇਂਡੂ ਸਥਾਨਿਕ ਸੰਸਥਾਵਾਂ 'ਤੇ ਇਸ ਵੇਲੇ ਵਿਰੋਧੀ ਧਿਰਾਂ ਹੀ ਕਾਬਜ਼ ਹਨ। ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਥਾਨਕ ਚੋਣਾਂ ਵਿਚ 'ਆਪ' ਆਪਣੀ ਪੈਂਠ ਕਾਇਮ ਕਰਨਾ ਚਾਹੁੰਦੀ ਹੈ। ਉਸ ਮਗਰੋਂ ਹੀ 'ਆਪ' ਸਰਕਾਰ ਗਰਾਂਟਾਂ ਦੇ ਮੂੰਹ ਪਿੰਡਾਂ ਤੇ ਸ਼ਹਿਰਾਂ ਵੱਲ ਕਰਨ ਦੀ ਇੱਛੁਕ ਹੈ।

## ਬਲਬੀਰ ਸਿੱਧੂ ਤੋਂ ਪੁੱਛ-ਪੜਤਾਲ

**ਮੁਹਾਲੀ:** ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਭਾਜਪਾ ਆਗੂ ਬਲਬੀਰ ਸਿੰਘ ਸਿੱਧੂ ਸੈਕਟਰ-68 ਸਥਿਤ ਵਿਜੀਲੈਂਸ ਭਵਨ ਪੁੱਜੇ। ਵਿਜੀਲੈਂਸ ਬਿਊਰੋ ਨੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਉਨ੍ਹਾਂ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ ਸੰਮਨ ਭੇਜੇ ਸਨ ਜਿਸ ਤੋਂ ਬਾਅਦ ਉਹ ਸਵੇਰੇ 10 ਵਜੇ ਆਪਣੀ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਜਾਇਦਾਦ ਤੇ ਕਾਰੋਬਾਰ ਸਬੰਧੀ ਵੇਰਵੇ ਲੈ ਕੇ ਵਿਜੀਲੈਂਸ ਮੁੱਖ ਦਫਤਰ ਪਹੁੰਚੇ ਜਿੱਥੇ ਵਿਜੀਲੈਂਸ ਵੱਲੋਂ ਉਨ੍ਹਾਂ ਤੋਂ ਕਰੀਬ 5 ਘੰਟੇ ਪੁੱਛ-ਪੜਤਾਲ ਕੀਤੀ ਗਈ। ਬਲਬੀਰ ਸਿੱਧੂ 'ਤੇ ਕਾਂਗਰਸ ਸਰਕਾਰ ਵਿਚ ਕੈਬਨਿਟ ਮੰਤਰੀ ਹੋਣ ਸਮੇਂ ਮੁਹਾਲੀ, ਰੂਪਨਗਰ, ਬਰਨਾਲਾ ਅਤੇ ਬਠਿੰਡਾ ਜ਼ਿਲ੍ਹਿਆਂ ਸਣੇ ਚੰਡੀਗੜ੍ਹ ਵਿਚ ਆਮਦਨ ਤੋਂ ਵੱਧ ਬਹੁ-ਕਰੋੜੀ ਜਾਇਦਾਦਾਂ ਬਣਾਉਣ ਦਾ ਦੋਸ਼ ਹੈ। ਪੰਜਾਬ ਵਿਚ ਸੱਤਾ ਪਰਿਵਰਤਨ ਤੋਂ ਬਾਅਦ ਸਿੱਧੂ ਭਰਾ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਸੂਬਾ ਸਰਕਾਰ ਨੇ ਸਿੱਧੂ ਭਰਾਵਾਂ ਖਿਲਾਫ ਨਵੰਬਰ 2022 ਵਿਚ ਹੀ ਉੱਚ ਪੱਧਰੀ ਜਾਂਚ ਨੂੰ ਹਰੀ ਝੰਡੀ ਦੇ ਦਿੱਤੀ ਸੀ। ਵਿਜੀਲੈਂਸ ਅਨੁਸਾਰ ਸਿੱਧੂ ਭਰਾਵਾਂ ਨੇ ਕਥਿਤ ਤੌਰ 'ਤੇ ਸਿਆਸੀ ਰਸੂਖ਼ ਦੀ ਦੁਰਵਰਤੋਂ ਕਰ ਕੇ ਮੁਹਾਲੀ ਸਮੇਤ ਦੂਜੇ ਜ਼ਿਲ੍ਹਿਆਂ ਵਿਚ ਜਾਇਦਾਦਾਂ ਬਣਾਈਆਂ ਹਨ। ਵਿਜੀਲੈਂਸ ਟੀਮ ਨੇ ਉਕਤ ਸਾਰੇ ਤੱਥਾਂ ਬਾਰੇ ਸਿੱਧੂ ਤੋਂ ਪੁੱਛਗਿੱਛ ਕੀਤੀ।

## ਭਾਜਪਾ ਨੇ ਪੰਜਾਬ ਨਾਲ ਇਕ ਹੋਰ ਦਾਅ ਖੇਡਿਆ

*(ਪਹਿਲੇ ਸਫੇ ਦੀ ਬਾਕੀ)*

ਵੇਲੇ ਸੰਗਠਿਤ ਪੰਜਾਬ ਦੀ ਰਾਜਧਾਨੀ ਸੀ, ਤੋਂ ਹੁਸ਼ਿਆਰਪੁਰ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਬਾਅਦ 'ਚ ਪੰਜਾਬ ਦੀ ਮੌਜੂਦਾ ਰਾਜਧਾਨੀ ਚੰਡੀਗੜ੍ਹ 'ਚ ਤਬਦੀਲ ਕਰ ਦਿੱਤਾ ਗਿਆ ਸੀ। ਇਸ ਵੇਲੇ ਯੂਨੀਵਰਸਿਟੀ ਤੋਂ ਪੰਜਾਬ ਦੇ 175 ਕਾਲਜ ਮਾਨਤਾ ਪ੍ਰਾਪਤ ਹਨ ਅਤੇ ਇਹ ਕਾਲਜ ਫਾਜ਼ਿਲਕਾ, ਫਿਰੋਜ਼ਪੁਰ, ਹੁਸ਼ਿਆਰਪੁਰ, ਲੁਧਿਆਣਾ, ਮੋਗਾ, ਸ੍ਰੀ ਮੁਕਤਸਰ ਸਾਹਿਬ ਵਿਚ ਸਥਿਤ ਹਨ। ਗੌਰਤਲਬ ਹੈ, ਉੱਤਰ ਖੇਤਰ ਕੌਂਸਲ ਦੀ ਮੀਟਿੰਗ ਵਿਚ ਪੰਜਾਬ ਯੂਨੀਵਰਸਿਟੀ ਨੂੰ ਗ੍ਰਾਂਟ ਜਾਰੀ ਕਰਨ ਦਾ ਮੁੱਦਾ ਉੱਠਿਆ ਸੀ। ਉਸ ਸਮੇਂ ਕੌਂਸਲ ਦੇ ਚੇਅਰਮੈਨ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਕਰਕੇ ਗ੍ਰਾਂਟਾਂ ਬਾਰੇ ਫੈਸਲਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਇਸੇ ਤਹਿਤ ਸ੍ਰੀ ਪੁਰੋਹਿਤ ਨੇ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਕੀਤੀ। ਹਾਲਾਂਕਿ ਭਗਵੰਤ ਮਾਨ ਨੇ ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਦੇਣ ਦੀ ਤਜਵੀਜ਼ ਸਿਰੇ ਤੋਂ ਖਾਰਜ ਕਰ ਦਿੱਤੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਆਧਾਰਿਤ ਯੂਨੀਵਰਸਿਟੀ ਪੰਜਾਬ ਦੀ ਹੈ ਅਤੇ ਹਮੇਸ਼ਾ ਪੰਜਾਬ ਦੀ ਰਹੇਗੀ। ਉਨ੍ਹਾਂ ਹਰਿਆਣਾ ਵੱਲੋਂ ਯੂਨੀਵਰਸਿਟੀ 'ਚ ਆਪਣਾ ਹਿੱਸਾ ਬਹਾਲ ਕਰਨ ਲਈ ਗਰਾਂਟ ਦੇਣ ਦੀ ਪੇਸ਼ਕਸ਼ 'ਤੇ ਵੀ ਤਿੱਖਾ ਇਤਰਾਜ਼ ਜਤਾਇਆ ਅਤੇ ਆਪਣੇ ਹਰਿਆਣਵੀ ਹਮਰੁਤਬਾ ਮਨੋਹਰ ਲਾਲ ਖੱਟਰ ਨੂੰ ਕਿਹਾ ਕਿ ਉਹ ਆਪਣੇ ਸੂਬੇ ਦੇ ਕਿਸੇ ਵੀ ਹਿੱਸੇ 'ਚ ਵੱਖਰੀ ਯੂਨੀਵਰਸਿਟੀ ਬਣਾ ਲੈਣ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਯੂਨੀਵਰਸਿਟੀ ਨੂੰ ਅਪੀਲ ਕੀਤੀ ਕਿ ਆਪਣੇ ਸਾਰੇ ਐਫੀਲੀਏਟਡ ਕਾਲਜਾਂ ਵਿਚ ਗ੍ਰੈਜੂਏਸ਼ਨ ਪੱਧਰ ਤੱਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਹਟਾਉਣ ਦੇ ਫੈਸਲੇ ਨੂੰ ਤੁਰਤ ਵਾਪਸ ਲਵੇ। ਯੂਨੀਵਰਸਿਟੀ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਪੰਜਾਬੀ ਮਾਂ-ਬੋਲੀ ਖਿਲਾਫ ਇਹ ਵਿਤਕਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਸਿੰਡੀਕੇਟ ਖਿਲਾਫ਼ ਵੀ ਸਖ਼ਤ ਸਟੈਂਡ ਲਿਆ ਜਿਸ ਨੇ ਗ੍ਰੈਜੂਏਸ਼ਨ ਪੱਧਰ ਤੱਕ ਪੰਜਾਬੀ ਵਿਸ਼ੇ ਵਜੋਂ ਹਟਾਉਣ ਅਤੇ ਇਸ ਨੂੰ ਸਿਰਫ ਯੋਗਤਾ ਵਧਾਉਣ ਦੇ ਵਰਗ ਤੱਕ ਸੀਮਤ ਕਰਨ ਦਾ ਫੈਸਲਾ ਲਿਆ ਹੈ। ਅਕਾਲੀ ਦਲ ਯੂਨੀਵਰਸਿਟੀ ਦੀ ਇਸ ਗਲਤੀ ਨੂੰ ਦਰੁਸਤ ਕਰਨ ਲਈ ਹਰ ਲੋੜੀਂਦਾ ਕਦਮ ਚੁੱਕੇਗਾ।

## ਪਾਕਿਸਤਾਨ ਵੱਲੋਂ ਭਾਰਤ ਦੇ ਸਿੱਖਾਂ ਨੂੰ 215 ਵੀਜ਼ੇ ਜਾਰੀ

**ਚੰਡੀਗੜ੍ਹ:** ਨਵੀਂ ਦਿੱਲੀ ਸਥਿਤ ਪਾਕਿਸਤਾਨੀ ਹਾਈ ਕਮਿਸ਼ਨ ਨੇ 8 ਤੋਂ 17 ਜੂਨ ਤੱਕ ਪਾਕਿਸਤਾਨ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਮਨਾਏ ਜਾ ਰਹੇ ਸ਼ਹੀਦੀ ਪੁਰਬ ਵਿਚ ਹਿੱਸਾ ਲੈਣ ਲਈ ਭਾਰਤ ਦੇ ਸਿੱਖ ਸ਼ਰਧਾਲੂਆਂ ਨੂੰ 215 ਵੀਜ਼ੇ ਜਾਰੀ ਕੀਤੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ

# ਸਿੱਖ ਮਸਲਿਆਂ ਬਾਰੇ ਸ਼੍ਰੋਮਣੀ ਕਮੇਟੀ ਦਾ ਵਫ਼ਦ ਅਮਿਤ ਸ਼ਾਹ ਨੂੰ ਮਿਲਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਵਫ਼ਦ ਨੇ ਨਵੀਂ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਇਹ ਵਫ਼ਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਮਿਲਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵਫ਼ਦ ਨੇ ਗ੍ਰਹਿ ਮੰਤਰੀ ਨਾਲ ਗੁਰਦੁਆਰਿਆਂ ਦੇ ਪ੍ਰਬੰਧਾਂ ਦੇ ਅਹਿਮ ਮਸਲਿਆਂ 'ਤੇ ਵਿਚਾਰ ਕੀਤੀ।

ਸ਼੍ਰੋਮਣੀ ਕਮੇਟੀ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਵਫ਼ਦ ਨੇ ਗੁਰਦੁਆਰਿਆਂ ਦੇ ਕੰਮਕਾਜ, ਪ੍ਰਬੰਧ ਤੇ ਹੋਰ ਸਿੱਖ ਮਸਲਿਆਂ ਬਾਰੇ ਗੱਲਬਾਤ ਕੀਤੀ। ਇਸ ਮੌਕੇ ਵਫ਼ਦ ਨੇ ਕਿਹਾ ਕਿ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਚਾਰੂ ਬਣਾਇਆ ਜਾਵੇਗਾ। ਸ੍ਰੀ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਧਾਰਾ 85 ਅਤੇ ਧਾਰਾ 87 ਤਹਿਤ ਆਉਂਦੇ ਗੁਰਦੁਆਰਿਆਂ ਦੇ ਪ੍ਰਬੰਧਾਂ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ,



ਅਜਿਹੇ ਗੁਰਦੁਆਰਿਆਂ ਦੀ ਆਮਦਨ ਦੀ ਹੱਦ ਵਿਚ ਤਬਦੀਲੀ ਕਰਨ, ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਸਮੇਤ ਕਮੇਟੀ ਮੁਲਾਜ਼ਮਾਂ ਤੇ ਕਮੇਟੀ ਪ੍ਰਬੰਧ ਨਾਲ ਜੁੜੇ ਮਸਲੇ ਵਿਚਾਰੇ ਗਏ।

ਇਸ ਮੌਕੇ ਸਾਹ ਨੇ ਇਨ੍ਹਾਂ ਮਾਮਲਿਆਂ ਵਿਚ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤੇ ਮਸਲਿਆਂ ਦਾ ਹੱਲ ਕਰਨ ਦਾ ਭਰੋਸਾ ਦਿਵਾਇਆ। ਇਸ ਮੁਲਾਕਾਤ ਨੂੰ ਸਿਆਸੀ ਹਲਕਿਆਂ ਵਿਚ ਵੱਖਰੇ ਪਾਸੇ ਤੋਂ ਵੀ ਦੇਖਿਆ ਜਾ ਰਿਹਾ ਹੈ ਕਿਉਂਕਿ ਐਸ.ਜੀ.ਪੀ.ਸੀ. ਚੋਣਾਂ ਵੱਲ ਵੀ ਸਿੱਖ ਸਿਆਸੀ ਧਿਰਾਂ ਦਾ ਧਿਆਨ ਕੇਂਦਰਿਤ ਹੈ।

# ਜਥੇਦਾਰ ਵੱਲੋਂ ਘੱਟ ਗਿਣਤੀਆਂ 'ਤੇ ਹਮਲਿਆਂ 'ਤੇ ਡੂੰਘੀ ਚਿੰਤਾ ਪ੍ਰਗਟ

**ਅੰਮ੍ਰਿਤਸਰ:** ਮਹਾਰਾਸ਼ਟਰ ਦੇ ਜ਼ਿਲ੍ਹਾ ਪਰਭਣੀ ਸਥਿਤ ਪਿੰਡ ਉਖਲਾਦ ਵਿਚ 3 ਸਿੱਖ ਨੌਜਵਾਨਾਂ ਦੀ ਕੁੱਟਮਾਰ ਕੀਤੇ ਜਾਣ ਤੇ ਇਨ੍ਹਾਂ ਵਿਚੋਂ ਇਕ ਦੀ ਮੌਤ ਹੋਣ ਦੇ ਮਾਮਲੇ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਘੱਟ ਗਿਣਤੀਆਂ ਖ਼ਿਲਾਫ਼ ਵੱਧ ਰਹੇ ਹਿੰਸਕ ਮਾਮਲਿਆਂ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਘੱਟ ਗਿਣਤੀ ਸਿੱਖਾ ਦੀ ਜਾਨ-ਮਾਲ ਤੇ ਹੱਕਾਂ ਦੀ ਰਾਖੀ ਯਕੀਨੀ ਬਣਾਈ ਜਾਵੇ।

ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉਹ ਸਿੱਖ ਸੰਸਥਾ ਦੇ ਨੁਮਾਇੰਦਿਆਂ ਦਾ ਇਕ ਵਫ਼ਦ ਪ੍ਰਭਾਵਿਤ ਇਲਾਕੇ ਵਿਚ ਭੇਜੇ ਤਾਂ ਜੋ ਸਾਰੇ ਘਟਨਾਕ੍ਰਮ ਦਾ ਪਤਾ ਲਗਾਇਆ ਜਾਵੇ। ਜਥੇਦਾਰ ਨੇ ਸੋਸ਼ਲ ਮੀਡੀਆ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਬੀਤੇ ਦਿਨੀਂ ਵਾਪਰੀ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਘੱਟ ਗਿਣਤੀਆਂ ਦੀ ਰਾਖੀ ਕਰਨਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਮਹਾਰਾਸ਼ਟਰ ਸਰਕਾਰ ਨੂੰ ਕਿਹਾ ਕਿ ਇਸ ਘਟਨਾ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ। ਜ਼ਿਕਰਯੋਗ ਹੈ ਕਿ



ਇਹ ਮਾਮਲੇ ਸ਼ਿਕਲੀਗਰ ਸਿੱਖਾਂ ਦੇ ਇਕ ਪਰਿਵਾਰ ਵੱਲੋਂ ਪਾਲੇ ਸੂਰਾਂ ਦੇ ਕਿਸੇ ਹੋਰ ਦੇ ਵਾੜੇ ਵਿਚ ਵੜ ਜਾਣ ਕਾਰਨ ਖੜ੍ਹਾ ਹੋਇਆ, ਜਿਸ ਮਗਰੋਂ ਤਿੰਨ ਸਿੱਖ ਨੌਜਵਾਨਾਂ ਦੀ ਕੀਤੀ ਗਈ ਕੁੱਟਮਾਰ ਵਿਚ ਇਕ ਦੀ ਜਾਨ ਚਲੀ ਗਈ ਹੈ। ਦੂਜੇ ਦੋਵੇਂ ਜ਼ਖ਼ਮੀ ਨੌਜਵਾਨ ਇਸ ਵੇਲੇ ਜੇਰੇ ਇਲਾਜ ਹਨ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੁਖੀ ਇਕਬਾਲ ਸਿੰਘ ਲਾਲਪੁਰਾ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਪੀੜਤ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।

# ਦਰਬਾਰ ਸਾਹਿਬ ਨੇੜੇ ਬੰਬ ਰੱਖਣ ਦੀ ਗਲਤ ਸੂਚਨਾ ਦੇਣ ਵਾਲਾ ਕਾਬੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਨੇੜੇ ਬੰਬ ਰੱਖੇ ਹੋਣ ਦੀ ਸੂਚਨਾ ਤੋਂ ਬਾਅਦ ਪੁਲਿਸ ਨੇ ਇਸ ਇਲਾਕੇ ਵਿਚ ਬਾਰੀਕੀ ਨਾਲ ਜਾਂਚ ਕੀਤੀ ਪਰ ਕੁਝ ਵੀ ਅਜਿਹਾ ਨਹੀਂ ਮਿਲਿਆ। ਇਸ ਦੌਰਾਨ ਪੁਲਿਸ ਨੇ ਇਕ ਨੌਜਵਾਨ ਨੂੰ ਹਿਰਾਸਤ ਵਿਚ ਲਿਆ ਹੈ।

ਮਿਲੇ ਵੇਰਵਿਆਂ ਮੁਤਾਬਕ 2 ਅਤੇ 3 ਜੂਨ ਦੀ ਦਰਮਿਆਨੀ ਰਾਤ ਨੂੰ ਲਗਭਗ ਡੇਢ ਵਜੇ ਪੁਲਿਸ ਨੂੰ ਕੰਟਰੋਲ ਰੂਮ 'ਤੇ ਸੂਚਨਾ ਮਿਲੀ ਕਿ ਹਰਿਮੰਦਰ ਸਾਹਿਬ ਕੰਪਲੈਕਸ ਨੇੜੇ ਬੰਬ ਰੱਖੇ ਗਏ ਹਨ। ਇਹ ਸੂਚਨਾ ਕਿਸੇ ਵੱਲੋਂ ਫੋਨ ਕਰਕੇ ਦਿੱਤੀ ਗਈ ਸੀ। ਇਸ ਤੋਂ ਬਾਅਦ ਪੁਲਿਸ ਵੱਲੋਂ ਇਸ ਇਲਾਕੇ ਦੀ ਘੇਰਾਬੰਦੀ ਕਰਕੇ ਇਲਾਕੇ ਵਿਚ ਜਾਂਚ ਕੀਤੀ ਗਈ। ਇਸ ਮੌਕੇ ਬੰਬ ਨਕਾਰਾ ਦਸਤੇ ਨੂੰ ਵੀ ਸੱਦਿਆ ਗਿਆ ਪਰ ਪੁਲਿਸ ਨੂੰ ਕੋਈ ਵੀ ਧਮਾਕਾਖੇਜ ਸਮੱਗਰੀ ਨਹੀਂ ਮਿਲੀ। ਜਦੋਂ ਕੋਈ ਅਜਿਹੀ ਸ਼ੱਕੀ ਚੀਜ਼ ਨਹੀਂ ਮਿਲੀ ਤਾਂ ਪੁਲਿਸ ਨੇ ਕਾਲ ਕਰਨ ਵਾਲੇ ਵੱਲ ਧਿਆਨ ਕੇਂਦਰਿਤ ਕਰਦਿਆਂ ਉਸ ਦੀ ਲੋਕੇਸ਼ਨ ਦਾ ਪਤਾ ਲਾਇਆ ਅਤੇ ਬਾਅਦ ਵਿਚ ਉਸ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਸੂਤਰਾਂ ਮੁਤਾਬਕ ਰਾਤ ਨੂੰ ਫੋਨ ਕਰਨ ਵਾਲੇ ਨੇ ਸੂਚਨਾ ਦੇਣ ਤੋਂ ਬਾਅਦ ਕਾਲ



ਕੱਟ ਦਿੱਤੀ। ਪੁਲਿਸ ਨੇ ਸਬੰਧਤ ਵਿਅਕਤੀ ਨੂੰ ਮੁੜ ਕਾਲ ਕੀਤੀ ਪਰ ਉਸ ਨੇ ਫੋਨ ਨਹੀਂ ਸੁਣਿਆ। ਡੀ.ਸੀ.ਪੀ. ਪਰਮਿੰਦਰ ਸਿੰਘ ਭੰਡਾਲ ਨੇ ਦੱਸਿਆ ਕਿ ਇਸ ਸਬੰਧੀ ਗ੍ਰਿਫਤਾਰ ਕੀਤੇ ਗਏ ਨੌਜਵਾਨ ਦੀ ਸ਼ਨਾਖ਼ਤ 20 ਸਾਲਾ ਗਗਨਦੀਪ ਸਿੰਘ ਵਜੋਂ ਹੋਈ ਹੈ ਜੋ ਇੱਥੇ ਨੇੜੇ ਹੀ ਮਜੀਠਾ ਮੰਡੀ ਦਾ ਰਹਿਣ ਵਾਲਾ ਹੈ। ਇਸ ਨੇ ਸਿਰ ਦੇ ਵਾਲ ਕਟਵਾਏ ਹੋਏ ਹਨ ਪਰ ਗੋਲ ਪੱਗ ਬੰਨ੍ਹਦਾ ਹੈ। ਇਹ ਕੁਝ ਸਮਾਂ ਪਹਿਲਾਂ ਸੰਗਰੂਰ ਵਾਲੇ ਪਾਸੇ ਇਸੇ ਨਿਹੰਗ ਜਥੇਬੰਦੀ ਨਾਲ ਵੀ ਜੁੜਿਆ ਰਿਹਾ ਸੀ। ਉਸ ਨੇ ਪੁਲਿਸ ਨੂੰ ਗੁਮਰਾਹ ਕੀਤਾ ਹੈ।

# ਬਰਗਾੜੀ: 8 ਵਰ੍ਹਿਆਂ ਪਿੱਛੋਂ ਵੀ ਇਨਸਾਫ ਦੀ ਉਡੀਕ

**ਜੈਤੋ:** ਬੇਅਦਬੀ ਕਾਂਡ ਦੇ ਅੱਠ ਵਰ੍ਹੇ ਪੂਰੇ ਹੋਣ 'ਤੇ ਪੰਥਕ ਜਥੇਬੰਦੀਆਂ ਵੱਲੋਂ ਪਿੰਡ ਬਰਗਾੜੀ ਦੇ ਗੁਰੂ ਘਰ ਵਿਚ ਅਰਦਾਸ ਸਮਾਗਮ ਕਰਵਾਇਆ ਗਿਆ। ਸਮਾਗਮ 'ਚ ਮਤੇ ਪਾਸ ਕਰਕੇ ਬੇਅਦਬੀ ਦੇ ਮਾਮਲਿਆਂ 'ਚ ਇਨਸਾਫ ਦੇਣ, ਗੁੰਮ ਹੋਏ ਪਾਵਨ ਸਰੂਪਾਂ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਤੁਰਤ ਕਰਾਉਣ ਦੀ ਮੰਗ ਕੀਤੀ ਗਈ।

ਇਸ ਮੌਕੇ ਪਾਸ ਕੀਤੇ ਮਤਿਆਂ ਨੂੰ ਹਾਜ਼ਰ ਸੰਗਤ ਵੱਲੋਂ ਪ੍ਰਵਾਨਗੀ ਦਿੱਤੀ ਗਈ। ਮਤਿਆਂ 'ਚ ਸ਼ਾਮਲ ਸੀ ਕਿ ਸਾਲ 2015 'ਚ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਚੋਰੀ ਕਰਨ ਮਗਰੋਂ ਪਵਿੱਤਰ ਅੰਗਾਂ ਨੂੰ ਬਰਗਾੜੀ ਪਿੰਡ ਦੀਆਂ ਗਲੀਆਂ 'ਚ ਰੋਲਿਆ ਗਿਆ।

ਘਟਨਾ ਦੇ 8 ਸਾਲ ਬੀਤਣ ਮਗਰੋਂ ਵੀ ਸਮੇਂ ਦੀਆਂ ਸਰਕਾਰਾਂ ਵੱਲੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ। ਇਕ ਹੋਰ ਮਤੇ ਰਾਹੀਂ ਬਹਿਬਲ ਗੋਲੀ ਕਾਂਡ ਅਤੇ ਗੁਰੂ ਗ੍ਰੰਥ



ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਕੋਟਕਪੂਰਾ ਵਿਚ ਰੋਸ ਧਰਨਾ ਦੇ ਰਹੀਆਂ ਸੰਗਤਾਂ 'ਤੇ ਪੁਲਿਸ ਵੱਲੋਂ ਕੀਤੀ ਕਾਰਵਾਈ 'ਚ ਨਾਮਜ਼ਦ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਗਈ।

ਇਕ ਹੋਰ ਮਤੇ ਰਾਹੀਂ 12 ਸਾਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨਾ ਕਰਵਾਏ ਜਾਣ ਨੂੰ ਜਮਹੂਰੀਅਤ ਦਾ ਘਾਣ ਤੇ 'ਸਿੱਖਾਂ ਨਾਲ ਧੱਕੇਸ਼ਾਹੀ' ਕਰਾਰ ਦਿੰਦਿਆਂ ਚੋਣਾਂ ਫੌਰੀ ਕਰਵਾਏ ਜਾਣ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਗੁੰਮ ਕੀਤੇ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੀ ਪੜਤਾਲ ਕਰ ਕੇ ਮੁਲਜ਼ਮਾਂ ਖ਼ਿਲਾਫ਼ ਅਪਰਾਧਿਕ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ।

# ਭਾਰਤ ਜੋੜੋ ਯਾਤਰਾ ਦੀ ਤੁਲਨਾ ਉਦਾਸੀਆਂ ਨਾਲ ਕਰਨ ਦੀ ਆਲੋਚਨਾ

**ਅੰਮ੍ਰਿਤਸਰ:** ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਆਪਣੀ ਭਾਰਤ ਜੋੜੋ ਯਾਤਰਾ ਦੀ ਤੁਲਨਾ ਕਥਿਤ ਤੌਰ 'ਤੇ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਨਾਲ ਕੀਤੇ ਜਾਣ ਦਾ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਅਮਰੀਕਾ ਦੇ ਸਿੱਖਾਂ ਦੀ ਜਥੇਬੰਦੀ ਸਿੱਖ ਕੁਆਰਡੀਨੇਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਸਿੱਖ ਜਥੇਬੰਦੀਆਂ ਵੱਲੋਂ ਨਿਊ ਯਾਰਕ ਵਿਚ ਰਾਹੁਲ ਗਾਂਧੀ ਦਾ ਵਿਰੋਧ ਕੀਤਾ ਜਾਵੇਗਾ। ਇੱਥੇ ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਦੋਸ਼ ਲਾਇਆ ਕਿ ਰਾਹੁਲ ਗਾਂਧੀ ਨੇ ਅਮਰੀਕਾ ਫੇਰੀ ਦੌਰਾਨ ਆਪਣੀ ਭਾਰਤ ਜੋੜੋ ਯਾਤਰਾ ਦੀ ਤੁਲਨਾ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਨਾਲ ਕੀਤੀ ਹੈ, ਜੋ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਇਸ ਪਰਿਵਾਰ ਵੱਲੋਂ ਪਹਿਲਾਂ ਹੀ ਸਿੱਖਾਂ ਨੂੰ ਕਈ ਡੂੰਘੇ ਜ਼ਖਮ ਦਿੱਤੇ ਗਏ ਹਨ ਤੇ ਉਨ੍ਹਾਂ ਦੀ ਚੀਸ ਸਿੱਖ ਅੱਜ ਵੀ ਮਹਿਸੂਸ ਕਰਦੇ ਹਨ। ਉਨ੍ਹਾਂ ਕਾਂਗਰਸ ਨੂੰ ਪੰਜਾਬ ਵਿਰੋਧੀ ਦੱਸਦਿਆਂ ਕਿਹਾ ਕਿ ਪੰਜਾਬ ਦੇ ਕਈ ਮਾਮਲੇ ਵਿਗਾੜੇ ਹਨ, ਜਿਨ੍ਹਾਂ ਵਿਚ ਪੰਜਾਬੀ ਬੋਲਦੇ ਇਲਾਕਿਆਂ ਦਾ ਮਾਮਲਾ, ਪਾਣੀਆਂ ਦਾ ਮਾਮਲਾ, ਚੰਡੀਗੜ੍ਹ ਦਾ ਮਾਮਲਾ ਅਤੇ ਹੋਰ ਕਈ ਮਾਮਲੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀਆਂ ਯਾਤਰਾਵਾਂ ਨਾਲ ਆਪਣੀ ਯਾਤਰਾ ਨੂੰ ਜੋੜਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।



ਅਮਰੀਕਾ ਦੀ ਸਿੱਖ ਕੁਆਰਡੀਨੇਟਰ ਕਮੇਟੀ ਦੇ ਆਗੂ ਹਿੰਮਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਰਾਹੁਲ ਗਾਂਧੀ ਦਾ ਕੈਲੀਫੋਰਨੀਆ ਵਿਚ ਵਿਰੋਧ ਕੀਤਾ ਗਿਆ ਹੈ ਤੇ ਹੁਣ ਨਿਊ ਯਾਰਕ ਵਿਚ ਵੀ ਸਖਤ ਵਿਰੋਧ ਕੀਤਾ ਜਾਵੇਗਾ।

# ਕੈਲੀਫੋਰਨੀਆ ਸੈਨੇਟ ਵੱਲੋਂ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਵਾਲਾ ਬਿੱਲ ਪਾਸ

**ਨਿਊ ਯਾਰਕ:** ਕੈਲੀਫੋਰਨੀਆ ਦੇ ਸੈਨੇਟਰਾਂ ਨੇ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਵੇਲੇ ਹੈਲਮੇਟ ਪਹਿਨਣ ਤੋਂ ਛੋਟ ਦੇਣ ਵਾਲੇ ਬਿੱਲ ਦੇ ਹੱਕ ਵਿਚ ਵੋਟ ਦਿੱਤੀ। ਇਸ ਹਫਤੇ ਬਿੱਲ ਰਾਜ ਦੀ ਸੈਨੇਟ ਨੂੰ 21-8 ਵੋਟਾਂ ਦੇ ਫਰਕ ਨਾਲ ਪਾਸ ਕਰ ਦਿੱਤਾ ਅਤੇ ਹੁਣ ਵਿਧਾਨ ਸਭਾ ਵਿਚ ਜਾਵੇਗਾ। 2021 ਦੇ ਅਮਰੀਕਨ ਕਮਿਊਨਿਟੀ ਸਰਵੇ ਦੇ ਅੰਦਾਜ਼ੇ ਅਨੁਸਾਰ ਕੈਲੀਫੋਰਨੀਆ ਵਿਚ 211000 ਸਿੱਖ ਰਹਿੰਦੇ ਹਨ, ਜੋ ਅਮਰੀਕਾ ਵਿਚ ਰਹਿੰਦੇ ਸਿੱਖਾਂ ਦਾ ਤਕਰੀਬਨ ਅੱਧਾ ਹੈ। ਸਟੇਟ ਸੈਨੇਟ ਨੂੰ ਦੱਸਿਆ ਗਿਆ ਕਿ ਹੁਣ ਤੱਕ ਬਜ਼ਾਰ ਵਿਚ ਅਜਿਹਾ ਕੋਈ ਵੀ ਹੈਲਮੇਟ ਨਹੀਂ ਹੈ ਜਿਸ ਨੂੰ ਪੱਗ ਜਾਂ ਪਟਕੇ ਦੇ ਉਪਰੋਂ ਪਾਇਆ ਜਾ ਸਕਦਾ ਹੈ।

ਕੈਨੇਡਾ ਵਿਚ ਸਿੱਖਾਂ ਨੂੰ ਅਲਬਰਟਾ, ਬ੍ਰਿਟਿਸ਼ ਕੋਲੰਬੀਆ, ਮੈਨੀਟੋਬਾ ਅਤੇ ਓਂਟਾਰੀਓ ਸਮੇਤ ਕਈ ਸੂਬਿਆਂ ਵਿਚ ਮੋਟਰਸਾਈਕਲ ਹੈਲਮੇਟ ਕਾਨੂੰਨਾਂ ਤੋਂ ਛੋਟ ਹੈ।

# ਮਸਤੂਆਣਾ ਮੈਡੀਕਲ ਕਾਲਜ: ਕਿਸਾਨਾਂ ਵੱਲੋਂ ਸ਼੍ਰੋਮਣੀ ਕਮੇਟੀ ਤੇ ਸੁਖਬੀਰ ਖਿਲਾਫ ਮੋਰਚਾ

**ਮਸਤੂਆਣਾ ਸਾਹਿਬ:** ਸਥਾਨਕ ਲੋਕਾਂ ਤੇ ਕਿਸਾਨਾਂ ਨੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ 'ਤੇ ਮਸਤੂਆਣਾ ਸਾਹਿਬ ਵਿਚ ਸੰਤ ਅਤਰ ਸਿੰਘ ਦੀ ਯਾਦ ਵਿਚ ਬਣਨ ਵਾਲੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਕਾਲਜ ਦੀ ਉਸਾਰੀ 'ਚ ਕਥਿਤ ਅੜਿੱਕੇ ਡਾਹੁਣ ਦਾ ਦੋਸ਼ ਲਾਇਆ ਹੈ। ਕਾਲਜ ਉਸਾਰੀ 'ਚ ਆ ਰਹੇ ਅੜਿੱਕਿਆਂ ਨੂੰ ਖਤਮ ਕਰਨ ਲਈ ਇਲਾਕੇ ਦੀ ਸੰਗਤ ਅਤੇ ਕਿਸਾਨਾਂ ਨੇ ਮਸਤੂਆਣਾ ਸਾਹਿਬ ਦੇ ਬੱਸ ਸਟੈਂਡ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਧਰਨਾ ਦਿੱਤਾ।

ਧਰਨੇ ਦੌਰਾਨ ਕਿਸਾਨ ਯੂਨੀਅਨ ਦੇ ਆਗੂ ਸਾਹਿਬ ਸਿੰਘ ਬਡਬਰ, ਮਨਦੀਪ ਸਿੰਘ ਲਿੱਦੜਾਂ, ਗੋਬਿੰਦਰ ਸਿੰਘ, ਦਰਸ਼ਨ ਸਿੰਘ ਕਾਤਰੋਂ, ਕਰਨੈਲ ਸਿੰਘ ਜੱਸੇਕਾ, ਮਾਸਟਰ ਅਜੈਬ ਸਿੰਘ ਨੇ ਕਿਹਾ ਕਿ ਸੰਤ ਅਤਰ ਸਿੰਘ ਦਾ ਸੁਫਨਾ ਸੀ ਕਿ ਮਸਤੂਆਣਾ ਸਾਹਿਬ ਵਿੱਦਿਆ ਦਾ ਵੱਡਾ ਕੇਂਦਰ ਬਣੇ ਤੇ ਇਲਾਕੇ ਦੀ ਸੰਗਤ ਦੀ ਮੰਗ 'ਤੇ ਹੀ ਪੰਜਾਬ ਸਰਕਾਰ ਨੇ ਮਸਤੂਆਣਾ ਸਾਹਿਬ ਵਿਚ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ ਬਣਾਉਣ ਦਾ ਪ੍ਰੋਜੈਕਟ ਮਨਜ਼ੂਰ ਕੀਤਾ ਹੈ। ਇਹ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਬਣਨ ਨਾਲ ਮਸਤੂਆਣਾ ਸਾਹਿਬ ਦੇ ਨੇੜੇ ਦੇ 50 ਕਿਲੋਮੀਟਰ ਤੱਕ ਦੇ ਇਲਾਕੇ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ ਪਰ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵੱਲੋਂ ਕਾਲਜ ਉਸਾਰੀ 'ਚ ਅੜਿੱਕੇ ਡਾਹੇ ਜਾ ਰਹੇ ਹਨ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰਦੁਆਰਾ ਅੰਗੀਠਾ ਸਾਹਿਬ ਦੀ ਜਿਸ ਜਮੀਨ ਵਿਚ ਮੈਡੀਕਲ ਕਾਲਜ ਦੀ ਉਸਾਰੀ ਹੋਣੀ ਹੈ, ਉਸ ਸਣੇ ਹੋਰ ਜ਼ਮੀਨਾਂ ਗੁਰਦੁਆਰਾ ਟ੍ਰਿਬਿਊਨਲ ਦੇ ਫੈਸਲੇ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਲਕੀ ਐਲਾਨੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਅਣ-ਅਧਿਕਾਰਤ ਕਮੇਟੀ ਇਹ ਜਮੀਨ ਕਿਸੇ ਨੂੰ ਤੋਹਫੇ 'ਚ ਨਹੀਂ ਦੇ ਸਕਦੀ ਅਤੇ ਨਾ ਹੀ ਕਿਸੇ ਨੂੰ ਰਜਿਸਟਰੀ ਕਰਵਾ ਸਕਦੀ ਹੈ। ਸ੍ਰੀ ਧਾਮੀ ਆਖਿਆ ਕਿ ਜੇਕਰ ਪੰਜਾਬ ਸਰਕਾਰ ਇਸ ਰਕਬੇ ਵਿਚ ਮੈਡੀਕਲ ਕਾਲਜ ਬਣਾਉਣਾ ਚਾਹੁੰਦੀ ਹੈ ਤਾਂ ਸ਼੍ਰੋਮਣੀ ਕਮੇਟੀ ਨਾਲ ਲਿਖਤੀ ਗੱਲਬਾਤ ਕਰੇ ਤਾਂ ਜੋ ਇਸ ਸਬੰਧੀ ਵਿਚਾਰ ਕੀਤੀ ਜਾ ਸਕੇ।

# ਪੰਜਾਬ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋਈ



**ਚੰਡੀਗੜ੍ਹ:** ਪੰਜਾਬ ਉਤੇ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਇਕ ਅਨੁਮਾਨ ਹੈ ਕਿ ਪੰਜਾਬ ਸਿਰ 31 ਮਾਰਚ 2024 ਤੱਕ ਕਰਜ਼ਾ 3.27 ਲੱਖ ਕਰੋੜ ਰੁਪਏ ਹੋ ਜਾਵੇਗਾ। ਕੈਗ ਰਿਪੋਰਟ ਦੇ ਲਿਖਤੀ ਅੰਦਾਜ਼ੇ ਅਨੁਸਾਰ 2031-32 ਵਿਚ ਪੰਜਾਬ ਸਿਰ ਕਰਜ਼ਾ ਵੱਧ ਕੇ 5.14 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਪਿਛਲੀ ਕਾਂਗਰਸ ਹਕੂਮਤ ਸਮੇਂ ਕਰਜ਼ਾ 33.89 ਫ਼ੀਸਦੀ ਵਧਿਆ ਹੈ। 'ਆਪ' ਸਰਕਾਰ ਵੱਲੋਂ ਉਧਾਰ ਸੀਮਾ ਦੇ ਦਾਇਰੇ 'ਚ ਰਹਿ ਕੇ ਲਗਾਤਾਰ ਕਰਜ਼ਾ ਚੁੱਕਿਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਇਸ ਬਾਰੇ ਕਈ ਵਾਰ ਕਹਿ ਚੁੱਕੇ ਹਨ ਕਿ ਉਹ ਪੁਰਾਣਾ ਕਰਜ਼ਾ ਵੀ ਨਾਲੋ-ਨਾਲ ਮੋੜ ਰਹੇ ਹਨ।

'ਆਪ' ਸਰਕਾਰ ਵੱਲੋਂ ਲੰਘੇ ਤਕਰੀਬਨ ਸਵਾ ਸਾਲ ਦੇ ਅਰਸੇ ਦੌਰਾਨ ਨਵੇਂ ਵਿੱਤੀ ਵਸੀਲੇ ਪੈਦਾ ਨਹੀਂ ਕੀਤੇ ਗਏ ਹਨ ਜਦੋਂ ਕਿ ਜ਼ੀਰੋ ਬਿੱਲ ਸਦਕਾ ਬਿਜਲੀ ਸਬਸਿਡੀ ਦਾ ਬੋਝ ਵਧਿਆ ਹੈ। ਬਿਜਲੀ ਦਰਾਂ ਵਿਚ ਕੀਤੇ ਵਾਧੇ ਦਾ ਭਾਰ ਵੀ ਸਰਕਾਰੀ ਖ਼ਜ਼ਾਨੇ 'ਤੇ ਹੀ ਪਿਆ ਹੈ। ਪੰਜਾਬ ਦੀ ਜ਼ਿਆਦਾ ਨਿਰਭਰਤਾ ਕੇਂਦਰੀ ਗਰਾਂਟਾਂ 'ਤੇ ਹੀ ਹੈ। ਪੰਜਾਬ ਦੀ ਵਿੱਤੀ ਸਥਿਤੀ ਨੂੰ ਠੀਕ ਕਰਨ ਲਈ ਪੰਜਾਬ ਸਰਕਾਰ ਵੱਲੋਂ ਚੁੱਕੇ ਕਦਮ ਜ਼ਮੀਨ 'ਤੇ ਹਾਲੇ ਨਜ਼ਰ ਨਹੀਂ ਆ ਰਹੇ ਹਨ।

ਪੰਜਾਬ ਸਰਕਾਰ ਨੂੰ ਐਤਕੀਂ ਜੀ.ਐਸ.ਟੀ. ਮੁਆਵਜ਼ਾ ਵੀ ਮਿਲਣਾ ਬੰਦ ਹੋ ਗਿਆ ਹੈ। ਇਸ ਤਰ੍ਹਾਂ ਵਿੱਤੀ ਸੰਕਟ ਵਾਲੇ ਮਾਹੌਲ 'ਚ ਸੂਬਾ ਸਰਕਾਰ ਲਈ ਅੱਗੇ ਵਧਣਾ ਇਕ ਚੁਣੌਤੀ ਬਣ ਗਿਆ ਹੈ। ਵਿੱਤ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਪੰਜਾਬ ਪੂਰੀ ਤਰ੍ਹਾਂ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ ਦੀ ਪਾਲਣਾ ਕਰ ਰਿਹਾ ਹੈ ਜਿਸ ਕਰਕੇ ਕਰਜ਼ਾ ਸੀਮਾ ਵਿਚ ਕੋਈ ਕਟੌਤੀ ਨਹੀਂ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਸਰਕਾਰ ਕੇਂਦਰੀ ਵਿੱਤ ਮੰਤਰਾਲੇ ਕੋਲ ਆਪਣਾ ਪੱਖ ਪੇਸ਼ ਕਰੇਗੀ ਅਤੇ ਸੂਬਾ ਸਰਕਾਰ ਨੇ ਇਹ ਭਰੋਸਾ ਪਹਿਲਾਂ ਹੀ ਕੇਂਦਰ ਨੂੰ ਦੇ ਦਿੱਤਾ ਹੈ ਕਿ ਰਾਜ ਪੈਨਸ਼ਨ ਰੈਗੂਲੇਟਰੀ ਅਤੇ ਵਿਕਾਸ ਅਥਾਰਿਟੀ ਨੂੰ ਤਿੰਨ ਹਜ਼ਾਰ ਕਰੋੜ ਰੁਪਏ ਦਾ ਆਪਣਾ ਹਿੱਸਾ ਦੇਵੇਗੀ।

ਉਧਰ, ਕੇਂਦਰ ਦੀ ਮੋਦੀ ਸਰਕਾਰ ਵਿੱਤੀ ਸੰਕਟ ਵਿਚ ਘਿਰੀ ਪੰਜਾਬ ਸਰਕਾਰ ਨੂੰ ਝਟਕੇ ਉਤੇ ਝਟਕਾ ਦੇ ਰਹੀ ਹੈ। ਕੇਂਦਰੀ ਵਿੱਤ ਮੰਤਰਾਲੇ ਨੇ ਪੰਜਾਬ ਦੀ ਕਰਜ਼ਾ ਲੈਣ ਦੀ ਸੀਮਾ ਵਿਚ 18,000 ਕਰੋੜ ਰੁਪਏ ਦੀ ਵੱਡੀ ਕਟੌਤੀ ਕਰ ਦਿੱਤੀ ਹੈ। ਵੇਰਵਿਆਂ ਅਨੁਸਾਰ ਪੰਜਾਬ ਦੀ ਆਪਣੇ ਕੁੱਲ ਘਰੇਲੂ ਉਤਪਾਦ ਦਾ ਤਿੰਨ ਫੀਸਦੀ ਤੱਕ ਕਰਜ਼ਾ ਚੁੱਕਣ ਦੀ ਸੀਮਾ ਹੈ ਜੋ ਕਿ ਸਾਲਾਨਾ 39,000 ਕਰੋੜ ਰੁਪਏ ਬਣਦੀ ਹੈ। ਵਿੱਤ ਵਿਭਾਗ ਦੇ ਸੂਤਰਾਂ ਅਨੁਸਾਰ ਭਾਰਤ ਸਰਕਾਰ ਨੇ ਹੁਣ ਪੰਜਾਬ ਦੀ ਕਰਜ਼ਾ ਚੁੱਕਣ ਦੀ ਸੀਮਾ ਵਿਚ 18,000 ਕਰੋੜ ਦੀ ਸਾਲਾਨਾ ਕਟੌਤੀ ਕਰ ਦਿੱਤੀ ਹੈ ਜਿਸ ਦਾ ਮਤਲਬ ਹੈ ਕਿ ਹੁਣ ਪੰਜਾਬ ਸਰਕਾਰ ਸਾਲਾਨਾ 21,000 ਕਰੋੜ ਰੁਪਏ ਦਾ ਹੀ ਕਰਜ਼ਾ ਚੁੱਕ ਸਕੇਗੀ। ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕੀਤਾ ਹੈ। ਕੇਂਦਰ ਸਰਕਾਰ ਨੂੰ ਖ਼ਦਸ਼ਾ ਹੈ ਕਿ ਸੂਬਾ ਸਰਕਾਰ ਰਾਜ ਪੈਨਸ਼ਨ ਫ਼ੰਡ ਰੈਗੂਲੇਟਰੀ ਅਤੇ ਵਿਕਾਸ ਅਥਾਰਿਟੀ ਨੂੰ ਸਾਲਾਨਾ 3000 ਕਰੋੜ ਰੁਪਏ ਦਾ ਯੋਗਦਾਨ ਦੇਣਾ ਬੰਦ ਕਰ ਦੇਵੇਗੀ। ਇਸੇ ਤਰ੍ਹਾਂ ਭਾਰਤ ਸਰਕਾਰ ਨੇ ਪੂੰਜੀ ਸੰਪਤੀ ਦੇ ਵਿਕਾਸ ਲਈ ਦਿੱਤੀ ਜਾਣ ਵਾਲੀ ਸਾਲਾਨਾ 2600 ਕਰੋੜ ਰੁਪਏ ਦੀ ਗਰਾਂਟ ਵੀ ਬੰਦ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਪਹਿਲਾਂ ਹੀ ਕੌਮੀ ਸਿਹਤ ਮਿਸ਼ਨ ਦੇ ਕਰੀਬ 800 ਕਰੋੜ ਦੇ ਫ਼ੰਡ ਰੋਕੀ ਬੈਠੀ ਹੈ।

### ਵਿੱਤੀ ਵਸੀਲੇ ਪੈਦਾ ਕਰਨ ਵਿਚ ਆਪ ਸਰਕਾਰ ਨਾਕਾਮ

**ਚੰਡੀਗੜ੍ਹ:** 'ਆਪ' ਸਰਕਾਰ ਵੱਲੋਂ ਲੰਘੇ ਤਕਰੀਬਨ ਸਵਾ ਸਾਲ ਦੇ ਅਰਸੇ ਦੌਰਾਨ ਨਵੇਂ ਵਿੱਤੀ ਵਸੀਲੇ ਪੈਦਾ ਨਹੀਂ ਕੀਤੇ ਗਏ ਹਨ ਜਦੋਂ ਕਿ ਜ਼ੀਰੋ ਬਿੱਲ ਸਦਕਾ ਬਿਜਲੀ ਸਬਸਿਡੀ ਦਾ ਬੋਝ ਵਧਿਆ ਹੈ। ਬਿਜਲੀ ਦਰਾਂ ਵਿਚ ਕੀਤੇ ਵਾਧੇ ਦਾ ਭਾਰ ਵੀ ਸਰਕਾਰੀ ਖ਼ਜ਼ਾਨੇ 'ਤੇ ਹੀ ਪਿਆ ਹੈ। ਪੰਜਾਬ ਦੀ ਜ਼ਿਆਦਾ ਨਿਰਭਰਤਾ ਕੇਂਦਰੀ ਗਰਾਂਟਾਂ 'ਤੇ ਹੀ ਹੈ। ਪੰਜਾਬ ਦੀ ਵਿੱਤੀ ਸਥਿਤੀ ਨੂੰ ਠੀਕ ਕਰਨ ਲਈ ਪੰਜਾਬ ਸਰਕਾਰ ਵੱਲੋਂ ਚੁੱਕੇ ਕਦਮ ਜ਼ਮੀਨ 'ਤੇ ਹਾਲੇ ਨਜ਼ਰ ਨਹੀਂ ਆ ਰਹੇ ਹਨ।

## ਪੰਜਾਬ 'ਚ ਮਈ ਮਹੀਨੇ ਪਏ ਮੀਂਹ ਨੇ 11 ਸਾਲਾਂ ਦਾ ਰਿਕਾਰਡ ਤੋੜਿਆ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਵਿਚ ਮੀਂਹ ਪੈਣ ਕਾਰਨ ਤਾਪਮਾਨ ਵਿਚ ਕਮੀ ਆਈ ਹੈ। ਇਸ ਵਾਰ ਮਈ ਮਹੀਨੇ ਪਏ ਮੀਂਹ ਨੇ ਪਿਛਲੇ 11 ਸਾਲਾਂ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਐਤਕੀਂ ਪਿਛਲੇ 11 ਸਾਲਾਂ ਦੇ ਮੁਕਾਬਲੇ 161 ਫ਼ੀਸਦੀ ਵੱਧ ਮੀਂਹ ਪਿਆ ਹੈ, ਜਿਸ ਕਰ ਕੇ ਜੇਠ ਮਹੀਨੇ ਵਿਚ ਤਾਪਮਾਨ ਆਮ ਨਾਲੋਂ ਵੀ ਹੇਠਾਂ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਇਸ ਸਾਲ ਸੂਬੇ 'ਚ 1 ਤੋਂ 31 ਮਈ ਤੱਕ ਔਸਤਨ 45.2 ਐਮ.ਐਮ ਮੀਂਹ ਪਿਆ ਹੈ। ਰੂਪਨਗਰ ਸ਼ਹਿਰ 'ਚ ਸਭ ਤੋਂ ਨਾਲੋਂ ਵੱਧ 100.1 ਐਮ.ਐਮ. ਮੀਂਹ ਦਰਜ ਕੀਤਾ ਹੈ। ਮੌਸਮ ਵਿਗਿਆਨੀਆਂ ਨੇ ਕਿਹਾ ਕਿ ਇਸ ਸਾਲ ਵੱਧ ਮੀਂਹ ਪੈਣ ਦਾ ਕਾਰਨ ਵਾਤਾਵਰਨ 'ਚ ਪੱਛਮੀ ਵਿਗਾੜ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਤਾਪਮਾਨ ਵਧੇਗਾ। ਮੀਂਹ ਨਾਲ ਸੂਬੇ ਦਾ ਤਾਪਮਾਨ ਆਮ ਨਾਲੋਂ 13 ਤੋਂ 15 ਡਿਗਰੀ ਸੈਲਸੀਅਸ ਤੱਕ ਹੇਠਾਂ ਡਿੱਗ ਗਿਆ ਹੈ।



ਮੌਸਮ ਵਿਭਾਗ ਅਨੁਸਾਰ ਮਈ ਮਹੀਨੇ 'ਚ ਪਿਛਲੇ 11 ਸਾਲਾਂ ਵਿਚੋਂ ਸਾਲ 2013 ਵਿਚ ਸਭ ਤੋਂ ਘੱਟ 3.8 ਐਮ.ਐਮ. ਮੀਂਹ ਪਿਆ। ਸਾਲ 2014 'ਚ 21.5, ਸਾਲ 2015 'ਚ 17.6, ਸਾਲ 2016 'ਚ 26.3, ਸਾਲ 2017 'ਚ 12.7, ਸਾਲ 2018 'ਚ 7.2, ਸਾਲ 2019 'ਚ 20.6, ਸਾਲ 2020 'ਚ 29.1, ਸਾਲ 2021 'ਚ 25, ਸਾਲ 2022 'ਚ 20.1 ਤੇ ਸਾਲ 2023 'ਚ 45.2 ਐਮ.ਐਮ. ਮੀਂਹ ਪਿਆ ਹੈ।

## ਭਾਜਪਾ ਨੇ ਪੰਜਾਬੀਆਂ ਨੂੰ ਮੋਦੀ ਸਰਕਾਰ ਦੀਆਂ ਨੌਂ ਸਾਲਾ ਪ੍ਰਾਪਤੀਆਂ ਗਿਣਵਾਈਆਂ

**ਮੁਹਾਲੀ:** ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਇੱਥੇ ਕਰਵਾਏ ਗਏ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਪਿਛਲੇ ਨੌਂ ਸਾਲ ਦੀਆਂ ਪ੍ਰਾਪਤੀਆਂ ਗਿਣਵਾਈਆਂ। ਹਾਲਾਂਕਿ ਜਦੋਂ ਪੱਤਰਕਾਰਾਂ ਨੇ ਮਹਿਲਾ ਪਹਿਲਵਾਨਾਂ ਵੱਲੋਂ ਲਗਾਏ ਗਏ ਜਿਨਸੀ ਸ਼ੋਸ਼ਣ ਦੇ ਮਾਮਲੇ 'ਤੇ ਸਵਾਲ ਪੁੱਛੇ ਤਾਂ ਉਨ੍ਹਾਂ ਟਾਲਾ ਵੱਟਦਿਆਂ ਸਿਰਫ ਕੇਂਦਰ ਸਰਕਾਰ ਦੇ ਨੌਂ ਸਾਲਾਂ ਦੇ ਕਾਰਜਕਾਲ ਸਬੰਧੀ ਸਵਾਲ ਪੁੱਛਣ ਲਈ ਕਿਹਾ।



ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜ਼ੈੱਡ ਪਲੱਸ ਸੁਰੱਖਿਆ ਨਾ ਲਏ ਜਾਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਦੀ ਲੋੜ ਹੈ ਜਾਂ ਨਹੀਂ, ਪਰ ਪੰਜਾਬ ਦੇ ਲੋਕਾਂ ਨੂੰ ਸੁਰੱਖਿਆ ਦੀ ਸਖ਼ਤ ਲੋੜ ਹੈ। ਉਨ੍ਹਾਂ ਕਿਹਾ ਕਿ ਸਰਹੱਦਾਂ ਦੀ ਸੁਰੱਖਿਆ ਦੇ ਮਾਮਲੇ ਵਿਚ ਸੈਨਾ ਦਾ ਮਨੋਬਲ ਵਧਿਆ ਹੈ। ਇਸ ਮੌਕੇ ਵਿਰੋਧੀ ਧਿਰਾਂ ਵੱਲੋਂ ਸਿਆਸੀ ਬਦਲਾਖੋਰੀ, ਫੰਡ ਰੋਕਣ ਅਤੇ ਦੇਸ਼ ਵਿਚ ਅਸ਼ਾਂਤੀ ਫੈਲਣ ਦੇ ਲਗਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਭਾਜਪਾ ਆਗੂ ਨੇ ਕਿਹਾ ਕਿ ਵਿਰੋਧੀ ਧਿਰਾਂ ਦੀ ਏਕਤਾ ਨਾਲ ਭਾਜਪਾ ਨੂੰ ਕੋਈ ਫਰਕ ਨਹੀਂ ਪੈਂਦਾ। ਉਨ੍ਹਾਂ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਲੰਬੇ ਸੰਘਰਸ਼ ਮਗਰੋਂ ਮਿਲੀ ਆਜ਼ਾਦੀ ਨੂੰ ਕਾਂਗਰਸ ਦੀਆਂ ਮਾੜੀਆਂ ਨੀਤੀਆਂ ਨੇ ਕਈ ਸਾਲ ਪਿੱਛੇ ਧੱਕ ਦਿੱਤਾ ਹੈ, ਪਰ ਮੋਦੀ ਸਰਕਾਰ ਨੇ ਦੇਸ਼ 'ਚੋਂ ਅਤਿਵਾਦ ਤੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਕਈ ਠੋਸ ਫੈਸਲੇ ਲਏ ਹਨ।

## 'ਆਪ' ਨੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਦਾ ਸੈਂਕੜਾ ਲੱਗਣ ਦੇ ਜਸ਼ਨ ਮਨਾਏ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ ਪੰਜਾਬ 'ਚ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਗਿਣਤੀ 100 ਪੁੱਜਣ 'ਤੇ ਜਸ਼ਨ ਮਨਾਇਆ ਗਿਆ। ਇਸ ਖੁਸ਼ੀ ਵਿਚ ਚੰਡੀਗੜ੍ਹ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ 'ਚ ਰਾਤ ਦਾ ਭੋਜ (ਡਿਨਰ) ਰੱਖਿਆ ਗਿਆ ਸੀ, ਜਿਸ ਵਿਚ ਸਾਰੇ ਵਿਧਾਇਕ ਤੇ ਸੰਸਦ ਮੈਂਬਰ ਪਰਿਵਾਰਾਂ ਸਣੇ ਸ਼ਾਮਲ ਹੋਏ।



ਇਨ੍ਹਾਂ ਜਸ਼ਨਾਂ ਵਿਚ 'ਆਪ' ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ 'ਆਪ' ਆਗੂਆਂ ਵੱਲੋਂ ਕੇਕ ਕੱਟਿਆ ਗਿਆ। ਹਾਲਾਂਕਿ ਪਾਰਟੀ ਵੱਲੋਂ ਇਸ ਜਸ਼ਨ ਨੂੰ ਪਰਿਵਾਰ ਮਿਲਣੀ ਦਾ ਪ੍ਰੋਗਰਾਮ ਹੀ ਦੱਸਿਆ ਜਾ ਰਿਹਾ ਹੈ ਪਰ ਦੂਜੇ ਪਾਸੇ ਇਸ ਪ੍ਰੋਗਰਾਮ ਨੂੰ ਕੇਂਦਰ ਸਰਕਾਰ ਵਿਰੁੱਧ 11 ਜੂਨ ਨੂੰ ਦਿੱਲੀ ਵਿਚ ਹੋਣ ਵਾਲੀ 'ਮਹਾਰੈਲੀ' ਤੇ ਅਗਾਮੀ ਨਗਰ ਨਿਗਮ ਦੀਆਂ ਚੋਣਾਂ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਸਮੇਂ ਪੰਜਾਬ 'ਚ 'ਆਪ' ਦੇ ਕੁੱਲ 92 ਵਿਧਾਇਕ, 7 ਰਾਜ ਸਭਾ ਮੈਂਬਰ ਅਤੇ ਇੱਕ ਲੋਕ ਸਭਾ ਮੈਂਬਰ ਹੈ, ਜੋ ਹਾਲ ਹੀ ਵਿੱਚ ਜਲੰਧਰ ਤੋਂ ਚੁਣਿਆ ਗਿਆ ਹੈ। ਪੰਜਾਬ ਵਿਚ 'ਆਪ' ਦੀ ਸਰਕਾਰ ਬਣੇ ਨੂੰ ਸਾਢੇ 14 ਮਹੀਨੇ ਬੀਤਣ ਤੋਂ ਬਾਅਦ ਪਹਿਲੀ ਵਾਰ ਅਜਿਹਾ ਪਰਿਵਾਰਕ ਪ੍ਰੋਗਰਾਮ ਰੱਖਿਆ ਗਿਆ ਹੈ, ਜਿਸ 'ਚ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਧਾਇਕਾਂ ਤੇ ਸੰਸਦ ਮੈਂਬਰਾਂ ਨਾਲ ਮੁਲਾਕਾਤ ਕਰ ਰਹੇ ਹਨ।

## ਨਾਬਾਲਗ ਕੁੜੀਆਂ ਦੇ ਸ਼ੋਸ਼ਣ ਦੇ ਦੋਸ਼ ਹੇਠ ਪੰਜਾਬੀ ਪਿਉ-ਪੁੱਤ ਗ੍ਰਿਫਤਾਰ

**ਟੋਰਾਂਟੋ:** ਕੈਨੇਡਾ ਵਿਚ ਮਹੀਨਿਆਂ ਬੱਧੀ ਕਈ ਨਾਬਾਲਗ ਲੜਕੀਆਂ 'ਤੇ ਹਮਲਾ, ਸ਼ੋਸ਼ਣ ਤੇ ਵਸੂਲੀ ਦੇ ਦੋਸ਼ ਹੇਠ ਭਾਰਤੀ ਮੂਲ ਦੇ ਵਿਅਕਤੀ ਤੇ ਉਸ ਦੇ ਪੁੱਤਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕੈਲਗਰੀ ਪੁਲਿਸ ਮੁਤਾਬਕ ਅਪਰੈਲ ਵਿਚ ਲਾਪਤਾ ਹੋਈ 13 ਵਰ੍ਹਿਆਂ ਦੀ ਲੜਕੀ ਦੀ ਭਾਲ ਦੌਰਾਨ ਕੀਤੀ ਗਈ ਜਾਂਚ ਦੌਰਾਨ ਗੁਰਪ੍ਰਤਾਪ ਸਿੰਘ ਵਾਲੀਆ (56) ਤੇ ਉਸ ਦੇ ਪੁੱਤਰ ਸਮਰੀਤ ਵਾਲੀਆ (24) ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਮੁਤਾਬਕ ਇਸ ਲੜਕੀ ਨੇ ਦੱਸਿਆ ਕਿ ਉਹ ਸਮਰੀਤ ਨਾਲ ਰਿਸ਼ਤੇ ਵਿਚ ਸੀ ਜੋ ਉਸ ਨਾਲ ਕਥਿਤ ਤੌਰ 'ਤੇ ਜਿਨਸੀ ਸਬੰਧ ਬਣਾਉਣ ਬਦਲੇ ਉਸ ਨੂੰ ਸ਼ਰਾਬ ਤੇ ਨਸ਼ਾ ਦਿੰਦਾ ਸੀ। ਜ਼ਿਕਰਯੋਗ ਹੈ ਕਿ ਦੋਵੇਂ ਪਿਉ-ਪੁੱਤ ਕੈਲਗਰੀ ਵਿਚ ਆਪਣੀ ਮਾਲਕੀ ਵਾਲੇ ਸਟੋਰ ਵਿਚ ਕੰਮ ਕਰਦੇ ਸਨ। ਇਸ ਦੇ ਨਾਲ ਹੀ ਉਹ ਸਟੋਰ ਨੇੜੇ ਹੀ ਸ਼ਰਾਬ ਦਾ ਠੇਕਾ ਵੀ ਚਲਾਉਂਦੇ ਹਨ ਜਿੱਥੇ ਨਾਬਾਲਗ ਲੜਕੀਆਂ 'ਤੇ ਹਮਲਾ ਕੀਤਾ ਗਿਆ। ਜਾਂਚ ਦੌਰਾਨ ਅਧਿਕਾਰੀਆਂ ਨੂੰ ਪਤਾ ਲੱਗਿਆ ਕਿ ਪਿਉ-ਪੁੱਤ ਨੇ ਕਈ ਨਾਬਾਲਗ ਲੜਕੀਆਂ ਨੂੰ ਭੰਗ, ਸਿਗਰਟ ਅਤੇ ਸ਼ਰਾਬ ਦਿੱਤੀ। ਮੰਨਿਆ ਜਾ ਰਿਹਾ ਹੈ ਕਿ ਇਹ ਘਟਨਾਵਾਂ ਦਸੰਬਰ 2022 ਤੇ ਮਈ 2023 ਵਿਚਾਲੇ ਵਾਪਰੀਆਂ। ਪੁਲਿਸ ਨੇ ਇਨ੍ਹਾਂ ਦੋਵਾਂ ਸ਼ੱਕੀਆਂ ਨੂੰ ਪਹਿਲੀ ਜੂਨ ਨੂੰ ਗ੍ਰਿਫਤਾਰ ਕੀਤਾ ਹੈ। ਤਲਾਸ਼ੀ ਲੈਣ 'ਤੇ ਇਨ੍ਹਾਂ ਦੇ ਘਰੋਂ 975 ਗ੍ਰਾਮ ਕੋਕੀਨ, ਜਿਸ ਦੀ ਕੀਮਤ 97,500 ਡਾਲਰ ਹੈ, ਅਤੇ ਬੰਦੂਕਾਂ ਬਰਾਮਦ ਹੋਈਆਂ ਹਨ।

## ਕੈਬਨਿਟ ਮੰਤਰੀ ਧਾਲੀਵਾਲ ਦੇ 'ਖੰਭ ਕੁਤਰਨ' ਤੋਂ ਸਿਆਸੀ ਹਲਕੇ ਵੀ ਹੈਰਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਸਰਕਾਰ ਵੱਲੋਂ ਡਾ. ਇੰਦਰਬੀਰ ਸਿੰਘ ਨਿੱਜਰ ਦੀ ਵਜ਼ਾਰਤ 'ਚੋਂ ਛੁੱਟੀ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਅਹਿਮ ਖੇਤੀ ਵਿਭਾਗ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਾਪਸ ਲਏ ਜਾਣ ਦਾ ਭੇਤ ਬਣ ਗਿਆ ਹੈ। ਜਿਸ ਤਰ੍ਹਾਂ ਸਰਕਾਰ ਨੇ ਇਕ ਮਜ਼ਬੂਤ ਮੰਤਰੀ ਧਾਲੀਵਾਲ ਦਾ ਸਿਆਸੀ ਕੱਟ ਛੋਟਾ ਕੀਤਾ ਹੈ, ਉਸ ਤੋਂ ਸਿਆਸੀ ਹਲਕੇ ਵੀ ਹੈਰਾਨ ਹਨ।

ਕੁਲਦੀਪ ਸਿੰਘ ਧਾਲੀਵਾਲ ਮੁੱਖ ਮੰਤਰੀ ਭਗਵੰਤ ਮਾਨ ਦੇ ਕਰੀਬੀ ਸਮਝੇ ਜਾਂਦੇ ਹਨ ਅਤੇ ਸਿਆਸਤ ਤੋਂ ਪਹਿਲਾਂ ਦੀ ਉਨ੍ਹਾਂ ਦੀ ਭਗਵੰਤ ਮਾਨ ਨਾਲ ਸਾਂਝ ਰਹੀ ਹੈ। ਉਨ੍ਹਾਂ ਨੇ ਆਪਣੀ ਵਿਦੇਸ਼ੀ ਨਾਗਰਿਕਤਾ ਵੀ ਛੱਡ ਦਿੱਤੀ ਸੀ। ਕਰੀਬ ਸਵਾ ਸਾਲ ਦੌਰਾਨ ਕੁਲਦੀਪ ਸਿੰਘ ਧਾਲੀਵਾਲ ਨੇ ਨਾਜਾਇਜ਼ ਕਬਜ਼ੇ ਹਟਾਉਣ ਲਈ ਜ਼ੋਰਦਾਰ ਤਰੀਕੇ ਨਾਲ ਮੁਹਿੰਮ ਵਿੱਢੀ ਅਤੇ ਸਰਕਾਰ ਨੇ ਇਸ ਪ੍ਰਾਪਤੀ 'ਤੇ ਮਾਣ ਵੀ ਕੀਤਾ। ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਤਹਿਤ ਧਾਲੀਵਾਲ ਨੇ 31 ਮਈ ਤੱਕ ਦਾ ਕਬਜ਼ਕਾਰਾਂ ਨੂੰ ਅਲਟੀਮੇਟਮ ਵੀ ਦਿੱਤਾ ਸੀ, ਉਸ ਤੋਂ ਪਹਿਲਾਂ ਹੀ ਅੱਜ ਉਨ੍ਹਾਂ ਕੋਲੋਂ ਪੰਚਾਇਤ ਵਿਭਾਗ ਵਾਪਸ ਲੈ ਲਿਆ ਗਿਆ ਹੈ।



ਕੁਲਦੀਪ ਧਾਲੀਵਾਲ ਵੱਲੋਂ ਨਵੀਂ ਖੇਤੀ ਨੀਤੀ ਤਿਆਰ ਕੀਤੀ ਜਾ ਰਹੀ ਸੀ। ਸਿਆਸੀ ਹਲਕੇ ਕਈ ਤਰ੍ਹਾਂ ਦੇ ਕਿਆਸ ਲਗਾ ਰਹੇ ਹਨ। ਸੂਤਰ ਆਖਦੇ ਹਨ ਕਿ 'ਆਪ' ਦੀ ਹਾਈਕਮਾਨ ਅੰਦਰੋ-ਅੰਦਰੀ ਭਾਂਪ ਰਹੀ ਸੀ ਕਿ ਕੁਲਦੀਪ ਧਾਲੀਵਾਲ ਇਕ ਵੱਡੇ ਨੇਤਾ ਵਜੋਂ ਉੱਭਰ ਰਹੇ ਹਨ ਅਤੇ ਉਹ ਭਗਵੰਤ ਮਾਨ ਦੀ ਇੱਕ ਤਰੀਕੇ ਨਾਲ ਤਾਕਤ ਵੀ ਹਨ। ਮੁੱਖ ਮੰਤਰੀ ਦੇ ਵਫ਼ਾਦਾਰ ਸਮਝੇ ਜਾਂਦੇ ਕੁਲਦੀਪ ਧਾਲੀਵਾਲ ਦਾ ਸਿਆਸੀ ਕੱਦ ਛੋਟਾ ਕਰਨ ਦੇ ਕਾਰਨਾਂ ਦੀ ਕਿਸੇ ਨੂੰ ਵੀ ਸਮਝ ਨਹੀਂ ਪੈ ਰਹੀ ਹੈ।

ਸੂਤਰ ਕਿਸੇ ਅੰਦਰੂਨੀ ਰਿਪੋਰਟ ਨੂੰ ਇਸ ਦੀ ਵਜ੍ਹਾ ਦੱਸ ਰਹੇ ਹਨ। 'ਆਪ' ਸਰਕਾਰ ਵੱਲੋਂ ਡਾ. ਇੰਦਰਬੀਰ ਸਿੰਘ ਨਿੱਜਰ ਤੋਂ ਅਸਤੀਫ਼ਾ ਲੈਣ ਪਿੱਛੇ ਕਈ ਕਾਰਨਾਂ 'ਤੇ ਚਰਚਾ ਕਰ ਰਹੇ ਹਨ। ਸੂਤਰ ਦੱਸਦੇ ਹਨ ਕਿ ਇੱਕ ਪੰਜਾਬੀ ਅਖ਼ਬਾਰ ਦੀ ਹਮਾਇਤ ਵਿਚ ਦਿੱਤੇ ਬਿਆਨ ਤੋਂ ਇਲਾਵਾ ਡਾ. ਨਿੱਜਰ ਦੇ ਰਿਸ਼ਤੇਦਾਰ ਦੀ ਮਜੀਠੀਆ ਪਰਿਵਾਰ ਨਾਲ ਨੇੜਤਾ ਇਸ ਦੀ ਕਾਰਨ ਬਣੀ ਹੈ। ਅਹਿਮ ਸੂਤਰ ਦੱਸਦੇ ਹਨ ਕਿ ਸਥਾਨਕ ਸਰਕਾਰਾਂ ਵਿਭਾਗ ਵਿਚ ਸਭ ਅੱਛਾ ਨਹੀਂ ਸੀ ਅਤੇ ਡਾ. ਨਿੱਜਰ ਦੇ ਇੱਕ ਰਿਸ਼ਤੇਦਾਰ ਬਾਰੇ ਰਿਪੋਰਟ ਮੁੱਖ ਮੰਤਰੀ ਕੋਲ ਪੁੱਜੀ ਸੀ।

ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਨੇ ਡਾ. ਨਿੱਜਰ ਅਤੇ ਧਾਲੀਵਾਲ ਨੂੰ ਖ਼ਬਰਦਾਰ ਵੀ ਕੀਤਾ ਸੀ। ਪੰਜਾਬ ਕੈਬਨਿਟ ਵਿਚ ਡਾ. ਨਿੱਜਰ ਗੁਰਸਿੱਖ ਚਿਹਰਾ ਸਨ ਅਤੇ ਹੁਣ ਉਨ੍ਹਾਂ ਦੀ ਥਾਂ ਗੁਰਮੀਤ ਸਿੰਘ ਖੁੱਡੀਆਂ ਗੁਰਸਿੱਖ ਚਿਹਰੇ ਵਜੋਂ ਲੈਣਗੇ।

ਡਾ. ਨਿੱਜਰ ਨੂੰ ਕੈਬਨਿਟ 'ਚੋਂ ਬਾਹਰ ਕਰਨ ਦਾ ਅਸਰ ਆਗਾਮੀ ਨਗਰ ਨਿਗਮ ਅੰਮ੍ਰਿਤਸਰ ਦੀ ਚੋਣ 'ਤੇ ਵੀ ਪੈ ਸਕਦਾ ਹੈ। 'ਆਪ' ਦੇ ਵਿਧਾਇਕਾਂ ਅਤੇ ਬਾਕੀ ਵਜ਼ੀਰਾਂ ਵਿਚ ਇਸ ਕਾਰਵਾਈ ਦਾ ਸਖ਼ਤ ਸੁਨੇਹਾ ਗਿਆ ਹੈ।

# ਸਿਆਸਤਦਾਨਾਂ ਵੱਲੋਂ ਟਵਿੱਟਰ ’ਤੇ ਸ਼ਾਇਰਾਨਾ ਅੰਦਾਜ਼ ’ਚ ਇਕ-ਦੂਜੇ ਦੀ ਲਾਹ-ਪਾਹ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਜਲੰਧਰ ਵਿਚ ਹੋਈ ਵਿਰੋਧੀ ਧਿਰਾਂ ਦੀ ਮੀਟਿੰਗ ਸਬੰਧੀ ਬਿਨਾਂ ਕਿਸੇ ਦਾ ਨਾਮ ਲੈਂਦਿਆਂ ਸ਼ਾਇਰਾਨਾ ਅੰਦਾਜ਼ ਵਿਚ ਨਿਸ਼ਾਨਾ ਸੇਧਿਆ ਹੈ। ਸ੍ਰੀ ਮਾਨ ਨੇ ਟਵੀਟ ਕਰਦਿਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਤੇ ਹੋਰ ਪਾਰਟੀਆਂ ਦੇ ਨੂੰ ‘ਇੱਕੋ ਥਾਲੀ ਦੇ ਚੱਟੇ-ਵੱਟੇ’ ਆਖਿਆ ਹੈ। ਇਸ ਤੋਂ ਬਾਅਦ ਕਾਂਗਰਸ ਦੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੀ ਸ਼ਾਇਰਾਨਾ ਅੰਦਾਜ਼ ’ਚ ਮੁੱਖ ਮੰਤਰੀ ਦੇ ਟਵੀਟ ਦਾ ਮੋੜਵਾਂ ਜਵਾਬ ਦਿੱਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਗੇ ਟਵੀਟ ਕਰਦਿਆਂ ਕਿਹਾ ਕਿ ਇਕੋ ਥਾਲੀ ਦੇ ਚੱਟੇ-ਵੱਟੇ, ਇਕ ਥਾਂ ਇਕੱਠੇ ਹੋ ਗਏ ਹਨ। ਇਹ ਆਗੂ ਕਦੇ ਵੀ ਸੂਬੇ ਦੇ ਪਾਣੀਆਂ ਦੀ ਰਾਖੀ ਲਈ ਇਕੱਠੇ ਨਹੀਂ ਹੋਏ ਅਤੇ ਨਾ ਹੀ ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਲਈ ਇਕੱਠ ਕੀਤਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸੂਬੇ ਨਾਲ ਸਬੰਧਤ ਮਸਲਿਆਂ ਲਈ ਕਦੇ ਵੀ ਹੱਥ ਨਹੀਂ ਮਿਲਾਇਆ, ਸਗੋਂ ਇਹ ਹੁਣ ਆਪਣਾ ਚੰਮ ਬਚਾਉਣ ਲਈ ਇਕੱਠੇ ਹੋਏ ਹਨ।





ਮੁੱਖ ਮੰਤਰੀ ਨੇ ਕਿਹਾ ਕਿ ਇਹ ਪਾਰਟੀਆਂ ਜਦੋਂ ਵੀ ਸੱਤਾ ‘ਚ ਰਹੀਆਂ ਹਨ ਤਾਂ ਇਨ੍ਹਾਂ ਨੇ ਇੱਕ-ਦੂਜੇ ਦੇ ਹਿੱਤਾਂ ਦੀ ਰਾਖੀ ਕੀਤੀ ਹੈ ਪਰ ‘ਆਪ‘ ਦੀ ਸਰਕਾਰ ਨੇ ਸੂਬੇ ਨੂੰ ਲੁੱਟਣ ਵਾਲਿਆਂ ਦੇ ਮਨਸੂਬਿਆਂ ਦਾ ਪਰਦਾਫ਼ਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸੱਤਾ ਤਬਦੀਲੀ ਤੋਂ ਘਬਰਾਏ ਇਨ੍ਹਾਂ ਆਗੂਆਂ ਨੇ ਵਿਚਾਰਧਾਰਕ ਵਖਰੇਵਿਆਂ ਨੂੰ ਛੱਡ ਕੇ ਸੂਬਾ ਸਰਕਾਰ ਦਾ ਵਿਰੋਧ ਕਰਨ ਲਈ ਹੱਥ ਮਿਲਾ ਲਿਆ ਹੈ। ਇਨ੍ਹਾਂ ਆਗੂਆਂ ਦਾ ਸੁਭਾਅ ਭਾਵੇਂ ਮੂਲ ਰੂਪ ਵਿਚ ਇਕ-ਦੂਜੇ ਤੋਂ ਵੱਖ ਹੈ ਪਰ ਇਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਦੇ ਹੱਥ ਕਿਸੇ ਨਾ ਕਿਸੇ ਤਰੀਕੇ ਨਾਲ ਪੰਜਾਬੀਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ‘ਚੋਂ ਕੁਝ ਦੇ ਪੁਰਖਿਆਂ ਨੇ ਜੱਲ੍ਹਿਆਂਵਾਲਾ ਬਾਗ਼ ਕਤਲੇਆਮ ਮਗਰੋਂ ਜਨਰਲ ਡਾਇਰ ਨੂੰ ਖਾਣਾ ਪਰੋਸਿਆ, ਜਦਕਿ ਕੁਝ ਆਗੂਆਂ ਦੇ ਪੁਰਖਿਆਂ ਨੇ ਸਭ ਤੋਂ ਪਵਿੱਤਰ ਧਾਰਮਿਕ ਸਥਾਨਾਂ ‘ਤੇ ਟੈਂਕ ਚੜ੍ਹਾਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦਾ ਪੰਜਾਬ ਦੀ ਤਰੱਕੀ, ਖ਼ੁਸ਼ਹਾਲੀ ਤੇ ਸ਼ਾਂਤੀ ਨਾਲ ਕੋਈ ਸਾਰੋਕਾਰ ਨਹੀਂ ਹੈ, ਸਗੋਂ ਉਨ੍ਹਾਂ ਦਾ ਇਕ ਨੁਕਾਤੀ ਏਜੰਡਾ ਆਪਣੇ ਹਿੱਤਾਂ ਦੀ ਰਾਖੀ ਕਰਨਾ ਹੈ। ਗੌਰਤਲਬ ਹੈ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਪਿਛਲੇ ਦਿਨੀਂ ਜਲੰਧਰ ‘ਚ ਇਕੱਠ ਕਰ ਕੇ ਸੂਬਾ ਸਰਕਾਰ ਨੂੰ ਘੇਰਿਆ ਸੀ। ਉਸ ਇਕੱਠ ‘ਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਸਣੇ ਹੋਰਨਾਂ ਸਿਆਸੀ ਧਿਰਾਂ ਦੇ ਆਗੂ ਵੀ ਸ਼ਾਮਲ ਹੋਏ ਸਨ।

## ਬਿਕਰਮ ਮਜੀਠੀਆ ਨੇ ਦਿੱਤਾ ਮੋੜਵਾਂ ਜਵਾਬ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਟਵੀਟ ਕਰ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਵਾਬ ਦਿੱਤਾ। ਮਜੀਠੀਆ ਨੇ ਟਵੀਟ ਕੀਤਾ ਕਿ ਸ਼ਰਾਬ ਨਾਲ ਰੱਜ ਕੇ ਤਖ਼ਤਾਂ ‘ਤੇ ਜਾਣ ਵਾਲੇ, ਸ਼ਹੀਦਾਂ ਦੀਆਂ ਯਾਦਗਾਰਾਂ ਤੇ ਸਿਆਸਤ ਚਮਕਾਉਣ ਵਾਲੇ, ਦਰਬਾਰ ਸਾਹਿਬ ਦੇ ਹਮਲੇ ਲਈ ਜ਼ਿੰਮੇਵਾਰ ਪਰਿਵਾਰ ਨੂੰ ਜੱਫੀਆਂ ਪਾਉਣ ਵਾਲੇ ਅਤੇ ਗੁਰੂ ਘਰਾਂ ‘ਤੇ ਧਾਰਾ 144 ਲਵਾਉਣ ਵਾਲੇ, ਸਿੱਖ ਨੌਜਵਾਨਾਂ ‘ਤੇ ਐਨ.ਐਸ.ਏ. ਲਵਾਉਣ ਵਾਲੇ, ਸਿੱਧੂ ਮੂਸੇਵਾਲਾ ਨੂੰ ਮਰਵਾਉਣ ਤੇ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਰਵਾਉਣ ਵਾਲੇ, ਐਸ.ਵਾਈ.ਐਲ. ਰਾਹੀਂ ਹਰਿਆਣਾ ਨੂੰ ਪਾਣੀ ਦੀਆਂ ਗਾਰੰਟੀਆਂ ਦੁਆਉਣ ਵਾਲੇ ਤੇ ਜੇਲ੍ਹਾਂ ‘ਚ ਬੈਠੇ ਲੋਕਾਂ ਨੂੰ ਚੇਅਰਮੈਨ ਲਗਾਉਣ ਵਾਲੇ ਲੋਕ ਪੰਜਾਬ ਹਿਤੈਸ਼ੀਆਂ ‘ਤੇ ਤਨਜ ਕਰ ਰਹੇ ਹਨ।

## ਲੋਕਤੰਤਰ ਨੂੰ ਵਿਜੀਲੈਂਸ ਤੰਤਰ ਬਣਾਉਣ ਵਾਲੇ ਨੈਤਿਕਤਾ ਦਾ ਭਾਸ਼ਣ ਦੇ ਰਹੇ ਨੇ: ਸਿੱਧੂ



**ਚੰਡੀਗੜ੍ਹ:** ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਨੇ ਵੀ ਸ਼ਾਇਰਾਨਾ ਅੰਦਾਜ਼ ‘ਚ ਟਵੀਟ ਕਰ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਲੋਕਤੰਤਰ ਨੂੰ ਵਿਜੀਲੈਂਸ ਤੰਤਰ ਬਣਾਉਣ ਵਾਲੇ, ਦਿੱਲੀ ਦੇ ਇਸ਼ਾਰੇ ‘ਤੇ ਪੰਜਾਬ ਨੂੰ ਪਿਆਦਾ ਬਣ ਕੇ ਰਿਮੋਟ ਕੰਟਰੋਲ ਨਾਲ ਚਲਾਉਣ ਵਾਲੇ, ਪੰਜਾਬ ਦੇ ਕਰਜ਼ੇ ‘ਤੇ ਕਰਜ਼ਾ ਚੜਵਾਉਣ ਵਾਲੇ, ਕੇਂਦਰ ਨਾਲ ਸੌਦੇ ਕਰ ਕੇ ਪੰਜਾਬ ਨੂੰ ਗਿਰਵੀ ਰਖਵਾਉਣ ਵਾਲੇ, ਪੰਜਾਬ ਦੇ ਅਮਨ ਅਮਾਨ ਨੂੰ ਸਿਆਸੀ ਮਨਸੂਬਿਆਂ ‘ਚ ਉਲਝਾਉਣ ਵਾਲੇ ਅਤੇ ਝੂਠ ਵੇਚ ਕੇ ਫੋਕੇ ਐਲਾਨਾਂ ਦੇ ਪੁਲੰਦੇ ਬਣਾਉਣ ਵਾਲੇ ਆਗੂ ਨੈਤਿਕ ਭਾਸ਼ਣ ਦਿੰਦੇ ਨੇ ਤਾਂ ਲੋਕ ਅਜਿਹੇ ਆਗੂਆਂ ਨੂੰ ਲਾਹਣਤਾਂ ਪਾਉਣਗੇ।

# ਹਿਮਾਚਲ ਤੋਂ ਆਉਂਦੇ ਪਾਣੀਆਂ ’ਤੇ ਹਰਿਆਣਾ ਦਾ ਹੱਕ ਨਹੀਂ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਹਰਿਆਣਾ ਦਾ ਹਿਮਾਚਲ ਪ੍ਰਦੇਸ਼ ਤੋਂ ਆਉਂਦੇ ਰਾਵੀ-ਬਿਆਸ ਦਰਿਆਵਾਂ ਦੇ ਪਾਣੀਆਂ ‘ਤੇ ਕੋਈ ਹੱਕ ਨਹੀਂ ਬਣਦਾ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਕਿਸੇ ਵੀ ਗੈਰ-ਰਿਪੇਰੀਅਨ ਰਾਜ ਨੂੰ ਦਰਿਆਈ ਪਾਣੀ ਦੇਣ ਦੀ ਗੱਲ ਉਦੋਂ ਤੱਕ ਨਾ ਕਰੇ ਜਦੋਂ ਤੱਕ ਸਬੰਧਤ ਰਾਜ ਪੰਜਾਬ ਦੀ ਸਹਿਮਤੀ ਨਾ ਹੋਵੇ।



ਸ੍ਰੀ ਬਾਦਲ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਤੇ ਪੰਜਾਬ ਦਰਿਆਈ ਪਾਣੀਆਂ ਦੇ ਸਾਂਝੇ ਮਾਲਕ ਹਨ ਕਿਉਂਕਿ ਹਿਮਾਚਲ ਪ੍ਰਦੇਸ਼ ਤੋਂ ਇਹ ਦਰਿਆ ਸ਼ੁਰੂ ਹੁੰਦੇ ਹਨ ਤੇ ਪੰਜਾਬ ਵਿਚੋਂ ਲੰਘਦੇ ਹਨ। ਇਸ ਲਈ ਇਨ੍ਹਾਂ ਦੋਵਾਂ ਸੂਬਿਆਂ ਦੀ ਸਹਿਮਤੀ ਤੋਂ ਬਗੈਰ ਇਹ ਪਾਣੀ ਕਿਸੇ ਹੋਰ ਨੂੰ ਨਹੀਂ ਦਿੱਤਾ ਨਹੀਂ ਜਾ ਸਕਦਾ। ਉਨ੍ਹਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਹਿਮਾਚਲ ਤੋਂ ਹਰਿਆਣਾ ਨੂੰ ਦਰਿਆਈ ਪਾਣੀ ਦੇਣ ਬਾਰੇ ਕਿਸੇ ਵੀ ਤਰੀਕੇ ਦੀ ਗੱਲਬਾਤ ਨਾ ਕਰਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਉਹ ਇਸ ਸੰਵੇਦਨਸ਼ੀਲ ਮੁੱਦੇ ‘ਤੇ ਚੁੱਪ ਨਾ ਬੈਠਣ ਕਿਉਂਕਿ ਇਹ ਮਾਮਲਾ ਪੰਜਾਬ ਦੇ ਕਿਸਾਨਾਂ ਦੀਆਂ ਜ਼ਿੰਦਗੀਆਂ ਨਾਲ ਸਬੰਧਤ ਹੈ। ਸ੍ਰੀ ਬਾਦਲ ਨੇ ਪੰਜਾਬ ਕਾਂਗਰਸ ਨੂੰ ਵੀ ਆਖਿਆ ਕਿ ਉਹ ਇਸ ਮਾਮਲੇ ‘ਤੇ ਆਪਣਾ ਸਟੈਂਡ ਸਪੱਸ਼ਟ ਕਰੇ।

# ਸਿੱਧੂ-ਮਜੀਠੀਆ ਦੀ ਜੱਫੀ ‘ਤੇ ਸਿਆਸਤ ਗਰਮਾਈ

**ਲੁਧਿਆਣਾ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਸਰਬ ਪਾਰਟੀ ਮੀਟਿੰਗ ‘ਚ ਜੱਫੀ ‘ਤੇ ਸਿਆਸਤ ਗਰਮਾ ਗਈ ਹੈ। ਇਸ ਨੂੰ ਲੈ ਕੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ 6 ਸਾਲ ਤੋਂ ਨਵਜੋਤ ਸਿੰਘ ਸਿੱਧੂ ਨੇ ਰੈਲੀਆਂ ਕਰਕੇ ਸਿਰਫ ਇਕ ਹੀ ਗੱਲ ਕਹੀ ਸੀ ਕਿ ਨਸ਼ਾ ਤਸਕਰ ਮਜੀਠੀਆ ਨੇ ਪੰਜਾਬ ਦੀ ਜਵਾਨੀ ਖਤਮ ਕੀਤੀ ਹੈ।


ਉਨ੍ਹਾਂ ਕਿਹਾ ਕਿ ਆਮ ਜ਼ਿੰਦਗੀ ‘ਚ ਮਿਲਣਾ, ਹੱਥ ਮਿਲਾਉਣਾ ਵੱਖਰੀ ਗੱਲ ਹੈ ਪਰ ਸਿੱਧੂ ਦੇ ਮਜੀਠੀਆ ਪ੍ਰਤੀ ਰਵੱਈਏ ਤੋਂ ਕਾਂਗਰਸ ਵਰਕਰ ਪਰੇਸ਼ਾਨ ਹੋ ਗਏ ਹਨ। ਦੋ ਦਿਨ ਪਹਿਲਾਂ ਮਜੀਠੀਆ ਨੂੰ ਜੱਫੀ ਪਾਉਣ ਤੋਂ ਬਾਅਦ ਸਿੱਧੂ ਨੇ ਕਿਹਾ ਸੀ ਕਿ ਉਨ੍ਹਾਂ ਦੇ ਆਪਸੀ ਮਤਭੇਦ



ਵਿਚਾਰਧਾਰਕ ਤੇ ਪਾਰਟੀ ਅਨੁਸਾਰ ਹਨ ਜੋ ਅੱਗੇ ਵੀ ਰਹਿਣਗੇ।

ਉਧਰ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਵਜੋਂ ਵਾਧੂ ਚਾਰਜ ਸੰਭਾਲਣ ਤੋਂ ਬਾਅਦ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਸਾਬਕਾ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਚਾਲੇ ਹਾਲ ਹੀ ਵਿਚ ਜਲੰਧਰ ਵਿਚ ਇਕ ਪ੍ਰੋਗਰਾਮ ਦੌਰਾਨ ਹੋਈ ਮਿਲਣੀ ‘ਤੇ ਸ੍ਰੀ ਭੁੱਲਰ ਨੇ ਕਿਹਾ ਕਿ ਸਿੱਧੂ ਅਤੇ ਮਜੀਠੀਆ ਦੋਵੇਂ ਕੈਮਰੇ ਪਿੱਛੇ ਇਕ ਸਨ। ਹੁਣ ਉਨ੍ਹਾਂ ਇਸ ਦਾ ਜਨਤਕ ਐਲਾਨ ਕੀਤਾ ਹੈ। ਹੁਣ ਤਾਂ ਇਨ੍ਹਾਂ ਨੂੰ ਚਾਹੀਦਾ ਹੈ ਕਿ ਸਾਂਝੀ ਪਾਰਟੀ ਬਣਾ ਲੈਣ ਅਤੇ 2024 ਦੀਆਂ ਚੋਣਾਂ ਸਾਂਝੇ ਤੌਰ ‘ਤੇ ਲੜਨ।

## ਹੇਮਕੁੰਟ ਸਾਹਿਬ ਯਾਤਰਾ ਦੌਰਾਨ ਮਹਿਲਾ ਸ਼ਰਧਾਲੂ ਦੀ ਮੌਤ



**ਚਮੋਲੀ:** ਉੱਤਰਾਖੰਡ ਦੇ ਅਟਲਾਕੋਟੀ ਵਿਚ ਸ਼ਰਧਾਲੂਆਂ ਦਾ ਸਮੂਹ ਬਰਫ ਦੇ ਤੋਦੇ ਦੀ ਲਪੇਟ ਵਿਚ ਆਉਣ ਕਾਰਨ ਔਰਤ ਦੀ ਮੌਤ ਹੋ ਗਈ, ਜਦਕਿ ਪੰਜ ਨੂੰ ਬਚਾਅ ਲਿਆ ਗਿਆ ਹੈ। ਹੇਮਕੁੰਟ ਸਾਹਿਬ ਯਾਤਰਾ ਮਾਰਗ ਉਤੇ ਅਟਲਕੋਟੀ ਵਿਖੇ ਗਲੇਸ਼ੀਅਰ ਦਾ ਟੁਕੜਾ ਟੁੱਟਣ ਕਾਰਨ ਛੇ ਸ਼ਰਧਾਲੂਆਂ ਦਾ ਸਮੂਹ ਫਸ ਗਿਆ ਸੀ। ਇਨ੍ਹਾਂ ਵਿਚੋਂ ਪੰਜ ਨੂੰ ਬਚਾਅ ਲਿਆ ਗਿਆ, ਜਦਕਿ ਇਕ ਔਰਤ ਘਟਨਾ ਤੋਂ ਬਾਅਦ ਲਾਪਤਾ ਹੋ ਗਈ ਸੀ। ਇਸ ਤੋਂ ਬਾਅਦ, ਸਟੇਟ ਡਿਜਾਸਟਰ ਰਿਸਪਾਂਸ ਫੰਡ (ਐਸ.ਡੀ.ਆਰ.ਐਫ.) ਅਤੇ ਇੰਡੋ ਤਿੱਬਤੀਅਨ ਬਾਰਡਰ ਪੁਲਿਸ (ਆਈ.ਟੀ.ਬੀ.ਪੀ.) ਵੱਲੋਂ ਸਾਂਝੀ ਖੋਜ ਅਤੇ ਬਚਾਅ ਮੁਹਿੰਮ ਚਲਾਈ ਗਈ ਸੀ। ਬਾਅਦ ‘ਚ ਔਰਤ ਦੀ ਲਾਸ ਉਸੇ ਇਲਾਕੇ ‘ਚੋਂ ਬਰਾਮਦ ਹੋਈ। ਅਧਿਕਾਰੀਆਂ ਮੁਤਾਬਕ ਮ੍ਰਿਤਕ ਦੀ ਪਛਾਣ ਕਮਲਜੀਤ ਕੌਰ ਵਜੋਂ ਹੋਈ ਹੈ।

## ਆਜ਼ਾਦੀ ਤੋਂ ਲੈ ਕੇ ਹੁਣ ਤੱਕ ਲੋਕ ਸਭਾ ਭਾਸ਼ਣਾਂ ਦੇ 14 ਲੱਖ ਸਫੇ ਆਨਲਾਈਨ ਹੋਣਗੇ

**ਪਟਿਆਲਾ:** ਦੇਸ਼ ਦੀ ਆਜ਼ਾਦੀ ਤੋਂ ਬਾਅਦ ਸੰਸਦ ਦੇ ਹੇਠਲੇ ਸਦਨ ਲੋਕ ਸਭਾ ਵਿਚ ਪ੍ਰਧਾਨ ਮੰਤਰੀ, ਮੰਤਰੀਆਂ ਤੇ ਹੋਰ ਆਗੂਆਂ ਵੱਲੋਂ ਦਿੱਤੇ ਭਾਸ਼ਣਾਂ ਦੇ 14 ਲੱਖ ਸਫ਼ੇ ਆਨਲਾਈਨ ਕਰਨ ਦੀ ਤਿਆਰੀ ਹੋ ਗਈ ਹੈ। ਇਹ ਜ਼ਿੰਮੇਵਾਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਮੇਤ ਦੇਸ ਦੇ 6 ਮੋਹਰੀ ਵਿਦਿਅਕ ਅਦਾਰਿਆਂ ਨੂੰ ਸੌਂਪੀ ਗਈ ਹੈ।

ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਦੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਵਲੋਂ 14 ਕਰੋੜ ਰੁਪਏ ਦੀ ਲਾਗਤ ਨਾਲ ਇਹ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ। ਇਸ ਪ੍ਰੋਜੈਕਟ ਤਹਿਤ ਭਾਸ਼ਣਾਂ ਦੇ ਉਪਲਬਧ ਸਰੋਤਾਂ ਤੋਂ ਇਨ੍ਹਾਂ ਨੂੰ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਕੇ ਇੰਟਰਨੈੱਟ ‘ਤੇ ਖੋਜ ਕਰਨ ਦੇ ਯੋਗ ਬਣਾਇਆ ਜਾਵੇਗਾ। ਇਸ ਲਈ ਜੇ.ਪੀ.ਜੀ. ਜਾਂ ਹੋਰ ਸਰੂਪ ਵਿਚ ਉਪਲਬਧ ਫਾਈਲਾਂ ਨੂੰ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰ ਕੇ ਸ਼ਬਦਾਂ ਦਾ ਰੂਪ ਦਿੱਤਾ ਜਾਵੇਗਾ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਆਈ.ਆਈ.ਟੀ. ਮੁੰਬਈ, ਆਈ.ਆਈ.ਟੀ. ਹੈਦਰਾਬਾਦ, ਆਈ.ਆਈ.ਟੀ. ਦਿੱਲੀ, ਸੀ-ਡੈਕ ਨੋਇਡਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਆਈ.ਆਈ.ਟੀ. ਜੋਧਪੁਰ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਸਬੰਧੀ ਓਸੀਆਰ ਪ੍ਰਣਾਲੀ ਨਾਲ ਤਸਵੀਰਾਂ ਵਿਚਲੇ ਸ਼ਬਦਾਂ ਨੂੰ ਅੱਖਰਾਂ ਵਿਚ ਬਦਲਿਆ ਜਾਵੇਗਾ ਤੇ ਇਸ ਕੰਮ ਨੂੰ ਮੁਕੰਮਲ ਕਰਨ ਦਾ ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਸੌਂਪਿਆ ਗਿਆ ਹੈ। ਯੂਨੀਵਰਸਿਟੀ ਦੇ ਇਸ ਪ੍ਰੋਜੈਕਟ ਦੇ ਮੁਖੀ ਡਾ. ਗੁਰਪ੍ਰੀਤ ਸਿੰਘ ਲਹਿਲ ਨੇ ਦੱਸਿਆ ਕਿ ਜੇਕਰ ਇਹ ਕੰਮ ਉਨ੍ਹਾਂ ਕੋਲ ਨਾ ਭੇਜਿਆ ਜਾਂਦਾ ਤਾਂ 14 ਲੱਖ ਸਫ਼ੇ ਟਾਈਪ ਕਰਨੇ ਪੈਣੇ ਸਨ ਪਰ ਹੁਣ ਇਸ ਨੂੰ ਓਸੀਆਰ ਨਾਲ ਕਨਵਰਟ ਕਰ ਕੇ ਨਵਾਂ ਰੂਪ ਦਿੱਤਾ ਜਾਵੇਗਾ।

# ਇਨਸਾਫ ਮਿਲਣ ਦੀ ਉਮੀਦ ਬਿਲਕੁਲ ਖਤਮ ਹੋ ਚੁੱਕੀ ਹੈ: ਚਰਨ ਕੌਰ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਕੁਝ ਗਾਇਕਾਂ ਅਤੇ ਗੈਂਗਸਟਰਾਂ ਦੇ ਗੱਠਜੋੜ ਨੇ ਸਿੱਧੂ ਮੂਸੇਵਾਲਾ ਦਾ ਕਤਲ ਕਰਵਾਇਆ ਹੈ, ਜਿਨ੍ਹਾਂ ਨੂੰ ਸਰਕਾਰ ਦੀ ਸ਼ਹਿ ਪ੍ਰਾਪਤ ਹੈ। ਇਸ ਕਾਰਨ ਹੀ ਅੱਜ ਤੱਕ ਸਿੱਧੂ ਮੂਸੇਵਾਲਾ ਦੀ ਮੌਤ ਦੇ ਇਕ ਸਾਲ ਬੀਤਣ ਤੋਂ ਬਾਅਦ ਵੀ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਪਿੰਡ ਮੂਸਾ ਵਿਚ ਪੰਜਾਬੀ ਗਾਇਕ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਜਿਵੇਂ-ਜਿਵੇਂ ਲੋਕਪ੍ਰਿਅਤਾ ਵਧਦੀ ਗਈ, ਓਵੇਂ ਹੀ ਕੁਝ ਗਾਇਕ ਉਸ ਨਾਲ ਰੰਜ਼ਿਸ਼ ਰੱਖਣ ਲੱਗ ਪਏ। ਉਨ੍ਹਾਂ ਕਿਹਾ ਕਿ ਕੈਨੇਡਾ ਜਾਣ ਤੋਂ ਬਾਅਦ ਸਿੱਧੂ ਦੀ ਗਾਇਕੀ ਦਾ ਸਿਤਾਰਾ ਚਮਕਿਆ ਅਤੇ ਜਦੋਂ ਉਸ ਨੂੰ 19-19 ਸ਼ੋਅ ਮਿਲੇ ਤਾਂ ਮਾਨਸਾ ਖੇਤਰ ਦੇ ਇਕ ਗਾਇਕ ਸਣੇ ਕੁਝ ਗਾਇਕਾਂ ਨੇ ਰਲ ਕੇ ਮੂਸੇਵਾਲਾ ਖ਼ਿਲਾਫ਼ ਸ਼ਿਕਾਇਤ ਕੀਤੀ ਕਿ ਉਹ ਹਥਿਆਰਾਂ ਨੂੰ ਹੁਲਾਰਾ ਦੇਣ ਵਾਲੇ ਗੀਤ ਗਾ ਰਿਹਾ ਹੈ ਜਿਸ ਨੂੰ ਰੋਕਣਾ



ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਗਾਇਕਾਂ ਤੇ ਗੈਂਗਸਟਰਾਂ ‘ਤੇ ਸਰਕਾਰ ਦੀ ਛਤਰ ਛਾਇਆ ਹੈ ਤਾਂ ਹੀ ਪੰਜਾਬ ਅੰਦਰ ਨਵੀਂ ਸਰਕਾਰ ਬਣਦੇ ਹੀ ਦਿਨਾਂ ਵਿਚ ਹੀ ਸਿੱਧੂ ਮੂਸੇਵਾਲਾ ਨੂੰ ਮਰਵਾ ਦਿੱਤਾ ਗਿਆ। ਮੂਸੇਵਾਲਾ ਦੀ ਮਾਤਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਸਮੇਤ ਪੁਲਿਸ ਦੇ ਵੱਡੇ ਅਧਿਕਾਰੀਆਂ ਕੋਲ ਸਿੱਧੂ ਮੂਸੇਵਾਲਾ ਨੂੰ ਮਰਵਾਉਣ ਦੀ ਸਾਜ਼ਿਸ਼ ਰਚਣ ਵਾਲਿਆਂ ਦੇ ਨਾਮ ਕਈ ਵਾਰ ਦੱਸ ਚੁੱਕੇ ਹਨ ਪਰ ਉਨ੍ਹਾਂ ‘ਤੇ ਕੋਈ ਵੀ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਇਨਸਾਫ ਮਿਲਣ ਦੀ ਉਮੀਦ ਬਿਲਕੁਲ ਖ਼ਤਮ ਹੋ ਚੁੱਕੀ ਹੈ।

# ਬਠਿੰਡਾ ਜੇਲ੍ਹ ਵਿਚ ਗੈਂਗਸਟਰ ਮੁੜ ਭੁੱਖ ਹੜਤਾਲ ‘ਤੇ ਬੈਠੇ

**ਬਠਿੰਡਾ:** ਕੇਂਦਰੀ ਜੇਲ੍ਹ ‘ਚ ਬੰਦ ਗੈਂਗਸਟਰ ਮੁੜ ਭੁੱਖ ਹੜਤਾਲ ‘ਤੇ ਬੈਠ ਗਏ ਹਨ। ਜੇਲ੍ਹ ਸੂਤਰਾਂ ਅਨੁਸਾਰ ਇਸ ਵਾਰ ਗੈਂਗਸਟਰਾਂ ਨੇ ਆਪਣੀਆਂ ਮੰਗਾਂ ਪੂਰੀਆਂ ਹੋਣ ਤੱਕ ਭੁੱਖ ਹੜਤਾਲ ਖਤਮ ਨਾ ਕਰਨ ਦਾ ਪ੍ਰਣ ਕੀਤਾ ਹੈ। ਇਥੇ ਕੇਂਦਰੀ ਜੇਲ੍ਹ ਦੇ ਉੱਚ ਸੁਰੱਖਿਆ ਸੈੱਲ ‘ਚ ਕਈ ਗੈਂਗਸਟਰ ਨਜ਼ਰਬੰਦ ਹਨ। ਕੁੱਝ ਗੈਂਗਸਟਰਾਂ ਨੇ ਜੇਲ੍ਹ ਅੰਦਰ ਐਲ.ਈ.ਡੀ. ਸਮੇਤ ਹੋਰ ਸਹੂਲਤਾਂ ਦੀ ਮੰਗ ਨੂੰ ਲੈ ਕੇ ਦੂਜੀ ਵਾਰ ਭੁੱਖ ਹੜਤਾਲ ਸ਼ੁਰੂ ਕੀਤੀ ਹੈ।

ਉਨ੍ਹਾਂ ਸਪਸ਼ਟ ਕੀਤਾ ਹੈ ਕਿ ਮੰਗਾਂ ਦੀ ਪੂਰਤੀ ਤੱਕ ਉਹ ਕੁੱਝ ਨਹੀਂ ਖਾਣਗੇ। ਇਸ ਤੋਂ ਪਹਿਲਾਂ ਉਨ੍ਹਾਂ 11 ਮਈ ਨੂੰ ਭੁੱਖ ਹੜਤਾਲ ਸ਼ੁਰੂ ਕੀਤੀ ਸੀ ਜੋ ਚਾਰ ਦਿਨ ਜਾਰੀ ਰਹੀ ਸੀ। ਉਦੋਂ ਏ.ਡੀ.ਸੀ. ਬਠਿੰਡਾ ਨੇ ਹੜਤਾਲੀਆਂ ਨਾਲ ਗੱਲਬਾਤ ਕਰਨ ਮਗਰੋਂ ਮੰਗਾਂ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ ਸੀ। ਇਸ ਭਰੋਸੇ ਤੋਂ ਬਾਅਦ ਭੁੱਖ ਹੜਤਾਲ ਖਤਮ ਕਰ ਦਿੱਤੀ ਗਈ ਸੀ ਪਰ ਵੀਹ ਦਿਨ ਲੰਘਣ ਬਾਅਦ ਵੀ ਹਾਈ ਸਕਿਉਰਿਟੀ ਸੈੱਲ ਵਿਚ ਟੀਵੀ ਨਹੀਂ ਲਾਇਆ ਗਿਆ, ਜਿਸ ਕਾਰਨ ਗੈਂਗਸਟਰਾਂ ਨੇ ਮੁੜ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿ ਭੁੱਖ ਹੜਤਾਲ ਦੇ




ਮੱਦੇਨਜ਼ਰ ਸਿਹਤ ਵਿਭਾਗ ਵੱਲੋਂ ਜੇਲ੍ਹ ‘ਚ ਡਾਕਟਰਾਂ ਦੀ ਵਿਸ਼ੇਸ਼ ਟੀਮ ਦੀ ਡਿਊਟੀ ਲਾਈ ਗਈ ਹੈ। ਹੜਤਾਲੀ ਗੈਂਗਸਟਰਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਆਪਣੇ ਘਰਾਂ ‘ਚ ਮੋਬਾਈਲ ਫੋਨ ‘ਤੇ ਗੱਲ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤੇ ਉਨ੍ਹਾਂ ਨੂੰ ਆਮ ਕੈਦੀਆਂ ਵਾਂਗ ਜੇਲ੍ਹ ਵਿਚ ਘੁੰਮਣ-ਫਿਰਨ ਦੀ ਇਜਾਜ਼ਤ ਦਿੱਤੀ ਜਾਵੇ। ਕੈਦੀਆਂ ਨੇ ਜੇਲ੍ਹ ਪ੍ਰਸ਼ਾਸਨ ਤੋਂ ਆਪਣੇ ਖਰਚੇ ‘ਤੇ ਟੀਵੀ ਸੈੱਟ ਲਾਉਣ ਦੀ ਪ੍ਰਵਾਨਗੀ ਮੰਗੀ ਹੈ। ਉਨ੍ਹਾਂ ਇਹ ਵੀ ਪੇਸ਼ਕਸ਼ ਕੀਤੀ ਹੈ ਕਿ ਜੇ ਕਿਸੇ ਕੈਦੀ ਵੱਲੋਂ ਇਸ ਸਹੂਲਤ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਤਾਂ ਉਸ ਤੋਂ ਸਹੂਲਤ ਵਾਪਸ ਲੈ ਲਈ ਜਾਵੇ।

# ਉੜੀਸਾ ਰੇਲ ਹਾਦਸੇ ਵਿਚ 288 ਮੌਤਾਂ, 1100 ਜ਼ਖਮੀ

**ਭੁਬਨੇਸ਼ਵਰ:** ਉੜੀਸਾ ਦੇ ਬਾਲਾਸੌਰ ਜ਼ਿਲ੍ਹੇ 'ਚ ਤਿੰਨ ਰੇਲਾਂ ਦੇ ਆਪਸ 'ਚ ਟਕਰਾਉਣ ਕਾਰਨ ਮਾਰੇ ਗਏ ਲੋਕਾਂ ਦੀ ਗਿਣਤੀ ਵਧ ਕੇ 288 ਹੋ ਗਈ ਹੈ। ਦੇਸ਼ ਦੇ ਸਭ ਤੋਂ ਭਿਆਨਕ ਹਾਦਸਿਆਂ 'ਚ ਸ਼ੁਮਾਰ ਇਸ ਹਾਦਸੇ 'ਚ ਕਰੀਬ 1100 ਵਿਅਕਤੀ ਜ਼ਖਮੀ ਹੋਏ ਹਨ। ਭਾਰਤੀ ਰੇਲਵੇ ਨੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਮੰਨਿਆ ਜਾ ਰਿਹਾ ਹੈ ਕਿ ਸਿਗਨਲ ਤੋੜਨ ਮਗਰੋਂ ਗਲਤ ਲੀਹ 'ਤੇ ਪੈਣ ਕਾਰਨ ਇਹ ਹਾਦਸਾ ਵਾਪਰਿਆ। ਮ੍ਰਿਤਕਾਂ ਦੀ ਗਿਣਤੀ ਅਜੇ ਹੋਰ ਵਧਣ ਦਾ ਖਦਸ਼ਾ ਹੈ।

ਹਾਦਸੇ ਕਾਰਨ 90 ਰੇਲ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਅਤੇ 46 ਦੇ ਰੂਟ ਬਦਲ ਦਿੱਤੇ ਗਏ। ਕੋਰੋਮੰਡਲ ਐਕਸਪ੍ਰੈੱਸ ਅਤੇ ਬੰਗਲੂਰੂ-ਹਾਵੜਾ ਐਕਸਪ੍ਰੈੱਸ ਦੇ ਡੱਬੇ ਲੀਹ ਤੋਂ ਲੱਥਣ ਅਤੇ ਫਿਰ ਇਕ ਮਾਲਗੱਡੀ ਨਾਲ ਟਕਰਾਉਣ ਮਗਰੋਂ ਇਹ ਭਿਆਨਕ ਹਾਦਸਾ ਵਾਪਰਿਆ ਸੀ। ਹਾਦਸੇ ਵਾਲੀ ਥਾਂ ਇੰਜ ਜਾਪ ਰਹੀ ਸੀ ਜਿਵੇਂ ਕੋਈ ਜ਼ੋਰਦਾਰ ਵਾਵਰੋਲਾ ਆਇਆ ਹੋਵੇ ਅਤੇ ਉਸ ਨੇ ਡੱਬਿਆਂ ਨੂੰ ਇਕ-ਦੂਜੇ ਦੇ ਉਪਰ ਸੁੱਟ ਦਿੱਤਾ ਹੋਵੇ। ਅਧਿਕਾਰੀਆਂ ਨੇ ਕਿਹਾ ਕਿ ਇਕੋ ਥਾਂ 'ਤੇ ਕਈ ਪਟੜੀਆਂ ਹੋਣ ਕਰਕੇ ਹਾਦਸੇ ਦੀ ਤੀਬਰਤਾ ਵਧ ਗਈ ਸੀ।



ਪੱਛਮੀ ਬੰਗਾਲ ਦੇ ਬਰਾਕਪੁਰ ਅਤੇ ਪਾਨਾਗੜ੍ਹ ਤੋਂ ਇੰਜੀਨੀਅਰਿੰਗ ਅਤੇ ਮੈਡੀਕਲ ਜਵਾਨਾਂ ਸਮੇਤ ਫੌਜ ਦੀਆਂ ਟੁੱਕੜੀਆਂ ਤੁਰਤ ਹਾਦਸੇ ਵਾਲੀ ਥਾਂ 'ਤੇ ਪਹੁੰਚ ਗਈਆਂ ਸਨ। ਦੱਖਣ ਪੂਰਬੀ ਸਰਕਲ ਦੇ ਅਧਿਕਾਰੀਆਂ ਨੇ ਕਿਹਾ ਕਿ ਹਾਦਸੇ ਦੀ ਜਾਂਚ ਦੀ ਅਗਵਾਈ ਰੇਲਵੇ ਸੁਰੱਖਿਆ ਦੇ ਕਮਿਸ਼ਨਰ ਏ ਐੱਮ ਚੌਧਰੀ ਕਰਨਗੇ। ਰੇਲਵੇ ਨੇ ਕਿਹਾ ਕਿ ਰੂਟ 'ਤੇ ਟਰੇਨ ਹਾਦਸੇ ਤੋਂ ਰੋਕਣ ਵਾਲੀ ਪ੍ਰਣਾਲੀ 'ਕਵਚ' ਉਪਲਬਧ ਨਹੀਂ ਸੀ। ਹਾਦਸੇ ਦੇ ਕਾਰਨ ਅਜੇ ਤੱਕ ਸਪੱਸ਼ਟ ਨਹੀਂ ਹਨ ਪਰ ਸੂਤਰਾਂ ਨੇ ਸੰਕੇਤ ਦਿੱਤਾ ਹੈ ਕਿ ਸਿਗਨਲ ਫੇਲ੍ਹ ਹੋਣ ਕਾਰਨ ਹਾਦਸਾ ਵਾਪਰਿਆ ਹੋ ਸਕਦਾ ਹੈ।

ਪਹਿਲਾਂ ਕੋਰੋਮੰਡਲ ਐਕਸਪ੍ਰੈੱਸ ਦੇ 10-12 ਡੱਬੇ ਲੀਹੋਂ ਲੱਥ ਕੇ ਉਸ ਪਟੜੀ 'ਤੇ ਆ ਡਿੱਗੇ ਜਿਥੋਂ ਬੰਗਲੂਰੂ-ਹਾਵੜਾ ਐਕਸਪ੍ਰੈੱਸ ਲੰਘ ਰਹੀ ਸੀ ਜਿਸ ਕਾਰਨ ਉਸ ਦੇ ਡੱਬੇ ਵੀ ਪਲਟ ਗਏ ਅਤੇ ਅਗਲੀ ਪਟੜੀ 'ਤੇ ਖੜ੍ਹੀ ਮਾਲ ਗੱਡੀ ਉਪਰ ਜਾ ਡਿੱਗੇ। ਰੇਲਵੇ ਨੇ ਮ੍ਰਿਤਕਾਂ ਦੇ ਵਾਰਸਾਂ ਲਈ 10-10 ਲੱਖ ਰੁਪਏ, ਗੰਭੀਰ ਜ਼ਖਮੀਆਂ ਲਈ 2-2 ਲੱਖ ਅਤੇ ਮਾਮੂਲੀ ਜ਼ਖਮੀਆਂ ਲਈ 50-50 ਹਜ਼ਾਰ ਰੁਪਏ ਮੁਆਵਜ਼ੇ ਦਾ ਐਲਾਨ ਕੀਤਾ ਹੈ। ਸ੍ਰੀ ਮੋਦੀ ਨੇ ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ 'ਚੋਂ ਮ੍ਰਿਤਕਾਂ ਦੇ ਵਾਰਸਾਂ ਲਈ 2-2 ਲੱਖ ਰੁਪਏ ਅਤੇ ਜ਼ਖਮੀਆਂ ਲਈ 50 ਹਜ਼ਾਰ ਰੁਪਏ ਦਾ ਵਾਧੂ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ।

## ਮਮਤਾ ਨੇ ਮੌਤਾਂ ਦੀ ਗਿਣਤੀ 'ਤੇ ਸਵਾਲ ਚੁੱਕੇ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਰੇਲ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਮੌਤਾਂ ਦੇ ਅੰਕੜੇ 'ਤੇ ਸਵਾਲ ਉਠਾਏ ਹਨ। ਉਨ੍ਹਾਂ ਵੰਦੇ ਭਾਰਤ ਟਰੇਨਾਂ ਨੂੰ ਲੈ ਕੇ ਵੀ ਸਵਾਲ ਦਾਗੇ ਅਤੇ ਕਿਹਾ ਕਿ ਕੀ ਵੰਦੇ ਭਾਰਤ ਦੇ ਇੰਜਣ ਸਹੀ ਹਨ। ਉਨ੍ਹਾਂ ਕਿਹਾ ਕਿ ਉੜੀਸਾ ਦੇ ਬਾਲਾਸੌਰ ਰੇਲ ਹਾਦਸੇ 'ਚ ਪੱਛਮੀ ਬੰਗਾਲ ਦੇ 61 ਵਿਅਕਤੀ ਮਾਰੇ ਗਏ ਅਤੇ 182 ਅਜੇ ਵੀ ਲਾਪਤਾ ਹਨ। ਮਮਤਾ ਨੇ ਕਿਹਾ ਕਿ ਜੇਕਰ ਸਿਰਫ ਇਕ ਸੂਬੇ ਦੇ ਪੀੜਤਾਂ ਦੀ ਗਿਣਤੀ ਇੰਨੀ ਹੈ ਤਾਂ ਅੰਕੜਾ ਕੀ ਹੋਵੇਗਾ।

## ਮ੍ਰਿਤਕਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਦੇਵੇਗਾ ਅਡਾਨੀ ਗਰੁੱਪ

**ਨਵੀਂ ਦਿੱਲੀ:** ਅਰਬਪਤੀ ਗੌਤਮ ਅਡਾਨੀ ਨੇ ਉਨ੍ਹਾਂ ਬੱਚਿਆਂ ਨੂੰ ਸਕੂਲੀ ਸਿੱਖਿਆ ਮੁਫਤ 'ਚ ਪ੍ਰਦਾਨ ਕਰਨ ਦੀ ਪੇਸ਼ਕਸ਼ ਕੀਤੀ ਹੈ ਜਿਨ੍ਹਾਂ ਦੇ ਮਾਪੇ ਰੇਲ ਹਾਦਸੇ 'ਚ ਮਾਰੇ ਗਏ ਹਨ। ਅਡਾਨੀ ਨੇ ਟਵੀਟ ਕਰਕੇ ਕਿਹਾ ਕਿ ਉੜੀਸਾ 'ਚ ਵਾਪਰਿਆ ਰੇਲ ਹਾਦਸਾ ਬਹੁਤ ਪਰੇਸ਼ਾਨ ਕਰਨ ਵਾਲਾ ਹੈ। ਉਸ ਨੇ ਕਿਹਾ ਕਿ ਬੱਚਿਆਂ ਨੂੰ ਬਿਹਤਰ ਭਵਿੱਖ ਦੇਣ ਲਈ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਹਰ ਸੰਭਵ ਸਹਾਇਤਾ ਕਰਨਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

## ਅਜੈ ਬੰਗਾ ਨੇ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਅਜੈ ਬੰਗਾ ਨੇ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਵਿਸ਼ਵ ਬੈਂਕ ਦੇ ਕਾਰਜਕਾਰੀ ਡਾਇਰੈਕਟਰਾਂ ਵੱਲੋਂ ਤਿੰਨ ਮਈ ਨੂੰ ਬੰਗਾ (63) ਨੂੰ ਵਿਸ਼ਵ ਬੈਂਕ ਦੇ 14ਵੇਂ ਪ੍ਰਧਾਨ ਵਜੋਂ ਪੰਜ ਸਾਲ ਲਈ ਚੁਣਿਆ ਗਿਆ ਸੀ।



ਫਰਵਰੀ ਵਿਚ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਸੀ ਕਿ ਅਮਰੀਕਾ, ਬੰਗਾ ਨੂੰ ਵਿਸ਼ਵ ਬੈਂਕ ਦੀ ਨਿਗਰਾਨੀ ਕਰਨ ਲਈ ਨਿਯੁਕਤ ਕਰੇਗਾ। ਬੈਂਕ ਦੇ ਮੁੱਖ ਦਫਤਰ ਵਿਚ ਬੰਗਾ ਦੇ ਦਾਖਲ ਹੋਣ ਦੀ ਤਸਵੀਰ ਸਾਂਝੀ ਕਰਦਿਆਂ ਵਿਸ਼ਵ ਬੈਂਕ ਨੇ ਟਵੀਟ ਕੀਤਾ, 'ਵਿਸ਼ਵ ਬੈਂਕ ਗਰੁੱਪ ਦੇ ਪ੍ਰਧਾਨ ਵਜੋਂ ਅਜੈ ਬੰਗਾ ਦਾ ਸਵਾਗਤ ਕਰਨ ਲਈ ਸਾਡੇ ਨਾਲ ਸ਼ਾਮਲ ਹੋਵੇ। ਅਸੀਂ ਵਿਸ਼ਵ ਨੂੰ ਗਰੀਬੀ ਮੁਕਤ ਬਣਾਉਣ ਦੀ ਵਚਨਬੱਧ ਹਾਂ।' ਕੌਮਾਂਤਰੀ ਮੁਦਰਾ ਫੰਡ ਦੀ ਐੱਮਡੀ ਕ੍ਰਿਸਟਾਲੀਨਾ ਜੌਰਜੀਵਾ ਨੇ ਟਵੀਟ ਕੀਤਾ ਕਿ ਨਵੀਂ ਜ਼ਿੰਮੇਵਾਰੀ ਸੰਭਾਲਣ ਲਈ ਮੈਂ ਅਜੈ ਬੰਗਾ ਨੂੰ ਸ਼ੁੱਭਕਾਮਨਾਵਾਂ ਦਿੰਦੀ ਹਾਂ।

## ਰੂਸ ਵੱਲੋਂ ਛੇੜੀ ਜੰਗ 'ਚ ਤਕਰੀਬਨ 500 ਬੱਚੇ ਮਾਰੇ ਗਏ: ਜ਼ੇਲੈਂਸਕੀ

**ਕੀਵ:** ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਰੂਸ ਵੱਲੋਂ ਛੇੜੀ ਗਈ ਜੰਗ, ਜੋ ਕਿ ਹੁਣ 16ਵੇਂ ਮਹੀਨੇ ਵਿਚ ਹੈ, ਕਾਰਨ ਹੁਣ ਤੱਕ ਕਰੀਬ 500 ਬੱਚੇ ਮਾਰੇ ਗਏ ਹਨ। ਜ਼ੇਲੈਂਸਕੀ ਨੇ ਇਹ ਜਾਣਕਾਰੀ ਉਸ ਵੇਲੇ ਦਿੱਤੀ ਜਦ ਬਚਾਅ ਕਰਮੀਆਂ ਨੂੰ ਇਕ ਦੋ ਸਾਲਾਂ ਦੀ ਬੱਚੀ ਦੀ ਦੇਹ ਬਰਾਮਦ ਹੋਈ ਜੋ ਕਿ ਰੂਸੀ ਹਮਲੇ ਵਿਚ ਮਾਰੀ ਗਈ ਹੈ। ਰਾਸ਼ਟਰਪਤੀ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਰੂਸੀ ਹਥਿਆਰ ਤੇ ਨਫਰਤ ਰੋਜ਼ਾਨਾ ਯੂਕਰੇਨੀ ਬੱਚਿਆਂ ਦੀ ਜ਼ਿੰਦਗੀ ਨੂੰ ਤਬਾਹ ਕਰ ਰਹੇ ਹਨ। ਜ਼ੇਲੈਂਸਕੀ ਨੇ ਨਾਲ ਹੀ ਕਿਹਾ ਕਿ ਜੰਗ ਕਾਰਨ ਮਾਰੇ ਗਏ ਬੱਚਿਆਂ ਦੀ ਸਹੀ ਗਿਣਤੀ ਦੱਸਣੀ ਮੁਸ਼ਕਲ ਹੈ ਕਿਉਂਕਿ ਕਈ ਇਲਾਕੇ ਰੂਸ ਦੇ ਕਬਜ਼ੇ ਹੇਠ ਹਨ। ਰਾਸ਼ਟਰਪਤੀ ਨੇ ਕਿਹਾ, 'ਸਾਨੂੰ ਇਹ ਜੰਗ ਜਿੱਤਣੀ ਪਏਗੀ ਤੇ ਰੂਸ ਦੀ ਦਹਿਸ਼ਤ ਤੋਂ ਆਜ਼ਾਦ ਹੋਣਾ ਪਏਗਾ।' ਬਚਾਅ ਕਰਮੀਆਂ ਨੂੰ ਦੋ ਸਾਲਾ ਬੱਚੀ ਦੀ ਮ੍ਰਿਤਕ ਦੇਹ ਡੀਨਿਪਰੋ ਸ਼ਹਿਰ ਦੀ ਇਕ ਰਿਹਾਇਸ਼ੀ ਇਮਾਰਤ ਦੇ ਮਲਬੇ ਹੇਠੋਂ ਲੱਭੀ ਹੈ। ਵੇਰਵਿਆਂ ਮੁਤਾਬਕ ਰੂਸੀ ਹਮਲੇ ਵਿਚ 22 ਲੋਕ ਜ਼ਖਮੀ ਹੋਏ ਸਨ ਜਿਨ੍ਹਾਂ ਵਿਚ ਪੰਜ ਬੱਚੇ ਵੀ ਸਨ। ਇਸ ਹਮਲੇ 'ਚ ਦੋ ਰਿਹਾਇਸ਼ੀ ਇਮਾਰਤਾਂ ਨੂੰ ਨੁਕਸਾਨ ਪੁੱਜਾ ਸੀ।



## ਵੈਨਕੂਵਰ ਵਿਚ ਸੜਕ ਦਾ ਨਾਮ 'ਕਾਮਾਗਾਟਾਮਾਰੂ ਵੇਅ' ਰੱਖਿਆ

**ਵੈਨਕੂਵਰ**: ਵੈਨਕੂਵਰ ਸਿਟੀ ਕੌਂਸਲ ਨੇ ਮਤਾ ਪਾਸ ਕਰ ਕੇ ਬੁਰਾਰਡ ਸਟਰੀਟ ਤੋਂ ਕੈਨੇਡਾ ਪਲੇਸ ਤੱਕ ਜਾਂਦੀ ਸੜਕ ਦਾ ਨਾਂ ਬਦਲ ਕੇ 'ਕਾਮਾਗਾਟਾਮਾਰੂ ਵੇਅ' ਰੱਖ ਦਿੱਤਾ ਹੈ। ਇਸ ਸਬੰਧੀ ਅਕਤੂਬਰ ਤੱਕ ਸਾਰੇ ਸਾਈਨ ਬੋਰਡ ਬਦਲ ਦਿੱਤੇ ਜਾਣਗੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਟੀ ਮੇਅਰ ਕੈਨ ਸਿਮ ਨੇ 1914 'ਚ ਵਾਪਰੇ ਇਸ ਦੁਖਾਂਤ ਨੂੰ ਮੰਦਭਾਗਾ ਆਖਦਿਆਂ ਕੌਂਸਲ 'ਚ ਮੁਆਫੀ ਮਤਾ ਪੇਸ਼ ਕੀਤਾ, ਜੋ ਨਾਂਅ ਬਦਲੀ ਮਤੇ ਵਾਂਗ ਸਰਬਸੰਮਤੀ ਨਾਲ ਪਾਸ ਹੋ ਗਿਆ।

ਮੇਅਰ ਨੇ ਕਿਹਾ ਕਿ ਜਹਾਜ਼ ਨੂੰ ਵਾਪਸ ਮੋੜਨਾ ਇਤਿਹਾਸਕ ਗਲਤੀ ਸੀ, ਜਿਸ ਦਾ ਖਮਿਆਜ਼ਾ ਬਾਅਦ ਵਿਚ ਦੇਸ਼ ਨੂੰ ਭੁਗਤਣਾ ਪਿਆ। ਉਨ੍ਹਾਂ ਦਾ ਇਸ਼ਾਰਾ ਪੰਜਾਬੀਆਂ ਦੇ ਮਿਹਨਤੀ ਅਤੇ ਜ਼ੋਖਮ ਲੈਣ ਦੇ ਸੁਭਾਅ ਵੱਲ ਸੀ। ਇੱਥੇ ਦੱਸਣਾ ਬਣਦਾ ਹੈ ਕਿ 1914 ਵਿਚ 376 ਭਾਰਤੀ ਯਾਤਰੀਆਂ, ਜਿਨ੍ਹਾਂ 'ਚ ਬਹੁਤੇ ਪੰਜਾਬੀ ਸਨ, ਲੈ ਕੇ ਆਏ ਕਾਮਾਗਾਟਾਮਾਰੂ ਨਾਂ ਦੇ ਜਹਾਜ਼ ਨੂੰ ਤਤਕਾਲੀ ਕੈਨੇਡਾ ਸਰਕਾਰ ਨੇ ਵੈਨਕੂਵਰ ਬੰਦਰਗਾਹ ਉੱਤੇ ਲੱਗਣ ਨਹੀਂ ਦਿੱਤਾ ਸੀ ਅਤੇ ਦੋ ਮਹੀਨੇ ਬਾਅਦ ਵਾਪਸ ਮੋੜ ਦਿੱਤਾ ਗਿਆ ਸੀ।




ਮੁਸਾਫਰਾਂ ਸਮੇਤ ਜਹਾਜ਼ ਜਦ ਵਾਪਸ ਕੋਲਕਾਤਾ ਬੰਦਰਗਾਹ ਉੱਤੇ ਲੱਗਿਆ ਤਾਂ ਸਰਕਾਰ ਵੱਲੋਂ ਗੋਲੀਆਂ ਚਲਵਾਈਆਂ ਗਈਆਂ ਜਿਸ ਕਾਰਨ ਕਰੀਬ 20 ਯਾਤਰੀ ਮਾਰੇ ਗਏ ਸਨ। ਵੈਨਕੂਵਰ ਵਿਚ ਉਸ ਥਾਂ ਨੇੜੇ ਕੁਝ ਸਾਲ ਪਹਿਲਾਂ ਯਾਦਗਾਰੀ ਸਥਾਨ ਬਣਾਇਆ ਗਿਆ ਸੀ।

## ਭਾਰਤੀ ਵਿਦਿਆਰਥਣ ਹਰਮਨਦੀਪ ਕੌਰ ਦੇ ਕਾਤਲ 'ਤੇ ਚੱਲੇਗਾ ਮੁਕੱਦਮਾ

**ਟੋਰਾਂਟੋ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ 2022 ਵਿਚ ਭਾਰਤੀ ਵਿਦਿਆਰਥਣ ਦੀ ਹੱਤਿਆ ਦੇ ਮੁਲਜ਼ਮ 'ਤੇ ਕਤਲ ਦੇ ਦੋਸ਼ ਵਿਚ ਮੁਕੱਦਮਾ ਚੱਲੇਗਾ। ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਓਕਾਨਾਗਨ ਕੈਂਪਸ ਵਿਚ 24 ਸਾਲਾ ਹਰਮਨਦੀਪ ਕੌਰ ਉਤੇ 26 ਫਰਵਰੀ 2022 ਨੂੰ ਹੋਏ ਹਮਲੇ ਤੋਂ ਬਾਅਦ 23 ਸਾਲਾ ਡੈਂਟੇ ਓਗਨੀਬੇਨ-ਹੇਬਰਨ ਨੂੰ ਮਾਨਸਿਕ ਸਿਹਤ ਕਾਨੂੰਨ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਮਹੀਨੇ ਬਾਅਦ ਉਸ ਉਤੇ ਕਤਲ ਦਾ ਦੋਸ਼ ਲਗਾਇਆ ਗਿਆ ਸੀ ਅਤੇ ਉਦੋਂ ਤੋਂ ਉਹ ਹਿਰਾਸਤ ਵਿਚ ਹੈ। ਗਲੋਬਲ ਨਿਊਜ਼ ਨੇ ਰਿਪੋਰਟ ਦਿੱਤੀ ਕਿ ਹੁਣ ਮੁਕੱਦਮੇ ਦੀ ਤਰੀਕ ਤੈਅ ਕਰਨ ਲਈ ਉਸ ਦੇ 12 ਜੂਨ ਨੂੰ ਅਦਾਲਤ ਵਿਚ ਮੁੜ ਹਾਜਰ ਹੋਣ ਦੀ ਉਮੀਦ ਹੈ। ਹਰਮਨਦੀਪ ਕੌਰ ਪੜ੍ਹਾਈ ਦੇ ਨਾਲ-ਨਾਲ ਕੋਲੰਬੀਆ ਯੂਨੀਵਰਸਿਟੀ ਦੇ ਓਕਾਨਾਗਨ ਕੈਂਪਸ ਵਿਚ ਸੁਰੱਖਿਆ ਗਾਰਡ ਵੀ ਸੀ, ਜਦੋਂ ਉਸ ਉੱਤੇ ਜਾਨਲੇਵਾ ਹਮਲਾ ਹੋਇਆ ਸੀ। ਉਹ ਕੈਨੇਡਾ ਵਿਚ ਪੰਜ ਸਾਲਾਂ ਤੋਂ ਰਹਿ ਰਹੀ ਸੀ ਅਤੇ ਪੈਰਾਮੈਡਿਕ ਬਣਨ ਦੀ ਇੱਛਾ ਰੱਖਦੀ ਸੀ। ਉਸ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ ਨੂੰ ਆਪਣੀ ਮੌਤ ਤੋਂ ਕੁਝ ਹਫਤੇ ਪਹਿਲਾਂ ਹੀ ਆਪਣਾ ਪੱਕਾ ਰਿਹਾਇਸ਼ੀ ਕਾਰਡ ਮਿਲਿਆ ਸੀ।

## ਰਾਹੁਲ ਗਾਂਧੀ ਨੇ ਸਿੱਖਾਂ ਨਾਲ ਹੋਈ ਵਧੀਕੀ ਬਾਰੇ ਦੁੱਖ ਪ੍ਰਗਟਾਇਆ

**ਨਿਊ ਯਾਰਕ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਇਥੇ ਸਿੱਖ ਪ੍ਰਤੀਨਿਧ ਮੰਡਲ ਨਾਲ ਗੱਲਬਾਤ ਕਰਦਿਆਂ '84 ਵਿਚ ਸਿੱਖਾਂ ਨਾਲ ਹੋਈ ਵਧੀਕੀ ਬਾਰੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਗਾਂਧੀ ਪਰਿਵਾਰ ਦੇ ਸਿੱਖਾਂ ਨਾਲ ਹਮੇਸ਼ਾ ਡੂੰਘੇ ਸਬੰਧ ਰਹੇ ਹਨ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਮੈਂ ਉਸ ਸਮੇਂ ਬੱਚਾ ਸੀ, ਸਾਰੀਆਂ ਗੱਲਾਂ ਨਹੀਂ ਸੀ ਸਮਝਦਾ ਪਰ ਅਪਰੇਸ਼ਨ ਬਲਿਊ ਸਟਾਰ ਤੋਂ ਅਗਲੇ ਦਿਨ ਮੈਂ ਆਪਣੀ ਦਾਦੀ (ਇੰਦਰਾ ਗਾਂਧੀ) ਨੂੰ ਅੱਥਰੂ ਕੇਰਦਿਆਂ ਦੇਖਿਆ ਸੀ।



ਵੇਰਵਿਆਂ ਅਨੁਸਾਰ ਇਥੇ ਪੱਤਰਕਾਰ ਬਲਦੇਵ ਸਿੰਘ ਗਰੇਵਾਲ ਅਤੇ ਸਿੱਖ ਆਗੂ ਮਾਸਟਰ ਮਹਿੰਦਰ ਸਿੰਘ ਦੀ ਅਗਵਾਈ ਵਿਚ ਸਿੱਖ ਪ੍ਰਤੀਨਿਧ ਮੰਡਲ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਅਪਰੇਸ਼ਨ ਬਲਿਊ ਸਟਾਰ ਕਾਰਨ ਪੰਜਾਬ ਵਿਚ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਸਰਕਾਰ ਨੇ ਜੋ ਕੇਂਦਰੀ ਬਲ ਭੇਜੇ ਸਨ, ਉਸ ਦਾ ਸਮੁੱਚਾ ਖਰਚਾ ਪੰਜਾਬ ਸਿਰ ਕਰਜ਼ੇ ਦੇ ਰੂਪ ਵਿਚ ਕਿਉਂ ਪਾਇਆ ਗਿਆ ਜਦੋਂਕਿ ਇਹ ਕੇਂਦਰ ਦਾ ਮਸਲਾ ਸੀ? ਰਾਹੁਲ ਗਾਂਧੀ ਨੇ ਭਰੋਸਾ ਦਿੱਤਾ ਕਿ ਕਾਂਗਰਸ ਦੀ ਸਰਕਾਰ ਆਉਣ 'ਤੇ ਇਸ ਬਾਰੇ ਵਿਚਾਰ ਕੀਤਾ ਜਾਵੇਗਾ। ਜੇ ਸਿਰਫ ਪੰਜਾਬ ਨਾਲ ਹੀ ਅਜਿਹਾ ਹੋਇਆ ਹੈ ਤਾਂ ਇਹ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ। ਇਸ ਮੌਕੇ ਸ੍ਰੀ ਗਾਂਧੀ ਨਾਲ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਤਰੋਦਾ ਤੇ ਯੂ.ਐੱਸ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਵੀ ਮੌਜੂਦ ਸਨ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਉਹ ਗੁਰੂ ਨਾਨਕ ਦੇਵ ਤੇ ਹੋਰਨਾਂ ਸਿੱਖ ਗੁਰੂਆਂ ਤੋਂ ਬਹੁਤ ਪ੍ਰਭਾਵਿਤ ਹਨ। ਸਟੈਨਫੋਰਡ ਯੂਨੀਵਰਸਿਟੀ ਵਿਚ ਉਨ੍ਹਾਂ ਦੇ ਕਥਨ ਦਾ ਕੁਝ ਹਲਕਿਆਂ ਵਿਚ ਗਲਤ ਅਰਥ ਸਮਝਿਆ ਗਿਆ ਸੀ। ਸ੍ਰੀ ਗਾਂਧੀ ਨੇ ਸਪੱਸ਼ਟ ਕੀਤਾ ਕਿ ਉਹ ਗੁਰੂ ਸਾਹਿਬਾਨ ਦੇ ਚਰਨਾਂ ਦੀ ਧੂੜ ਬਰਾਬਰ ਵੀ ਨਹੀਂ ਹਨ। ਸਿੱਖ ਗੁਰੂ ਦੀਆਂ ਉਦਾਸੀਆਂ ਤੋਂ ਪ੍ਰੇਰਣਾ ਲੈ ਕੇ ਹੀ ਭਾਰਤ ਜੋੜੋ ਯਾਤਰਾ ਕੀਤੀ ਸੀ। ਸਿੱਖ ਪ੍ਰਤੀਨਿਧ ਮੰਡਲ ਨੇ ਰਾਹੁਲ ਗਾਂਧੀ ਦਾ ਧਿਆਨ ਵਿਚ ਲਿਆਂਦਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਕੇਂਦਰ ਵੱਲੋਂ ਕੋਈ ਵੱਡੀ ਸਨਅਤ ਨਹੀਂ ਲਗਾਈ ਗਈ। ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਪੈਦਾ ਕੀਤੇ ਗਏ ਹਨ ਜਿਸ ਕਾਰਨ ਵੱਡੇ ਪੱਧਰ 'ਤੇ ਪਰਵਾਸ ਹੋਇਆ ਹੈ। ਇਸ ਦਾ ਹੋਰਨਾਂ ਦੇਸਾਂ ਨੂੰ ਬਹੁਤ ਲਾਭ ਹੋਇਆ ਹੈ। ਇਸ ਬਾਰੇ ਰਾਹੁਲ ਗਾਂਧੀ ਨੇ ਕਿਹਾ ਕਿ ਪੰਜਾਬ ਭਾਰਤ ਦਾ ਅਨਿੱਖੜਵਾਂ ਅੰਗ ਹੈ। ਪੰਜਾਬ ਤੋਂ ਬਗੈਰ ਭਾਰਤ ਕੁਝ ਵੀ ਨਹੀਂ ਹੈ। ਪੰਜਾਬ ਦੀ ਤਰੱਕੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

## ਦੇਸ਼ ਦੇ ਲੋਕ ਭਾਜਪਾ ਦੀ ਨਫਰਤੀ ਵਿਚਾਰਧਾਰਾ ਨੂੰ ਹਰਾਉਣਗੇ: ਰਾਹੁਲ

**ਨਿਊ ਯਾਰਕ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਕਰਨਾਟਕ ਚੋਣਾਂ ਵਿਚ ਮਿਲੀ ਜਿੱਤ ਤੋਂ ਬਾਅਦ ਉਨ੍ਹਾਂ ਦੀ ਪਾਰਟੀ ਹੁਣ ਭਾਜਪਾ ਦਾ ਤਿਲੰਗਾਨਾ ਤੇ ਹੋਰਾਂ ਸੂਬਾਈ ਚੋਣਾਂ ਵਿਚ ਵੀ 'ਸਫਾਇਆ ਕਰੇਗੀ।' ਉਨ੍ਹਾਂ ਕਿਹਾ ਕਿ ਇਹ ਕਾਂਗਰਸ ਪਾਰਟੀ ਨਹੀਂ, ਬਲਕਿ ਭਾਰਤ ਦੇ ਲੋਕ ਹਨ ਜੋ ਭਾਜਪਾ ਦੀ ਨਫਰਤ ਨਾਲ ਭਰੀ ਵਿਚਾਰਧਾਰਾ ਨੂੰ ਹਰਾਉਣ ਜਾ ਰਹੇ ਹਨ। ਇੱਥੇ ਇੰਡੀਅਨ ਓਵਰਸੀਜ਼ ਕਾਂਗਰਸ-ਯੂ.ਐਸ.ਏ. ਵੱਲੋਂ ਕਰਵਾਏ ਇਕ ਸਮਾਗਮ ਵਿਚ ਰਾਹੁਲ ਨੇ ਕਿਹਾ, 'ਅਸੀਂ ਕਰਨਾਟਕ ਵਿਚ ਦਿਖਾਇਆ ਹੈ ਕਿ ਅਸੀਂ ਭਾਜਪਾ ਨੂੰ ਹਰਾ ਸਕਦੇ ਹਾਂ...ਅਸੀਂ ਉਨ੍ਹਾਂ ਨੂੰ ਹਰਾਇਆ ਹੀ ਨਹੀਂ...ਬਲਕਿ ਉਨ੍ਹਾਂ ਦਾ ਸਫਾਇਆ ਕੀਤਾ ਹੈ।'

# ਪਿਛਲੇ ਪੰਜ ਸਾਲਾਂ ਵਿਚ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਵਧੀ



**ਨਵੀਂ ਦਿੱਲੀ:** ਵਿਗਿਆਨ ਤੇ ਵਾਤਾਵਰਨ ਕੇਂਦਰ (ਸੀ.ਐਸ.ਈ.) ਵੱਲੋਂ ਜਾਰੀ ਤਾਜ਼ਾ ਰਿਪੋਰਟ ਵਿਚ ਖ਼ੁਲਾਸਾ ਹੋਇਆ ਹੈ ਕਿ 2021 ਵਿਚ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਵਿਚ ਸਭ ਤੋਂ ਵੱਧ ਹੈ। ਹਾਲਾਂਕਿ ਕੇਂਦਰ ਸਰਕਾਰ ਵਾਰ-ਵਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕਰ ਰਹੀ ਹੈ, ਪਰ ਕਿਸਾਨ ਖੇਤੀ ਨਾਲ ਆਪਣਾ ਗੁਜ਼ਾਰਾ ਤੋਰਨ ਵਿਚ ਸਫਲ ਨਹੀਂ ਹੋ ਸਕੇ ਹਨ ਤੇ ਖ਼ੁਦਕੁਸ਼ੀਆਂ ਕਰ ਰਹੇ ਹਨ। ਵੇਰਵਿਆਂ ਮੁਤਾਬਕ 2021 ਵਿਚ ਖੇਤੀ ਖੇਤਰ ਨਾਲ ਜੁੜੇ ਕੁੱਲ 10,881 ਲੋਕਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ।

ਉਦਾਸ ਕਰਨ ਵਾਲੇ ਤੱਥ ਹਨ ਕਿ 2021 ਵਿਚ ਹਰ ਰੋਜ਼ ਕਰੀਬ 30 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਖ਼ੁਦਕੁਸ਼ੀਆਂ ਕਰਨੀਆਂ ਪਈਆਂ ਹਨ। 2020-21 ਵਿਚਾਲੇ ਨੌਂ ਸੂਬਿਆਂ ਵਿਚ ਕਿਸਾਨ ਖ਼ੁਦਕੁਸ਼ੀਆਂ ਵਧੀਆਂ ਹਨ। ਅਸਾਮ ਵਿਚ ਇਸ ਵਕਫ਼ੇ ਦੌਰਾਨ ਖ਼ੁਦਕੁਸ਼ੀਆਂ ਵਿਚ ਕਰੀਬ 13 ਗੁਣਾ ਦਾ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ ਕੌਮੀ ਅਪਰਾਧ ਰਿਕਾਰਡ ਬਿਊਰੋ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਪਿਛਲੇ ਕਾਰਨਾਂ ਬਾਰੇ ਚੁੱਪ ਹੈ। 2016-17 ਵਿਚ ਸਰਕਾਰ ਦੀ ਇਕ ਰਿਪੋਰਟ ਵਿਚ ਇਸ ਦੇ ਤਿੰਨ ਕਾਰਨ ਦੱਸੇ ਗਏ ਹਨ, ਜਿਨ੍ਹਾਂ ਵਿਚ ਮਾਨਸੂਨ ਦੇ ਅੱਗੇ-ਪਿੱਛੇ ਹੋਣ ਕਾਰਨ ਵਾਰ-ਵਾਰ ਫਸਲ ਖਰਾਬ ਹੋਣਾ, ਜਲ ਸਰੋਤਾਂ ਦੀ ਘਾਟ ਤੇ ਨਦੀਨਾਂ ਦੇ ਹਮਲੇ/ਬੀਮਾਰੀਆਂ ਆਦਿ ਸ਼ਾਮਲ ਹਨ।

ਦੱਸਣਯੋਗ ਹੈ ਕਿ ਖੇਤੀਬਾੜੀ ਬਾਰੇ ਇਕ ਸੰਸਦੀ ਕਮੇਟੀ ਨੇ ਇਸੇ ਸਾਲ 23 ਮਾਰਚ ਨੂੰ ਸੰਸਦ ਵਿਚ 'ਚ ਕਿਹਾ ਸੀ ਕਿ ਸਰਕਾਰ 2022 ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਟੀਚੇ ਤੋਂ ਦੂਰ ਹੈ। ਕਮੇਟੀ ਨੇ ਕਿਹਾ ਸੀ ਕਿ ਖੇਤੀਬਾੜੀ ਕਰਨ ਵਾਲੇ ਪਰਿਵਾਰਾਂ ਦੀ ਮਹੀਨਾਵਾਰ ਆਮਦਨੀ 2015-16 ਵਿਚ 8059 ਰੁਪਏ ਤੋਂ ਵਧ ਕੇ 2018-19 ਵਿਚ 10,218 ਹੋ ਗਈ ਹੈ। ਮਹਾਰਾਸ਼ਟਰ ਵਿਚ ਸੰਨ 2021 ਵਿਚ ਸਭ ਤੋਂ ਵੱਧ ਖ਼ੁਦਕੁਸ਼ੀਆਂ ਹੋਈਆਂ ਹਨ। ਇਥੇ 4064 ਕਿਸਾਨਾਂ ਤੇ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਇਸ ਤੋਂ ਬਾਅਦ ਕਰਨਾਟਕ (2169 ਖ਼ੁਦਕੁਸ਼ੀਆਂ) ਤੇ ਮੱਧ ਪ੍ਰਦੇਸ਼ (671) ਵਿਚ ਸਭ ਤੋਂ ਵੱਧ ਅਜਿਹੇ ਮਾਮਲੇ ਮਿਲੇ ਹਨ। ਪੰਜਾਬ ਵਿਚ 2021 ਵਿਚ ਅਜਿਹੀਆਂ 270 ਖ਼ੁਦਕੁਸ਼ੀਆਂ ਹੋਈਆਂ ਹਨ। ਖੇਤੀ ਮਾਹਿਰ ਦਵਿੰਦਰ ਸ਼ਰਮਾ ਨੇ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਹੀ ਮੁੱਲ ਨਹੀਂ ਮਿਲ ਰਿਹਾ ਹੈ। ਉਹ ਪਹਿਲਾਂ ਹੀ ਕਰਜ਼ੇ ਦੇ ਜਾਲ ਵਿਚ ਫਸੇ ਹੋਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਿੱਧੀ ਸਹਾਇਤਾ ਵਧਾ ਕੇ ਕਿਸਾਨਾਂ ਦਾ ਬੋਝ ਹਲਕਾ ਕਰਨਾ ਚਾਹੀਦਾ ਹੈ।

## ਪਾਣੀ ਸੰਕਟ ਦੇ ਹੱਲ ਲਈ ਡਟੀਆਂ ਕਿਸਾਨ ਜਥੇਬੰਦੀਆਂ

**ਚੰਡੀਗੜ੍ਹ:** ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਅਤੇ ਬੀ.ਕੇ.ਯੂ. (ਏਕਤਾ ਆਜ਼ਾਦ) ਵੱਲੋਂ 11 ਥਾਵਾਂ 'ਤੇ ਨਹਿਰੀ ਵਿਭਾਗ ਦੇ ਦਫਤਰਾਂ ਅੱਗੇ ਮੋਰਚੇ ਜਾਰੀ ਰੱਖੇ। ਜਥੇਬੰਦੀਆਂ ਦੇ ਆਗੂਆਂ ਸੁਖਵਿੰਦਰ ਸਿੰਘ ਸਭਰਾ, ਰਾਣਾ ਰਣਬੀਰ ਸਿੰਘ ਤੇ ਹੋਰ ਬੁਲਾਰਿਆਂ ਨੇ ਕਾਰਪੋਰੇਟ ਫੈਕਟਰੀਆਂ ਵੱਲੋਂ ਅਣਸੋਧਿਆ ਪਾਣੀ ਸੁੱਟ ਕੇ ਲਗਾਤਾਰ ਗੰਧਲੇ ਕੀਤੇ ਜਾ ਰਹੇ ਅਤੇ ਧਰਤੀ ਹੇਠਲੇ ਪਾਣੀ ਦੇ ਘੱਟ ਰਹੇ ਪੱਧਰ ਦੇ ਸੰਕਟ ਸਮੇਤ ਪਾਣੀ ਨਾਲ ਸਬੰਧਤ ਹੋਰ ਮਸਲਿਆਂ ਦੇ ਸਥਾਈ ਹੱਲ ਦੀ ਮੰਗ ਕੀਤੀ। ਬੁਲਾਰਿਆਂ ਨੇ ਕਿਹਾ ਕਿ ਧਰਤੀ ਹੇਠ ਅਤੇ ਦਰਿਆਵਾਂ ਵਿਚ ਖਤਰਨਾਕ ਕੈਮੀਕਲ ਵਾਲਾ ਪਾਣੀ ਪਾਉਣ ਵਾਲੀਆਂ ਫੈਕਟਰੀਆਂ ਖ਼ਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇ। ਕਿਸਾਨ ਜਥੇਬੰਦੀਆਂ ਫੈਕਟਰੀਆਂ ਵਿਰੁੱਧ ਨਹੀਂ ਹਨ ਪਰ ਉਹ ਪਾਣੀ ਦੂਸ਼ਿਤ ਕਰਨ ਵਾਲੇ ਕਿਸੇ ਵੀ ਅਦਾਰੇ ਦੇ ਖ਼ਿਲਾਫ਼ ਹਨ।

## ਨਸ਼ਾ ਤਸਕਰਾਂ ਦੇ ਟਿਕਾਣਿਆਂ 'ਤੇ ਛਾਪੇ



**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰੀ ਵਿਚ ਸ਼ਾਮਲ ਵਿਅਕਤੀਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਦੇ ਮਕਸਦ ਨਾਲ ਸੂਬਾ ਪੱਧਰੀ ਮੁਹਿੰਮ 'ਓ.ਪੀ.ਐਸ. ਕਲੀਨ' ਸ਼ੁਰੂ ਕੀਤੀ ਗਈ ਹੈ। ਵਿਸ਼ੇਸ਼ ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਸਵੇਰ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਨਸ਼ਾ ਤਸਕਰਾਂ ਨਾਲ ਜੁੜੇ ਟਿਕਾਣਿਆਂ/ਘਰਾਂ 'ਤੇ ਛਾਪੇ ਮਾਰੇ ਗਏ।

ਇਸ ਦੌਰਾਨ 5,500 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਸ਼ਮੂਲੀਅਤ ਵਾਲੀਆਂ 650 ਪੁਲਿਸ ਟੀਮਾਂ ਵੱਲੋਂ ਨਸ਼ਾ ਤਸਕਰਾਂ ਨਾਲ ਸਬੰਧਤ 2,247 ਥਾਵਾਂ 'ਤੇ ਛਾਪੇ ਮਾਰੇ ਗਏ ਅਤੇ 2,125 ਘਰਾਂ ਦੀ ਤਲਾਸ਼ੀ ਲਈ ਗਈ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ 1.8 ਕਿਲੋ ਹੈਰੋਇਨ, 82 ਕਿਲੋ ਭੁੱਕੀ, 1 ਕਿਲੋ ਅਫੀਮ, 5.35 ਲੱਖ ਰੁਪਏ ਦੀ ਡਰੱਗ ਮਨੀ ਅਤੇ ਚਾਰ ਹਥਿਆਰ ਬਰਾਮਦ ਕਰਨ ਤੋਂ ਇਲਾਵਾ ਨਾਜਾਇਜ਼ ਸ਼ਰਾਬ, ਲਾਹਣ ਅਤੇ ਵਾਹਨ ਬਰਾਮਦ ਕੀਤੇ ਹਨ। ਇਸ ਸਬੰਧੀ 48 ਐਫ.ਆਈ.ਆਰਜ਼. ਦਰਜ ਕੀਤੀਆਂ ਗਈਆਂ ਹਨ। ਪੁਲਿਸ ਟੀਮਾਂ ਨੇ 78 ਮੋਬਾਈਲ ਫ਼ੋਨ ਵੀ ਜ਼ਬਤ ਕੀਤੇ ਹਨ, ਜਿਨ੍ਹਾਂ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਅਪ੍ਰੇਸ਼ਨ ਦੌਰਾਨ ਨਸ਼ਾ ਤਸਕਰੀ ਵਿਚ ਸ਼ਾਮਲ ਵਿਅਕਤੀਆਂ ਦੇ ਘਰਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ ਅਤੇ ਟੀਮਾਂ ਵੱਲੋਂ ਅਜਿਹੇ ਵਿਅਕਤੀਆਂ ਤੋਂ ਉਨ੍ਹਾਂ ਦੇ ਮੌਜੂਦਾ ਕਾਰੋਬਾਰ ਬਾਰੇ ਵੀ ਪੁੱਛ-ਪੜਤਾਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਘਰ ਵਿਚ ਮੌਜੂਦ ਤਸਕਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਬੈਂਕ ਵੇਰਵਿਆਂ ਅਤੇ ਵਿਦੇਸ਼ ਤੋਂ ਲੈਣ-ਦੇਣ ਦੀ ਵੀ ਜਾਂਚ ਕੀਤੀ।

## ਕਿਸਾਨ ਜਥੇਬੰਦੀਆਂ ਵੱਲੋਂ ਪਹਿਲਵਾਨਾਂ ਦੀ ਹਮਾਇਤ 'ਚ ਪ੍ਰਦਰਸ਼ਨ



ਚੰਡੀਗੜ੍ਹ: ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਪਹਿਲਵਾਨਾਂ ਦੀ ਹਮਾਇਤ 'ਚ 16 ਜ਼ਿਲ੍ਹਿਆਂ 'ਚ ਅਧਿਕਾਰੀਆਂ ਨੂੰ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਸੌਂਪੇ। ਇਸ ਮੌਕੇ ਵੱਡੀ ਗਿਣਤੀ ਵਿਚ ਔਰਤਾਂ, ਕਿਸਾਨ ਤੇ ਮਜ਼ਦੂਰ ਹਾਜ਼ਰ ਰਹੇ।

ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਹੈ ਕਿ ਪਹਿਲਵਾਨ ਖਿਡਾਰਨਾਂ ਦਾ ਜਿਣਸੀ ਸ਼ੋਸ਼ਣ ਕਰਨ ਵਾਲੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਤੁਰਤ ਗ੍ਰਿਫ਼ਤਾਰ ਕੀਤਾ ਜਾਵੇ। ਖਿਡਾਰਨਾਂ ਦੇ ਸ਼ਾਂਤਮਈ ਰੋਸ ਪ੍ਰਦਰਸ਼ਨ ਨੂੰ ਖਿੰਡਾਉਣ ਲਈ ਉਨ੍ਹਾਂ ਉੱਪਰ ਅਣਮਨੁੱਖੀ ਤਸ਼ੱਦਦ ਢਾਹੁਣ ਵਾਲੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਧਰਨਾਕਾਰੀਆਂ ਅਤੇ ਹੋਰ ਲੋਕਾਂ ਖ਼ਿਲਾਫ਼ ਦਰਜ ਝੂਠੇ ਕੇਸ ਰੱਦ ਕੀਤੇ ਜਾਣ ਅਤੇ ਉਨ੍ਹਾਂ ਦਾ ਚੁੱਕਿਆ ਗਿਆ ਟੈਂਟ ਤੇ ਹੋਰ ਸਾਮਾਨ ਤੁਰਤ ਵਾਪਸ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੰਤਰ ਮੰਤਰ ਜਨਤਕ ਮੈਦਾਨ ਵਿਚ ਸ਼ਾਂਤਮਈ ਜਨਤਕ ਰੋਸ ਪ੍ਰਦਰਸ਼ਨ ਕਰਨ ਦਾ ਸੰਵਿਧਾਨਕ ਜਮਹੂਰੀ ਅਧਿਕਾਰ ਬਹਾਲ ਕੀਤਾ ਜਾਵੇ।

ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹੀ 28 ਮਈ ਨੂੰ ਦੇਸ਼ ਦੀ ਸ਼ਾਨ ਇਨ੍ਹਾਂ ਕੁੜੀਆਂ 'ਤੇ ਜਬਰ ਢਾਹਿਆ ਗਿਆ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਦੇਸ਼ ਦੀਆਂ ਪਹਿਲਵਾਨ ਧੀਆਂ ਦੇ ਹੱਕ ਵਿਚ ਡਟ ਕੇ ਖੜ੍ਹੇ ਹਨ।

ਉਨ੍ਹਾਂ ਕਿਹਾ ਕਿ ਜਿਸ ਤਰਾਂ ਸਮੁੱਚੇ ਦੇਸ਼ ਦੇ ਕਿਸਾਨ ਮਜ਼ਦੂਰਾਂ ਅਤੇ ਲੋਕਾਂ ਨੇ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਦਿੱਲੀ 'ਚ ਕਿਸਾਨ ਅੰਦੋਲਨ ਕਰਕੇ ਕੇਂਦਰ ਨੂੰ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਕਰ ਦਿੱਤਾ ਸੀ, ਉਸੇ ਤਰਾਂ ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦਿਵਾਉਣ ਲਈ ਕਿਸੇ ਵੀ ਸੰਘਰਸ਼ ਤੋਂ ਪਿੱਛੇ ਨਹੀਂ ਹਟਾਂਗੇ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੀਆਂ ਧੀਆਂ ਨੇ ਮੈਡਲ ਜਿੱਤ ਕੇ ਦੇਸ਼ ਦਾ ਨਾਂ ਰੋਸ਼ਨ ਕੀਤਾ ਹੈ ਪਰ ਕੇਂਦਰ ਸਰਕਾਰ ਵੱਲੋਂ ਪੀੜਤ ਲੜਕੀਆਂ ਨੂੰ ਇਨਸਾਫ ਦਿਵਾਉਣ ਲਈ ਵੱਟੀ ਚੁੱਪ ਨਾਲ ਦੁਨੀਆਂ ਭਰ ਵਿਚ ਦੇਸ਼ ਦੇ ਅਕਸ ਨੂੰ ਢਾਹ ਲੱਗੀ ਹੈ।

# ਪੰਜਾਬ 'ਵਰਸਿਟੀ ਵਿਚ ਇਸ ਸੈਸ਼ਨ ਤੋਂ ਲਾਗੂ ਹੋਵੇਗੀ ਨਵੀਂ ਸਿੱਖਿਆ ਨੀਤੀ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਬਣਾਈ ਗਈ ਨਵੀਂ ਸਿੱਖਿਆ ਨੀਤੀ-2020 ਪੰਜਾਬ ਯੂਨੀਵਰਸਿਟੀ ਵਿਚ ਇਸੇ ਸੈਸ਼ਨ 2023-24 ਤੋਂ ਲਾਗੂ ਕਰ ਦਿੱਤੀ ਗਈ ਹੈ, ਜਦਕਿ ਐਫੀਲੀਏਟਿਡ ਕਾਲਜਾਂ ਵਿਚ ਇਹ ਨੀਤੀ ਅਗਲੇ ਅਕਾਦਮਿਕ ਸੈਸ਼ਨ 2024-25 ਤੋਂ ਲਾਗੂ ਹੋਵੇਗੀ।

ਇਹ ਫੈਸਲਾ ਇਥੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਹੋਈ ਸੈਨੇਟ ਦੀ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਬੰਧਕੀ ਬਲਾਕ ਦੇ ਬਾਹਰ ਪੰਜਾਬ ਤੇ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਵੱਲੋਂ ਨਵੀਂ ਸਿੱਖਿਆ ਨੀਤੀ-2020 ਨੂੰ ਰੱਦ ਕਰਨ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਮੀਟਿੰਗ ਵਿਚ ਜਾਣ ਵਾਲੇ ਸੈਨੇਟ ਮੈਂਬਰਾਂ ਨੂੰ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਸੈਂਟਰਲ ਐਡਮਿਸ਼ਨ ਪੋਰਟਲ ਰੱਦ ਕਰਵਾਉਣ ਤੇ ਵਿਦਿਆਰਥੀ ਜਥੇਬੰਦੀ ਐਸ.ਐਫ.ਐਸ. ਵੱਲੋਂ ਫੀਸ ਵਾਧੇ ਰੋਕਣ ਸਬੰਧੀ ਮੰਗ ਪੱਤਰ ਵੀ ਸੌਂਪੇ ਗਏ।




ਵਾਈਸ ਚਾਂਸਲਰ ਪ੍ਰੋ. ਰੇਣੂ ਵਿੱਗ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਨਵੀਂ ਸਿੱਖਿਆ ਨੀਤੀ 'ਤੇ ਖੁੱਲ੍ਹ ਕੇ ਬਹਿਸ ਹੋਈ, ਜਿਸ ਦਾ ਵਿਰੋਧ ਪ੍ਰਭਜੀਤ ਸਿੰਘ ਨੇ ਕੀਤਾ। ਦੂਜੇ ਪਾਸੇ ਜਗਦੀਪ ਸਿੰਘ, ਹਰਪ੍ਰੀਤ ਸਿੰਘ ਦੂਆ, ਡਾ. ਜਗਤਾਰ ਸਿੰਘ, ਪ੍ਰੋ. ਜਤਿੰਦਰ ਗਰੋਵਰ, ਡੀ.ਪੀ.ਐਸ. ਰੰਧਾਵਾ, ਡਾ. ਐਸ. ਐਸ. ਸੰਘਾ, ਰਵਿੰਦਰ ਬਿੱਲਾ, ਵਰਿੰਦਰ ਸਿੰਘ ਵਿੱਕੀ ਗਿੱਲ ਸਮੇਤ ਵੱਡੀ ਗਿਣਤੀ ਮੈਂਬਰਾਂ ਨੇ ਇਸ ਸਿੱਖਿਆ ਨੀਤੀ ਨੂੰ ਵਧੀਆ ਗਰਦਾਨਦਿਆਂ ਐਫੀਲੀਏਟਿਡ ਕਾਲਜਾਂ ਵਿਚ ਇਸ ਨੂੰ ਇਸੇ ਸੈਸ਼ਨ ਤੋਂ ਸ਼ੁਰੂ ਕਰਨ ਨੂੰ ਤੇਜ਼ੀ ਵਾਲਾ ਕਦਮ ਦੱਸਿਆ। ਉਨ੍ਹਾਂ ਖਦਸ਼ਾ ਵੀ ਜਤਾਇਆ ਗਿਆ ਕਿ ਇਸ ਦੇ ਲਾਗੂ ਹੋਣ ਨਾਲ ਵੱਡੀ ਗਿਣਤੀ ਅਧਿਆਪਕਾਂ ਦੀ ਨੌਕਰੀ ਨੂੰ ਖ਼ਤਰਾ ਪੈਦਾ ਹੋ ਜਾਵੇਗਾ। ਮੈਂਬਰਾਂ ਨੇ ਇਹ ਵੀ ਕਿਹਾ ਕਿ ਦਾਖਲੇ ਸ਼ੁਰੂ ਹੋ ਗਏ ਹਨ ਤੇ ਇੱਕਦਮ ਇਸ ਵੇਲੇ ਨਵੀਂ ਨੀਤੀ ਲਾਗੂ ਕਰਨ ਨਾਲ ਵਿਦਿਆਰਥੀਆਂ ਦਾ ਨੁਕਸਾਨ ਹੋਵੇਗਾ।

ਇਸ ਮਗਰੋਂ ਪ੍ਰੋ. ਰੇਣੂ ਵਿੱਗ ਨੇ ਐਲਾਨ ਕੀਤਾ ਕਿ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਨਵੀਂ ਸਿੱਖਿਆ ਨੀਤੀ-2020 ਇਸੇ ਸੈਸ਼ਨ ਤੋਂ ਜਦਕਿ ਐਫੀਲੀਏਟਿਡ ਕਾਲਜਾਂ ਵਿਚ ਅਗਲੇ ਸੈਸ਼ਨ ਤੋਂ ਲਾਗੂ ਹੋਵੇਗੀ। ਵਾਈਸ ਚਾਂਸਲਰ ਨੇ ਕਿਹਾ ਕਿ ਕਾਲਜਾਂ ਵਿੱਚ ਵਰਕਸ਼ਾਪਾਂ ਤੇ ਸੈਮੀਨਾਰਾਂ ਰਾਹੀਂ ਪਾਲਿਸੀ ਸਬੰਧੀ ਜਾਗਰੂਕਤਾ ਪੈਦਾ ਕੀਤੀ ਜਾਵੇਗੀ।

# ਕੇਂਦਰੀ ਸਕੀਮਾਂ 'ਚ ਹੋਈ ਹੇਰ-ਫੇਰ ਦਾ ਲੇਖਾ ਜੋਖਾ ਮੰਗਿਆ



**ਚੰਡੀਗੜ੍ਹ:** ਭਾਰਤ ਸਰਕਾਰ ਨੇ 'ਸਿੱਧੀ ਅਦਾਇਗੀ' ਨੂੰ ਲੈ ਕੇ ਪੰਜਾਬ ਤੋਂ ਕੇਂਦਰੀ ਸਕੀਮਾਂ ਦਾ ਲਾਹਾ ਲੈਣ 'ਚ ਹੋਈ ਜਾਅਲਸਾਜ਼ੀ ਦੀ ਸੂਚਨਾ ਤਲਬ ਕੀਤੀ ਹੈ। ਕੇਂਦਰ ਸਰਕਾਰ ਨੇ ਇਨ੍ਹਾਂ ਭਲਾਈ ਸਕੀਮਾਂ ਦਾ 'ਸਿੱਧੀ ਅਦਾਇਗੀ' ਜ਼ਰੀਏ ਗਲਤ ਲਾਹਾ ਲੈਣ ਵਾਲਿਆਂ ਦੀ ਛਾਂਟੀ ਬਾਰੇ ਵੀ ਪੁੱਛਿਆ ਹੈ। ਕੇਂਦਰ ਸਰਕਾਰ ਦੇ ਕੈਬਨਿਟ ਸਕੱਤਰੇਤ ਦੇ ਸੰਯੁਕਤ ਸਕੱਤਰ ਨੇ ਪੰਜਾਬ ਸਮੇਤ ਸਭ ਸੂਬਿਆਂ ਤੋਂ ਪੁੱਛਿਆ ਹੈ ਕਿ 31 ਮਾਰਚ 2023 ਤੱਕ ਕੇਂਦਰੀ ਭਲਾਈ ਸਕੀਮਾਂ ਦਾ 'ਸਿੱਧੀ ਅਦਾਇਗੀ' ਨਾਲ ਗਲਤ ਲਾਹਾ ਲੈਣ ਵਾਲੇ ਕਿੰਨੇ ਲਾਭਪਾਤਰੀਆਂ ਦੀ ਛਾਂਟੀ ਕੀਤੀ ਗਈ ਹੈ ਅਤੇ ਅਜਿਹਾ ਕਰਨ ਨਾਲ ਕਿੰਨੇ ਪੈਸੇ ਦੀ ਬੱਚਤ ਹੋਈ ਹੈ।

ਵੇਰਵਿਆਂ ਅਨੁਸਾਰ ਪੰਜਾਬ ਵਿਚ ਵਰ੍ਹਾ 2020-21 ਦੌਰਾਨ ਕੇਂਦਰੀ ਸਕੀਮਾਂ ਦਾ 'ਸਿੱਧੀ ਅਦਾਇਗੀ' ਜ਼ਰੀਏ ਗਲਤ ਲਾਭ ਲੈਣ ਵਾਲੇ 10.67 ਲੱਖ ਲੋਕ ਸ਼ਨਾਖ਼ਤ ਕੀਤੇ ਗਏ ਸਨ ਜਿਨ੍ਹਾਂ ਦੀ ਛਾਂਟੀ ਕੀਤੇ ਜਾਣ ਨਾਲ ਕਰੀਬ 3.39 ਕਰੋੜ ਦੀ ਬੱਚਤ ਹੋਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਸਿੱਧੀ ਅਦਾਇਗੀ (ਡੀ.ਬੀ.ਟੀ.) ਲਾਗੂ ਕਰਨ ਨਾਲ ਕੇਂਦਰੀ ਸਕੀਮਾਂ 'ਚ ਪੈਸੇ ਦੀ ਹੋਈ ਬੱਚਤ ਦਾ ਖ਼ਾਕਾ ਲੋਕਾਂ ਅੱਗੇ ਪੇਸ਼ ਕਰਨਾ ਚਾਹੁੰਦੀ ਹੈ। ਕੇਂਦਰ ਡੀ.ਬੀ.ਟੀ. ਨਾਲ ਭਲਾਈ ਸਕੀਮਾਂ ਵਿਚ ਰੁਕੀ ਲੀਕੇਜ ਦਾ ਲੇਖਾ ਜੋਖਾ ਵੀ ਕਰਨਾ ਚਾਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਅੰਤਰਰਾਜੀ ਕੌਂਸਲ ਦੀ 16 ਜੁਲਾਈ 2016 ਨੂੰ ਮੀਟਿੰਗ ਹੋਈ ਸੀ ਜਿਸ ਦੇ ਹਵਾਲੇ ਨਾਲ ਕੇਂਦਰੀ ਸਕੀਮਾਂ 'ਚ ਲਾਗੂ ਕੀਤੀ ਡੀ.ਬੀ.ਟੀ. ਸਕੀਮ ਜ਼ਰੀਏ ਕੇਂਦਰੀ ਖ਼ਜ਼ਾਨੇ ਨੂੰ ਮਿਲੇ ਵਿੱਤੀ ਫਾਇਦੇ ਬਾਰੇ ਸੂਚਨਾ ਇਕੱਠੀ ਕੀਤੀ ਜਾ ਰਹੀ ਹੈ। ਪੰਜਾਬ ਵਿਚ ਵੀ ਵਿੱਤੀ ਭਲਾਈ ਸਕੀਮਾਂ ਦੇ ਲਾਭਪਾਤਰੀਆਂ ਨੂੰ ਆਧਾਰ ਕਾਰਡ ਨਾਲ ਲਿੰਕ ਕੀਤਾ ਗਿਆ ਹੈ। ਆਧਾਰ ਕਾਰਡ ਨਾਲ ਜੋੜਨ ਮਗਰੋਂ ਜਾਅਲਸਾਜ਼ੀ ਬੇਪਰਦ ਹੋਈ ਹੈ। ਖ਼ੁਰਾਕ ਤੇ ਸਪਲਾਈ ਵਿਭਾਗ ਵੱਲੋਂ ਜੋ ਲਾਭਪਾਤਰੀਆਂ ਨੂੰ ਰਾਸ਼ਨ ਦਿੱਤਾ ਜਾਂਦਾ ਹੈ, ਉਨ੍ਹਾਂ ਦੇ ਲਾਭਪਾਤਰੀਆਂ ਨੂੰ ਆਧਾਰ ਕਾਰਡ ਨਾਲ ਜੋੜਿਆ ਗਿਆ ਹੈ। ਇਸ ਨਾਲ ਕਰੀਬ 1.16 ਲੱਖ ਡੁਪਲੀਕੇਟ ਲਾਭਪਾਤਰੀ ਸ਼ਨਾਖ਼ਤ ਹੋਏ ਹਨ। ਇਹ ਰਾਸ਼ਨ ਕਾਰਡ ਕੱਟੇ ਜਾਣ ਨਾਲ ਜਿੰਨੀ ਰਾਸ਼ੀ ਦੇ ਰਾਸ਼ਨ ਦੀ ਬੱਚਤ ਹੋਈ ਹੈ, ਉਸ ਬਾਰੇ ਵੀ ਭਾਰਤ ਸਰਕਾਰ ਸੂਚਨਾ ਮੰਗ ਰਿਹਾ ਹੈ। ਗੈਸ ਸਿਲੰਡਰਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਵੀ 'ਸਿੱਧੀ ਅਦਾਇਗੀ' ਜ਼ਰੀਏ ਮਿਲਦੀ ਹੈ। ਨਰੇਗਾ ਸਕੀਮ ਨੂੰ ਵੀ ਲਿੰਕ ਕੀਤਾ ਗਿਆ ਹੈ।

## ਭਲਾਈ ਸਕੀਮਾਂ 'ਚ ਲੀਕੇਜ ਬੰਦ ਕਰਨਾ ਚਾਹੁੰਦੀ ਹੈ ਕੇਂਦਰ ਸਰਕਾਰ

**ਚੰਡੀਗੜ੍ਹ:** ਭਾਰਤ ਸਰਕਾਰ ਇਨ੍ਹਾਂ ਭਲਾਈ ਸਕੀਮਾਂ 'ਚੋਂ ਹਰ ਤਰ੍ਹਾਂ ਲੀਕੇਜ ਬੰਦ ਕਰਨਾ ਚਾਹੁੰਦੀ ਹੈ। ਕੇਂਦਰੀ ਬਿਜਲੀ ਮੰਤਰਾਲੇ ਨੇ ਇਕ ਦਫ਼ਾ ਪੰਜਾਬ ਸਰਕਾਰ 'ਤੇ ਇਹ ਸ਼ਰਤ ਵੀ ਲਗਾਈ ਸੀ ਕਿ ਖੇਤੀ ਮੋਟਰਾਂ ਨੂੰ ਦਿੱਤੀ ਜਾਂਦੀ ਬਿਜਲੀ ਸਬਸਿਡੀ ਸਿੱਧੀ ਕਿਸਾਨਾਂ ਦੇ ਖਾਤਿਆਂ ਵਿਚ ਤਬਦੀਲ ਕੀਤੀ ਜਾਵੇ, ਪਰ ਅਜਿਹਾ ਸੰਭਵ ਨਹੀਂ ਹੋ ਸਕਿਆ ਸੀ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਜੋ ਸਾਲਾਨਾ ਛੇ ਹਜ਼ਾਰ ਰੁਪਏ ਕਿਸਾਨਾਂ ਦੇ ਖਾਤਿਆਂ ਵਿਚ ਟਰਾਂਸਫ਼ਰ ਕੀਤੇ ਜਾਂਦੇ ਹਨ, ਪੰਜਾਬ ਵਿਚ ਉਸ 'ਚ ਵੀ ਹਜ਼ਾਰਾਂ ਲਾਭਪਾਤਰੀ ਡੁਪਲੀਕੇਟ ਪਾਏ ਗਏ ਸਨ।

## ਪੰਜਾਬੀ ਵਿਦਿਆਰਥਣ ਪੂਨਮਦੀਪ ਕੌਰ ਦੀ ਕੈਨੇਡਾ 'ਚ ਮੌਤ

**ਜਲੰਧਰ:** ਪਿੰਡ ਲੋਹੀਆਂ ਖਾਸ ਦੀ 21 ਸਾਲਾ ਪੂਨਮਦੀਪ ਕੌਰ ਦੀ ਕੈਨੇਡਾ ਵਿਚ ਨਿਆਗਰਾ ਫਾਲਜ਼ 'ਚ ਡਿੱਗਣ ਕਾਰਨ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਪੂਨਮਦੀਪ ਕੌਰ ਸਟੱਡੀ ਵੀਜ਼ੇ 'ਤੇ ਕੈਨੇਡਾ ਪੜ੍ਹਨ ਗਈ ਸੀ ਤੇ ਬੀਤੇ ਦਿਨੀਂ ਉਹ ਆਪਣੇ ਦੋਸਤਾਂ ਨਾਲ ਨਿਆਗਰਾ ਫਾਲਜ਼ ਘੁੰਮਣ ਗਈ ਸੀ ਕਿ ਅਚਾਨਕ ਉਸ ਦਾ ਪੈਰ ਤਿਲਕ ਗਿਆ ਅਤੇ ਉਹ ਡੂੰਘੀ ਖੱਡ ਵਿਚ ਡਿੱਗ ਗਈ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਕੈਨੇਡਾ ਦੀ ਪੁਲਿਸ ਨੇ ਪੂਨਮਦੀਪ ਦੀ ਲਾਸ਼ ਖੱਡ ਵਿਚੋਂ ਕੱਢ ਕੇ ਆਪਣੇ ਕਬਜ਼ੇ ਵਿਚ ਲੈ ਲਈ ਹੈ। ਕੈਨੇਡਾ ਅੰਬੈਸੀ ਨੇ ਪੂਨਮਦੀਪ ਦੇ ਪਰਿਵਾਰਕ ਮੈਂਬਰਾਂ ਨੂੰ ਫੋਨ ਰਾਹੀਂ ਇਸ ਹਾਦਸੇ ਦੀ ਸੂਚਨਾ ਦਿੱਤੀ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਇਲਾਕੇ ਵਿਚ ਸੋਗ ਛਾ ਗਿਆ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 10 ਜੂਨ, 2023*

# ਚੁਣਾਵੀ ਦਾਅਪੇਚ ਅਤੇ ਸਿਆਸਤ

ਜਿਉਂ-ਜਿਉਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦਾ ਵਕਤ ਨੇੜੇ ਆ ਰਿਹਾ ਹੈ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੀਆਂ ਸਰਗਰਮੀਆਂ ਵਿਚ ਤੇਜ਼ੀ ਆ ਰਹੀ ਹੈ। ਇਨ੍ਹਾਂ ਵੱਲੋਂ ਸਿਆਸਤ ਅਤੇ ਹਿੰਦੂਤਵੀ ਏਜੰਡੇ ਨਾਲ ਸਬੰਧਿਤ ਮੁੱਦਿਆਂ ਬਾਰੇ ਚਰਚਾ ਭਖਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੇ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ। ਇਸ ਨੂੰ ਅੰਗਰੇਜ਼ਾਂ ਦੇ ਬਸਤੀਵਾਦ ਅਤੇ ਗੁਲਾਮੀ ਤੋਂ ਮੁਕਤੀ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਅਯੁੱਧਿਆ ਵਿਚ ਬਣਾਏ ਜਾ ਰਹੇ ਰਾਮ ਮੰਦਰ ਦਾ ਉਦਘਾਟਨ ਅਗਲੇ ਸਾਲ ਜਨਵਰੀ ਵਿਚਕੀਤਾ ਜਾਵੇਗਾ ਅਤੇ ਇਸ ਨੂੰ ਹਿੰਦੂਤਵ ਦੀ ਜਿੱਤ ਵਜੋਂ ਪ੍ਰਚਾਰਿਆ ਜਾਵੇਗਾ। ਹੋਰ ਵੀ ਬਥੇਰੇ ਮੁੱਦੇ ਹਨ ਜੋ ਭਾਰਤੀਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਵਾਰੀ-ਵਾਰੀ ਉਭਾਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਦੇ ਲਡਿਰਾਂ ਦਾ ਹਮੇਸ਼ਾ ਇਹੀ ਦਾਈਆ ਰਿਹਾ ਹੈ ਕਿ ਹਿੰਦੂਆਂ ਦੇ ਵੱਖ-ਵੱਖ ਵਰਗਾਂ ਦਾ ਧਰੁਵੀਕਰਨ ਕੀਤਾ ਜਾਵੇ। ਇਨ੍ਹਾਂ ਦਾ ਮੰਨਣਾ ਹੈ ਕਿ ਹਿੰਦੂਆਂ ਦੇ ਧਰੁਵੀਕਰਨ ਨਾਲਵੱਧ ਤੋਂ ਵੱਧ ਵੋਟਾਂ ਲੈ ਕੇ ਵੱਧ ਤੋਂ ਵੱਧ ਸੀਟਾਂ ਜਿੱਤੀਆਂ ਜਾ ਸਕਦੀਆਂ ਹਨ।

ਪਿਛਲੇ ਸਮੇਂ ਦੌਰਾਨ ਇਹ ਸਾਬਤ ਵੀ ਹੋ ਗਿਆ ਹੈ ਕਿ ਜਿੱਥੇ-ਜਿੱਥੇ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਵੋਟਾ ਦਾ ਧਰੁਵੀਕਰਨ ਕਰਨ ਵਿਚ ਕਾਮਯਾਬ ਰਹੀ ਹੈ, ਉਥੇ-ਉਥੇ ਹੀ ਇਸ ਦੀ ਜਿੱਤ ਹੋਈ ਹੈ। ਪਿੱਛੇ ਜਿਹੇ ਹੋਈਆਂ ਕਰਨਾਟਕ ਵਿਧਾਨ ਸਭਾ ਚੋਣ ਇਸ ਦੀ ਤਾਜ਼ਾ ਮਿਸਾਲ ਹੈ। ਉਥੇ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਦੇ ਲੀਡਰਾਂ ਜਿਨ੍ਹਾਂ ਵਿਚ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸ਼ਾਮਿਲ ਸਨ, ਨੇ ਪੂਰਾ ਟਿੱਲ ਲਾਇਆ ਹੈ ਕਿ ਧਰੁਵੀਕਰਨ ਕੀਤਾ ਜਾਵੇ ਪਰ ਕਰਨਾਟਕ ਵਿਚ ਇਨ੍ਹਾਂ ਦੀ ਕੋਈ ਪੇਸ਼ ਨਹੀਂ ਰਹੇ ਅਤੇ ਸਮੁੱਚੀ ਚੋਣ ਮੁਹਿੰਮ ਦੌਰਾਨ ਸਥਾਨਕ ਮੁੱਦੇ ਹੀ ਹਾਵੀ ਰਹੇ। ਸਿੱਟੇ ਵਜੋਂ ਵੋਟਾਂ ਦਾ ਧਰੁਵੀਕਰਨ ਨਹੀਂ ਹੋਇਆ ਅਤੇ ਲੱਖ ਯਤਨਾਂ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਇਹ ਵਿਧਾਨ ਸਭਾ ਚੋਣ ਬਹੁਤ ਬੁਰੀ ਤਰ੍ਹਾਂ ਹਾਰ ਗਈ। ਇਸ ਚੋਣ ਵਿਚ ਇਸ ਦੇ ਕਹਿੰਦੇ-ਕਹਾਉਂਦੇ ਲੀਡਰ ਅਤੇ ਮੰਤਰੀ ਤੱਕ ਵੀ ਚੋਣ ਹਾਰ ਗਏ। ਇਹੀ ਹਾਲ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣ ਵੇਲੇ ਹੋਇਆ ਸੀ। ਉਥੇ ਵੀ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਧਰੁਵੀਕਰਨ ਵਿਚ ਨਾਕਾਮ ਰਹੀਆਂ ਸਨ; ਉਥੇ ਵੀ ਸਥਾਨਕ ਮੁੱਦੇ ਹੀ ਭਾਰੂ ਰਹਿਣ ਕਾਰਨ ਭਾਰਤੀ ਜਨਤਾ ਪਾਰਟੀ ਪਛੜ ਗਈ ਸੀ।

ਅਸਲ ਵਿਚ ਦੱਖਣੀ ਸੂਬਿਆਂ ਵਿਚ ਅਜੇ ਵੀ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਦੇ ਪੈਰ ਨਹੀਂ ਲੱਗ ਰਹੇ। ਦੱਖਣ ਵਿਚ ਕਰਨਾਟਕ ਇਕੱਲਾ ਅਜਿਹਾ ਸੂਬਾ ਸੀ ਜਿਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ ਪਰ ਇਨ੍ਹਾਂ ਦੇ ਸ਼ਾਸਨ ਦੌਰਾਨ ਭ੍ਰਿਸ਼ਟਾਚਾਰ ਸਭ ਹੱਦਾਂ-ਬੰਨੇ ਪਾਰ ਕਰ ਗਿਆ। ਇਸੇ ਤਰ੍ਹਾਂ ਉਤਰੀ ਖਿੱਤੇ ਵਿਚ ਪੰਜਾਬ ਅਜਿਹਾ ਸੂਬਾ ਹੈ ਜਿਥੇ ਇਸ ਨੂੰ ਬਹੁਤਾ ਭਰਵਾਂ ਹੁੰਗਾਰਾ ਨਹੀਂ ਮਿਲਿਆ।ਰਹਿੰਦੀ-ਖੂੰਹਦੀ ਕਸਰ ਪਿਛਲੇ ਸਮੇਂ ਦੌਰਾਨ ਚੱਲੇ ਕਿਸਾਨ ਅੰਦੋਲਨ ਦੇ ਕੱਢ ਦਿੱਤੀ ਜਦੋਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਘਰੋਂ ਨਿੱਕਲਣਾ ਵੀ ਮੁਸ਼ਕਿਲ ਹੋ ਗਿਆ ਸੀ। ਵੱਖ-ਵੱਖ ਪਾਰਟੀਆਂ ਦੇ ਅਣਗਿਣਤ ਲੀਡਰਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਤਿੰਨ ਫੀਸਦੀ ਵੋਟਾਂ ਵੀ ਹਾਸਲ ਨਹੀਂ ਕਰ ਸਕੀ ਜਦਕਿ ਅੰਕੜੇ ਦੱਸਦੇ ਹਨ ਕਿ ਸੂਬੇ ਵਿਚ ਹਿੰਦੂਆਂ ਦੀ ਵਸੋਂ 35 ਫੀਸਦ ਤੋਂ ਉਪਰ ਹੀ ਹੈ। ਮਤਲਬ ਸਾਫ ਹੈ ਕਿ ਪੰਜਾਬ ਵਿਚ ਇਸ ਪਾਰਟੀ ਨੂੰ ਹਿੰਦੂ ਵਸੋਂ ਦੀਆਂ ਇਹ ਵੋਟਾਂ ਵੀ ਮਸੀਂ ਪਈਆਂ ਹਨ।ਸ਼ਾਇਦ ਇਸੇ ਕਰ ਕੇ ਹੀ ਇਹ ਪੰਜਾਬ ਵਿਚ ਪਿਛਲੇ ਦਰਵਾਜ਼ਿਓਂ ਵੀ ਬੜਾ ਕੁਝ ਕਰਨ ਦਾ ਯਤਨ ਕਰਦੀ ਹੈ। ਹਾਲ ਹੀ ਵਿਚ ਇਸ ਨੇ ਪੰਜਾਬ ਯੂਨੀਵਰਸਿਟੀ ਦੇ ਮਸਲੇ 'ਤੇ ਹਰਿਆਣਾ ਨੂੰ ਸ਼ਿਸ਼ਕੇਰ ਕੇ ਪੰਜਾਬ ਦੇ ਗਲ ਪਾਉਣ ਦਾ ਯਤਨ ਕੀਤਾ ਹੈ। ਯਾਦ ਰਹੇ ਕਿ ਹਰਿਆਣਾ ਵਿਚ ਇਸ ਵਕਤ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਉਥੇ ਵਿਧਾਨ ਸਭਾ ਚੋਣਾਂ ਅਗਲੇ ਸਾਲ ਲੋਕ ਸਭਾ ਚੋਣਾਂ ਦੇ ਨਾਲ ਹੀ ਹੋਣੀਆਂ ਹਨ। ਹਰਿਆਣਾ ਨੂੰ ਸ਼ਿਸ਼ਕੇਰ ਕੇ ਭਾਰਤੀ ਜਨਤਾ ਪਾਰਟੀ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣਾ ਚਾਹੁੰਦੀ ਹੈ। ਇਕ ਤਾਂ ਹਰਿਆਣਾ ਦੇ ਲੋਕਾਂ ਨੂੰ ਪੰਜਾਬ ਖਿਲਾਫ ਭੜਕਾਉਣ ਦਾ ਕੰਮ ਹੋ ਸਕਦਾ ਹੈ; ਦੂਜੇ, ਪੰਜਾਬ ਨੂੰ ਕਸੂਤਾ ਫਸਾਇਆ ਜਾ ਸਕਦਾ ਹੈ। ਇਹ ਗੱਲ ਵੱਖਰੀ ਹੈ ਕਿ ਕਿਸਾਨ ਅੰਦੋਲਨ ਦੌਰਾਨ ਪੰਜਾਬ ਅਤੇ ਹਰਿਆਣਾ ਦੇ ਲੋਕਾਂ ਨੇ ਦੋਹਾਂ ਵਿਚਕਾਰ ਵੰਡੀਆਂ ਪਾਉਣ ਦਾ ਹਰ ਯਤਨ ਨਾਕਾਮ ਕਰ ਦਿੱਤਾ ਸੀ ਅਤੇ ਰਲ ਕੇ ਕਿਸਾਨ ਅੰਦੋਲਨ ਨੂੰ ਟੀਸੀ 'ਤੇ ਪਹੁੰਚਾ ਦਿੱਤਾ ਸੀ। ਇਹ ਗੱਲ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂ ਅਤੇ ਕਾਰਕੁਨ ਵੀ ਮੰਨਦੇ ਹਨ ਕਿ ਕਿਸਾਨ ਅੰਦੋਲਨ ਸ਼ੁਰੂ ਭਾਵੇਂ ਪੰਜਾਬ ਵਿਚ ਹੀ ਹੋਇਆ ਪਰ ਇਹ ਹਰਿਆਣਾ ਦੀ ਭਰਪੂਰ ਮਦਦ ਨਾਲ ਹੀ ਪ੍ਰਵਾਨ ਚੜ੍ਹਿਆ।

ਸਭ ਜਾਣਦੇ ਹਨ ਅਤੇ ਇਹ ਤੱਥ ਰਿਕਾਰਡ 'ਤੇ ਹਨ ਕਿ ਹਰਿਆਣਾ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚੋਂ ਆਪਣਾ ਹਿੱਸਾ ਆਪਣੀ ਮਰਜ਼ੀ ਨਾਲ ਕੱਢਿਆ ਸੀ। ਫੰਡਾਂ ਤੋਂ ਇਨਕਾਰ ਦੇ ਨਾਲ ਹੀ ਇਸ ਦਾ ਯੂਨੀਵਰਸਿਟੀ ਉਤੇ ਦਾਅਵਾ ਵੀ ਨਾਲ ਦੀ ਨਾਲ ਹੀ ਖਤਮ ਹੋ ਗਿਆ ਪਰ ਹੁਣ ਚੋਣਾਂ ਦੇ ਮੱਦੇਨਜ਼ਰ ਦੱਬੇ ਮੁਰਦੇ ਫਿਰ ਉਖਾੜਨ ਦੇ ਯਤਨ ਕੀਤੇ ਜਾ ਰਹੇ ਹਨ। ਸਿਤਮਜ਼ਰੀਫੀ ਇਹ ਵੀ ਹੈ ਕਿ ਪੰਜਾਬ ਦਾ ਰਾਜਪਾਲ ਜੋ ਕਿਸੇ ਵੀ ਸੂਬੇ ਵਿਚ ਕੇਂਦਰ ਦਾ ਨੁਮਾਇੰਦਾ ਹੁੰਦਾ ਹੈ, ਭਾਰਤੀ ਜਨਤਾ ਪਾਰਟੀ ਦੀ ਸਿਆਸਤ ਮੁਤਾਬਿਕ ਹਰਿਆਣਾ ਦੇ ਹੱਕ ਵਿਚ ਭੁਗਤ ਰਿਹਾ ਹੈ। ਪਹਿਲਾਂ ਵੀ ਕਈ ਮਸਲਿਆਂ 'ਤੇ ਰਾਜਪਾਲ ਨੇ ਬਿਨਾ ਵਜ੍ਹਾ ਪੰਜਾਬ ਸਰਕਾਰ ਨੂੰ ਛੁਟਿਆਉਣ ਦੇ ਯਤਨ ਕੀਤੇ ਹਨ। ਅਜਿਹੇ ਮਸਲਿਆਂ ਉਤੇ ਪੰਜਾਬ ਦੀਆਂ ਸਭ ਧਿਰਾਂ ਨੂੰ ਇਕੱਠੀਆਂ ਹੋ ਕੇ ਕੇਂਦਰ ਸਰਕਾਰ ਨੂੰ ਸਖਤ ਸੁਨੇਹਾ ਦੇਣਾ ਚਾਹੀਦਾ ਹੈ ਤਾਂ ਕਿ ਹੋਰ ਮਸਲਿਆਂ ਦੀ ਪੈਰਵਾਈ ਲਈ ਰਾਹ ਵੀ ਹੋਰ ਮੋਕਲਾ ਹੋ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਟਿੱਪੀ ਬਣੇਗਾ ਛੇਤੀ ਅੱਧਕ !*

ਭਾਈ-ਚਾਰਾ ਜੋ ਵੰਨ-ਸੁਵੰਨਤਾ ਦਾ, ਫਿਰਕਾਪ੍ਰਸਤੀ ਦੇ ਨਾਗ ਨੇ ਡੱਸਿਆ ਏ!
ਲੋਕਤੰਤਰ ਹੁਣ ਬਣ ਗਿਆ ਡਾਂਗ-ਤੰਤਰ, ਜੰਤਰ ਮੰਤਰ ਦੇ 'ਕਹਿਰ' ਨੇ ਦੱਸਿਆ ਏ।
ਨਾਹਰੇ 'ਬੇਟੀ ਬਚਾਉ' ਦੇ ਲਾਉਂਦਿਆਂ ਨੇ, ਜੇਤੂ ਕੁੜੀਆਂ ਦਾ ਨਮਦਾ ਹੀ ਕੱਸਿਆ ਏ।
ਧੱਕੇਸ਼ਾਹੀ ਦੀਆਂ ਹੋਈਆਂ ਸ਼ਿਕਾਰ ਧੀਆਂ, ਹੁਕਮਰਾਨ ਨਿਆਂ ਕਰਨ ਤੋਂ ਨੱਸਿਆ ਏ।
ਚਾਨਣ ਗਿਆਨ ਦਾ ਸਾਰੇ ਸੰਸਾਰ ਅੰਦਰ, ਪੈ ਰਹੀ ਦੇਸ ਵਿਚ ਜਾਪਦੀ 'ਮੱਸਿਆ' ਏ।
'ਟਿੱਪੀ' ਬਣਦਾ ਏ 'ਅੱਧਕ' ਜੋ ਅੱਤ ਵਾ.ਲਾ, ਹਰ ਜ਼ਾਲਮ ਦਾ 'ਹਸ਼ਰ' ਇਉਂ ਦੱਸਿਆ ਏ!

# ਪੰਜਾਬ 'ਵਰਸਿਟੀ 'ਤੇ ਹਰਿਆਣਾ ਦੀ ਹੱਕ ਜਤਾਈ ਦੀ ਹਕੀਕਤ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਪਿਛਲੇ ਹਫਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਬਾਰੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੀ ਪ੍ਰਧਾਨਗੀ ਹੇਠ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਸ਼ਮੂਲੀਅਤ ਵਾਲੀ ਮੀਟਿੰਗ ਵਿਚ ਹਰਿਆਣਾ ਦੇ ਮੁੱਖ ਮੰਤਰੀ ਨੇ ਪੰਜਾਬ ਯੂਨੀਵਰਸਿਟੀ ਤੋਂ ਹਰਿਆਣਾ ਰਾਜ ਦੇ ਕਾਲਜਾਂ ਨੂੰ ਮਾਨਤਾ ਦੇਣ ਦੀ ਮੰਗ ਕਰਦਿਆਂ ਯੂਨੀਵਰਸਿਟੀ 'ਤੇ ਆਪਣੀ ਹੱਕ ਜਤਾਈ ਕਰ ਦਿੱਤੀ। ਇਸ ਮੀਟਿੰਗ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਯੂਨੀਵਰਸਿਟੀ ਦੀ ਮੌਜੂਦਾ ਕਾਨੂੰਨੀ ਅਤੇ ਪ੍ਰਬੰਧਕੀ ਸਥਿਤੀ ਬਹਾਲ ਰੱਖਣ ਦੀ ਮੰਗ ਕੀਤੀ ਜਿਸ ਤੋਂ ਬਾਅਦ ਇਸ ਮਾਮਲੇ 'ਤੇ ਅਗਲੀ ਮੀਟਿੰਗ 5 ਜੂਨ ਦੀ ਰੱਖ ਦਿੱਤੀ ਗਈ। ਫਿਰ 5 ਜੂਨ ਨੂੰ ਮੀਟਿੰਗ ਤੋਂ ਬਾਅਦ ਪ੍ਰੈੱਸ ਕਾਨਫਰੰਸ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਹਨਾਂ ਮੀਟਿੰਗ ਵਿਚ ਹਰਿਆਣਾ ਨੂੰ ਕੋਈ ਨਾਂਹ ਕਰ ਦਿੱਤੀ ਹੈ। ਭਗਵੰਤ ਮਾਨ ਨੇ ਕਿਹਾ ਕਿ ਹਰਿਆਣਾ ਪੈਸੇ ਦੇ ਕੇ ਯੂਨੀਵਰਸਿਟੀ ਵਿਚ ਹਿੱਸੇਦਾਰੀ ਸਥਾਪਤ ਕਰਨੀ ਚਾਹੁੰਦਾ ਹੈ ਜਿਸ ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।

ਪੰਜਾਬ ਯੂਨੀਵਰਸਿਟੀ ਦੀ ਹੋਂਦ ਪੰਜਾਬ ਦੇ ਇਤਿਹਾਸ ਅਤੇ ਵਿਰਾਸਤ ਨਾਲ ਜੁੜੀ ਹੋਈ ਹੈ ਪਰ ਇਸ ਹੱਕ ਜਤਾਈ ਤੋਂ ਪਹਿਲਾਂ ਵੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਂਦਰੀਕਰਨ ਕਰਨ ਅਤੇ ਗਰੈਜੂਏਸ਼ਨ ਪੱਧਰ ਦੇ ਵੱਖ-ਵੱਖ ਕੋਰਸਾਂ ਵਿਚ ਪੰਜਾਬੀ ਲਾਜ਼ਮੀ ਦੀ ਸ਼ਰਤ ਹਟਾਉਣ ਦੇ ਅਸਫਲ ਯਤਨ ਕੀਤੇ ਜਾ ਚੁੱਕੇ ਹਨ।

ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਬ੍ਰਿਟਿਸ਼ ਹਕੂਮਤ ਨੇ 1882 ਵਿਚ ਲਾਹੌਰ ਵਿਚ ਕੀਤੀ ਸੀ। ਇਸ ਯੂਨੀਵਰਸਿਟੀ ਦੀ ਸਥਾਪਨਾ ਤੋਂ ਪਹਿਲਾਂ ਭਾਰਤ ਵਿਚ ਸਿਰਫ ਤਿੰਨ ਯੂਨੀਵਰਸਿਟੀਆਂ ਸਨ। ਜ਼ਾਹਿਰ ਹੈ, ਦੇਸ਼ ਦੀ ਚੌਥੀ ਸਭ ਤੋਂ ਪੁਰਾਣੀ ਇਸ ਯੂਨੀਵਰਸਿਟੀ ਨਾਲ ਸਾਂਝੇ ਪੰਜਾਬ ਦੀ ਵਿਰਾਸਤ ਤੇ ਇਤਿਹਾਸ ਜੁੜਿਆ ਹੋਇਆ ਹੈ। 1947 ਦੀ ਵੰਡ ਸਮੇਂ ਪੰਜਾਬ ਯੂਨੀਵਰਸਿਟੀ ਦੀ ਵੀ ਵੰਡ ਹੋ ਗਈ। ਯੂਨੀਵਰਸਿਟੀ ਦਾ ਲਾਹੌਰ ਵਿਚਲਾ ਮੁੱਖ ਕੈਂਪਸ ਪਾਕਿਸਤਾਨ ਵਿਚ ਰਹਿ ਗਿਆ ਤੇ ਉੱਥੇ ਇਸੇ ਨਾਮ ਤਹਿਤ ਇਹ ਯੂਨੀਵਰਸਿਟੀ ਚੱਲ ਰਹੀ ਹੈ। ਪੂਰਬੀ ਪੰਜਾਬ ਵਿਚ ਇਸ ਯੂਨੀਵਰਸਿਟੀ ਦਾ ਕੈਂਪਸ ਹੁਸ਼ਿਆਰਪੁਰ ਵਿਚ ਬਣਾਇਆ ਗਿਆ ਤੇ ਇਸ ਦਾ ਕੰਮ ਸੋਲਨ ਵਿਚਲੇ ਪ੍ਰਸ਼ਾਸਨਿਕ ਦਫ਼ਤਰ ਨੂੰ ਯੂਨੀਵਰਸਿਟੀ ਦਾ ਮੁੱਖ ਕੇਂਦਰ ਸਥਾਪਤ ਕਰ ਕੇ ਸੋਲਨ ਤੋਂ ਚਲਾਇਆ ਗਿਆ। 1956 ਵਿਚ ਇਹ ਯੂਨੀਵਰਸਿਟੀ ਸੋਲਨ ਤੋਂ ਚੰਡੀਗੜ੍ਹ ਦੇ 550 ਏਕੜ ਵਾਲੇ ਵਿਸ਼ਾਲ ਕੈਂਪਸ ਵਿਚ ਤਬਦੀਲ ਕਰ ਦਿੱਤੀ ਗਈ ਜਿੱਥੇ ਇਹ ਹੁਣ ਚੱਲ ਰਹੀ ਹੈ।

1966 ਤੱਕ ਇਸ ਯੂਨੀਵਰਸਿਟੀ ਨਾਲ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਚੰਡੀਗੜ੍ਹ ਦੇ ਕਾਲਜ ਜੁੜੇ ਹੋਏ ਸਨ ਤੇ ਇਸ ਦੇ ਖੇਤਰੀ ਕੇਂਦਰ ਜਲੰਧਰ, ਰੋਹਤਕ ਤੇ ਸ਼ਿਮਲਾ ਵਿਚ ਸਨ। 1966 ਦੇ ਪੰਜਾਬ ਪੁਨਰਗਠਨ ਐਕਟ ਤਹਿਤ ਪੰਜਾਬ ਯੂਨੀਵਰਸਿਟੀ ਨੂੰ ਵਿਲੱਖਣ ਰੁਤਬੇ 'ਇੰਟਰ-ਸਟੇਟ ਬਾਡੀ ਕਾਰਪੋਰੇਟ' ਐਲਾਨਿਆ ਗਿਆ। ਇਸ ਤਹਿਤ ਯੂਨੀਵਰਸਿਟੀ ਲਈ ਵਿੱਤੀ ਗ੍ਰਾਂਟ ਦਾ ਪੰਜਾਬ, ਹਰਿਆਣਾ ਅਤੇ ਹਿਮਾਚਲ, ਤਿੰਨਾਂ ਰਾਜਾਂ ਨੇ 20-20 ਫੀਸਦ ਹਿੱਸਾ ਦੇਣਾ ਸੀ ਤੇ ਬਾਕੀ ਦਾ 40 ਫੀਸਦ ਹਿੱਸਾ ਚੰਡੀਗੜ੍ਹ ਪ੍ਰਸ਼ਾਸਨ (ਕੇਂਦਰ) ਨੇ ਦੇਣਾ ਸੀ ਲੇਕਿਨ ਰਾਜ ਪੁਨਰਗਠਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਹੋਂਦ ਵਿਚ ਆਏ ਹਰਿਆਣਾ ਨੇ ਆਪਣੇ ਖੇਤਰ ਵਿਚਲੇ ਕਾਲਜ ਚਲਾਉਣ ਲਈ ਕੁਰੂਕਸ਼ੇਤਰ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼ ਨੇ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਦੀ ਸਥਾਪਨਾ ਕੀਤੀ। ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੇ ਆਪੋ-ਆਪਣੀਆਂ ਯੂਨੀਵਰਸਿਟੀਆਂ ਸਥਾਪਤ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਤੋਂ ਆਪਣੇ ਕਾਲਜਾਂ ਦੀ ਮਾਨਤਾ ਵਾਪਸ ਲੈ ਕੇ ਮਾਨਤਾ ਨੂੰ ਆਪਣੀਆਂ ਯੂਨੀਵਰਸਿਟੀਆਂ ਵਿਚ ਤਬਦੀਲ ਕਰ ਲਿਆ।

ਕਾਲਜਾਂ ਦੀ ਮਾਨਤਾ ਵਾਪਸ ਲੈਣ ਤੋਂ ਬਾਅਦ 1973 ਤੱਕ ਆਉਂਦਿਆਂ-ਆਉਂਦਿਆਂ ਹਰਿਆਣਾ, ਹਿਮਾਚਲ ਨੇ ਪੰਜਾਬ ਯੂਨੀਵਰਸਿਟੀ ਨੂੰ ਗ੍ਰਾਂਟਾਂ ਦੇਣੀਆਂ ਬੰਦ ਕਰ ਦਿੱਤੀਆਂ ਜਿਸ ਨਾਲ ਯੂਨੀਵਰਸਿਟੀ ਦੇ ਮਾਲੀਏ ਵਿਚ ਵੱਡੀ ਕਮੀ ਆਈ। ਤੱਥ ਇਹ ਹਨ ਕਿ ਹਰਿਆਣਾ ਨੇ 1990 ਤੋਂ ਬਾਅਦ ਕਦੇ ਵੀ ਪੰਜਾਬ ਯੂਨੀਵਰਸਿਟੀ ਨੂੰ 'ਧੇਲਾ' ਨਹੀਂ ਦਿੱਤਾ ਹੈ। ਇਸੇ ਕਰਕੇ ਕੇਂਦਰ ਸਰਕਾਰ ਨੇ 1997 ਵਿਚ ਨੋਟੀਫਿਕੇਸ਼ਨ ਰਾਹੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸਾਰੀਆਂ ਗਵਰਨਿੰਗ ਬਾਡੀਜ਼ ਵਿਚੋਂ ਹਰਿਆਣਾ ਦੀ ਨੁਮਾਇੰਦਗੀ ਖਤਮ ਕਰ ਦਿੱਤੀ।




ਦੂਜੇ ਪਾਸੇ, ਪੰਜਾਬ ਦੇ ਕਾਲਜ ਪੰਜਾਬ ਯੂਨੀਵਰਸਿਟੀ ਨਾਲ ਇਸ ਦੀ ਹੋਂਦ ਸਮੇਂ ਤੋਂ ਹੀ ਜੁੜੇ ਹੋਏ ਹਨ। ਪੰਜਾਬ ਸਰਕਾਰ ਇਸ ਯੂਨੀਵਰਸਿਟੀ ਨੂੰ ਸ਼ੁਰੂ ਤੋਂ ਲਗਾਤਾਰ ਗ੍ਰਾਂਟ ਦੇ ਰਹੀ ਹੈ। ਯੂਨੀਵਰਸਿਟੀ ਦੀ ਹੋਂਦ ਬਚਾਈ ਰੱਖਣ ਲਈ ਪੰਜਾਬ ਨੇ ਆਪਣਾ ਹਿੱਸਾ 20 ਪ੍ਰਤੀਸ਼ਤ ਤੋਂ ਵਧਾ ਕੇ 40 ਪ੍ਰਤੀਸ਼ਤ ਤੱਕ ਵੀ ਕਰ ਦਿੱਤਾ। ਯੂਨੀਵਰਸਿਟੀ ਚਲਾਉਣ ਲਈ ਕੇਂਦਰ ਤੇ ਪੰਜਾਬ ਸਰਕਾਰਾਂ 60:40 ਦੇ ਅਨੁਪਾਤ ਅਨੁਸਾਰ ਗ੍ਰਾਂਟ ਦੇ ਰਹੀਆਂ ਹਨ। ਪੰਜਾਬ ਸਰਕਾਰ ਨੇ 2020-21 ਦੌਰਾਨ ਗ੍ਰਾਂਟ-ਇਨ-ਏਡ 20 ਕਰੋੜ ਰੁਪਏ ਤੋਂ ਵਧਾ ਕੇ 45.30 ਕਰੋੜ ਰੁਪਏ ਕਰ ਦਿੱਤੀ ਜੋ 75 ਫੀਸਦ ਤੋਂ ਵੀ ਜਿਆਦਾ ਦਾ ਵਾਧਾ ਹੈ। ਪੰਜਾਬ ਯੂਨੀਵਰਸਿਟੀ ਨਾਲ ਸਿਰਫ ਤੇ ਸਿਰਫ ਪੰਜਾਬ ਦੇ ਕਾਲਜ ਜੁੜੇ ਹਨ ਤੇ ਪੰਜਾਬ ਦੇ ਇਹਨਾਂ ਕਾਲਜਾਂ ਤੋਂ ਯੂਨੀਵਰਸਿਟੀ ਨੂੰ ਹਰ ਸਾਲ ਲੱਗਭੱਗ 100 ਕਰੋੜ ਰੁਪਏ ਦੀ ਰਾਸ਼ੀ ਮਿਲਦੀ ਹੈ। ਇਸ ਸਮੇਂ ਪੰਜਾਬ ਯੂਨੀਵਰਸਿਟੀ ਨਾਲ ਪੰਜਾਬ ਇੱਕ ਖੂੰਜੇ ਮੁਹਾਲੀ ਤੋਂ ਦੂਜੇ ਖੂੰਜੇ ਫਾਜ਼ਿਲਕਾ/ਫਿਰੋਜ਼ਪੁਰ ਤੱਕ ਦੇ 194 ਕਾਲਜ ਜੁੜੇ ਹਨ। ਇਸ ਤੋਂ ਇਲਾਵਾ ਪੰਜਾਬ ਵਿਚ ਹੁਸ਼ਿਆਰਪੁਰ, ਲੁਧਿਆਣਾ, ਮੁਕਤਸਰ ਵਿਚ ਯੂਨੀਵਰਸਿਟੀ ਦੇ ਖੇਤਰੀ ਕੇਂਦਰ ਹਨ।

ਇਹ ਸਵਾਲ ਗੰਭੀਰ ਹੈ ਕਿ ਜਿਹੜਾ ਸੂਬਾ ਯੂਨੀਵਰਸਿਟੀ ਦੀ ਗ੍ਰਾਂਟ ਬੰਦ ਕਰ ਕੇ ਉਸ ਨਾਲੋਂ ਨਾਤਾ ਤੋੜ ਕੇ ਉਸ ਨੂੰ ਕਈ ਵਰ੍ਹੇ ਪਹਿਲਾਂ ਆਰਥਿਕ ਸੰਕਟ ਵਿਚ ਧੱਕ ਗਿਆ ਹੋਵੇ, ਉਸ ਨੂੰ ਹੁਣ ਇੱਕਦਮ ਯੂਨੀਵਰਸਿਟੀ ਨਾਲ ਐਡਾ ਹੇਜ ਕਿਉਂ ਜਾਗਿਆ ਹੈ?

ਪਹਿਲੀ ਗੱਲ ਤਾਂ ਹਰਿਆਣਾ ਸਰਕਾਰ ਦਾ ਮਸਲਾ ਸਿਰਫ ਚੰਡੀਗੜ੍ਹ ਯੂਨੀਵਰਸਿਟੀ 'ਤੇ ਹੱਕ ਜਤਾਈ ਕਰਨ ਤੱਕ ਸੀਮਤ ਨਹੀਂ ਬਲਕਿ ਏਜੰਡਾ ਤਾਂ ਚੰਡੀਗੜ੍ਹ 'ਤੇ ਹੱਕ ਜਤਾਉਣ ਦਾ ਹੈ। ਦੂਜਾ ਮੁੱਦਾ ਇਹ ਹੈ ਕਿ ਸਿੱਖਿਆ ਦਾ ਭਗਵਾਂਕਰਨ ਕਰਨ ਲਈ ਤਤਪਰ ਭਾਜਪਾ ਦੇ ਨਿਸ਼ਾਨੇ 'ਤੇ ਪੰਜਾਬ ਯੂਨੀਵਰਸਿਟੀ ਨਜ਼ਰ ਆ ਰਹੀ ਹੈ। ਹਰਿਆਣਾ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਵਿਧਾਨ ਸਭਾ ਲਈ ਨਵੀਂ ਇਮਾਰਤ ਬਣਾਉਣ ਖਾਤਰ ਚੰਡੀਗੜ੍ਹ ਵਿਚ ਜਗ੍ਹਾ ਦੀ ਮੰਗ ਕੀਤੀ ਸੀ ਅਤੇ ਹੁਣ ਯੂਨੀਵਰਸਿਟੀ ਦਾ ਮਾਮਲਾ ਉਭਾਰਿਆ ਗਿਆ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਚੰਡੀਗੜ੍ਹ 'ਤੇ ਸਿਰਫ ਤੇ ਸਿਰਫ ਪੰਜਾਬ ਦਾ ਹੱਕ ਹੈ। ਪੰਜਾਬ ਦੇ ਪਿੰਡ ਉਜਾੜ ਕੇ ਵਸਾਇਆ ਚੰਡੀਗੜ੍ਹ, ਪੁਨਰਗਠਨ ਐਕਟ ਤਹਿਤ ਪੰਜਾਬ ਨੂੰ ਮਿਲਣਾ ਚਾਹੀਦਾ ਸੀ/ਹੈ। ਪਹਿਲਾਂ ਕਾਂਗਰਸ ਅਤੇ ਹੁਣ ਭਾਜਪਾ ਹਕੂਮਤ ਇਸ ਮਾਮਲੇ 'ਤੇ ਪੰਜਾਬ ਨਾਲ ਵਿਤਕਰਾ ਕਰ ਰਹੀ ਹੈ। ਇਸੇ ਨੀਤੀ ਤਹਿਤ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ, ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ ਦੇਣ ਦੇ ਮਾਮਲਿਆਂ ਵਿਚ ਪੰਜਾਬ ਨਾਲ ਬੇਇਨਸਾਫੀ ਹੋਈ ਹੈ। ਹੁਣ ਪੰਜਾਬ ਦੇ ਇਤਿਹਾਸ ਅਤੇ ਵਿਰਾਸਤ ਨਾਲ ਜੁੜੀ ਪੰਜਾਬ ਯੂਨੀਵਰਸਿਟੀ ਦੇ ਮਾਮਲੇ ਵਿਚ ਵੀ ਹਰਿਆਣਾ ਦਾ ਦਾਅਵਾ ਬੇਬੁਨਿਆਦ ਹੈ।

ਅਸਲ ਵਿਚ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਹਕੂਮਤ ਚੰਡੀਗੜ੍ਹ, ਐਸ.ਵਾਈ.ਐਲ. ਜਿਹੇ ਮਸਲੇ ਉਭਾਰ ਕੇ ਹਰਿਆਣਾ ਦੇ ਲੋਕਾਂ ਤੋਂ ਫੋਕੀ ਵਾਹ-ਵਾਹ ਖੱਟਣ ਦੇ ਰੌਂਅ ਵਿਚ ਹੈ। ਪਹਿਲਾਂ ਖੇਤੀ ਕਾਨੂੰਨਾਂ ਵਿਰੁੱਧ ਉੱਠੇ ਸੰਘਰਸ਼ ਦੌਰਾਨ ਅਤੇ ਹੁਣ ਮਹਿਲਾ ਪਹਿਲਵਾਨਾਂ ਦੇ ਸੰਘਰਸ਼ ਦੌਰਾਨ ਪੰਜਾਬ ਤੇ ਹਰਿਆਣਾ ਵਿਚ ਜੋ ਭਾਈਚਾਰਕ ਏਕਤਾ ਦੀ ਮਿਸਾਲ ਦੇਖਣ ਨੂੰ ਮਿਲੀ ਹੈ, ਉਹ ਸੱਤਾ ਧਿਰ ਨੂੰ ਹਜ਼ਮ ਨਹੀਂ ਹੋ ਰਹੀ, ਇਸ ਲਈ ਭਾਈਚਾਰਕ ਏਕਤਾ 'ਤੇ ਸੱਟ ਮਾਰਨ ਲਈ ਅਜਿਹੇ ਮੁੱਦੇ ਉਭਾਰੇ ਜਾ ਰਹੇ ਹਨ।

ਸਿੱਖਿਆ ਦਾ ਭਗਵਾਂਕਰਨ ਕਰਨ ਅਤੇ ਤਾਕਤਾਂ ਦੇ ਕੇਂਦਰੀਕਰਨ ਕਰਨ ਵੱਲ ਵਧ ਰਹੀ ਭਾਜਪਾ ਵੱਲੋਂ ਲੰਘੇ ਵਰ੍ਹੇ ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ ਕਰਨ ਦੀ ਵਿਉਂਤਬੰਦੀ ਲੋਕਾਂ ਦੇ ਵਿਰੋਧ ਕਾਰਨ ਧਰੀ ਧਰਾਈ ਰਹਿ ਗਈ ਸੀ। ਉਸ ਸਮੇਂ ਲੋਕਾਂ ਅਤੇ ਯੂਨੀਵਰਸਿਟੀ ਦੀਆਂ ਵਿਦਿਆਰਥੀ ਜਥੇਬੰਦੀਆਂ ਦੀ ਮੰਗ ਅਨੁਸਾਰ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਪੰਜਾਬ ਦੇ ਸਿੱਖਿਆ ਮੰਤਰੀ ਵੱਲੋਂ ਯੂਨੀਵਰਸਿਟੀ 'ਤੇ ਮਤਾ ਪੇਸ਼ ਕਰਦਿਆਂ ਯੂਨੀਵਰਸਿਟੀ ਦਾ ਦਰਜਾ ਬਦਲ ਕੇ ਕੇਂਦਰੀ ਯੂਨੀਵਰਸਿਟੀ ਅਧੀਨ ਕਰਨ ਦੀ ਤਜਵੀਜ਼ ਦਾ ਡਟਵਾਂ ਵਿਰੋਧ ਕੀਤਾ ਸੀ। 2008 ਵਿਚ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਲਿਖੀ ਚਿੱਠੀ ਜਨਤਕ ਹੋਈ ਹੈ ਜਿਸ ਵਿਚ ਕੁਝ ਸ਼ਰਤਾਂ ਤਹਿਤ ਇਸ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਨਾਉਣ ਨੂੰ ਹਰੀ ਝੰਡੀ ਦਿੱਤੀ ਗਈ ਸੀ।

ਇਸੇ ਤਰ੍ਹਾਂ ਪਿਛਲੇ ਹਫਤੇ ਪੰਜਾਬ ਯੂਨੀਵਰਸਿਟੀ ਸਿੰਡੀਕੇਟ ਦੀ ਮੀਟਿੰਗ ਵਿਚ ਯੂਨੀਵਰਸਿਟੀ ਦੇ ਗਰੈਜੂਏਸ਼ਨ ਪੱਧਰ ਤੱਕ ਦੇ ਕੋਰਸਾਂ ਵਿਚ ਪੰਜਾਬੀ ਵਿਸ਼ੇ ਦੀ ਲਾਜ਼ਮੀ ਵਾਲੀ ਸ਼ਰਤ ਨੂੰ ਹਟਾ ਕੇ ਇਸ ਨੂੰ ਮਾਈਨਰ ਵਿਸ਼ੇ ਵਿਚ ਤਬਦੀਲ ਕਰਨ ਦੀ ਕਥਿਤ ਚਾਲ ਚੱਲੀ ਗਈ ਹਾਲਾਂਕਿ ਪੰਜਾਬੀਆਂ ਦੇ ਤਿੱਖੇ ਵਿਰੋਧ ਤੋਂ ਬਾਅਦ ਇਸ ਮਸਲੇ 'ਤੇ ਵੀ ਪ੍ਰਬੰਧਕਾਂ ਨੂੰ ਦੋ-ਤਿੰਨ ਦਿਨ ਵਿਚ ਹੀ ਆਪਣੇ ਫੈਸਲੇ ਤੋਂ ਪਿੱਛੇ ਹਟਣਾ ਪਿਆ। ਹੁਣ ਤਾਜ਼ਾ ਕਦਮ ਤਹਿਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਮੀਟਿੰਗ ਵਿਚ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ-2020 ਪੰਜਾਬ ਯੂਨੀਵਰਸਿਟੀ ਵਿਚ ਇਸੇ ਸੈਸ਼ਨ 2023-24 ਤੋਂ ਲਾਗੂ ਕਰ ਦਿੱਤੀ ਗਈ ਹੈ ਜਦਕਿ ਐਫੀਲੀਏਟਿਡ ਕਾਲਜਾਂ ਵਿਚ ਇਹ ਨੀਤੀ ਅਗਲੇ ਅਕਾਦਮਿਕ ਸੈਸ਼ਨ 2024-25 ਤੋਂ ਲਾਗੂ ਹੋਵੇਗੀ।

ਸੈਨੇਟ ਮੀਟਿੰਗ ਸਮੇਂ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਨੇ ਨਵੀਂ ਸਿੱਖਿਆ ਨੀਤੀ ਰੱਦ ਕਰਨ ਦੀ ਮੰਗ ਕੀਤੀ ਸੀ। ਨਵੀਂ ਸਿੱਖਿਆ ਨੀਤੀ ਸਿੱਖਿਆ ਦੀ ਬੁਨਿਆਦ ਹੀ ਬਦਲ ਕੇ ਰੱਖ ਦੇਵੇਗੀ; ਇਹ ਸਿੱਖਿਆ ਨੂੰ ਇਤਿਹਾਸ, ਵਿਗਿਆਨ, ਤੱਥਾਂ ਤੋਂ ਤੋੜ ਕੇ ਮਿਥਿਹਾਸ ਤੇ ਭਗਵੇਂਕਰਨ ਵੱਲ ਕਦਮ ਹੈ। ਇਸ ਲਈ, ਅੱਜ ਪੰਜਾਬੀਆਂ ਨੂੰ ਆਪਣੀ ਇਤਿਹਾਸਕ ਵਿਰਾਸਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਹੋਂਦ ਬਚਾਈ ਰੱਖਣ ਲਈ ਹੰਭਲਾ ਮਾਰਨ ਦੀ ਲੋੜ ਹੈ।

**ਇਸ ਰੇਲ ਹਾਦਸੇ ਨੂੰ ਗੁਜਰਾਤ ਦੇ ਗੋਧਰਾ ਕਾਂਡ ਦੀ ਤਰਜ਼ 'ਤੇ ਮੁਸਲਮਾਨ ਘੱਟਗਿਣਤੀ ਵਿਰੁੱਧ ਨਫ਼ਰਤ ਭੜਕਾਉਣ ਵਾਸਤੇ ਵਰਤਣ ਲਈ ਭਗਵਾ ਬ੍ਰਿਗੇਡ ਝੂਠੀਆਂ ਅਫ਼ਵਾਹਾਂ ਫੈਲਾਉਣ ਲਈ ਤੁਰੰਤ ਸਰਗਰਮ ਹੋ ਗਿਆ। ਜਿੱਥੇ ਇਹ ਰੇਲਵੇ ਹਾਦਸਾ ਵਾਪਰਿਆ, ਉਸ ਦੇ ਨੇੜੇ ਮੰਦਿਰ ਹੈ। ਘਟਨਾ ਸਥਾਨ ਦੀਆਂ ਡਰੋਨ ਰਾਹੀਂ ਲਈਆਂ ਤਸਵੀਰਾਂ ਵਿਚ ਹਾਦਸੇ ਵਾਲੀ ਜਗ੍ਹਾ ਦੇ ਪਿੱਛੇ ਦੂਰ ਚਿੱਟੇ ਰੰਗ ਦੀ ਇਮਾਰਤ ਨਜ਼ਰ ਆ ਰਹੀ ਸੀ। ਆਰ.ਐੱਸ.ਐੱਸ.-ਭਾਜਪਾ ਦੀ ਟਰੌਲ ਫ਼ੌਜ ਨੇ ਤੁਰੰਤ ਇਹ ਤਸਵੀਰ ਉਛਾਲ ਕੇ ਸੋਸ਼ਲ ਮੀਡੀਆ ਉੱਪਰ ਇਹ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਕਿ ਹਾਦਸੇ ਵਾਲੀ ਜਗ੍ਹਾ ਕੋਲ ਮਸਜਿਦ ਹੈ ਅਤੇ ਹਾਦਸਾ ਜੁੰਮੇ ਦੇ ਦਿਨ ਵਾਪਰਿਆ ਹੈ; ਯਾਨੀ ਇਸ ਹਾਦਸੇ ਪਿੱਛੇ ਮੁਸਲਮਾਨਾਂ ਦਾ ਹੱਥ ਹੈ ਅਤੇ ਇਹ ਯੋਜਨਾਬੱਧ ਸਾਜ਼ਿਸ਼ ਹੈ।**

# ਭਗਵਾਂ ਬੁਰਛਾਗਰਦੀ: ਰੇਲ ਹਾਦਸੇ ਵੀ ਨਫਰਤ ਫੈਲਾਉਣ ਦਾ ਸੰਦ ਬਣਾਉਣ ਦੀ ਕੋਸ਼ਿਸ਼





*ਰੇਲ ਹਾਦਸੇ ਦਾ ਭਿਆਨਕ ਮੰਜ਼ਰ ਅਤੇ (ਸੱਜੇ) ਚੱਕਰ ਵਿਚ ਦਿਸਦਾ ਉਹ ਮੰਦਿਰ ਜਿਸ ਨੂੰ ਮਸਜਿਦ ਦੱਸ ਕੇ ਮੁਸਲਮਾਨਾਂ ਖਿਲਾਫ ਨਫਰਤ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ।*

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

2 ਜੂਨ ਨੂੰ ਬਾਲਾਸੋਰ (ਉੜੀਸਾ) 'ਚ ਵਾਪਰੇ ਭਿਆਨਕ ਰੇਲ ਹਾਦਸੇ 'ਚ 300 ਦੇ ਕਰੀਬ ਮੁਸਾਫ਼ਰ ਮਾਰੇ ਗਏ ਅਤੇ 1000 ਦੇ ਕਰੀਬ ਜ਼ਖ਼ਮੀ ਹੋ ਗਏ। ਸ਼ਾਲੀਮਾਰ-ਚੇਨਈ ਕੋਰੋਮੰਡਲ ਐਕਸਪ੍ਰੈਸ ਬਹੰਗਾ ਬਾਜ਼ਾਰ ਸਟੇਸ਼ਨ ਉੱਪਰ ਮੁੱਖ ਪਟੜੀ ਉੱਪਰ ਜਾਣ ਦੀ ਬਜਾਇ ਗ਼ਲਤ ਪਟੜੀ 'ਤੇ ਚੜ੍ਹ ਗਈ ਅਤੇ ਉੱਥੇ ਖੜ੍ਹੀ ਮਾਲ ਗੱਡੀ ਨਾਲ ਜਾ ਟਕਰਾਈ। ਇਸ ਟੱਕਰ ਨਾਲ ਇਸ ਦੇ 21 ਡੱਬੇ ਲੀਹੋਂ ਲਹਿ ਗਏ ਅਤੇ ਤਿੰਨ ਡੱਬੇ ਨਾਲ ਦੀ ਰੇਲਵੇ ਪਟੜੀ ਉੱਪਰ ਜਾ ਡਿੱਗੇ। ਉਦੋਂ ਹੀ ਉਸ ਪਟੜੀ ਉੱਪਰ ਆ ਰਹੀ ਇਕ ਹੋਰ ਐਕਸਪ੍ਰੈੱਸ ਗੱਡੀ ਦੇ ਦੋ ਡੱਬੇ ਵੀ ਲੀਹੋਂ ਲਹਿ ਗਏ। ਹਾਦਸਾ ਐਨਾ ਭਿਆਨਕ ਸੀ ਕਿ ਰੇਲ ਦੇ ਤਿੰਨ ਡੱਬੇ ਪੂਰੀ ਤਰ੍ਹਾਂ ਨਸ਼ਟ ਹੋ ਗਏ। ਪਿਛਲੇ 20 ਸਾਲਾਂ 'ਚ ਇਹ ਸਭ ਤੋਂ ਦਿਲ ਦਹਿਲਾ ਦੇਣ ਵਾਲਾ ਹਾਦਸਾ ਹੈ। ਮਗਰਮੱਛ ਦੇ ਹੰਝੂ ਵਹਾਉਣ ਲਈ ਘਟਨਾ ਸਥਾਨ 'ਤੇ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਕਿ ਇਸ ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ। ਰੇਲਵੇ ਦੀ ਕਾਰਗੁਜ਼ਾਰੀ ਬਾਰੇ ਕੈਗ ਦੀ ਦਸੰਬਰ 2022 ਦੀ ਰਿਪੋਰਟ ਤਾਂ ਸਰਕਾਰ ਅਤੇ ਰੇਲਵੇ ਦੇ ਨੀਤੀ ਘਾੜਿਆਂ ਨੂੰ ਕਟਹਿਰੇ 'ਚ ਖੜ੍ਹਾ ਕਰਦੀ ਹੈ, ਹੁਣ ਮੋਦੀ ਵਿਅਕਤੀਆਂ ਨੂੰ ਸਜ਼ਾਵਾਂ ਦੇਣ ਦੇ ਭਰੋਸੇ ਦੇ ਰਿਹਾ ਹੈ! ਸਵਾਲ ਇਹ ਹੈ ਕਿ ਕੌਣ ਕਿਸ ਦੇ ਖ਼ਿਲਾਫ਼ ਕਾਰਵਾਈ ਕਰੇਗਾ? ਮੋਦੀ ਦਾ ਬਿਆਨ ਹਾਦਸੇ ਲਈ 'ਮਨੁੱਖੀ ਗ਼ਲਤੀ' ਨੂੰ ਜ਼ਿੰਮੇਵਾਰ ਠਹਿਰਾ ਕੇ ਅਸਲ ਕਾਰਨਾਂ ਨੂੰ ਦਬਾ ਦੇਣ ਦੀ ਚਲਾਕੀ ਤੋਂ ਬਿਨਾ ਕੁਝ ਨਹੀਂ।

ਦਸੰਬਰ 2022 'ਚ ਕੈਗ (ਕੰਪਟੋਲਰ ਐਂਡ ਆਡੀਟਰ ਜਨਰਲ) ਨੇ ਭਾਰਤੀ ਰੇਲਵੇ 'ਚ ਗੱਡੀਆਂ ਦੇ ਲੀਹੋਂ ਲਹਿਣ ਬਾਰੇ ਕਾਰਗੁਜ਼ਾਰੀ ਲੇਖਾ-ਜੋਖਾ ਰਿਪੋਰਟ ਪੇਸ਼ ਕੀਤੀ ਸੀ। ਰਿਪੋਰਟ ਵਿਚ ਰੇਲਵੇ ਦੀ ਹਾਲਤ ਬਾਰੇ ਮਹੱਤਵਪੂਰਨ ਜਾਣਕਾਰੀਆਂ ਸਰਕਾਰ ਨੂੰ ਦਿੱਤੀਆਂ ਗਈਆਂ ਸਨ ਪਰ ਹੁਕਮਰਾਨ ਤਾਂ ਮੁਲਕ ਦੀ ਅਵਾਮ ਦੀ ਭਾਈਚਾਰਕ ਸਾਂਝ ਤੋੜਨ ਦੇ ਰਾਜਨੀਤਕ ਏਜੰਡਿਆਂ 'ਚ ਮਸਰੂਫ਼ ਹਨ। ਉਨ੍ਹਾਂ ਨੂੰ ਨਾ ਹਾਦਸਿਆਂ 'ਚ ਇਨਸਾਨਾਂ ਦੇ ਮਰਨ ਦੀ ਪ੍ਰਵਾਹ ਹੈ, ਨਾ ਉਨ੍ਹਾਂ ਕਾਰਨਾਂ ਨੂੰ ਮੁਖ਼ਾਤਿਬ ਹੋਣ ਦੀ ਚਿੰਤਾ ਹੈ ਜਿਨ੍ਹਾਂ ਕਾਰਨ ਐਸੇ ਹਾਦਸੇ ਵਾਪਰਦੇ ਹਨ। ਉਹ ਕਦੇ ਵੀ ਐਸੀਆਂ ਰਿਪੋਰਟਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਆਮ ਲੋਕਾਂ ਦੇ ਸਫ਼ਰ ਲਈ ਰੇਲਵੇ ਦਾ ਢਾਂਚਾ ਬੁਰੀ ਤਰ੍ਹਾਂ ਖਸਤਾ ਹਾਲ ਹੈ ਪਰ ਆਰ.ਐੱਸ.ਐੱਸ.-ਭਾਜਪਾ ਸਰਕਾਰ ਅਮੀਰਾਂ ਨੂੰ ਸਹੂਲਤਾਂ ਦੇਣ ਲਈ ਬੁਲਟ ਟਰੇਨਾਂ ਚਲਾਉਣ ਉੱਪਰ ਜ਼ੋਰ ਦੇ ਰਹੀ ਹੈ ਅਤੇ ਰੇਲਵੇ ਦਾ ਨਿੱਜੀਕਰਨ ਕਰ ਕੇ ਆਪਣੇ ਲੰਗੋਟੀਏ ਕਾਰਪੋਰੇਟਾਂ ਦਾ ਰੇਲਵੇ ਉੱਪਰ ਪੜਾਵਾਰ ਕਬਜ਼ਾ ਕਰਵਾ ਰਹੀ ਹੈ। ਰੇਲਵੇ ਵਿਚ ਤਿੰਨ ਲੱਖ ਅਸਾਮੀਆਂ ਖਾਲੀ ਪਈਆਂ ਹਨ ਜੋ ਭਰੀਆਂ ਨਹੀਂ ਜਾ ਰਹੀਆਂ। ਬਿਨਾ ਲੋੜੀਂਦੇ ਅਮਲੇ ਤੋਂ ਰੇਲਵੇ ਪਟੜੀਆਂ ਦੀ ਸਾਂਭ-ਸੰਭਾਲ ਕਿਵੇਂ ਹੋ ਸਕਦੀ ਹੈ? ਇਹੀ ਵਜ੍ਹਾ ਹੈ ਕਿ ਹਾਦਸੇ ਹੁੰਦੇ ਰਹਿੰਦੇ ਹਨ।

ਕੈਗ ਦੀ ਰਿਪੋਰਟ ਅਨੁਸਾਰ 2017-18 ਤੋਂ ਲੈ ਕੇ 2020-21 ਦਰਮਿਆਨ ਹੋਏ ਰੇਲ ਹਾਦਸਿਆਂ ਵਿਚੋਂ (ਜੋ ਢਾਂਚਾਗਤ ਖ਼ਾਮੀਆਂ ਦਾ ਨਤੀਜਾ ਹਨ) ਤਿੰਨ-ਚੌਥਾਈ ਹਾਦਸੇ ਰੇਲਗੱਡੀ ਦੇ ਲੀਹੋਂ ਲਹਿ ਜਾਣ ਕਾਰਨ ਹੋਏ। ਇਉਂ 217 ਹਾਦਸਿਆਂ ਵਿਚੋਂ 163 ਹਾਦਸਿਆਂ ਵਿਚ ਰੇਲਗੱਡੀਆਂ ਦਾ ਲੀਹੋਂ ਲਹਿਣਾ ਹੀ ਵੱਡਾ ਕਾਰਕ ਸੀ। ਜੇ ਰੇਲਾਂ ਦੀ ਟੱਕਰ ਦੇ ਹਾਦਸਿਆਂ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ ਇਹ ਕੁਲ ਹਾਦਸਿਆਂ ਦਾ 80 ਫ਼ੀਸਦੀ ਬਣ ਜਾਂਦੇ ਹਨ। ਰਿਪੋਰਟ ਵਿਚ ਇਹ ਵੀ ਜ਼ਿਕਰ ਹੈ ਕਿ ਪਿਛਲੇ ਸਾਲਾਂ 'ਚ ਰੇਲਵੇ ਪਟੜੀਆਂ ਦੇ ਨਵੀਨੀਕਰਨ ਲਈ ਰੱਖੇ ਜਾਣ ਵਾਲੇ ਪੈਸੇ ਵਿਚ ਕਟੌਤੀ ਕੀਤੀ ਗਈ ਹੈ। ਜੋ ਪੈਸਾ ਇਸ ਕੰਮ ਲਈ ਜਾਰੀ ਕੀਤਾ ਗਿਆ, ਉਸ ਦੀ ਵੀ ਸਹੀ ਵਰਤੋਂ ਨਹੀਂ ਕੀਤੀ ਜਾ ਸਕੀ। ਜੋ ਪੈਸਾ ਖ਼ਰਚਿਆ ਗਿਆ, ਉਸ ਵਿਚ ਭ੍ਰਿਸ਼ਟਾਚਾਰ ਅਗਲਾ ਮਸਲਾ ਹੈ। ਰਿਪੋਰਟ ਦੱਸਦੀ ਹੈ ਕਿ 'ਰਾਸ਼ਟਰੀ ਰੇਲ ਸੰਰਕਸ਼ਾ ਕੋਸ਼' ਵਲੋਂ ਪਹਿਲੀ ਤਰਜੀਹ ਵਾਲੇ ਕੰਮਾਂ ਉੱਪਰ ਕੀਤੇ ਜਾਣ ਵਾਲੇ ਸਮੁੱਚੇ ਖ਼ਰਚ ਨੂੰ ਘਟਾਏ ਜਾਣ ਦਾ ਸਪਸ਼ਟ ਰੁਝਾਨ ਹੈ। 2017-18 'ਚ ਜੋ ਖ਼ਰਚ 81.55% ਸੀ, ਉਹ 2019-20 'ਚ 73.76% ਰਹਿ ਗਿਆ। ਰੇਲਵੇ ਪਟੜੀਆਂ ਦੇ ਨਵੀਨੀਕਰਨ ਲਈ 2018-18 'ਚ 9607 ਕਰੋੜ ਰੁਪਏ ਫੰਡ ਅਲਾਟ ਕੀਤਾ ਗਿਆ ਜੋ 2019-20 'ਚ ਘਟ ਕੇ 7417 ਕਰੋੜ ਰਹਿ ਗਿਆ। ਆਪਣੀ ਛਾਣਬੀਣ ਦੇ ਨਤੀਜਿਆਂ ਦੇ ਆਧਾਰ 'ਤੇ ਕੈਗ ਨੇ ਹਾਦਸਿਆਂ ਨੂੰ ਰੋਕਣ ਲਈ ਮਜ਼ਬੂਤ ਨਿਗਰਾਨੀ ਵਿਵਸਥਾ ਵਿਕਸਤ ਕਰਨ ਦੀ ਸਿਫ਼ਾਰਸ਼ ਕੀਤੀ ਸੀ ਤਾਂ ਜੋ ਰੇਲਵੇ ਪਟੜੀਆਂ ਦੀ ਮੇਂਟੀਨੈਂਸ ਅਤੇ ਸੋਧੀ ਹੋਈ ਟੈਕਨਾਲੋਜੀ ਦੇ ਪੂਰੀ ਤਰ੍ਹਾਂ ਮਸ਼ੀਨੀਕ੍ਰਿਤ ਤਰੀਕੇ ਅਪਣਾ ਕੇ ਮੇਂਟੀਨੈਂਸ ਦੇ ਕੰਮ ਨੂੰ ਸਮੇਂ ਸਿਰ ਅਮਲ 'ਚ ਲਿਆਉਣਾ ਯਕੀਨੀ ਬਣਾਇਆ ਜਾ ਸਕੇ। ਪਰ ਸਿਫ਼ਾਰਸ਼ਾਂ ਠੰਡੇ ਬਸਤੇ ਪਾ ਦਿੱਤੀਆਂ ਗਈਆਂ ਅਤੇ ਰੇਲਾਂ ਆਮ ਲੋਕਾਂ ਦੀਆਂ ਜਾਨਾਂ ਦਾ ਖ਼ੌਅ ਬਣੀਆਂ ਹੋਈਆਂ ਹਨ।

ਇਸ ਹਾਦਸੇ ਤੋਂ ਵੀ ਸਪਸ਼ਟ ਹੈ ਕਿ ਭਾਵੇਂ ਦੁਨੀਆ ਵਿਚ ਸੁਰੱਖਿਆ ਉਪਾਅ ਤਕਨਾਲੋਜੀ ਬਹੁਤ ਵਿਕਸਤ ਹੋ ਚੁੱਕੀ ਹੈ ਪਰ ਭਾਰਤ ਦੇ ਰੇਲਵੇ ਤਾਣੇ-ਬਾਣੇ ਅੰਦਰ ਰੇਲਗੱਡੀਆਂ ਦੇ ਟਕਰਾਉਣ ਨੂੰ ਰੋਕਣ ਲਈ ਵਿਸ਼ੇਸ਼ ਯੰਤਰ ਅਤੇ ਸੰਕਟਕਾਲੀ ਚਿਤਾਵਨੀ ਸਿਸਟਮ ਲਗਾਉਣ ਦੀ ਰਫ਼ਤਾਰ ਬਹੁਤ ਹੌਲੀ ਹੈ। ਜਿਸ ਰੇਲਵੇ ਮਾਰਗ ਉੱਪਰ ਇਹ ਭਿਆਨਕ ਹਾਦਸਾ ਵਾਪਰਿਆ, ਉਸ ਉਪਰ ਅਜਿਹਾ ਸਿਸਟਮ ਅਜੇ ਲਗਾਇਆ ਹੀ ਨਹੀਂ ਗਿਆ। ਰੇਲਵੇ ਤਾਣੇ-ਬਾਣੇ 'ਚ ਅਜਿਹਾ ਸਿਸਟਮ ਲਗਾਉਣ ਦਾ ਐਲਾਨ 2011 ਦੇ ਬਜਟ ਵਿਚ ਕੀਤਾ ਗਿਆ ਸੀ। ਇਸ ਦਾ ਨਾਂ ਬਦਲ ਕੇ 'ਕਵਚ' ਰੱਖ ਲਿਆ ਗਿਆ ਅਤੇ ਇਸ ਨਵੇਂ ਨਾਂ ਨੂੰ ਹੀ ਰੇਲਵੇ ਮੰਤਰੀ ਨੇ ਨਵੀਂ ਖੋਜ ਬਣਾ ਕੇ ਪੇਸ਼ ਕੀਤਾ ਪਰ ਅਜੇ ਤੱਕ ਸਿਰਫ਼ 4% ਰੇਲ ਮਾਰਗਾਂ ਉੱਪਰ ਹੀ ਇਹ ਪ੍ਰਣਾਲੀ ਲਗਾਈ ਜਾ ਸਕੀ ਹੈ, ਬਾਕੀ ਰੇਲਵੇ ਜਿਉਂ ਦੀ ਤਿਉਂ ਅਸੁਰੱਖਿਅਤ ਹੈ।

ਕੈਗ ਦੀਆਂ ਸਿਫ਼ਾਰਸ਼ਾਂ ਵਿਚ ਇਹ ਵੀ ਸ਼ਾਮਿਲ ਸੀ ਕਿ ਹਾਦਸਿਆਂ ਦੀ ਜਾਂਚ ਸਮੇਂ ਸਿਰ ਹੋਵੇ ਅਤੇ ਜਾਂਚ ਨੂੰ ਨਿਸ਼ਚਿਤ ਸਮੇਂ 'ਚ ਪੂਰਾ ਕੀਤਾ ਜਾਵੇ। ਇਹ ਅਕਸਰ ਹੁੰਦਾ ਹੈ ਕਿ ਜਾਂਚ ਬਿਠਾ ਤਾਂ ਦਿੱਤੀ ਜਾਂਦੀ ਹੈ ਪਰ ਉਹ ਸਾਲਾਂ ਤੱਕ ਲਟਕਦੀ ਰਹਿੰਦੀ ਹੈ ਅਤੇ ਜਾਂਚ ਨੂੰ ਲਮਕਾ ਕੇ ਹਾਦਸਿਆਂ ਦੇ ਅਸਲ ਕਾਰਨਾਂ ਨੂੰ ਦਬਾ ਦਿੱਤਾ ਜਾਂਦਾ ਹੈ।

ਸੱਤ ਸਾਲ ਪਹਿਲਾਂ ਕਾਨਪੁਰ ਵਿਚ ਵੀ ਇਸੇ ਤਰ੍ਹਾਂ ਭਿਆਨਕ ਹਾਦਸਾ ਵਾਪਰਿਆ ਸੀ ਜਿਸ ਵਿਚ ਡੇਢ ਸੌ ਦੇ ਕਰੀਬ ਲੋਕ ਮਾਰੇ ਗਏ ਸਨ। ਉਦੋਂ ਵੀ ਅਸਲ ਕਾਰਨਾਂ ਤੋਂ ਧਿਆਨ ਹਟਾਉਣ ਲਈ ਇਹ ਦੋਸ਼ ਲਗਾਇਆ ਗਿਆ ਕਿ ਹਾਦਸੇ ਪਿੱਛੇ ਬਹੁਤ ਵੱਡੀ ਸਾਜ਼ਿਸ਼ ਹੈ। ਸਾਜ਼ਿਸ਼ ਦੇ ਕੋਣ ਨੇ ਪੂਰੀ ਚਰਚਾ ਹੀ ਹੋਰ ਪਾਸੇ ਮੋੜ ਦਿੱਤੀ ਸੀ। ਹਾਦਸੇ ਦੀ ਜਾਂਚ ਐੱਨ.ਆਈ.ਏ. ਤੋਂ ਕਰਵਾਈ ਗਈ ਪਰ ਉਸ ਜਾਂਚ ਦਾ ਕੀ ਬਣਿਆ? ਕੀ ਕੋਈ ਚਾਰਜਸ਼ੀਟ ਪੇਸ਼ ਕੀਤੀ ਗਈ? ਕੋਈ ਮੁਕੱਦਮਾ ਚੱਲਿਆ? ਕੋਈ ਸਜ਼ਾ ਹੋਈ? ਹਾਲਾਂਕਿ ਉਦੋਂ ਹੀ ਰੇਲਵੇ ਦੀ ਜਾਂਚ ਨੇ ਸਾਜ਼ਿਸ਼ ਦੇ ਕੋਣ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਸੀ। ਹੁਣ ਇਸ ਕਾਂਡ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਹੈ। ਕੇਂਦਰ ਸਰਕਾਰ ਦੀਆਂ ਹੱਥ-ਠੋਕਾ ਜਾਂਚ ਏਜੰਸੀਆਂ ਹਕੂਮਤ ਦੀ ਜਵਾਬਦੇਹੀ ਤੈਅ ਨਹੀਂ ਕਰ ਸਕਦੀਆਂ। ਲਿਹਾਜ਼ਾ ਇਹ ਜਾਂਚ ਹਾਦਸੇ ਦੇ ਅਸਲ ਕਾਰਨਾਂ ਨੂੰ ਦਬਾਉਣ ਦੀ ਕਵਾਇਦ ਬਣ ਕੇ ਰਹਿ ਜਾਵੇਗੀ ਅਤੇ ਜਿਨ੍ਹਾਂ ਹਾਦਸਿਆਂ ਨੂੰ ਸਹਿਜੇ ਹੀ ਰੋਕਿਆ ਜਾ ਸਕਦਾ ਹੈ ਉਨ੍ਹਾਂ ਨੂੰ ਠੱਲ ਨਹੀਂ ਪਵੇਗੀ।

**_ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੰਘ ਬ੍ਰਿਗੇਡ ਕਿਸੇ ਵੀ ਘਟਨਾ ਨੂੰ ਮੁਸਲਮਾਨਾਂ ਵਿਰੋਧੀ ਰੰਗਤ ਦੇਣ ਲਈ ਕਿਸ ਹੱਦ ਤੱਕ ਜਾ ਸਕਦਾ ਹੈ ਅਤੇ ਕਿਸੇ ਵੀ ਮਾਮੂਲੀ ਘਟਨਾ ਦੇ ਬਹਾਨੇ ਵੱਡਾ ਫਿਰਕੂ ਕਤਲੇਆਮ ਕਰਵਾਉਣ ਲਈ ਮਾਹੌਲ ਭੜਕਾ ਸਕਦਾ ਹੈ। ਦਰਅਸਲ, ਮੁਲਕ ਵਿਰੁੱਧ ਸਭ ਤੋਂ ਖ਼ਤਰਨਾਕ ਸਾਜ਼ਿਸ਼ ਤਾਂ ਆਰ.ਐੱਸ.ਐੱਸ.-ਭਾਜਪਾ ਦੀ ਹੈ ਜਿਸ ਨੂੰ ਨਾਕਾਮ ਬਣਾਉਣ ਲਈ ਅਵਾਮ ਨੂੰ ਜਾਗਰੂਕ ਹੋਣਾ ਪਵੇਗਾ।_**

ਇਸ ਹਾਦਸੇ ਨੂੰ ਗੁਜਰਾਤ ਦੇ ਗੋਧਰਾ ਕਾਂਡ ਦੀ ਤਰਜ਼ 'ਤੇ ਮੁਸਲਮਾਨ ਘੱਟਗਿਣਤੀ ਵਿਰੁੱਧ ਨਫ਼ਰਤ ਭੜਕਾਉਣ ਵਾਸਤੇ ਵਰਤਣ ਲਈ ਭਗਵਾ ਬ੍ਰਿਗੇਡ ਝੂਠੀਆਂ ਅਫ਼ਵਾਹਾਂ ਫੈਲਾਉਣ ਲਈ ਤੁਰੰਤ ਸਰਗਰਮ ਹੋ ਗਿਆ। ਜਿੱਥੇ ਇਹ ਰੇਲਵੇ ਹਾਦਸਾ ਵਾਪਰਿਆ, ਉਸ ਦੇ ਨੇੜੇ ਮੰਦਿਰ ਹੈ। ਘਟਨਾ ਸਥਾਨ ਦੀਆਂ ਡਰੋਨ ਰਾਹੀਂ ਲਈਆਂ ਤਸਵੀਰਾਂ ਵਿਚ ਹਾਦਸੇ ਵਾਲੀ ਜਗ੍ਹਾ ਦੇ ਪਿੱਛੇ ਦੂਰ ਚਿੱਟੇ ਰੰਗ ਦੀ ਇਮਾਰਤ ਨਜ਼ਰ ਆ ਰਹੀ ਸੀ। ਆਰ.ਐੱਸ.ਐੱਸ.-ਭਾਜਪਾ ਦੀ ਟਰੌਲ ਫ਼ੌਜ ਨੇ ਤੁਰੰਤ ਇਹ ਤਸਵੀਰ ਉਛਾਲ ਕੇ ਸੋਸ਼ਲ ਮੀਡੀਆ ਉੱਪਰ ਇਹ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਕਿ ਹਾਦਸੇ ਵਾਲੀ ਜਗ੍ਹਾ ਕੋਲ ਮਸਜਿਦ ਹੈ ਅਤੇ ਹਾਦਸਾ ਜੁੰਮੇ ਦੇ ਦਿਨ ਵਾਪਰਿਆ ਹੈ; ਯਾਨੀ ਇਸ ਹਾਦਸੇ ਪਿੱਛੇ ਮੁਸਲਮਾਨਾਂ ਦਾ ਹੱਥ ਹੈ ਅਤੇ ਇਹ ਯੋਜਨਾਬੱਧ ਸਾਜ਼ਿਸ਼ ਹੈ। 'ਦਿ ਰੈਂਡਮ ਇੰਡੀਅਨ ਐਟ ਰੈਂਡਮਸੈਨਾ' ਨਾਂ ਦੇ ਟਵਿੱਟਰ ਹੈਂਡਲ ਨੇ ਇਸ ਤਸਵੀਰ ਉੱਪਰ ਉਸ ਇਮਾਰਤ ਵੱਲ ਤੀਰ ਦਾ ਨਿਸ਼ਾਨ ਦੇ ਕੇ ਕੈਪਸ਼ਨ ਦਿੱਤੀ: 'ਬਸ ਇਹੀ ਕਹਿਣਾ... ਕੱਲ੍ਹ ਜੁੰਮੇ ਦਾ ਦਿਨ ਸੀ। ਬਾਲਾਸੋਰ ਗ਼ੈਰ-ਕਾਨੂੰਨੀ ਰੋਹਿੰਗਿਆ ਮੁਸਲਮਾਨਾਂ ਦਾ ਧੁਰਾ ਹੈ।' ਇਸ ਇੱਕੋ ਟਵੀਟ ਨੂੰ 40 ਲੱਖ ਲੋਕਾਂ ਨੇ ਦੇਖਿਆ ਅਤੇ 4500 ਨੇ ਇਸ ਨੂੰ ਅੱਗੇ ਸ਼ੇਅਰ ਕੀਤਾ। ਇਸੇ ਟਵਿੱਟਰ ਹੈਂਡਲ ਨੇ ਹੋਰ ਟਵੀਟ ਕੀਤੇ ਜਿਨ੍ਹਾਂ ਵਿਚ ਕਿਹਾ ਗਿਆ ਕਿ 'ਕੱਲ੍ਹ ਕੰਨਿਆਕੁਮਾਰੀ ਐਕਸਪ੍ਰੈਸ ਦਾ ਹਾਦਸਾ ਤ੍ਰਿਚੂਈ ਜ਼ਿਲ੍ਹੇ ਵਿਚ ਡਰਾਈਵਰ ਦੀ ਮੁਸਤੈਦੀ ਨਾਲ ਟ.ਲ ਗਿਆ ਜਿਸ ਦੀ ਫ਼ੁਰਤੀ ਨੇ ਜਾਨਾਂ ਬਚਾ ਲਈਆਂ। ਇਸੇ ਦਿਨ ਉੜੀਸਾ ਹਾਦਸਾ ਵਾਪਰਿਆ। ਯੋਜਨਾ ਇੱਕੋ ਦਿਨ ਬਹੁਤ ਸਾਰੇ ਹਾਦਸਿਆਂ ਨੂੰ ਅੰਜਾਮ ਦੇਣ ਦੀ ਸੀ।' ਇਸ ਉੱਪਰ ਹੋਏ ਕਿੰਤੂ-ਪ੍ਰੰਤੂ ਦਾ ਜਵਾਬ ਦਿੰਦੇ ਹੋਏ ਇਸੇ ਹੈਂਡਲ ਨੇ ਇਕ ਹੋਰ ਟਵੀਟ ਵਿਚ ਕਿਹਾ ਕਿ 'ਇਨ੍ਹਾਂ ਲੋਕਾਂ (ਮੁਸਲਮਾਨਾਂ) ਉੱਪਰ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਮੈਂ ਇਨ੍ਹਾਂ ਦਾ ਈਕੋ-ਸਿਸਟਮ ਦੇਖਿਆ ਹੈ। ਮੈਂ ਇਨ੍ਹਾਂ ਦੇ ਕੁਰਾਨ ਦੀਆਂ ਆਇਤਾਂ ਪੜ੍ਹੀਆਂ ਹਨ ਕਿ ਇਹ ਕਾਫ਼ਿਰਾਂ ਬਾਰੇ ਕੀ ਕਹਿੰਦਾ ਹੈ। ਮੈਨੂੰ ਇਹ ਨਾ ਸਿਖਾਓ ਕੀ ਸੋਚਣਾ ਹੈ, ਕੀ ਨਹੀਂ ਸੋਚਣਾ ਹੈ। ਤੁਸੀਂ ਇਨ੍ਹਾਂ ਦੇ ਏਜੰਡੇ ਬਾਰੇ ਅਣਜਾਣ ਹੋ। ਮੈਂ ਨਹੀਂ ਹਾਂ। ਇਹ ਤੁਹਾਡੀ ਗ਼ਲਤੀ ਹੈ, ਨਾ ਕਿ ਮੇਰੀ।' ਇਸੇ ਤਰ੍ਹਾਂ ਹੋਰ ਟਵਿੱਟਰ ਹੈਂਡਲਾਂ ਨੇ ਇਹ ਤਸਵੀਰ ਸਾਂਝੀ ਕਰ ਕੇ ਅਫ਼ਵਾਹਾਂ ਦੀ ਮੁਹਿੰਮ ਚਲਾਈ ਜਿਨ੍ਹਾਂ ਵਿਚ ਰਾਜਪੂਤਰੰਜਾਨਾ, ਰੀਅਲਵੀਰੇਂਦਰਬੀਜੇਪੀ, ਵਿਰਾਲਕੀ44722069, ਅੱਬਾਜਬਬੜਾਅੱਬਾ4 ਆਦਿ ਸ਼ਾਮਿਲ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਗਵਾ ਆਈ.ਟੀ. ਸੈੱਲ ਮਿੰਟਾਂ-ਸਕਿੰਟਾਂ 'ਚ ਕਿੰਨੇ ਵਿਸ਼ਾਲ ਘੇਰੇ ਤੱਕ ਅਫ਼ਵਾਹਾਂ ਫੈਲਾ ਕੇ ਘੱਟਗਿਣਤੀਆਂ ਵਿਰੁੱਧ ਦੰਗੇ ਭੜਕਾ ਸਕਦਾ ਹੈ।

ਤੱਥਾਂ ਦੀਆਂ ਜਾਂਚ ਕਰਨ ਵਾਲੀਆਂ ਵੈੱਬਸਾਈਟਾਂ ਵੱਲੋਂ ਤਸਵੀਰ ਦੀ ਜਾਂਚ ਕਰਨ ਤੋਂ ਬਾਅਦ ਹੀ ਇਸ ਪ੍ਰਚਾਰ ਨੂੰ ਕੁਝ ਠੱਲ੍ਹ ਪਈ ਕਿ ਇਹ ਤਾਂ ਦਰਅਸਲ ਮੰਦਰ ਹੈ। ਆਲਟਨਿਊਜ਼ ਨੇ ਖ਼ੁਲਾਸਾ ਕੀਤਾ ਕਿ ਇਹ ਦਰਅਸਲ ਇੰਟਰਨੈਸ਼ਨਲ ਸੁਸਾਇਟੀ ਫਾਰ ਕ੍ਰਿਸ਼ਨਾ ਕਾਂਸ਼ਿਸ਼ਨੈੱਸ ਜਾਂ ਬਹੰਗਾ ਇਸਕਾਨ ਵੱਲੋਂ ਚਲਾਇਆ ਜਾ ਰਿਹਾ ਮੰਦਿਰ ਹੈ। ਆਲਟਨਿਊਜ਼ ਨੇ ਤਮਲ ਸਾਹਾ ਨਾਂ ਦੇ ਰਿਪੋਰਟਰ ਨਾਲ ਸੰਪਰਕ ਕਰ ਕੇ ਘਟਨਾ ਸਥਾਨ ਤੋਂ ਇਸ ਦੀ ਪੁਸ਼ਟੀ ਵੀ ਕਰਵਾਈ ਜੋ ਉਸ ਵਕਤ ਘਟਨਾ ਸਥਾਨ 'ਤੇ ਮੌਜੂਦ ਸੀ। ਉਸ ਨੇ ਇਹ ਵੀ ਦੱਸਿਆ ਕਿ ਇਹ ਉਸਾਰੀ ਅਧੀਨ ਮੰਦਿਰ ਹੈ ਨਾ ਕਿ ਮਸਜਿਦ। ਇਕ ਹੋਰ ਵੈੱਬਸਾਈਟ ਦੇ ਰਿਪੋਰਟਰ ਨੇ ਤਾਂ ਉੱਥੇ ਜਾ ਕੇ ਮੰਦਿਰ ਦੇ ਪੁਜਾਰੀ ਨਾਲ ਮੁਲਾਕਾਤ ਵੀ ਕੀਤੀ। ਪੁਜਾਰੀ ਨੇ ਵੀ ਮੰਦਿਰ ਨੂੰ ਮਸਜਿਦ ਬਣਾ ਕੇ ਪੇਸ਼ ਕਰਨ ਵਾਲਿਆਂ ਉੱਪਰ ਹੈਰਾਨੀ ਜ਼ਾਹਿਰ ਕੀਤੀ।

ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੰਘ ਬ੍ਰਿਗੇਡ ਕਿਸੇ ਵੀ ਘਟਨਾ ਨੂੰ ਮੁਸਲਮਾਨਾਂ ਵਿਰੋਧੀ ਰੰਗਤ ਦੇਣ ਲਈ ਕਿਸ ਹੱਦ ਤੱਕ ਜਾ ਸਕਦਾ ਹੈ ਅਤੇ ਕਿਸੇ ਵੀ ਮਾਮੂਲੀ ਘਟਨਾ ਦੇ ਬਹਾਨੇ ਵੱਡਾ ਫਿਰਕੂ ਕਤਲੇਆਮ ਕਰਵਾਉਣ ਲਈ ਮਾਹੌਲ ਭੜਕਾ ਸਕਦਾ ਹੈ। ਦਰਅਸਲ, ਮੁਲਕ ਵਿਰੁੱਧ ਸਭ ਤੋਂ ਖ਼ਤਰਨਾਕ ਸਾਜ਼ਿਸ਼ ਤਾਂ ਆਰ.ਐੱਸ.ਐੱਸ.-ਭਾਜਪਾ ਦੀ ਹੈ ਜਿਸ ਨੂੰ ਨਾਕਾਮ ਬਣਾਉਣ ਲਈ ਅਵਾਮ ਨੂੰ ਹਿੰਦੂਤਵ ਦੇ ਰਾਜਨੀਤਕ ਪ੍ਰੋਜੈਕਟ ਬਾਰੇ ਜਾਗਰੂਕ ਹੋਣਾ ਪਵੇਗਾ ਅਤੇ ਸੁਚੇਤ ਹੋ ਕੇ ਅਜਿਹੇ ਹਾਦਸਿਆਂ ਲਈ ਜ਼ਿੰਮੇਵਾਰ ਹਕੂਮਤੀ ਨੀਤੀਆਂ ਅਤੇ ਕਾਰਗੁਜ਼ਾਰੀ ਦੀ ਜਵਾਬਦੇਹੀ ਤੈਅ ਕਰਨ ਲਈ ਸੰਘਰਸ਼ ਕਰਨਾ ਪਵੇਗਾ।

# ਉਦਾਸ ਰੁੱਤ ਦਾ ਗੀਤ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਉਦਾਸੀ ਦਾ ਜ਼ਿਕਰ ਕੀਤਾ ਹੈ, ਜੋ ਕਈ ਵਾਰ ਇਨਸਾਨ ਨੂੰ ਖਤਮ ਹੀ ਕਰ ਦਿੰਦੀ ਹੈ ਪਰ ਜੇ ਇਹ ਸਮੂਹਕਤਾ ਵਿਚੋਂ ਪੈਦਾ ਹੁੰਦੀ ਤਾਂ ਇਸ ਵਿਚੋਂ ਰੋਹ ਵੀ ਉਪਜਦਾ ਹੈ।**

ਕਦੇ ਕਦੇ ਉਦਾਸੀ ਮਨ ਵਿਚ ਖ਼ਲਬਲੀ ਪੈਦਾ ਕਰਦੀ। ਚਿੱਤ ਵਿਆਕੁਲ ਹੋ ਉਠਦਾ ਅਤੇ ਇਸ ਵਿਆਕੁਲਤਾ ਵਿਚ ਸਿਰਫ਼ ਹੋਠਾਂ 'ਤੇ ਪਸਰੀ ਚੁੱਪ ਹੀ ਸਾਥ ਦਿੰਦੀ। ਇਹ ਚੁੱਪ ਵਿਚੋਂ ਉਦਾਸੀ ਦਾ ਇਕ ਨਗ਼ਮਾ, ਅੰਤਰੀਵ ਵਿਚ ਫੈਲੇ ਮੇਰੇ ਸਮੁੱਚ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ। ਇਹ ਮੇਰੀ ਉਦਾਸੀ ਮੇਰੀ ਹੀ ਨਹੀਂ, ਇਹ ਤਾਂ ਚੌਗਿਰਦੇ ਦੀ ਉਦਾਸੀ, ਸਾਡੇ ਸਾਰਿਆਂ ਦੀ ਉਦਾਸੀ ਜਿਸ ਵਿਚ ਅਸੀਂ ਜਿਉਂਦੇ ਅਤੇ ਇਸ ਵਿਚੋਂ ਹੀ ਜੀਵਨ ਪੈੜਾਂ ਨੂੰ ਸਿਰਜਦੇ ਹਾਂ।

ਉਦਾਸੀ ਸਿਰਫ਼ ਜਾਤੀ ਜਾਂ ਨਿੱਜ ਤੀਕ ਸੀਮਤ ਕੀਤੀ ਜਾਵੇ ਤਾਂ ਇਹ ਬੰਦੇ ਨੂੰ ਖਾ ਜਾਂਦੀ। ਪਰ ਜਦ ਇਹੀ ਉਦਾਸੀ ਸਮੂਹਕਤਾ ਵਿਚੋਂ ਪੈਦਾ ਹੁੰਦੀ ਤਾਂ ਇਸ ਵਿਚੋਂ ਰੋਹ ਵੀ ਉਪਜਦਾ। ਰੂਹ ਵੀ ਅਵੱਗਿਆ ਵੀ, ਆਜ਼ਾਦੀ ਵੀ। ਇਸ ਵਿਚ ਹਨੇਰ ਵੀ ਪਰ ਇਸ ਵਿਚੋਂ ਚਾਨਣ ਦੀ ਕਾਤਰ ਵੀ ਤੁਹਾਡੇ ਹਿੱਸੇ ਆਉਂਦੀ। ਉਦਾਸੀ ਨੂੰ ਕਦੇ ਖੁੱਲ੍ਹੀਆਂ ਅੱਖਾਂ ਨਾਲ ਦੇਖਦੇ ਅਤੇ ਕਦੇ ਬੰਦ ਦੀਦਿਆਂ ਵਿਚੋਂ ਵੀ ਦੇਖ ਸਕਦੇ। ਕਦੇ ਸੁਣਦੇ ਅਤੇ ਕਦੇ ਅਣਸੁਣੀ ਵੀ ਕਰਦੇ। ਕਦੇ ਇਸ ਉਦਾਸੀ ਨੂੰ ਉਲਥਾਉਣ ਦੀ ਕੋਸ਼ਿਸ਼ ਕਰਦੇ ਪਰ ਕਦੇ ਅਸੀਂ ਉਦਾਸੀ ਵਿਚ ਖ਼ੁਦ ਹੀ ਉਲਥਾਏ ਜਾਂਦੇ। ਇਹ ਉਦਾਸੀ ਕਦੇ ਸਾਡੇ ਸ਼ਬਦਾਂ ਵਿਚ ਸਿੰਮਦੀ ਅਤੇ ਕਦੇ ਅਰਥਾਂ ਦੀ ਲੋਅ ਬਣ ਕੇ ਵਰਕਿਆਂ ਨੂੰ ਚਾਨਣ ਨਾਲ ਭਰਦੀ। ਕਦੇ ਇਹ ਮਨ-ਮਸਤਕ 'ਤੇ ਚਲਚਿੱਤਰ ਬਣਦੀ ਅਤੇ ਕਦੇ ਕਿਸੇ ਫਰੇਮ ਵਿਚ ਜੁੜੀ ਸਾਡੀ ਮਾਨਸਿਕ ਕੰਧ 'ਤੇ ਜੜੀ ਜਾਂਦੀ।

ਉਦਾਸੀ ਨੂੰ ਮੁਖ਼ਾਤਬ ਹੋਣ ਲਈ ਜਿਗਰਾ ਚਾਹੀਦਾ। ਜ਼ਿੰਦਾਦਿਲੀ ਦੀ ਲੋੜ ਕਿਉਂਕਿ ਉਦਾਸੀ ਤੁਹਾਨੂੰ ਬਹੁਤ ਕੁਝ ਕਹਿਣਾ ਚਾਹੁੰਦੀ ਪਰ ਤੁਸੀਂ ਉਦਾਸੀ ਵਿਚੋਂ ਹੀ ਨਵੀਆਂ ਸਿਖਰਾਂ ਦੀ ਬੁਲੰਦੀ ਬਣਨਾ ਚਾਹੁੰਦੇ ਹੋ। ਇਸ ਬੁਲੰਦਗੀ ਲਈ ਜ਼ਰੂਰੀ ਹੁੰਦਾ ਕਿ ਉਦਾਸ ਪਲਾਂ ਨੂੰ ਹੁਲਾਸ ਪਲਾਂ ਵਿਚ ਤਬਦੀਲ ਕਰਨ ਦੀ ਜੁਗਤ ਜਾਣੀਏ। ਹਤਾਸ਼ ਪਹਿਰ ਨੂੰ ਹਸਾਸ ਵਕਤ ਦੀ ਤਸ਼ਬੀਹ ਦੇਈਏ। ਮਨ-ਮਾਰੂ ਖ਼ਿਆਲਾਂ ਦੀ ਜੂਹ ਵਿਚ ਜਿਉਣ-ਜੋਗੇ ਖ਼ਾਬ ਧਰੀਏ।

ਆਪਣੀ ਉਦਾਸੀ ਨੂੰ ਹਿੱਕ ਵਿਚ ਲੁਕੋ ਕੇ, ਕਿਸੇ ਦੀ ਉਦਾਸ ਰੁੱਤ ਨੂੰ ਬਹਾਰ ਵਿਚ ਬਦਲਣ ਦੀ ਸੋਝੀ ਆ ਜਾਵੇ ਤਾਂ ਜ਼ਿੰਦਗੀ ਦੀ ਸਾਰਥਿਕਤਾ ਨੂੰ ਸਾਹਾਂ ਦੇ ਨਾਮ ਲਾਇਆ ਜਦ ਸਕਦਾ। ਉਦਾਸੀ ਦਾ ਗੀਤ ਲਿਖਣ ਲਈ ਜ਼ਰੂਰੀ ਹੈ ਕਿ ਖਿੱਲਰੇ ਵਾਲਾਂ ਵਾਲੇ ਹੱਥ ਅੱਡੀ ਨਿੱਕੇ ਜੇਹੇ ਬਾਲਕ ਦੀਆਂ ਅੱਖਾਂ ਵਿਚਲੀ ਤਰਾਸਦੀ ਨੂੰ ਸਮਝ ਸਕੀਏ। ਉਸਦੇ ਮਰ ਰਹੇ ਬਚਪਨ ਵੰਨੀਂ ਨੀਝ ਨਾਲ ਦੇਖਣਾ, ਪਤਾ ਲੱਗੇਗਾ ਕਿ ਉਦਾਸੀ ਦਾ ਗੀਤ ਕਿੰਨਾ ਗਹਿਰਾ ਅਤੇ ਇਸਨੂੰ ਗਾਉਣਾ ਕਿੰਨਾ ਕਠਨ। ਉਦਾਸੀ ਦੇ ਗੀਤ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਲੀਰਾਂ ਚੁਗ ਰਹੇ ਬੱਚੇ ਦੀ ਮਾਨਸਿਕਤਾ ਨੂੰ ਪੜ੍ਹਨਾ ਜੋ ਸਾਫ਼ ਸੁਥਰੀ ਵਰਦੀ ਵਿਚ ਸਕੂਲੇ ਜਾ ਰਹੇ ਬੱਚਿਆਂ ਨੂੰ ਦੇਖ ਮਨ-ਮਸੋਸ ਕੇ ਰਹਿ ਜਾਂਦਾ ਕਿ ਉਸਦੇ ਹਿੱਸੇ ਦੇ ਪੂਰਨੇ ਉਸ ਤੋਂ ਹੀ ਕਿਉਂ ਰੁੱਸ ਗਏ?

ਉਦਾਸੀ ਦੀ ਗੀਤਕਾਰੀ ਲਈ ਅਤਿ ਜ਼ਰੂਰੀ ਹੈ ਕਿ ਸਿਰ 'ਤੇ ਪਰਨਾ ਵਲੇਟੇ, ਵੱਟ 'ਤੇ ਬੈਠੇ ਉਸ ਕਿਸਾਨ ਦੀ ਮਨੋਦਿਸ਼ਾ ਨੂੰ ਚੇਤਿਆਂ ਵਿਚ ਲਿਆਣਾ ਜਿਸਦੀ ਫਸਲ ਸੱਥਰ ਬਣ ਕੇ ਉਸਦੇ ਭਵਿੱਖੀ ਸੁਪਨਿਆਂ ਨੂੰ ਧੁਆਂਖ ਗਈ ਹੋਵੇ। ਇਨ੍ਹਾਂ ਸੁਪਨਿਆਂ ਦੇ ਸੇਕ ਵਿਚ ਉਸਨੇ, ਉਸਦੇ ਪਰਿਵਾਰ ਅਤੇ ਬੱਚਿਆਂ ਦਾ ਬਹੁਤ ਕੁਝ ਰਾਖ਼ ਹੋ ਗਿਆ ਜਿਸ ਨੇ ਚੌਗਿਰਦੇ ਦੀ ਮਹਿਕ ਬਣਨਾ ਸੀ।

ਉਦਾਸੀ ਰਿਸ਼ਤਿਆਂ ਨੂੰ ਘੇਰਦੀ ਤਾਂ ਸਕੀਰੀਆਂ ਸੁੰਗੜ ਜਾਂਦੀਆਂ। ਉਦਾਸੀ ਲਹੂ ਵਿਚ ਰਚਦੀ ਤਾਂ ਆਪਣੇ ਹੱਥ ਹੀ ਤੁਹਾਡੇ ਲਈ ਕਬਰ ਦੀ ਖ਼ੁਦਾਈ ਕਰਦੇ। ਉਦਾਸੀ ਮਿੱਤਰ-ਮੋਹ ਵਿਚ ਘੁਲਦੀ ਤਾਂ ਸੁਖਨ-ਸੁਨੇਹੇ ਖਾਮੋਸ਼ ਹੋ ਜਾਂਦੇ। ਉਦਾਸੀ ਹੋਠਾਂ 'ਤੇ ਜੰਮ ਜਾਵੇ ਤਾਂ ਬੋਲ ਸਹਿਮ ਜਾਂਦੇ। ਉਦਾਸੀ ਸ਼ਬਦਾਂ 'ਚੋਂ ਸਿੰਮਣ ਲੱਗ ਪਵੇ ਤਾਂ ਵਰਕਿਆਂ 'ਤੇ ਘਰਾਲਾਂ ਵਗਦੀਆਂ। ਉਦਾਸੀ ਕਦਮਾਂ ਵਿਚ ਉਗ ਆਵੇ ਤਾਂ ਸਫ਼ਰ ਸੋਗੀ ਹੋ ਜਾਂਦਾ। ਉਦਾਸੀ ਸ਼ੌਕ ਨੂੰ ਗਲੱਛ ਲਵੇ ਤਾਂ ਪੱਲੇ 'ਚ ਰਹਿ ਜਾਂਦੀ ਮਜਬੂਰੀ। ਉਦਾਸੀ ਤਾਂਘ ਵਿਚ ਪਨਪਣ ਲੱਗੇ ਤਾਂ ਤਮੰਨਾਵਾਂ ਤੜਫਣ ਲੱਗਦੀਆਂ। ਉਦਾਸੀ, ਆਸ ਨੂੰ ਬੇਆਸ ਕਰੇ ਤਾਂ ਉਮੀਦਾਂ ਦੇ ਚਿਰਾਗ ਹਟਕੋਰੇ ਭਰਨ ਲੱਗਦੇ। ਉਦਾਸੀ ਗਲਵੱਕੜੀ 'ਚ ਪਨਾਹ ਲਵੇ ਤਾਂ ਨਿੱਘ ਬਰਫ਼ ਹੋ ਜਾਂਦਾ।

ਭੋਲਿਆ! ਉਦਾਸ ਹਾਸਿਆਂ ਨਾਲ ਚਿੱਤਰਗਿਲੀ ਦੀ ਕਦੇ ਕਲਪਨਾ ਨਹੀਂ ਕਰੀਦੀ। ਉਦਾਸ ਤੱਕਣੀ 'ਚ ਅਕਸਰ ਹੀ ਝਉਲਿਆਂ ਦੀ ਚਿੱਤਰਕਾਰੀ ਹੀ ਹੁੰਦੀ। ਉਦਾਸ ਦਰਿਆ ਹਮੇਸ਼ਾ ਬਰੇਤਿਆਂ ਦੀ ਬਸਤੀ ਹੁੰਦੇ। ਫਿਜ਼ਾ ਉਦਾਸ ਹੁੰਦੀ ਤਾਂ ਪੌਣ ਦੀ ਘਿੱਗੀ ਬੱਝਦੀ। ਰਾਤ ਉਦਾਸ ਹੋ ਜਾਵੇ ਤਾਂ ਧਰਤੀ 'ਤੇ ਮੱਸਿਆ ਪਸਰਦੀ। ਸੂਰਜ ਉਦਾਸ ਹੋਵੇ ਤਾਂ ਸਮੁੱਚੀ ਕਾਇਨਾਤ ਗੁਹਿਣੀ ਜਾਂਦੀ। ਉਦਾਸੀ ਦਰਾਂ 'ਤੇ ਦਸਤਕ ਦੇਵੇ ਤਾਂ ਘਰ ਪੱਥਰ ਹੋ ਜਾਂਦਾ। ਉਦਾਸ ਵਕਤਾਂ ਵਿਚ ਦਿਨ ਵੀ ਰਾਤ ਵਰਗਾ ਹੀ ਹੁੰਦਾ। ਉਦਾਸ ਰਾਤ ਵਿਚ ਪੁੰਨਿਆਂ ਵੀ ਮਸੋਸੀ ਜਾਂਦੀ।

ਉਦਾਸ ਦਿਲਾਂ ਨੂੰ ਹਮਦਰਦ ਤਾਂ ਮਿਲ ਜਾਂਦੇ ਪਰ ਹਮਸਫ਼ਰ ਨਹੀਂ ਮਿਲਦੇ। ਉਦਾਸ ਜ਼ਿੰਦਗੀ ਰੁਆਂਸੀ ਜਾਵੇਗੀ। ਸੋ ਜ਼ਿੰਦਗੀ 'ਚ ਮੁਸਕਰਾਹਟ ਵੰਡਦੇ ਰਹੋ। ਯਾਦ ਰੱਖੋ! ਉਦਾਸੀ ਉਦਾਸੀਨਤਾ ਨਹੀਂ ਹੁੰਦੀ। ਸਗੋਂ ਉਦਮਸ਼ੀਲਤਾ ਦਾ ਅਲਹਾਮ ਹੁੰਦੀ। ਉਦਾਸੀ ਸਦਾ ਸਰਾਪ ਨਹੀਂ ਹੁੰਦੀ ਕਈ ਵਾਰ ਸਗੋਂ ਇਹੀ ਵਰਦਾਨ ਹੁੰਦੀ।

ਉਦਾਸ ਮੌਸਮ ਦਰਅਸਲ ਬਿਰਖ਼-ਬੰਦਗੀ ਦਾ ਇਮਤਿਹਾਨ ਹੁੰਦਾ। ਉਦਾਸ ਰੁੱਤ ਵਿਚ ਅਕਸਰ ਹੀ ਭਲੇ ਲੋਕ ਉਦਾਸੀਆਂ 'ਤੇ ਨਿਕਲਦੇ। ਮਨ ਦੀ ਉਦਾਸੀ ਜਦ ਸੋਚ ਦੇ ਸਫ਼ਰ 'ਤੇ ਨਿਕਲਦੀ ਤਾਂ ਤਹਿਰੀਕ ਸਿਰਜੀ ਜਾਂਦੀ। ਉਦਾਸ ਰੁੱਤ 'ਚ ਪੁੰਗਰਦੀਆਂ ਕਰੂੰਬਲਾਂ ਹੀ ਪਤਝੱੜਾਂ ਦੇ ਵਿਹੜੇ 'ਚ ਬਹਾਰ ਦਾ ਸੰਦੇਸ਼ ਹੁੰਦੀਆਂ। ਉਦਾਸੀ ਤੋਂ 'ਉਦਾਸੀ' ਤੀਕ ਦੀ ਯਾਤਰਾ ਸਿਰਫ਼ ਕਰਮਯੋਗੀ ਕਰਦੇ। 'ਉਦਾਸੀ' ਦੌਰਾਨ ਵਜਦ 'ਚ ਆਈ ਰਬਾਬ ਬਾਣੀ ਦਾ ਅਲਹਾਮ ਹੁੰਦਾ। 'ਉਦਾਸੀ' ਦੇ ਆਲਮ 'ਚ ਹਾਕਮ ਨੂੰ ਵੰਗਾਰਿਆ ਤੇ ਰੱਬ ਨੂੰ ਉਲਾਹਮਾ ਦਿੱਤਾ ਜਾਂਦਾ। ਉਦਾਸੀ ਹਮੇਸ਼ਾ ਸਫ਼ਰ 'ਤੇ। ਕਦੇ ਬਾਹਰੋਂ ਅੰਦਰ ਨੂੰ ਅਤੇ ਕਦੇ ਅੰਦਰੋਂ ਬਾਹਰ ਨੂੰ ਤੁਰਦੀ। ਅੰਦਰ ਵੱਸਦੀ ਉਦਾਸੀ ਜਦ ਚਿਹਰੇ 'ਤੇ ਨਜ਼ਰ ਨਾ ਆਵੇ ਤਾਂ ਸਮਾਂ ਸ਼ਰਮਸਾਰ ਹੋ ਜਾਂਦਾ।

ਉਦਾਸੀ
ਪੈਗੰਬਰ ਵੀ ਬਣਾਉਂਦੀ ਤੇ ਪੀਰ ਵੀ।
ਫੱਕਰ ਵੀ ਹੁੰਦੀ ਤੇ ਫਕੀਰ ਵੀ।
ਖ਼ੁਦ ਨਾਲ ਪਿਆਰ ਤੇ ਖ਼ੁਦ ਤੋਂ ਦਿਲਗੀਰ ਵੀ।
ਕਦੇ ਤਿੜਕਦੀ ਆਸ ਤੇ ਕਦੇ ਬੰਨ੍ਹਾਈ ਧੀਰ ਵੀ।
ਕਦੇ ਇਕੱਲ ਦੀ ਹਾਮੀ ਤੇ ਕਦੇ ਉਮਰਾਂ ਦੀ ਸੀਰ ਵੀ।
ਕਦੇ ਸਿਰ ਦਾ ਤਾਜ ਤੇ ਕਦੇ ਪਰਨੇ ਦੀ ਲੀਰ ਵੀ।

ਕਦੇ ਬੱਦਲਾਂ ਦੇ ਲਕੋਏ ਚੰਨ ਕਾਰਨ ਚਾਨਣੀ ਦੇ ਮਨ ਵਿਚ ਉਤਰੀ ਉਦਾਸੀ ਦੀ ਅਰਥਕਾਰੀ ਕਰਨਾ ਜਿਹੜੀ ਰਾਤ ਨੂੰ ਦਿਲਜਾਨੀਆਂ ਦੀ ਮੁਹੱਬਤੀ ਸਾਂਝ ਦੇ ਦੀਦਾਰੇ ਕਰਨ ਦੀ ਤਾਂਘ ਨੂੰ ਮਨ ਵਿਚ ਦਫਨਾਉਣ ਲਈ ਮਜਬੂਰ ਹੋ ਜਾਵੇ। ਉਦਾਸੀ ਦਾ ਰੰਗ ਉਸ ਬਿਰਖ਼ ਦੇ ਪਿੰਡੇ 'ਤੇ ਉਘੜਵੇਂ ਰੂਪ ਵਿਚ ਜ਼ਰੂਰ ਦੇਖਣਾ ਜਿਹੜਾ ਪੱਤਹੀਣ ਹੋਇਆ ਵੀ, ਬਰਫ਼ਬਾਰੀ ਨੂੰ ਜੀਰਦਾ ਅਤੇ ਆਪਣੀ ਅੰਦਰਲੀ ਅੱਗ ਨੂੰ ਬਾਲੀ ਰੱਖਣ ਲਈ ਹੱਡਾਂ ਨੂੰ ਵੀ ਬਾਲਣ ਤੋਂ ਗੁਰੇਜ਼ ਨਹੀਂ ਕਰਦਾ।

ਉਦਾਸੀ ਤਾਂ ਅੰਬਰ ਨੂੰ ਆਪਣੇ ਕਲਾਵੇ



ਵਿਚ ਲੈ ਹੀ ਲੈਂਦੀ ਜਦ ਸੂਰਜ ਦੀ ਅੱਖ ਵਿਚ ਤੀਲਾ ਪੈ ਜਾਵੇ, ਦਿਨ ਨੂੰ ਆਪਣੀ ਅਰਥੀ ਢੋਣ ਲਈ ਮਜਬੂਰ ਹੋਣਾ ਪੈ ਜਾਵੇ ਜਾਂ ਚਾਨਣ-ਲੋਚਾ, ਕਾਲ-ਕੋਠੜੀ ਵਿਚ ਦਮ ਤੋੜ ਰਹੀ ਹੋਵੇ। ਉਦਾਸੀ ਅੰਤਰੀਵ ਵਿਚ ਬਹੁਤ ਡੂੰਘੀ ਉਤਰ ਜਾਂਦੀ ਜਦ ਆਪਣਿਆਂ ਦੀ ਤੱਕਣੀ ਤੁਹਾਡੇ ਮਨ ਵਿਚ ਭਵਿੱਖੀ ਕਹਿਰ ਦਾ ਖ਼ੌਫ ਪੈਦਾ ਕਰਦੀ। ਉਸ ਡਰ ਕਾਰਨ ਬੰਦਾ ਸਾਹਸੱਤ-ਹੀਣ ਹੋ, ਮੌਤ-ਮੰਗਣ ਦੀ ਨੌਬਤ ਤੀਕ ਪਹੁੰਚ ਜਾਂਦਾ।

ਉਦਾਸੀ ਦੀ ਰੁੱਤ ਹਰ ਬਿਰਖ਼ 'ਤੇ ਆਪਣਾ ਆਲ੍ਹਣਾ ਪਾਉਣਾ ਲੋਚਦੀ ਪਰ ਇਹ ਬਿਰਖ਼ ਦਾ ਸਿਰੜ ਕਿ ਉਹ ਉਦਾਸ ਰੁੱਤ ਵਿਚ ਕੁਮਲਾ ਜਾਣ ਦੀ ਬਜਾਏ ਇਸ ਉਦਾਸੀ ਨੂੰ ਖ਼ੁਸ਼ਗਵਾਰ ਪਲਾਂ ਵਿਚ ਬਦਲ ਦਿੰਦਾ। ਉਦਾਸੀ ਜੀਵਨ ਦਾ ਅੰਗ। ਜੀਵਨ ਵਿਚੋਂ ਇਸਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਜੀਵਨ ਕਦੇ ਵੀ ਇਕਸਾਰ ਨਹੀਂ ਹੁੰਦਾ। ਪਰ ਅਸੀਂ ਉਦਾਸੀ ਦੇ ਗਹਿਰੇ ਦਰਿਆ ਨੂੰ ਤਰ ਕੇ ਹੁਸੀਨ ਪਲਾਂ ਨੂੰ ਹਾਸਲ ਬਣਾ ਸਕਦੇ ਹਾਂ। ਉਦਾਸ ਵਕਤ ਦੀ ਕੁੱਖ ਵਿਚ ਵੀ ਅਨਮੁੱਲੇ ਰਤਨ ਪਰ ਇਨ੍ਹਾਂ ਦੀ ਨਿਸ਼ਾਨਦੇਹੀ ਕਰਨ ਲਈ ਜ਼ਰੂਰੀ ਹੁੰਦਾ ਹੈ ਖ਼ੁਦ ਨੂੰ ਉਦਾਸੀ ਦੇ ਡੂੰਘੇ ਪਾਣੀਆਂ ਨੂੰ ਹੰਘਾਲਣਾ ਪੈਂਦਾ ਅਤੇ ਫਿਰ ਹੀ ਕੁਝ ਹਾਸਲ ਹੋ ਸਕਦਾ।

ਉਦਾਸੀ ਵਿਚ ਮੁਸਕਰਾਉਣ ਦੇ ਹੁਨਰ-ਪ੍ਰਾਪਤੀ ਲਈ ਜ਼ਰੂਰੀ ਹੁੰਦਾ ਹੈ ਜੀਵਨ ਵਿਚਲੀਆਂ ਨਿਰਮੂਲ ਜਾਪਦੀਆਂ ਖ਼ੁਸ਼ੀਆਂ ਨੂੰ ਮਾਣਦੇ ਰਹੀਏ। ਉਦਾਸ ਬਿਰਖ਼ ਤੇ ਉਦਾਸ ਰਾਹੀ ਜਦ ਇਕ ਦੂਜੇ ਦੇ ਗਲ ਲੱਗ ਕੇ ਰੋਂਦੇ ਤਾਂ ਪਤਾ ਨਹੀਂ ਲੱਗਦਾ ਕਿ ਕੌਣ ਕਿਸਨੂੰ ਹੌਂਸਲਾ ਦੇ ਰਿਹਾ ਕਿਉਂਕਿ ਕੋਈ ਵੀ ਨਹੀਂ ਦੱਸਣਾ ਚਾਹੁੰਦਾ ਕਿ ਉਹ ਉਦਾਸ ਕਿਉਂ ਹੈ? ਦਰਅਸਲ ਮੋਹਵੰਤੀ ਗਲਵਕੜੀ ਵਿਚ ਉਦਾਸ ਵਕਤ ਦਾ ਖ਼ਿਆਲ ਹੀ ਨਹੀਂ ਰਹਿੰਦਾ।

ਦਿਲ ਦੀ ਉਦਾਸੀ ਨੂੰ ਦੂਰ ਕਰਨ ਲਈ ਇਕ ਅਜੇਹੇ ਪਿਆਰੇ ਦੀ ਜ਼ਰੂਰਤ ਹੁੰਦੀ ਜਿਸਨੂੰ ਉਦਾਸੀ ਦੇ ਕਾਰਨ ਦੱਸੇ ਬਗੈਰ, ਉਸਦੇ ਮੋਢੇ 'ਤੇ ਸਿਰ ਰੱਖ ਕੇ ਦਿਲ ਦਾ ਬੋਝ ਹਲਕਾ ਕਰ ਸਕੀਏ। ਕੁਝ ਲੋਕ ਇੰਨੀ ਪਰਦਾਦਾਰੀ ਨਾਲ ਮੁਸਕਰਾਉਂਦੇ ਕਿ ਉਨ੍ਹਾਂ ਦੀਆਂ ਅੱਖਾਂ ਵਿਚ ਉਤਰੀ ਉਦਾਸੀ ਕਦੇ ਨਜ਼ਰ ਨਹੀਂ ਆਉਂਦੀ। ਕੁਝ ਤਾਂ ਇੰਨੀ ਮੁਹਾਰਤ ਨਾਲ ਆਪਣਿਆਂ ਨਾਲ ਗੱਲਾਂ ਕਰਦੇ ਨੇ ਕਿ ਉਨ੍ਹਾਂ ਦੇ ਬੋਲਾਂ ਵਿਚ ਜਜ਼ਬ ਹੋਈ ਉਦਾਸੀ ਨੂੰ ਸੁਣਿਆ ਹੀ ਨਹੀਂ ਜਾ ਸਕਦਾ।

ਪਰ ਉਦਾਸੀ ਤਾਂ ਉਦਾਸੀ ਹੈ ਯਾਰੋ ਇਸਨੇ ਤਾਂ ਜੱਗ-ਜ਼ਾਹਰ ਹੋਣਾ ਹੀ ਹੋਇਆ, ਕਦੇ ਸੁਚੇਤ ਅਤੇ ਕਦੇ ਅਚੇਤ।

ਉਦਾਸੀ ਕਦੇ ਬੇਵਜ੍ਹਾ ਨਹੀਂ ਹੁੰਦੀ। ਇਹ ਅਦਿੱਖ ਚੀਸ, ਅਸਹਿ ਸਦਮਾ, ਅਕਹਿ ਦਰਦ ਤੇ ਅਸ਼ਬਦ ਪੀੜਾ ਦਾ ਚੁੱਪ-ਗੀਤ ਹੁੰਦੀ ਹੈ। ਛੱਤ 'ਤੇ ਬੱਚਿਆਂ ਦੇ ਦੁੜੰਗੇ ਮਾਯੂਸ ਹੋ ਜਾਣ ਤਾਂ ਪਤੰਗ ਚੜ੍ਹਾਉਣ ਵਾਲੇ ਵੱਡੇ ਹੋ ਜਾਂਦੇ। ਝਦ ਵਿਹੜੇ ਦੀ ਛੱਪੜੀ 'ਚ ਮੀਂਹ ਦਾ ਪਾਣੀ ਤੇ ਕਾਗਜ਼ ਦੀ ਬੇੜੀ ਉਦਾਸ ਹੋ ਜਾਵੇ ਤਾਂ ਸਮਝੋ ਕਿ ਬੱਚੇ ਹੁਣ ਸਿਆਣੇ ਹੋ ਗਏ ਨੇ। ਅੱਖਾਂ ਦੀ ਉਦਾਸੀ ਤੋਂ ਤੁੱਰ ਕੇ ਮੁਸਕਰਾਹਟ ਤੀਕ ਦੇ ਸਫ਼ਰ ਨੂੰ ਮਨ ਦਾ ਲਿਬਾਸ ਬਣਾਉਣ ਵਾਲੇ ਲੋਕ ਦਰਅਸਲ ਉਦਾਸ ਰੁੱਤ ਦਾ ਜਸ਼ਨ ਹੁੰਦੇ। ਅਕਾਸ਼ ਉਦਾਸ ਹੋ ਕੇ ਜਦ ਬੱਦਲਾਂ ਨਾਲ ਗਹਿਰਾ ਹੋ ਜਾਂਦਾ ਤਾਂ ਉਦਾਸੀ, ਬਾਰਸ਼ ਦਾ ਰੂਪ ਧਾਰ ਧਰਤ ਨੂੰ ਭਿਉਂਦੀ।

ਸੱਜਣਾ! ਹੁਣ ਉਦਾਸੀ ਦੀ ਵਜ੍ਹਾ ਕੋਈ ਨਹੀਂ ਪੁੱਛਦਾ। ਯਾਰਾ! ਬਸ ਖ਼ੁਸ਼ ਰਿਹਾ ਕਰ ਤਾਂ ਹੀ ਮਿੱਤਰ-ਪਿਆਰੇ ਹਾਲ ਚਾਲ ਪੁੱਛਦੇ ਰਹਿਣਗੇ। ਉਦਾਸ ਰੁੱਤ ਸਦਾ ਉਦਾਸ ਹੀ ਨਹੀਂ ਹੁੰਦੀ। ਕਦੇ ਕਦਾਈਂ ਉਹ ਕੁਝ ਵੀ ਮਿਲ ਜਾਂਦਾ ਹੈ ਜਿਸਦੀ ਆਸ ਹੀ ਨਹੀਂ ਹੁੰਦੀ।

ਜੀਵਨ-ਉਦਾਸੀਆਂ ਤਾਂ ਵਰਕਿਆਂ 'ਤੇ ਫੈਲ ਜ਼ਿੰਦਗੀ ਦੀ ਕਿਤਾਬ ਹੁੰਦੀਆਂ ਨੇ। ਇਸਨੂੰ ਪੜ੍ਹਦੇ ਰਹੀਏ ਤਾਂ ਹਸਾਸ ਦੀਆਂ ਰਿਸ਼ਮਾਂ ਉਗਦੀਆਂ। ਉਦਾਸ ਰੁੱਤ 'ਚ ਟਾਹਣੀਆਂ ਪੱਤ-ਹੀਣ ਹੋ ਗਈਆਂ ਤੇ ਫੁੱਲ-ਪੱਤੀਆਂ ਕਿਰ ਗਈਆਂ ਅਤੇ ਆਲ੍ਹਣਾ ਬੇ-ਅਬਾਦ ਹੋ ਗਿਆ ਤਾਂ ਜੜ੍ਹਾਂ ਬੋਲੀਆਂ, 'ਉਦਾਸ ਨਾ ਹੋ। ਅਸੀਂ ਹਰ ਉਦਾਸ ਰੁੱਤ ਦੀ ਕੁੱਖ 'ਚ ਬਹਾਰ ਦੀਆਂ ਕਲਮਾਂ ਲਾਉਂਦੇ ਰਹਿਣਾ'। ਉਜੜੇ ਆਲ੍ਹਣੇ ਦੇ ਤੀਲਿਆਂ ਦੀ ਉਦਾਸੀ 'ਚ, ਬੋਟਾਂ ਦੀ ਚਹਿਕਣੀ, ਪਰਿੰਦਿਆਂ ਦੀ ਗੁੱਟਕਣੀ ਤੇ ਚੋਹਲ-ਚੁੱਪ ਨੂੰ ਦੇਖ ਬਿਰਖ਼ ਨੇ ਆਲ੍ਹਣੇ ਨੂੰ ਕਿਹਾ, 'ਫਿਕਰ ਨਾ ਕਰ ਐਵੇਂ। ਜ਼ਰੂਰ ਪਰਤਣਗੇ ਪਰਿੰਦੇ'।

ਸਭ ਤੋਂ ਅਹਿਮ ਹੁੰਦਾ ਏ ਇਕ ਉਦਾਸੀ ਦੇ ਸਫ਼ਰ ਨੂੰ ਸਦਾ ਜਾਰੀ ਰੱਖੋ। ਇਸਦੀ ਨਿਰੰਤਰਤਾ ਹੀ ਜੀਵਨ ਦਾ ਮੂਲ ਮੰਤਰ। ਇਸਦੇ ਜਾਪ ਵਿਚੋਂ ਹੀ ਅਸੀਂ ਫਿਰ ਉਸ ਉਦਾਸੀ ਤੇ ਖ਼ੁਦ ਨੂੰ ਤੋਰਦੇ ਜਿਸਦੀ ਇੱਛਾ ਖ਼ੁਦ ਨੂੰ ਖ਼ੁਦ ਅਤੇ ਖ਼ੁਦਾ ਦੇ ਦੀਦਾਰੇ ਕਰਵਾਉਂਦੀ।

## ਗ਼ਜ਼ਲ

ਕਿਸੇ ਅੱਗੇ ਤੂੰ ਰੱਖੀਂ ਫਿਰ ਮੁਹੱਬਤ ਕਰਨ ਦੀ ਇੱਛਾ।
ਅਗਰ ਹੈ ਦਿਲ 'ਚ ਤੇਰੇ ਸਿਰ ਤਲੀ 'ਤੇ ਧਰਨ ਦੀ ਇੱਛਾ।

ਕਲੰਡਰ ਕੰਧ 'ਤੇ ਟੰਗੇ ਹਮੇਸ਼ਾ ਪੁੱਛਦੇ ਮੈਨੂੰ,
ਅਜੇ ਕਿੰਨੀ ਕੁ ਬਾਕੀ ਹੈ ਉਡੀਕਾਂ ਕਰਨ ਦੀ ਇੱਛਾ।

ਪਰਿੰਦਾ ਪਿੰਜਰੇ ਵਿਚ ਵੀ ਪਰਾਂ ਨੂੰ ਤੋਲਦਾ ਜਿਹੜਾ,
ਨਹੀਂ ਮੁੱਕੀ ਅਜੇ ਉਸਦੀ ਉਡਾਰੀ ਭਰਨ ਦੀ ਇੱਛਾ।

ਤਖ਼ੱਲਸ ਰੱਖ ਕੇ ਬਾਗ਼ੀ ਦੁਚਿੱਤੀ ਵਿਚ ਪਿਆ ਕਾਹਤੋਂ,
ਡਰੀਂ ਨਾ ਕਤਲਗਾਹਾਂ ਤੋਂ ਹੈ ਜੇਕਰ ਮਰਨ ਦੀ ਇੱਛਾ।

ਖੜ੍ਹਾ ਦਰਬਾਰ ਵਿਚ ਬੇਖ਼ੌਫ 'ਸਰਮਦ' ਆਖਦਾ ਹਾਕਮ,
ਰਗਾਂ ਵਿਚ ਖੌਲਦੀ ਮੇਰੇ ਸਿਤਮ ਨੂੰ ਜਰਨ ਦੀ ਇੱਛਾ।



ਅਜੈ ਤਨਵੀਰ
ਫੋਨ : +15 593 092 031

ਮੈਂ ਸਾਰੀ ਜ਼ਿੰਦਗੀ ਇਹ ਜ਼ਖ਼ਮ ਰੱਖੇ ਸੀ ਲਕੋ ਕੇ, ਪਰ,
ਤੇਰੇ ਮਨ ਵਿਚ ਕਿਉਂ ਜਾਗੀ ਇਨ੍ਹਾਂ ਨੂੰ ਭਰਨ ਦੀ ਇੱਛਾ।

ਗੁਰੂ ਜਦ ਦਕਸ਼ਣਾ ਮੰਗੀ ਕਿਹਾ, ਬੇਬਾਕ ਫਿਰ ਉਸ ਨੇ,
'ਅਜੈ ਤਨਵੀਰ' ਦੀ ਕੋਈ ਨਹੀਂ ਹੈ ਹਰਨ ਦੀ ਇੱਛਾ।

# ਕਿਸਾਨਾਂ ਦੀ ਆਮਦਨ 'ਚ ਵਾਧਾ ਅਤੇ ਪੇਂਡੂ ਵਿਕਾਸ



**ਡਾ. ਸ ਸ ਛੀਨਾ**

ਸਾਲ 1950 ਵਿਚ ਜਦੋਂ ਵਿਕਾਸ ਲਈ ਪੰਜ ਸਾਲਾ ਯੋਜਨਾਵਾਂ ਅਪਨਾਈਆਂ ਸੀ ਤਾਂ ਮਜਬੂਰੀ ਵੱਸ ਖੇਤੀ ਖੇਤਰ ਨੂੰ ਪਹਿਲੀ ਤਰਜੀਹ ਦਿੱਤੀ ਗਈ ਸੀ ਅਤੇ ਉਦਯੋਗਿਕ ਵਿਕਾਸ ਨੂੰ ਪਿੱਛੇ ਛੱਡਿਆ ਗਿਆ ਸੀ। ਵਜ੍ਹਾ ਇਹ ਸੀ ਕਿ ਭਾਵੇਂ ਦੇਸ਼ ਦੀ 75 ਫੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਸੀ ਪਰ ਦੇਸ਼ ਅੰਨ ਸਮੱਸਿਆ ਨਾਲ ਜੂਝ ਰਿਹਾ ਸੀ। ਹਜ਼ਾਰਾਂ ਕਰੋੜਾਂ ਰੁਪਏ ਦੀ ਵਿਦੇਸ਼ੀ ਮੁਦਰਾ ਨਾਲ ਖੁਰਾਕ ਦਰਾਮਦ ਕਰਨੀ ਪੈਂਦੀ ਸੀ ਜਿਸ ਕਰ ਕੇ ਜਿੱਥੇ ਉਦਯੋਗਿਕ ਵਿਕਾਸ ਪ੍ਰਭਾਵਿਤ ਹੋ ਰਿਹਾ ਸੀ, ਉੱਥੇ ਉਦਯੋਗਾਂ ਲਈ ਲੋੜਦੀਆਂ ਪੂੰਜੀ ਵਸਤੂਆਂ ਦੀ ਦਰਾਮਦ ਵੀ ਨਹੀਂ ਸੀ ਕੀਤੀ ਜਾ ਰਹੀ। ਉਸ ਸਮੇਂ ਖੇਤੀ ਨੂੰ ਤਾਂ ਤਰਜੀਹ ਦਿੱਤੀ ਗਈ ਪਰ ਪਿੰਡਾਂ ਦੇ ਵਿਕਾਸ ਨੂੰ ਤਰਜੀਹ ਨਾ ਦਿੱਤੀ ਗਈ; ਭਾਵੇਂ ਉਸ ਸਮੇਂ ਦੇਸ਼ ਦੀ 82 ਫੀਸਦੀ ਵਸੋਂ ਪਿੰਡਾਂ ਵਿਚ ਰਹਿੰਦੀ ਸੀ। ਇਸ ਲਈ ਜਿੱਥੇ ਵੱਡੀਆਂ ਵਿਦਿਅਕ, ਸਭਿਆਚਾਰਕ, ਸਮਾਜਿਕ ਸੰਸਥਾਵਾਂ ਵੀ ਸ਼ਹਿਰਾਂ ਵਿਚ ਹੀ ਸਥਾਪਿਤ ਹੋਇਆ, ਉੱਥੇ ਉਦਯੋਗਿਕ ਇਕਾਈਆਂ ਵੀ ਸ਼ਹਿਰਾਂ ਵਿਚ ਹੀ ਲੱਗੀਆਂ। ਇਹ ਵੀ ਦਿਲਚਸਪ ਗੱਲ ਸੀ ਕਿ ਉਹ ਉਦਯੋਗਿਕ ਇਕਾਈਆਂ ਭਾਵੇਂ ਆਪਣਾ ਕੱਚਾ ਮਾਲ ਪਿੰਡਾਂ ਵਿਚੋਂ ਜਾਂ ਖੇਤੀ ਤੋਂ ਲੈਂਦੀਆਂ ਸਨ, ਉਹ ਸਥਾਪਿਤ ਸ਼ਹਿਰਾਂ ਵਿਚ ਹੋਈਆਂ ਅਤੇ ਆਪਣੇ ਬਣੇ ਹੋਏ ਸਾਮਾਨ ਦੀ ਜ਼ਿਆਦਾ ਵਿਕਰੀ ਵੀ ਪਿੰਡਾਂ ਵਿਚ ਹੀ ਕਰਦੀਆਂ ਸਨ। ਇਹੋ ਵਜ੍ਹਾ ਸੀ ਕਿ ਪੇਂਡੂ ਅਤੇ ਸ਼ਹਿਰੀ ਵਿਕਾਸ ਦਾ ਅਸੰਤੁਲਨ ਸਾਹਮਣੇ ਆਉਣ ਲੱਗ ਪਿਆ।

1980 ਤੋਂ ਬਾਅਦ ਦੇਸ਼ ਭਰ ਵਿਚ ਸ਼ਹਿਰੀਕਰਨ ਵੱਲ ਰੁਝਾਨ ਵਧਦਾ ਗਿਆ ਪਰ ਅਜੇ ਵੀ ਦੇਸ਼ ਦੀ 68 ਫੀਸਦੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ। ਪਿੰਡਾਂ ਦੇ ਪਛੜੇਪਨ ਨੂੰ ਅਸਾਨੀ ਨਾਲ ਵਾਚਿਆ ਜਾ ਸਕਦਾ ਹੈ। ਗ਼ਰੀਬੀ ਦੀ ਰੇਖਾ ਅਧੀਨ ਸ਼ਨਾਖ਼ਤ ਕੀਤੇ 22 ਫੀਸਦੀ ਲੋਕਾਂ ਵਿਚੋਂ ਜ਼ਿਆਦਾਤਰ ਪਿੰਡਾਂ ਵਿਚ ਰਹਿੰਦੇ ਹਨ। ਖੁਰਾਕ ਸੁਰੱਖਿਆ ਅਧੀਨ ਜਿਨ੍ਹਾਂ ਲੋਕਾਂ ਨੂੰ ਸਸਤਾ ਅਨਾਜ ਦਿੱਤਾ ਜਾਂਦਾ ਹੈ। ਉਨ੍ਹਾਂ ਵਿਚ 75 ਫੀਸਦੀ ਪਿੰਡਾਂ ਵਾਲੇ ਅਤੇ 50 ਫੀਸਦੀ ਸ਼ਹਿਰਾਂ ਵਾਲੇ ਹਨ। ਮਗਨਰੇਗਾ (ਮਹਾਤਮਾ ਗਾਂਧੀ ਰੁਜ਼ਗਾਰ ਗਾਰੰਟੀ ਐਕਟ) ਅਧੀਨ ਜਿਹੜਾ 100 ਦਿਨ ਦਾ ਰੁਜ਼ਗਾਰ ਪਿੰਡਾਂ ਦੀਆਂ ਪੰਚਾਇਤਾਂ ਯਕੀਨੀ ਬਣਾਉਂਦੀਆਂ ਹਨ, ਉਹ ਐਕਟ ਪਿੰਡਾਂ ਵਿਚ ਇਸ ਕਰ ਕੇ ਲਾਗੂ ਕੀਤਾ ਗਿਆ ਕਿਉਂ ਜੋ ਪਿੰਡਾਂ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਕਮੀ ਹੈ। ਇਕ ਰਿਪੋਰਟ ਅਨੁਸਾਰ ਉਚੇਰੀ ਵਿਦਿਆ ਵਾਲੀਆਂ ਸੰਸਥਾਵਾਂ ਵਿਚ ਪਿੰਡਾਂ ਦੇ ਵਿਦਿਆਰਥੀਆਂ ਦੀ ਗਿਣਤੀ ਸਿਰਫ 4 ਫੀਸਦੀ ਹੈ। ਇਹ ਸਾਰੇ ਤੱਥ ਇਹ ਸਾਬਿਤ ਕਰਦੇ ਹਨ ਕਿ ਪਿੰਡਾਂ ਵਿਚ ਅਜੇ ਬਹੁਤ ਵੱਡੇ ਵਿਕਾਸ ਦੀ ਲੋੜ ਹੈ ਤਾਂ ਕਿ ਪਿੰਡਾਂ ਵਿਚ ਵੀ ਸ਼ਹਿਰਾਂ ਵਾਲੀਆਂ ਸਹੂਲਤਾਂ ਮਿਲ ਸਕਣ।



ਯੋਜਨਾਵਾਂ ਸ਼ੁਰੂ ਕਰਨ ਸਮੇਂ ਖੇਤੀ ਨੂੰ ਪਹਿਲੀ ਤਰਜੀਹ ਦੇਣ ਦੀ ਵਜ੍ਹਾ ਜਿੱਥੇ ਖੁਰਾਕ ਸਮੱਸਿਆ ਦਾ ਹੱਲ ਕਰਨਾ ਸੀ, ਉਸ ਦੇ ਨਾਲ ਹੀ ਇਸ ਨੂੰ ਉਦਯੋਗਿਕ ਵਿਕਾਸ ਦਾ ਆਧਾਰ ਵੀ ਬਣਾਇਆ ਗਿਆ। ਉਦਯੋਗਾਂ ਨੇ ਕੱਚਾ ਮਾਲ ਵੀ ਖੇਤੀ ਤੋਂ ਲੈਣਾ ਸੀ। ਜੇ ਖੇਤੀ ਦੀ ਆਮਦਨ ਵਧਦੀ ਤਾਂ ਉਦਯੋਗਿਕ ਵਸਤੂਆਂ ਦੀ ਵਿਕਰੀ ਵੀ ਤਾਂ ਹੀ ਵਧਣੀ ਸੀ ਅਤੇ ਸਭ ਤੋਂ ਵੱਡੀ ਗੱਲ, ਜੇ ਖੇਤੀ ਵਿਕਾਸ ਕਰਦੀ ਤਾਂ ਖੇਤੀ ਵਿਚ ਲੱਗੀ ਵਸੋਂ ਨੇ ਖੇਤੀ ਤੋਂ ਵਿਹਲੇ ਹੋ ਕੇ ਉਦਯੋਗਾਂ ਵਿਚ ਕਿਰਤ ਸ਼ਕਤੀ ਮੁਹੱਈਆ ਕਰਨੀ ਸੀ। ਦੁਨੀਆ ਦੇ ਵਿਕਾਸ ਦਾ ਜਦੋਂ ਅਧਿਐਨ ਕੀਤਾ ਜਾਂਦਾ ਹੈ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜਦੋਂ ਖੇਤੀ ਵਿਕਾਸ ਕਰਦੀ ਹੈ ਤਾਂ ਖੇਤੀ ਵਿਚ ਮਸ਼ੀਨੀਕਰਨ ਦੀ ਵਰਤੋਂ ਹੁੰਦੀ ਹੈ, ਵਸੋਂ ਖੇਤੀ ਤੋਂ ਬਦਲ ਕੇ ਉਦਯੋਗਾਂ ਵੱਲ ਲਗਦੀ ਜਾਂਦੀ ਹੈ। ਇਹੋ ਵਜ੍ਹਾ ਹੈ ਕਿ ਦੁਨੀਆ ਦੇ ਵਿਕਸਤ ਦੇਸ਼ਾਂ ਵਿਚ 5 ਫੀਸਦੀ ਤੋਂ ਵੀ ਘੱਟ ਵਸੋਂ ਖੇਤੀ ਵਿਚ ਹੈ; ਬਾਕੀ ਦੀ ਵਸੋਂ ਜਾਂ ਉਦਯੋਗਾਂ 'ਤੇ, ਜਾਂ ਸੇਵਾਵਾਂ ਦੇ ਖੇਤਰ ਵਿਚ ਹੈ।

ਵਸੋਂ ਦੇ ਖੇਤੀ ਤੋਂ ਉਦਯੋਗਾਂ ਵੱਲ ਬਦਲਣ ਦੀਆਂ ਇਹੋ ਸੰਭਾਵਨਾਵਾਂ ਭਾਰਤ ਦੇ ਵਿਕਾਸ ਵਿਚ ਸਨ ਪਰ ਇਸ ਤਰ੍ਹਾਂ ਨਾ ਹੋ ਸਕਿਆ ਅਤੇ ਅੱਜ ਵੀ ਭਾਵੇਂ ਵਸੋਂ ਦਾ ਅਨੁਪਾਤ ਤਾਂ ਭਾਰਤ ਦੀ ਖੇਤੀ ਵਿਚ 60 ਫੀਸਦੀ ਦੇ ਕਰੀਬ ਹੈ ਪਰ ਵਸੋਂ ਦੀ ਕੁੱਲ ਗਿਣਤੀ 1950 ਤੋਂ ਤਿੰਨ ਗੁਣਾ ਤੋਂ ਵੀ ਜ਼ਿਆਦਾ ਵਧ ਗਈ ਹੈ। ਇਕ ਖੇਤੀ ਜੋਤ ਦਾ ਔਸਤ ਆਕਾਰ ਜਿਹੜਾ 1950 ਵਿਚ 3.5 ਏਕੜ ਸੀ, ਉਹ ਹੁਣ ਇਕ ਏਕੜ ਤੋਂ ਵੀ ਥੱਲੇ ਚਲਾ ਗਿਆ ਹੈ। ਖੇਤੀ ਹੀ ਰੁਜ਼ਗਾਰ ਦਾ ਮੁੱਖ ਸਾਧਨ ਹੈ, ਗੈਰ-ਖੇਤੀ ਖੇਤਰ ਇੰਨਾ ਵਿਕਸਤ ਨਹੀਂ ਹੋ ਸਕਿਆ, ਖਾਸ ਕਰ ਕੇ ਪਿੰਡਾਂ ਦਾ ਗੈਰ-ਖੇਤੀ ਖੇਤਰ ਇਸ ਹੱਦ ਤੱਕ ਵਿਕਸਤ ਨਹੀਂ ਹੋਇਆ ਕਿ ਖੇਤੀ ਤੋਂ ਵਿਹਲੀ ਹੋਈ ਵਸੋਂ ਜਾਂ ਜਿਹੜੀ ਵਸੋਂ ਰੁਜ਼ਗਾਰ ਚਾਹੁੰਦੀ ਹੈ, ਉਸ ਨੂੰ ਪਿੰਡਾਂ ਵਿਚ ਹੀ ਰੁਜ਼ਗਾਰ ਮਿਲ ਸਕੇ। ਕੋਵਿਡ-19 ਦੇ ਸਮੇਂ ਦੇਸ਼ ਭਰ ਦੇ ਵੱਡੇ ਸ਼ਹਿਰਾਂ ਵਿਚ 8 ਕਰੋੜ ਦੇ ਕਰੀਬ ਉਹ ਕਿਰਤੀ ਸਨ ਜਿਹੜੇ ਵੱਖ ਵੱਖ ਪ੍ਰਾਂਤਾਂ ਦੇ ਪੇਂਡੂ ਖੇਤਰਾਂ ਦੇ ਸਨ, ਜਿਨ੍ਹਾਂ ਦੇ ਕੰਮ ਖ਼ਤਮ ਹੋਣ ਕਰ ਕੇ ਪੈਦਲ ਜਾਂ ਸਾਈਕਲ 'ਤੇ ਪਿੰਡਾਂ ਵਿਚ ਵਾਪਿਸ ਜਾਣ ਦੀਆਂ ਕਹਾਣੀਆਂ ਅਤੇ ਖ਼ਬਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਸਨ, ਉਹ ਇਸ ਗੱਲ ਦਾ ਸਬੂਤ ਹੈ ਕਿ ਉਦਯੋਗੀਕਰਨ ਵਿਚ ਪਿੰਡ ਅਜੇ ਵੀ ਕਿੰਨੇ ਪਿੱਛੇ ਹਨ।

ਪਿੰਡਾਂ ਦੀ ਵਸੋਂ ਮੁੱਖ ਤੌਰ 'ਤੇ ਖੇਤੀ ਦੇ ਪੇਸ਼ੇ ਵਿਚ ਹੈ ਪਰ ਖੇਤੀ ਅਤੇ ਗੈਰ-ਖੇਤੀ ਆਮਦਨ ਵਿਚ ਵੱਡਾ ਫ਼ਰਕ ਹੈ ਜਿਹੜਾ ਪੇਂਡੂ ਵਿਕਾਸ ਦੇ ਪਛੜ ਜਾਣ ਕਰ ਕੇ ਹੈ। ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਖੇਤਰ ਦਾ ਯੋਗਦਾਨ ਸਿਰਫ 14 ਫੀਸਦੀ ਹੈ ਜਾਂ ਖੇਤੀ ਖੇਤਰ ਵਿਚ ਲੱਗੀ 60 ਫੀਸਦੀ ਵਸੋਂ ਦੇ ਹਿੱਸੇ ਸਿਰਫ 14 ਫੀਸਦੀ ਆਮਦਨ ਆਉਂਦੀ ਹੈ, ਬਾਕੀ ਦੀ 40 ਫੀਸਦੀ ਵਸੋਂ ਦੇ ਹਿੱਸੇ 86 ਫੀਸਦੀ ਆਮਦਨ ਆਉਂਦੀ ਹੈ ਜੋ ਇਹ ਸ਼ਪੱਸਟ ਕਰਦੀ ਹੈ ਕਿ ਖੇਤੀ ਅਤੇ ਗੈਰ-ਖੇਤੀ ਆਮਦਨ ਵਿਚ 4 ਗੁਣਾ ਤੋਂ ਵੀ ਜ਼ਿਆਦਾ ਦਾ ਫ਼ਰਕ ਹੈ ਅਤੇ ਕਿੰਨੀ ਵੱਡੀ ਲੋੜ ਹੈ ਕਿ ਖੇਤੀ ਵਾਲੀ ਵਸੋਂ ਨੂੰ ਗੈਰ-ਖੇਤੀ ਪੇਸ਼ਿਆਂ ਵਿਚ ਉਸ ਤਰ੍ਹਾਂ ਹੀ ਬਦਲਿਆ ਜਾਵੇ ਜਿਸ ਤਰ੍ਹਾਂ ਉਦਯੋਗਿਕ ਅਤੇ ਵਿਕਸਤ ਦੇਸ਼ ਵਿਚ ਪੇਸ਼ੇਵਰ ਢਾਂਚਾ ਹੈ। ਖੇਤੀ ਖੇਤਰ ਦੀ ਉਪਜ ਇਕ ਸੀਮਾ ਤੱਕ ਹੈ। ਉਂਝ ਵੀ ਖੇਤੀ ਨਾਲ ਇਹ ਕਹਾਵਤ 'ਬਹੁਤਾਤ ਵਿਚ ਗ਼ਰੀਬੀ' ਜੁੜੀ ਹੋਈ ਹੈ ਜਿਸ ਦਾ ਅਰਥ ਹੈ ਕਿ ਖੇਤੀ ਉਪਜ ਦੇ ਵਧਣ ਨਾਲ ਕਿਸਾਨ ਅਮੀਰ ਨਹੀਂ ਹੁੰਦਾ, ਕਿਉਂ ਜੋ ਖੇਤੀ ਵਸਤੂਆਂ ਦੀ ਮੰਗ ਗੈਰ-ਲਚਕਦਾਰ ਹੈ ਜਾਂ ਉਹ ਵਧਦੀ ਨਹੀਂ ਜਿਸ ਤਰ੍ਹਾਂ ਖੁਰਾਕ ਇਕ ਸੀਮਾ ਤੱਕ ਹੀ ਲੋੜੀਂਦੀ ਹੈ। ਜੇ ਖੁਰਾਕ ਦੀ ਪੂਰਤੀ ਵਧ ਵੀ ਜਾਵੇ ਤਾਂ ਆਮਦਨ ਵਿਚ ਇਸ ਕਰ ਕੇ ਵਾਧਾ ਨਹੀਂ ਹੁੰਦਾ ਕਿ ਮੰਗ ਨਹੀਂ ਵਧਦੀ ਸਗੋਂ ਕੀਮਤਾਂ ਘਟ ਜਾਂਦੀਆਂਹਨ। ਦੂਸਰੀ ਤਰਫ਼ ਉਦਯੋਗਿਕ ਵਸਤੂਆਂ ਦੀ ਮੰਗ ਲਚਕਦਾਰ ਹੈ। ਜੇ ਕੀਮਤਾਂ ਘਟ ਜਾਣ ਤਾਂ ਮੰਗ ਵਧ ਜਾਂਦੀ ਹੈ। ਦੁਨੀਆ ਦਾ ਕੋਈ ਵੀ ਦੇਸ਼ ਜਿਹੜਾ ਵਿਕਸਤ ਹੈ, ਉਸ ਦਾ ਆਧਾਰ ਉਦਯੋਗਿਕ ਹੈ ਅਤੇ ਉਸ ਦੀ ਜ਼ਿਆਦਾਤਰ ਆਬਾਦੀ ਉਦਯੋਗਾਂ ਵਿਚ ਹੈ। ਇਹ ਆਧਾਰ ਬਣਾਉਣ ਲਈ ਨਾ ਸਿਰਫ ਸ਼ਹਿਰਾਂ ਵਿਚ ਸਗੋਂ ਜ਼ਿਆਦਾ ਰਫ਼ਤਾਰ ਨਾਲ ਪੇਂਡੂ ਢਾਂਚਾ ਵਿਕਸਤ ਕਰਨ ਦੀ ਲੋੜ ਹੈ।

2017 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨੀ ਦੀ ਆਮਦਨ ਨੂੰ ਦੁੱਗਣੀ ਕਰਨ ਦੀ ਗੱਲ ਕੀਤੀ ਜਿਸ ਨੂੰ 2022 ਤੱਕ ਦੁੱਗਣਾ ਕਰਨਾ ਸੀ ਪਰ ਉਹ ਨਾ ਹੋ ਸਕੀ। ਨੀਤੀ ਆਯੋਗ ਨੂੰ ਖੇਤੀ ਦੀਆਂ ਸੀਮਾਵਾਂ ਸਮਝਦਿਆਂ ਖੇਤੀ ਆਮਦਨ ਨੂੰ ਦੁੱਗਣਾ ਕਰਨ ਦੀ ਬਜਾਇ ਪ੍ਰਤੀ ਕਿਸਾਨ ਘਰ ਆਮਦਨ ਦੁੱਗਣੀ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ। ਖੇਤੀ ਵਾਲੇ ਘਰਾਂ ਵਿਚ ਗੈਰ-ਖੇਤੀ ਪੇਸ਼ਿਆਂ ਨੂੰ ਅਪਨਾਉਣ ਲਈ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ। ਪਹਿਲਾਂ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਜਿਨ੍ਹਾਂ ਘਰਾਂ ਵਿਚ ਖੇਤੀ ਤੋਂ ਇਲਾਵਾ ਹੋਰ ਪੇਸ਼ੇ ਜਿਵੇਂ ਨੌਕਰੀ, ਠੇਕੇਦਾਰੀ, ਵਪਾਰ ਜਾਂ ਹੁਨਰ ਦੇ ਆਧਾਰ 'ਤੇ ਪੇਸ਼ਾ ਅਪਨਾਇਆ ਹੋਇਆ ਹੈ, ਉਨ੍ਹਾਂ ਘਰਾਂ ਦੀ ਆਮਦਨ ਵੀ ਜ਼ਿਆਦਾ ਹੈ ਅਤੇ ਉਨ੍ਹਾਂ ਘਰਾਂ ਵਿਚ ਕਰਜ਼ਾ ਵੀ ਨਹੀਂ।

ਸੰਤੁਲਿਤ ਵਿਕਾਸ ਹੀ ਵਿਕਾਸ ਗਤੀ ਵਿਚ ਤੇਜ਼ੀ ਲਿਆ ਸਕਦਾ ਹੈ। ਜੇ ਵਿਕਾਸ ਕੁਝ ਪ੍ਰਾਂਤਾਂ ਜਾਂ ਸ਼ਹਿਰਾਂ ਤੱਕ ਹੀ ਸੀਮਤ ਰਹੇ ਤਾਂ ਇਸ ਨਾਲ ਵਿਕਾਸ ਵਿਚ ਸੁਸਤੀ ਆਏਗੀ ਅਤੇ ਇਹ ਵਿਕਾਸ ਲਗਾਤਾਰ ਚੱਲਣ ਵਾਲਾ ਨਹੀਂ ਹੋ ਸਕਦਾ। ਇੱਥੇ ਜਪਾਨ ਦੇ ਵਿਕਾਸ ਦੀ ਉਦਾਹਰਨ ਦੇਣੀ ਬਹੁਤ ਯੋਗ ਹੋਵੇਗੀ। ਕਿਸੇ ਵਕਤ ਜਪਾਨ ਦੀ ਵਸੋਂ ਘਣਤਾ ਭਾਰਤ ਨਾਲੋਂ ਵੀ ਜ਼ਿਆਦਾ ਸੀ। ਅੱਜ ਕੱਲ੍ਹ ਵੀ ਜਪਾਨ ਦੀ ਔਸਤ ਜੋਤ ਭਾਰਤ ਦੀ ਔਸਤ ਜੋਤ ਦੇ ਬਰਾਬਰ ਹੈ ਪਰ ਜਪਾਨ ਭਾਰਤ ਤੋਂ ਕਈ ਗੁਣਾ ਜ਼ਿਆਦਾ ਜਾਂ ਦੁਨੀਆ ਦੇ ਪਹਿਲੇ 8 ਵਿਕਸਤ ਦੇਸ਼ਾਂ ਵਿਚ ਸ਼ਾਮਲ ਹੈ। ਜਪਾਨ ਵਿਚ ਸਰਬਪੱਖੀ ਵਿਕਾਸ ਹੈ। ਬਹੁਤ ਸਾਰੀਆਂ ਉਦਯੋਗਿਕ ਇਕਾਈਆਂ ਪਿੰਡਾਂ ਵਿਚ ਸਥਾਪਿਤ ਹਨ ਜਿਨ੍ਹਾਂ ਵਿਚ ਖੇਤੀ ਕਿਰਤੀ ਕੁਝ ਸਮਾਂ ਜਾਂ ਦਿਨ ਦਾ ਅੱਧਾ ਹਿੱਸਾ ਕੰਮ ਕਰਦੇ ਹਨ। ਇਸ ਨਾਲ ਉਨ੍ਹਾਂ ਨੂੰ ਆਮਦਨ ਮਿਲਦੀ ਹੈ ਜਿਸ ਨੂੰ ਉਹ ਖੇਤੀ ਦੇ ਵਿਕਾਸ ਲਈ ਖਰਚਦੇ ਹਨ, ਇਸੇ ਕਰ ਕੇ ਉਨ੍ਹਾਂ ਦੀ ਖੇਤੀ ਵੀ ਵਿਕਸਤ ਹੈ। ਭਾਰਤ ਵਿਚ ਵੱਡੀ ਅਰਧ-ਬੇਰੁਜ਼ਗਾਰੀ ਹੈ ਜਿਸ ਦਾ ਅਰਥ ਹੈ ਕਿ ਜ਼ਿਆਦਾਤਰ ਵਸੋਂ ਕੋਲ ਦਿਨ ਵਿਚ ਅੱਠ ਘੰਟੇ ਅਤੇ ਸਾਲ ਵਿਚ 300 ਦਿਨ ਦਾ ਕੰਮ ਨਹੀਂ; ਇਸ ਲਈ ਭਾਰਤ ਦੇ ਮਨੁੱਖੀ ਸਾਧਨਾਂ ਦੀ ਵਰਤੋਂ ਨਹੀਂ ਹੋ ਰਹੀ। ਉਹ ਕਿਰਤ ਜਿਹੜੀ ਅੱਜ ਨਹੀਂ ਕੀਤੀ ਗਈ, ਉਹ ਕੱਲ੍ਹ ਵਾਸਤੇ ਜਮ੍ਹਾਂ ਨਹੀਂ ਰੱਖੀ ਜਾ ਸਕਦੀ। ਪੂਰਨ ਰੁਜ਼ਗਾਰ ਹੀ ਆਮਦਨ ਅਤੇ ਖੁਸ਼ਹਾਲੀ ਪੈਦਾ ਕਰ ਸਕਦਾ ਹੈ। ਇਹ ਤਾਂ ਹੀ ਸੰਭਵ ਹੋਵੇਗਾ, ਜੇ ਪਿੰਡਾਂ ਵਿਚ ਰਹਿਣ ਵਾਲੀ 68 ਫੀਸਦੀ ਵਸੋਂ ਨੂੰ ਰੁਜ਼ਗਾਰ ਦੇ ਪੂਰੇ ਮੌਕੇ ਦੂਰ ਪਰਦੇਸਾਂ ਜਾਂ ਸ਼ਹਿਰਾਂ ਵਿਚ ਨਹੀਂ ਸਗੋਂ ਉਨ੍ਹਾਂ ਦੇ ਪਿੰਡਾਂ ਵਿਚ ਵੀ ਮਿਲ ਸਕਣ। ਇਸ ਤਰ੍ਹਾਂ ਹੀ ਸਰਬ-ਪੱਖੀ ਵਿਕਾਸ ਹੋ ਸਕਦਾ ਹੈ ਅਤੇ ਵਿਕਾਸ ਵਿਚ ਤੇਜ਼ੀ ਆ ਸਕਦੀ ਹੈ।

# ਮੋਦੀ ਦਾ ਜਲਵਾ ਹੁਣ ਫਿੱਕਾ ਪੈਣ ਲੱਗਾ

**ਪਾਰਸਾ ਵੈਂਕਟੇਸ਼ਵਰ ਰਾਓ ਜੂਨੀਅਰ**

ਭਾਰਤ ਦੀ ਪਾਰਲੀਮੈਂਟ ਦੀ ਨਵੀਂ ਇਮਾਰਤ ਦਾ ਭਾਵੇਂ ਉਦਘਾਟਨ ਹੋ ਗਿਆ ਹੈ ਪਰ ਇਸ ਦੀ ਇਮਾਰਤਸਾਜ਼ੀ ਗੁਣਵੱਤਾ ਜਾਂ ਫਿਰ ਇਹ ਕਿ ਵਿਰੋਧੀ ਧਿਰ ਨੂੰ ਇਸ ਦੇ ਉਦਘਾਟਨੀ ਸਮਾਗਮ ਦਾ ਬਾਈਕਾਟ ਕਰਨਾ ਚਾਹੀਦਾ ਸੀ ਜਾਂ ਨਹੀਂ - ਇਹ ਬਹਿਸ ਥੋੜ੍ਹਾ ਅਰਸਾ ਹੋਰ ਚੱਲ ਸਕਦੀ ਹੈ। ਬਹਰਹਾਲ, ਸੰਭਾਵਨਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਸਹਿਯੋਗੀ ਇਸ ਨੂੰ ਫਜ਼ੂਲ ਰੌਲਾ ਰੱਪਾ ਕਹਿ ਕੇ ਦਰਕਿਨਾਰ ਕਰ ਦੇਣ ਪਰ ਇਸ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਸੂਬਾਈ ਵਿਧਾਨ ਸਭਾ ਦੀਆਂ ਚੋਣਾਂ ਅਤੇ ਫਿਰ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪ੍ਰਧਾਨ ਮੰਤਰੀ ਇਸ ਨਵੀਂ ਇਮਾਰਤ ਦੇ ਸਿਆਸੀ ਮਹੱਤਵ ਤੋਂ ਵਾਕਿਫ਼ ਜ਼ਰੂਰ ਹੋਣਗੇ।

ਉਂਝ, ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਕਰਾਰੀ ਹਾਰ ਤੋਂ ਬਾਅਦ ਭਾਜਪਾ ਅੰਦਰੋਂ ਘਬਰਾਈ ਹੋਈ ਹੈ ਜਿਸ ਦੀ ਭਾਫ਼ ਅਜੇ ਬਾਹਰ ਨਹੀਂ ਆ ਸਕੀ। 2014 ਤੋਂ ਬਾਅਦ ਭਾਜਪਾ ਜੋ ਚੁਣਾਵੀ ਸਫਲਤਾ ਹਾਸਲ ਕਰ ਸਕੀ ਹੈ, ਉਸ ਨੂੰ ਦੁਹਰਾਉਣ ਲਈ ਹੁਣ ਪ੍ਰਧਾਨ ਮੰਤਰੀ ਮੋਦੀ ਦਾ ਨਾਮ ਕਾਫ਼ੀ ਨਹੀਂ ਹੈ। ਲੰਘੀ 25 ਮਈ ਨੂੰ ਜਪਾਨ, ਪਾਪੂਆ ਨਿਊ ਗਿਨੀ ਅਤੇ ਆਸਟਰੇਲੀਆ ਦੇ ਦੌਰੇ ਲਈ ਰਵਾਨਾ ਹੋਣ ਸਮੇਂ ਪਾਲਮ ਹਵਾਈ ਅੱਡੇ 'ਤੇ ਪਾਰਟੀ ਦੇ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਜੋ ਭਾਸ਼ਣ ਦਿੱਤਾ ਸੀ, ਉਸ ਵਿਚੋਂ ਬੇਚੈਨੀ ਦੇ ਚਿੰਨ੍ਹ ਸਾਫ਼ ਨਜ਼ਰ ਆ ਰਹੇ ਸਨ। ਪਿਛਲੇ ਹਫ਼ਤੇ ਗੁਹਾਟੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣੇ ਭਾਸ਼ਣ ਵਿਚ ਦੋਸ਼ ਲਾਇਆ ਸੀ ਕਿ ਕਾਂਗਰਸ ਨਰਿੰਦਰ ਮੋਦੀ ਨੂੰ ਵਾਜਿਬ ਪ੍ਰਧਾਨ ਮੰਤਰੀ ਸਵੀਕਾਰ ਨਹੀਂ ਕਰ ਰਹੀ ਜਿਸ ਤੋਂ ਉਨ੍ਹਾਂ ਦੇ ਮਨ ਦੀ ਪੀੜ ਤੇ ਕ੍ਰੋਧ ਦਾ ਝਲਕਾਰਾ ਮਿਲ ਰਿਹਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਕਰਨਾਟਕ ਵਿਚ ਲੱਗੇ ਚੁਣਾਵੀ ਝਟਕੇ ਦੇ ਬਾਵਜੂਦ ਭਾਜਪਾ ਚਾਹੁੰਦੀ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਹੀ ਤੁਰਪ ਦਾ ਪੱਤਾ ਹੋਣ ਪਰ ਸਿਆਸਤ ਬੇਮਿਸਾਲ ਅਨਿਸ਼ਚਤਾਵਾਂ ਦੀ ਖੇਡ ਹੁੰਦੀ ਹੈ। ਭਾਜਪਾ ਦੀ ਪ੍ਰਾਪੇਗੰਡਾ ਮਸ਼ੀਨਰੀ ਮੋਦੀ ਦੀ ਲੋਕਪ੍ਰਿਅਤਾ ਬਾਰੇ ਭਾਵੇਂ ਜੋ ਮਰਜ਼ੀ ਪ੍ਰਚਾਰ ਕਰੇ ਪਰ ਸੱਚ ਇਹ ਹੈ ਕਿ ਨੌਂ ਸਾਲ ਸੱਤਾ ਵਿਚ ਰਹਿਣ ਤੋਂ ਬਾਅਦ ਹੁਣ ਉਨ੍ਹਾਂ ਦਾ ਜਲੌਅ ਪੇਤਲਾ ਪੈ ਗਿਆ ਹੈ। ਪਾਰਟੀ ਹੁਣ ਚੋਣਾਂ ਜਿੱਤਣ ਲਈ ਪੂਰੀ ਤਰ੍ਹਾਂ ਉਨ੍ਹਾਂ ਦੇ ਰਹਿਮੋ-ਕਰਮ 'ਤੇ ਆ ਗਈ ਹੈ।

ਪਾਲਮ ਹਵਾਈ ਅੱਡੇ 'ਤੇ ਆਪਣੇ ਪਾਰਟੀ ਕਾਰਕੁਨਾਂ ਦੇ ਨਾਂ ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਭਾਰਤ ਦੇ ਲੋਕਾਂ ਨੇ ਭਾਰੀ ਬਹੁਮਤ ਨਾਲ ਭਾਜਪਾ ਨੂੰ ਜਿਤਾਇਆ ਸੀ ਜਿਸ ਕਰ ਕੇ ਹੀ ਉਹ ਜਦੋਂ ਵੀ ਕਦੇ ਬਾਹਰ ਜਾਂਦੇ ਹਨ ਤਾਂ ਦੁਨੀਆ ਦੇ ਆਗੂ ਉਨ੍ਹਾਂ ਨੂੰ ਧਿਆਨ ਨਾਲ ਸੁਣਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਹ (ਪਾਰਟੀ ਕਾਰਕੁਨ) ਇਸ ਕਰ ਕੇ ਆਏ ਹਨ ਕਿਉਂਕਿ ਉਹ ਭਾਰਤ ਨੂੰ ਪਿਆਰ ਕਰਦੇ ਹਨ ਨਾ ਕਿ ਉਨ੍ਹਾਂ (ਮੋਦੀ) ਦੀ ਖਾਤਿਰ। ਤੜਕਸਾਰ ਦੀ ਇਸ ਰੈਲੀ ਨਾਲ ਸੁਤੇ-ਸਿੱਧ ਪਾਰਟੀ ਸਫ਼ਾਂ ਅੰਦਰ ਫੈਲੀ ਘਬਰਾਹਟ ਉਜਾਗਰ ਹੋ ਗਈ। ਭਾਜਪਾ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਉਹ ਹਰ ਚੋਣ ਹਿੰਦੂਤਵ ਦੀ ਵਿਚਾਰਧਾਰਾ ਦੇ ਆਧਾਰ 'ਤੇ ਨਹੀਂ ਜਿੱਤ ਸਕਦੀ ਅਤੇ ਇਸ ਨੂੰ ਅਜਿਹੇ ਆਗੂ ਦੀ ਲੋੜ ਹੈ ਜੋ ਲੋਕਾਂ ਦਾ ਧਿਆਨ ਖਿੱਚ ਸਕੇ। ਹੁਣ ਇਸ ਨੂੰ ਆਪਣੇ ਆਗੂ ਦੀ ਦਿੱਖ ਨਵੇਂ ਸਿਰਿਓਂ ਸ਼ਿੰਗਾਰਨ ਦੀ ਲੋੜ ਭਾਸ ਰਹੀ ਹੈ।

ਸਾਫ਼ ਨਜ਼ਰ ਆ ਰਿਹਾ ਹੈ ਕਿ ਮੋਦੀ ਦਾ ਜਲਵਾ ਫਿੱਕਾ ਪੈ ਰਿਹਾ ਹੈ। ਆਰਥਿਕ ਨੀਤੀ ਅਤੇ ਸਿਆਸੀ ਸਿਧਾਂਤਾਂ ਦੇ ਮਾਮਲਿਆਂ ਵਿਚ ਸਰਕਾਰ ਦੇ ਕੱਟੜ ਹਮਾਇਤੀਆਂ ਵਿਚੋਂ ਦੋ ਜਣਿਆਂ ਨੇ ਇਸ ਦੇ ਕਾਰ-ਵਿਹਾਰ ਬਾਰੇ ਆਪਣੇ ਕੁਝ ਇਤਰਾਜ਼ ਜਤਾਏ ਹਨ। ਇਨ੍ਹਾਂ 'ਚੋਂ ਇਕ ਸੁਰਜੀਤ ਭੱਲਾ ਪ੍ਰਧਾਨ ਮੰਤਰੀ ਦੀ ਆਰਥਿਕ ਕੌਂਸਲ ਦੇ ਮੈਂਬਰ ਰਹਿ ਚੁੱਕੇ ਹਨ ਅਤੇ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਦੇ ਸਾਬਕਾ ਕਾਰਜਕਾਰੀ ਨਿਰਦੇਸ਼ਕ (ਭਾਰਤ) ਹਨ। ਉਨ੍ਹਾਂ ਕਿਹਾ ਹੈ ਕਿ ਵਿਦੇਸ਼ ਵਿਚ ਭਾਰਤੀਆਂ ਦੇ ਡੈਬਿਟ ਅਤੇ ਕ੍ਰੈਡਿਟ ਕਾਰਡ ਦੇ ਖਰਚਿਆਂ 'ਤੇ ਲਾਇਆ 20 ਫ਼ੀਸਦ ਟੈਕਸ ਪਿਛਾਂਹਖਿੱਚੂ ਕਦਮ ਹੈ ਅਤੇ ਸਰਕਾਰ ਨੂੰ ਇਹ ਫ਼ੈਸਲਾ ਵਾਪਸ ਲੈਣਾ ਚਾਹੀਦਾ ਹੈ। ਇਸੇ ਤਰ੍ਹਾਂ 'ਸਵਰਾਜਯ' ਦੇ ਸੰਪਾਦਕੀ ਨਿਰਦੇਸ਼ਕ ਆਰ ਜਗਨ ਨਾਥਨ ਨੇ ਕਿਹਾ ਕਿ ਭਾਜਪਾ ਦੀ ਇਹ ਮਾੜੀ ਆਦਤ ਹੈ ਕਿ ਉਹ ਚੰਗੇ ਕੰਮ ਦਾ ਸਾਰਾ ਸਿਹਰਾ ਆਪਣੇ ਸਿਰ ਲੈ ਲੈਂਦੀ ਹੈ ਤੇ ਦੂਜਿਆਂ ਨੂੰ ਕੋਈ ਜਗ੍ਹਾ ਨਹੀਂ ਦਿੰਦੀ; ਅਖੀਰ 'ਤੇ ਲੋਕਾਂ ਨੂੰ ਇਸ ਨਾਲ ਕੋਈ ਵਜ੍ਹੋ-ਵਾਸਤਾ ਨਹੀਂ ਹੈ ਕਿ ਨਵਾਂ ਸੰਸਦ ਭਵਨ ਬਣ ਗਿਆ ਹੈ ਜਾਂ ਇਸ ਦਾ ਉਦਘਾਟਨ ਕੀਹਦੇ ਹੱਥੋਂ ਹੋਇਆ ਹੈ। ਇਸ ਲਈ, ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੀਆਂ ਬਾਹਰੀ ਸਫ਼ਾਂ ਵਿਚ ਹਿਲਜੁਲ ਹੋਣ ਲੱਗ ਪਈ ਹੈ।

ਹਵਾ ਦਾ ਰੁਖ਼ ਬਦਲ ਗਿਆ ਹੈ ਅਤੇ ਜਾਪਦਾ ਹੈ ਕਿ ਭਾਜਪਾ ਆਗੂਆਂ ਨੂੰ ਵੀ ਇਸ ਦੀ ਟੋਹ ਲੱਗ ਗਈ ਹੋਵੇਗੀ। ਇਸ ਗੱਲ ਦੇ ਸੰਕੇਤ ਆ ਰਹੇ ਹਨ ਕਿ ਮੋਦੀ ਸਰਕਾਰ ਦੇ ਨੌਂ ਸਾਲਾਂ ਦੇ ਸ਼ਾਸਨ ਤੋਂ ਬਾਅਦ ਦੇਸ਼ ਅੰਦਰ ਬੇਚੈਨੀ ਵਧ ਗਈ ਹੈ। ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਆਪਣੇ ਪਾਰਟੀ ਕਾਰਕੁਨਾਂ ਦਾ ਮਨੋਬਲ ਵਧਾਉਣ ਲਈ ਕੁਝ ਉਚੇਚੇ ਯਤਨ ਕਰ ਰਹੇ ਹਨ; ਦੂਜੇ ਬੰਨ੍ਹੇ ਉਹ ਆਪਣੇ ਮਸਲਿਆਂ ਵਿਚ ਉਲਝੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ। ਮਨੀਪੁਰ ਵਿਚ ਭੜਕੀ ਹਿੰਸਾ ਦੇਸ਼ ਦੇ ਰੌਂਅ ਦਾ ਇਕ ਛੋਟਾ ਸੰਕੇਤ ਦੇ ਰਹੀ ਹੈ। ਭਾਜਪਾ ਆਗੂਆਂ ਵਲੋਂ ਮੋਦੀ ਦੀਆਂ ਨਾਇਕਾਂ ਵਾਲੀਆਂ ਖ਼ੂਬੀਆਂ ਦਾ ਜਿਸ ਢੰਗ ਨਾਲ ਗੁਣਗਾਨ ਕੀਤਾ ਜਾ ਰਿਹਾ ਹੈ ਜਿਸ ਵਿਚ ਪ੍ਰਧਾਨ ਮੰਤਰੀ ਦੀ 'ਚੁਣੌਤੀਆਂ ਨੂੰ ਚੁਣੌਤੀ ਦੇਣ' ਦੀ ਬਿਰਤੀ ਵੀ ਸ਼ਾਮਲ ਹੈ, ਉਹ ਭਾਜਪਾ, ਮੋਦੀ ਜਾਂ ਉਨ੍ਹਾਂ ਦੀ ਸਰਕਾਰ ਲਈ ਕੋਈ ਸ਼ੁਭ ਸੰਕੇਤ ਨਹੀਂ ਹੈ। ਲੋਕ ਹੁਣ ਮੋਦੀ ਦੇ ਇਸ ਜਾਣੇ-ਪਛਾਣੇ ਢੋਲ ਢਮੱਕੇ ਤੋਂ ਉਤਸ਼ਾਹਿਤ ਨਹੀਂ ਹੁੰਦੇ।

ਇਸ ਗੱਲ ਦੀ ਉਮੀਦ ਕੀਤੀ ਜਾਂਦੀ ਸੀ ਕਿ ਪ੍ਰਧਾਨ ਮੰਤਰੀ ਮੋਦੀ ਪਾਰਲੀਮੈਂਟ ਦੇ ਨਵੇਂ ਭਵਨ ਨੂੰ ਨਵੇਂ ਭਾਰਤ ਦੇ ਆਪਣੇ ਨਜ਼ਰੀਏ ਦੀ ਕੜੀ, ਭਾਰਤ ਨੂੰ ਬਸਤੀਵਾਦ ਤੋਂ ਮੁਕਤ ਕਰਨ ਅਤੇ ਲੋਕਾਂ ਦੀ ਮਾਨਸਿਕਤਾ 'ਚੋਂ ਗੁਲਾਮੀ ਦੇ ਅੰਸ਼ ਮਿਟਾਉਣ ਦੀ ਕੋਸ਼ਿਸ਼ ਕਰਾਰ ਦੇਣਗੇ। ਇਸ ਤੋਂ ਇਲਾਵਾ ਰਾਮ ਮੰਦਰ ਵੀ ਤਿਆਰ ਹੋ ਰਿਹਾ ਹੈ ਜਿਸ ਨੂੰ ਅਯੁੱਧਿਆ ਵਿਚ ਬਾਬਰੀ ਮਸਜਿਦ ਵਾਲੀ ਜਗ੍ਹਾ ਉਸਾਰਿਆ ਜਾ ਰਿਹਾ ਹੈ। ਇਹ ਅਗਲੇ ਸਾਲ ਜਨਵਰੀ ਵਿਚ ਉਦਘਾਟਨ ਲਈ ਤਿਆਰ ਕੀਤਾ ਜਾ ਸਕਦਾ ਹੈ ਅਤੇ ਇਸ ਗੱਲ ਦੇ ਪੂਰੇ ਆਸਾਰ ਹਨ ਕਿ ਉਸ ਮੰਦਰ ਦਾ ਉਦਘਾਟਨ ਵੀ ਪ੍ਰਧਾਨ ਮੰਤਰੀ ਮੋਦੀ ਵਲੋਂ ਕੀਤਾ ਜਾਵੇ ਅਤੇ ਇਸ ਨੂੰ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਦੀ ਪ੍ਰਾਪਤੀ ਦੇ ਰੂਪ ਵਿਚ ਪੇਸ਼ ਕੀਤਾ ਜਾਵੇਗਾ। ਇਹ ਕਿਆਸ ਲਾਏ ਜਾ ਰਹੇ ਹਨ ਕਿ ਭਾਜਪਾ ਅੰਦਰ ਇਹ ਅਸਮੰਜਸ ਬਣਿਆ ਹੋਇਆ ਹੈ ਕਿ ਪਾਰਲੀਮੈਂਟ ਦੀ ਨਵੀਂ ਇਮਾਰਤ ਜਿਸ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ 'ਲੋਕਤੰਤਰ ਦਾ ਮੰਦਰ' ਕਰਾਰ ਦਿੱਤਾ ਹੈ ਜਾਂ ਅਯੁੱਧਿਆ ਦੇ ਰਾਮ ਮੰਦਰ 'ਚੋਂ ਭਾਜਪਾ ਲਈ ਜ਼ਿਆਦਾ ਮਹੱਤਵਪੂਰਨ ਕਿਹੜਾ ਹੈ। ਭਾਜਪਾ ਚੁਣਾਵੀ ਲਾਹਾ ਖੱਟਣ ਲਈ ਇਨ੍ਹਾਂ ਦੋਵਾਂ ਦਾ ਇਸਤੇਮਾਲ ਕਰਨਾ ਚਾਹੇਗੀ।

ਕੋਵਿਡ-19, ਯੂਕਰੇਨ ਜੰਗ ਅਤੇ ਆਲਮੀ ਬਾਜ਼ਾਰ ਦੀ ਮੰਦੀ ਦੇ ਮੱਦੇਨਜ਼ਰ ਭਾਰਤੀ ਅਰਥਚਾਰਾ ਹਾਲੇ ਤੱਕ ਆਪਣੀ ਲੈਅ ਹਾਸਲ ਕਰਨ ਲਈ ਜੱਦੋਜਹਿਦ ਕਰ ਰਿਹਾ ਹੈ। ਭਾਜਪਾ ਚੋਣਾਂ ਦਾ ਸਾਹਮਣਾ ਕਰਨ ਲਈ ਇਨ੍ਹਾਂ ਦੋਵੇਂ ਇਮਾਰਤਾਂ ਨੂੰ ਉਭਾਰ ਕੇ ਪੇਸ਼ ਕਰਨਾ ਚਾਹੇਗੀ ਪਰ ਲੋਕਾਂ ਨੂੰ ਇਨ੍ਹਾਂ ਦੋਵਾਂ 'ਚੋਂ ਕਿਸੇ ਦੇ ਵੀ ਇਮਾਰਤਸਾਜ਼ੀ ਦੀ ਕਲਾ ਵਿਚ ਕੋਈ ਖਾਸ ਰੁਚੀ ਨਹੀਂ ਹੈ। ਜਿਵੇਂ ਕਰਨਾਟਕ ਦੇ ਵੋਟਰਾਂ ਨੇ ਦਰਸਾਇਆ ਹੈ, ਲੋਕਾਂ ਦਾ ਬਹੁਤਾ ਸਰੋਕਾਰ ਆਪਣੀ ਰੋਜ਼ਮੱਰਾ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਨਾਲ ਹੈ।

## ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

# ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ


# 'ਪੰਜਾਬ ਟਾਈਮਜ਼ ਨਾਈਟ'


**8 ਜੁਲਾਈ 2023 ਸਨਿਚਰਵਾਰ ਸ਼ਾਮੀ 6:30 ਵਜੇ**

**Atlantis Banquets**
1273 N. Rand Road,
Arlington Heights, IL 60004


ਪ੍ਰੋ. ਜੋਗਿੰਦਰ ਸਿੰਘ ਰਮਦੇਵ


ਸ. ਅਮੋਲਕ ਸਿੰਘ ਜੰਮੂ


ਅਯੁਧਿਆ ਸਲਵਾਨ


ਸਵਰਨਜੀਤ ਸਿੰਘ ਢਿਲੋਂ


ਗੁਰਿੰਦਰ ਸਿੰਘ ਗਿੱਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਅਮੋਲਕ ਸਿੰਘ ਗਾਖਲ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਗਰੇਵਾਲ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੱਸੀ ਗਿੱਲ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਗੁਰਵੀਰ ਸਿੰਘ ਗਿੱਲ


ਜਸਕਰਨ ਸਿੰਘ ਧਾਲੀਵਾਲ

**ਪੰਜਾਬ ਟਾਈਮਜ਼**
Ph: 847-359-0746
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
*e-mail: punjabtimes1@gmail.com, website: www.punjabtimesusa.com*

# PUNJAB TIMES NIGHT 2023

## ਵਿਸ਼ੇਸ਼ ਮਹਿਮਾਨ


ਮੇਜਰ ਗੁਰਚਰਨ ਸਿੰਘ ਝੱਜ
(ਗੈਸਟ ਆਫ ਆਨਰ )


ਵਰਿਆਮ ਸਿੰਘ ਸੰਧੂ
(ਮੁੱਖ ਬੁਲਾਰਾ)


ਦਰਸ਼ਨ ਸਿੰਘ ਧਾਲੀਵਾਲ
(ਚੀਫ਼ ਗੈਸਟ)

## ਪਹੁੰਚ ਰਹੀਆਂ ਮੁੱਖ ਸ਼ਖਸੀਅਤਾਂ



ਲਾਜ ਨੀਲਮ ਸੈਣੀ
(ਸ਼ਾਇਰਾ)


ਜਗਜੀਤ ਨੌਸ਼ਹਿਰਵੀ
(ਸਾਹਿਤਕਾਰ)


ਸੁਖਦੇਵ ਸਾਹਿਲ
(ਕਲਾਸੀਕਲ ਗਾਇਕ)


ਓਂਕਾਰਪ੍ਰੀਤ ਸਿੰਘ
(ਸ਼ਇਰ)


ਕੁਲਵਿੰਦਰ
(ਸ਼ਾਇਰ)


ਕੁਲਵਿੰਦਰ ਖਹਿਰਾ
(ਸ਼ਇਰ)


ਰਵਿੰਦਰ ਸਹਿਰਾਅ
(ਸ਼ਇਰ)


ਅਸ਼ੋਕ ਭੌਰਾ
(ਲੇਖਕ)

## ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਸੁਖਪਾਲ ਗਿੱਲ

**ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ ਮੌਕੇ 8 ਜੁਲਾਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ।

# ਚਾਨਣ ਦਾ ਛਣਕਾਟਾ

## ਕਲਾ ਪਰਿਕਰਮਾ

ਕਦੇ ਸਮਾਂ ਹੁੰਦਾ ਸੀ ਕਿ ਅੱਜ ਵਾਂਗ ਥਾਂ-ਥਾਂ ਰੋਸ਼ਨੀ ਜਾਂ ਘਰ-ਘਰ ਬਿਜਲੀ ਦੇ ਲਾਟੂ ਨਹੀਂ ਸਨ ਹੁੰਦੇ। ਲੋਕਾਂ ਦਾ ਜੀਵਨ ਹਨੇਰੇ ਵਿਚ ਹੀ ਬਸਰ ਹੋ ਰਿਹਾ ਸੀ। ਹਾਂ, ਕੁਝ ਚਾਨਣ ਕੁਦਰਤ ਵੱਲੋਂ ਹੀ ਚੰਦ ਦੀ ਚਾਨਣੀ ਨਾਲ ਪ੍ਰਾਪਤ ਹੋ ਜਾਂਦਾ ਸੀ ਪਰ ਹਨੇਰੀਆਂ ਰਾਤਾਂ ਤਾਂ ਉਨ੍ਹਾਂ ਲਈ ਮੁਸ਼ਕਿਲਾਂ ਦਾ ਕਾਰਨ ਹੀ ਬਣਦੀਆਂ ਸਨ। ਘਰਾਂ ਦੇ ਅੰਦਰ ਉਹ ਹਨੇਰੇ ਵਿਚ ਹੀ ਹੱਥ-ਪੈਰ ਮਾਰਦੇ ਰਹਿੰਦੇ। ਜੇ ਅੱਜ ਅਸੀਂ ਉਸ ਸਮੇਂ ਬਾਰੇ ਸੋਚੀਏ ਤਾਂ ਅੰਦਾਜ਼ਾ ਵੀ ਨਹੀਂ ਲੱਗਦਾ ਕਿ ਉਹ ਲੋਕ ਰੋਸ਼ਨੀ ਤੋਂ ਬਿਨਾ ਕਿਸ ਤਰ੍ਹਾਂ ਆਪਣਾ ਜੀਵਨ ਗੁਜ਼ਾਰਦੇ ਹੋਣਗੇ।

ਕਹਿੰਦੇ ਹਨ ਕਿ 'ਲੋੜ ਕਾਢ ਦੀ ਮਾਂ ਹੁੰਦੀ ਹੈ', ਇਸ ਲਈ ਕਿਸੇ ਰੋਸ਼ਨ ਦਿਮਾਗ਼ ਵੱਲੋਂ ਦੀਵੇ ਦੀ ਕਾਢ ਕੱਢ ਲਈ ਗਈ ਅਤੇ ਮਨੁੱਖ ਨੂੰ ਆਪਣੇ ਨਿਵਾਸ 'ਤੇ ਰਾਤ ਸਮੇਂ ਚਾਨਣ ਦੀ ਕਿਰਨ ਦਿਖਾਈ ਦੇਣ ਲੱਗੀ ਅਤੇ ਇਸ ਦੀਵੇ ਦੀ ਲੋਅ ਵਿਚ ਮਨੁੱਖ ਕੁਝ ਛੋਟੇ ਮੋਟੇ ਕੰਮ ਕਰਨ ਲੱਗ ਪਿਆ।



**ਬਹਾਦਰ ਸਿੰਘ ਗੋਸਲ**
ਫੋਨ: +91-98764-52223

ਸ਼ੁਰੂ-ਸ਼ੁਰੂ ਵਿਚ ਕਿਸੇ ਕਟੋਰੀ ਜਾਂ ਠੂਠੀ ਵਿਚ ਤੇਲ ਪਾ ਕੇ ਰੂੰ ਦੀ ਬੱਤੀ ਰੱਖ ਕੇ ਦੀਵਾ ਜਗਾਇਆ ਜਾਂਦਾ ਸੀ। ਇਸ ਦੀਵੇ ਲਈ ਆਮ ਤੌਰ 'ਤੇ ਘਿਓ ਜਾਂ ਸਰੋਂ ਦੇ ਤੇਲ ਦਾ ਪ੍ਰਯੋਗ ਹੁੰਦਾ ਸੀ ਜੋ ਵਾਤਾਵਰਨ ਲਈ ਵੀ ਬਹੁਤ ਸ਼ੁੱਧ ਅਤੇ ਸੁਗੰਧਦਾਰ ਹੁੰਦਾ ਸੀ। ਸਭ ਤੋਂ ਵੱਡੀ ਗੱਲ ਤਾਂ ਇਹ ਹੁੰਦੀ ਸੀ ਕਿ ਇਸ ਦੀਵੇ ਨਾਲ ਮਨੁੱਖ ਦੀ ਚਾਨਣ ਦੀ ਲੋੜ ਕੁਝ ਹੱਦ ਤੱਕ ਪੂਰੀ ਹੋਣ ਲੱਗੀ। ਹਰ ਵਸਦੇ ਘਰ ਵਿਚ ਰਾਤ ਨੂੰ ਇਹ ਦੀਵਾ ਹੀ ਜੀਵਨ ਦੀ ਨਿਸ਼ਾਨੀ ਬਣ ਜਾਂਦਾ ਸੀ। ਲੋਕਾਂ ਦਾ ਮੰਨਣਾ ਹੁੰਦਾ ਸੀ ਕਿ ਜਿੱਥੇ ਦੀਵਾ ਬਲਦਾ ਹੈ ਉੱਥੇ ਮਨੁੱਖ ਦਾ ਵਾਸਾ ਜ਼ਰੂਰ ਹੋਵੇਗਾ।

ਪੁਰਾਤਨ ਕਹਾਣੀਆਂ ਵਿਚ ਅਸੀਂ ਪੜ੍ਹਦੇ ਸੁਣਦੇ ਆਏ ਹਾਂ ਕਿ ਕਿਸ ਤਰ੍ਹਾਂ ਰਾਤ ਪੈਣ 'ਤੇ ਮੁਸਾਫਰ ਜਾਂ ਭੁੱਲੇ ਭਟਕੇ ਰਾਹੀ ਦੀਵੇ ਦਾ ਆਸਰਾ ਤੱਕ ਕੇ ਉੱਥੇ ਪਹੁੰਚ ਜਾਂਦੇ ਸਨ ਪਰ ਉਦੋਂ ਆਬਾਦੀ ਘੱਟ ਹੁੰਦੀ ਸੀ ਅਤੇ ਕਹਾਣੀਆਂ ਅਨੁਸਾਰ ਬਾਰਾਂ-ਬਾਰਾਂ ਕੋਹਾਂ 'ਤੇ ਕਿਤੇ ਦੀਵਾ ਬਲਦਾ ਨਜ਼ਰ ਆਉਂਦਾ ਸੀ। ਭੁੱਲੇ ਭਟਕੇ ਮੁਸਾਫਰਾਂ ਲਈ ਇਹ ਚਾਨਣ-ਮੁਨਾਰਾ ਬਣ ਜਾਂਦਾ ਸੀ ਅਤੇ ਇੱਕ ਤਰ੍ਹਾਂ ਨਾਲ ਉਹ ਦੀਵਾ ਰਾਹ ਦਸੇਰੇ ਦਾ ਕੰਮ ਕਰਦਾ ਸੀ।

ਫਿਰ ਹੌਲੀ-ਹੌਲੀ ਦੀਵੇ ਦੇ ਰੂਪ ਵੀ ਬਦਲਦੇ ਗਏ। ਨਵੇਂ ਸਟੀਲ ਦੇ ਦੀਵੇ ਬਾਜ਼ਾਰਾਂ ਵਿਚ ਆਉਣ ਲੱਗੇ ਜਿਸ 'ਤੇ ਲੱਗੀ ਟੂਟੀ ਵਿਚ ਬੱਤੀ ਲਗਾ ਕੇ, ਦੀਵੇ ਵਿਚ ਤੇਲ ਦੀ ਮਦਦ ਨਾਲ ਚਾਨਣ ਦਾ ਸੋਮਾ ਬਣਾਇਆ ਜਾਂਦਾ। ਸ਼ਾਮ ਨੂੰ ਸੂਰਜ ਦੇ ਛਿਪਣ ਤੋਂ ਬਾਅਦ ਹਨੇਰਾ ਹੁੰਦੇ ਹੀ ਸ਼ਰਧਾ ਅਤੇ ਸਤਿਕਾਰ ਨਾਲ ਦੀਵਾ ਜਗਾਇਆ ਜਾਂਦਾ। ਹਰ ਪਰਿਵਾਰ ਵਿਚ ਦੀਵੇ ਦੀ ਮਹੱਤਤਾ ਨੂੰ ਸਮਝਦੇ ਹੋਏ ਇਸ ਨੂੰ ਪੂਜਣਯੋਗ ਸਮਝਦਾ ਅਤੇ ਸ਼ਰਧਾ ਨਾਲ ਇਸ ਨੂੰ ਜੀ ਆਇਆਂ ਆਖਿਆ ਜਾਂਦਾ। ਕਈ ਸ਼ਰਧਾਵਾਨ ਲੋਕ ਤਾਂ ਦੀਵੇ ਨੂੰ ਬਾਲ ਕੇ ਨਮਸਕਾਰ ਕਰਦੇ। ਇਸੇ ਤਰ੍ਹਾਂ ਜਦੋਂ ਰਾਤ ਨੂੰ ਸੌਣ ਤੋਂ ਪਹਿਲਾਂ ਦੀਵਾ ਬੁਝਾਇਆ ਜਾਂਦਾ ਤਾਂ ਘਰ ਦੇ ਕਈ ਮੈਂਬਰ ਇਹ ਕਹਿੰਦੇ ਸੁਣੇ ਜਾਂਦੇ:

ਜਾ ਦੀਪਕ ਘਰ ਆਪਣੇ,
ਸੁੱਖ ਦੀ ਰੈਣ ਗੁਜ਼ਾਰ,
ਕੱਲ੍ਹ ਧਨ ਦੇ ਲਿਆਈਂ ਗੱਡੇ,
ਨਾਲੇ ਆਈਂ ਆਪ।

ਇਸ ਤਰ੍ਹਾਂ ਸਮੇਂ ਦੇ ਨਾਲ-ਨਾਲ ਦੀਵੇ ਦਾ ਰੂਪ ਵੀ ਬਦਲਦਾ ਗਿਆ। ਥੋੜ੍ਹੀ ਸਮਾਜਿਕ ਤਰੱਕੀ ਹੋਣ ਦੇ ਨਾਲ ਦੀਵੇ ਦੀ ਥਾਂ ਲਾਲਟੈਣ ਨੇ ਲੈ ਲਈ ਜਿਸ ਵਿਚ ਸ਼ੀਸ਼ੇ ਦੀ ਚਿਮਨੀ ਲੱਗੀ ਹੁੰਦੀ ਸੀ। ਇਸ ਲਾਲਟੈਣ ਦਾ ਇਹ ਫਾਇਦਾ ਹੁੰਦਾ ਸੀ ਕਿ ਇਸ ਦੀ ਬੱਤੀ ਹਵਾ ਜਾਂ ਹਨੇਰੀ ਵਿਚ ਬੁਝਦੀ ਨਹੀਂ ਸੀ ਅਤੇ ਇਹ ਲਗਾਤਾਰ ਬਲਦੀ ਰਹਿੰਦੀ ਸੀ। ਚਿਮਨੀ ਸ਼ੀਸ਼ੇ ਦੀ ਹੋਣ ਕਾਰਨ ਚੰਗੀ ਰੋਸ਼ਨੀ ਵੀ ਦੇ ਦਿੰਦੀ ਸੀ ਜਦੋਂਕਿ ਦੀਵਾ ਹਵਾ ਵਿਚ ਬੁਝ ਜਾਂਦਾ ਸੀ। ਦੂਜੇ ਲਾਲਟੈਣ ਨੂੰ ਵਧੀਆ ਹੈਂਡਲ ਹੋਣ ਕਾਰਨ ਇੱਕ ਥਾਂ ਤੋਂ ਦੂਜੀ ਥਾਂ ਚੁੱਕ ਕੇ ਲੈ ਜਾਣਾ ਵੀ ਸੌਖਾ ਹੁੰਦਾ ਸੀ। ਇਸ ਨੂੰ ਬਲਦੀ ਕਰਨ ਲਈ ਮਿੱਟੀ ਦੇ ਤੇਲ ਦੀ ਵਰਤੋਂ ਕੀਤੀ ਜਾਂਦੀ ਸੀ ਜੋ ਲੋਕਾਂ ਨੂੰ ਆਪਣੇ ਘਰਾਂ ਵਿਚ ਰੱਖਣਾ ਪੈਂਦਾ ਸੀ ਪਰ ਇਸ ਲਾਲਟੈਣ ਦੀ ਸ਼ੀਸ਼ੇ ਵਾਲੀ ਚਿਮਨੀ ਨੂੰ ਸਮੇਂ-ਸਮੇਂ 'ਤੇ ਸਾਫ਼ ਕਰਨਾ ਪੈਂਦਾ ਸੀ ਤਾਂ ਕਿ ਵੱਧ ਤੋਂ ਵੱਧ ਰੋਸ਼ਨੀ ਲਈ ਜਾ ਸਕੇ।



ਸ਼ੀਸ਼ੇ ਵਾਲੀ ਚਿਮਨੀ ਦਾ ਸਭ ਤੋਂ ਵੱਧ ਲਾਭ ਸਕੂਲਾਂ-ਕਾਲਜਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਅਤੇ ਰਾਤ ਨੂੰ ਪਹਿਰਾ ਦੇਣ ਵਾਲੇ ਚੌਕੀਦਾਰਾਂ ਨੂੰ ਹੁੰਦਾ ਸੀ। ਰਾਤ ਸਮੇਂ ਹਨੇਰੀਆਂ ਗਲੀਆਂ ਵਿਚ ਚੌਕੀਦਾਰ ਇੱਕ ਹੱਥ ਸੋਟੀ ਅਤੇ ਦੂਜੇ ਹੱਥ ਸ਼ੀਸ਼ੇ ਵਾਲੀ ਲਾਲਟੈਣ ਲੈ ਕੇ ਚੱਲਦੇ ਦੇਖੇ ਜਾਂਦੇ ਸਨ। ਉਨ੍ਹਾਂ ਨੂੰ ਚਿਮਨੀ ਦੇ ਕਾਰਨ ਲਾਲਟੈਣ ਬੁਝਣ ਦਾ ਡਰ ਨਹੀਂ ਸੀ ਹੁੰਦਾ। ਇਸ ਤਰ੍ਹਾਂ ਸੋਟੀ ਅਤੇ ਚਿਮਨੀ ਵਾਲੀ ਲਾਲਟੈਣ ਚੌਕੀਦਾਰ ਦੇ ਪੱਕੇ ਮਿੱਤਰ ਬਣ ਗਏ ਸਨ। ਲਾਲਟੈਣ ਨੇ ਚੌਕੀਦਾਰ ਦੇ ਕੰਮ ਨੂੰ ਕਾਫ਼ੀ ਸੌਖਾ ਬਣਾ ਦਿੱਤਾ ਸੀ। ਇਸੇ ਤਰ੍ਹਾਂ ਵਿਦਿਆਰਥੀ ਵੀ ਲਾਲਟੈਣ ਦੀ ਰੋਸ਼ਨੀ ਦਾ ਆਨੰਦ ਲੈ ਪੜ੍ਹਨ ਵਿਚ ਮਸਤ ਹੋਣ ਲੱਗੇ। ਗਰਮੀ ਦੇ ਦਿਨਾਂ ਵਿਚ ਉਨ੍ਹਾਂ ਦੇ ਮਨਾਂ ਵਿਚ ਹਵਾ ਨਾਲ ਦੀਵਾ ਬੁਝਣ ਦਾ ਡਰ ਖਤਮ ਹੋਣ ਨਾਲ ਉਹ ਬਾਹਰ ਵਿਹੜਿਆਂ ਵਿਚ ਲਾਲਟੈਣ ਲੈ ਕੇ ਪੜ੍ਹਨ ਲੱਗੇ ਅਤੇ ਪੇਪਰਾਂ ਦੇ ਦਿਨਾਂ ਵਿਚ ਬੜੀ ਦੇਰ ਰਾਤ ਤੱਕ ਉਹ ਪੜ੍ਹਦੇ ਦੇਖੇ ਜਾਂਦੇ।

ਅੰਗਰੇਜ਼ਾਂ ਦੇ ਜ਼ਮਾਨੇ ਵਿਚ ਤਾਂ ਉਨ੍ਹਾਂ ਨੇ ਸ਼ਹਿਰਾਂ ਵਿਚ ਅਤੇ ਖਾਸ ਕਰ ਕੇ ਰੇਲਵੇ ਸਟੇਸ਼ਨਾਂ 'ਤੇ ਖੰਭੇ ਲਗਾ ਕੇ ਉੱਪਰ ਲਾਲਟੈਨ ਟਾਈਪ ਬੱਤੀਆਂ ਲਗਾ ਦਿੱਤੀਆਂ ਕਿਉਂਕਿ ਉਹ ਹਵਾ ਵਿਚ ਬੁਝਦੀਆਂ ਨਹੀਂ ਸਨ ਅਤੇ ਸਾਰੀ-ਸਾਰੀ ਰਾਤ ਚਾਨਣਾ ਦਿੰਦੀਆਂ ਸਨ। ਪਿੰਡਾਂ ਦੇ ਕਿਸਾਨ ਲੋਕ ਜਾਂ ਵਪਾਰੀ ਜਦੋਂ ਮਾਲ ਭਰ ਕੇ ਆਪਣੇ ਗੱਡੇ ਲੱਦ ਕੇ ਦੂਰ-ਦੂਰ ਜਾਂਦੇ ਸਨ ਤਾਂ ਉਹ ਬੜੇ ਸੁਵੱਖਤੇ ਚੱਲ ਪੈਂਦੇ ਅਤੇ ਹਨੇਰਾ ਹੋਣ ਕਰ ਕੇ ਉਹ ਆਪਣੇ ਗੱਡਿਆਂ ਹੇਠ ਲਾਲਟੈਣ ਲਟਕਾ ਲੈਂਦੇ। ਜਿੱਥੇ ਉਹ ਲਾਲਟੈਣ ਚਾਨਣ ਦਾ ਕੰਮ ਵੀ ਕਰਦੀ, ਉੱਥੇ ਹਨੇਰੇ ਵਿਚ ਇੰਡੀਕੇਟਰ ਦਾ ਕੰਮ ਵੀ ਦੇ ਜਾਂਦੀ। ਇਸ ਤਰ੍ਹਾਂ ਉਨ੍ਹਾਂ ਗੱਡੇ ਵਾਲਿਆਂ ਲਈ ਲਾਲਟੈਣ ਖਾਸ ਸਹੂਲਤ ਬਣ ਜਾਂਦੀ।

ਜਦੋਂ ਸਮੇਂ ਨੇ ਤਰੱਕੀ ਦਾ ਹੋਰ ਪੱਖ ਦੇਖਿਆ ਤਾਂ ਇਸ ਲਾਲਟੈਣ ਨੇ ਉੱਚੀ ਗੋਲ ਚਿਮਨੀ ਵਾਲੇ ਲੈਂਪ ਦਾ ਰੂਪ ਲੈ ਲਿਆ। ਪੜ੍ਹਨ ਵਾਲੇ ਬੱਚਿਆਂ ਦੇ ਘਰਾਂ ਵਿਚ ਤਾਂ ਇਸ ਲੈਂਪ ਨੂੰ ਤਰਜੀਹ ਦਿੱਤੀ ਜਾਂਦੀ ਕਿਉਂਕਿ ਇਹ ਲਾਲਟੈਣ ਤੋਂ ਵੱਧ ਰੋਸ਼ਨੀ ਦਿੰਦਾ ਅਤੇ ਥੋੜ੍ਹਾ ਪ੍ਰਭਾਵਸ਼ਾਲੀ ਵੀ ਹੁੰਦਾ। ਉਨ੍ਹਾਂ ਦਿਨਾਂ ਵਿਚ ਜਿਸ ਘਰ ਕੋਈ ਲੈਂਪ ਆਉਂਦਾ ਤਾਂ ਉਹ ਬੱਚੇ ਦੂਜੇ ਦਿਨ ਸਕੂਲ ਵਿਚ ਦੱਸਦੇ ਫਿਰਦੇ ਕਿ ਉਨ੍ਹਾਂ ਦੇ ਘਰ ਵਧੀਆ ਲੈਂਪ ਆ ਗਿਆ ਹੈ ਅਤੇ ਹੁਣ ਉਹ ਰਾਤ ਨੂੰ ਖੂਬ ਪੜ੍ਹਿਆ ਕਰਨਗੇ। ਸੱਚ ਵਿਚ ਹੀ ਉਸ ਲੈਂਪ ਨੇ ਪਿੰਡਾਂ ਦੇ ਬੱਚਿਆਂ ਵਿਚ ਰਾਤ ਨੂੰ ਪੜ੍ਹਨ ਦੀ ਆਦਤ ਪਾ ਦਿੱਤੀ ਸੀ।

ਰੋਸ਼ਨੀ ਲਈ ਭਾਵੇਂ ਦੀਵਾ, ਲਾਲਟੈਣ ਜਾਂ ਲੈਂਪ ਵਰਤੇ ਜਾਂਦੇ ਸਨ ਪਰ ਪੇਂਡੂ ਖੇਤਰ ਵਿਚ ਸਭ ਨੂੰ ਸਾਂਝਾ ਨਾਂ ਬੱਤੀ ਕਿਹਾ ਜਾਂਦਾ ਸੀ। ਇਸ ਲਈ ਰੋਸ਼ਨੀ ਪ੍ਰਾਪਤ ਕਰਨ ਲਈ ਪਿੰਡਾਂ ਦੇ ਲੋਕ ਕਿਸੇ ਨਾ ਕਿਸੇ ਬੱਤੀ ਦਾ ਪ੍ਰਯੋਗ ਕਰਦੇ। ਇਸ ਕਰ ਕੇ ਹੀ ਪੰਜਾਬੀ ਸੱਭਿਆਚਾਰ ਵਿਚ ਇਸ ਬੱਤੀ ਨੇ ਜਾਂ ਦੀਵੇ ਨੇ ਖੂਬ ਆਪਣਾ ਸਥਾਨ ਬਣਾਇਆ ਅਤੇ ਬਹੁਤ ਕਮਾਲ ਦੇ ਗੀਤ, ਬੋਲੀਆਂ ਜਾਂ ਕਵਿਤਾਵਾਂ ਇਸ ਬੱਤੀ ਬਾਰੇ ਸੁਣਨ ਨੂੰ ਮਿਲਦੀਆਂ; ਜਿਵੇਂ ਇਹ ਗੀਤ ਹਰ ਪੰਜਾਬੀ ਦੀ ਜ਼ੁਬਾਨ 'ਤੇ ਹੁੰਦਾ ਸੀ:

ਬੱਤੀ ਬਾਲ ਕੇ ਬਨੇਰੇ ਉੱਤੇ ਰੱਖਦੀ ਆਂ,
ਘਰ ਭੁੱਲ ਨਾ ਜਾਵੇ ਚੰਨ ਮੇਰਾ।

ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਕਿ ਜਦੋਂ ਘਰਾਂ ਵਿਚ ਦੀਵੇ ਵਰਤੋਂ ਵਿਚ ਲਿਆਂਦੇ ਜਾਂਦੇ ਸਨ ਤਾਂ ਉਹ ਥੋੜ੍ਹੀ ਜਿਹੀ ਹਵਾ ਦੇ ਬੁੱਲੇ ਨਾਲ ਬੁਝ ਜਾਂਦੇ ਸਨ ਤਾਂ ਪਿੰਡਾਂ ਵਿਚ ਇਹ ਆਮ ਕਿਹਾ ਜਾਂਦਾ ਸੀ:

ਪੱਲਾ ਮਾਰ ਕੇ ਬੁਝਾ ਗਈ ਦੀਵਾ,
ਅੱਖ ਨਾਲ ਗੱਲ ਕਰ ਗਈ।

ਇਸੇ ਤਰ੍ਹਾਂ ਗੀਤਾਂ ਜਾਂ ਪੰਜਾਬੀ ਬੋਲੀਆਂ ਵਿਚ ਦੀਵੇ ਜਾਂ ਬੱਤੀ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ:

ਹੁੱਲ ਗਈ, ਹੁੱਲ ਗਈ, ਹੁੱਲ ਗਈ ਵੇ,
ਬੱਤੀ ਬਾਲਦੇ ਚੁਬਾਰਾ ਤੇਰਾ ਭੁੱਲ ਗਈ ਵੇ।

ਸਾਡੇ ਤਿਉਹਾਰਾਂ ਵਿਚ ਵੀ ਦੀਵੇ ਦੀ ਵਿਸ਼ੇਸ਼ ਮਹੱਤਤਾ ਹੈ। ਦੀਵਾਲੀ ਦਾ ਤਿਉਹਾਰ ਸ੍ਰੀ ਰਾਮ ਚੰਦਰ ਜੀ ਦਾ ਬਨਵਾਸ ਤੋਂ ਬਾਅਦ ਅਯੁੱਧਿਆ ਪਰਤਣ 'ਤੇ ਦੀਪਮਾਲਾ ਕਰ ਕੇ ਮਨਾਇਆ ਗਿਆ ਸੀ। ਇਸੇ ਤਰ੍ਹਾਂ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਆਜ਼ਾਦ ਹੋ ਕੇ ਅੰਮ੍ਰਿਤਸਰ ਪਹੁੰਚਣ ਦੀ ਖੁਸ਼ੀ ਵਿਚ ਦੀਪਮਾਲਾ ਕੀਤੀ ਗਈ ਸੀ ਜੋ ਪਰੰਪਰਾ ਅੱਜ ਤੱਕ ਜਾਰੀ ਹੈ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਬੱਚੇ ਗੜਬੜਿਆਂ ਦਾ ਤਿਉਹਾਰ ਬਹੁਤ ਖੁਸ਼ੀ ਨਾਲ ਮਨਾਉਂਦੇ ਹਨ। ਉਹ ਆਪਣੇ ਗੜਬੜਿਆਂ ਵਿਚ ਦੀਵਾ ਬਾਲ ਕੇ ਰੱਖ ਕੇ ਘਰ-ਘਰ ਜਾ ਕੇ ਗੜਬੜੇ ਲਈ ਤੇਲ ਮੰਗਦੇ ਹਨ ਅਤੇ ਨਾਲ ਹੀ ਗਾਉਂਦੇ ਜਾਂਦੇ ਹਨ:

ਅੱਜ ਚਾਨਣ-ਮਾਨਣ ਦੀ ਰਾਤ,
ਤੂੰ ਨੱਚ ਮੇਰੇ ਗੜਬੜਿਆ।

ਇਸੇ ਤਰ੍ਹਾਂ ਇਹ ਦੀਵੇ ਜਾਂ ਰੋਸ਼ਨੀ ਲਈ ਬੱਤੀ, ਲਾਲਟੈਣ ਸਾਡੇ ਸੱਭਿਆਚਾਰ ਦੀ ਰੰਗੀਨ ਕੜੀ ਬਣ ਗਏ ਸਨ। ਵਿਆਹ ਸ਼ਾਦੀਆਂ ਵਿਚ ਵਧੇਰੇ ਰੋਸ਼ਨੀ ਲਈ ਗੈਸਾਂ ਦੀ ਵਰਤੋਂ ਕੀਤੀ ਜਾਂਦੀ ਸੀ ਜਾਂ ਫਿਰ ਇਕੱਲਾ-ਦੁਕੱਲਾ ਵਿਅਕਤੀ ਬੈਟਰੀ ਨੂੰ ਚਾਨਣ ਲਈ ਵਰਤਦਾ ਸੀ ਪਰ ਕਿਸੇ ਮੁੰਡੇ ਦੇ ਵਿਆਹ ਵਿਚ ਨਵੀਂ ਆਈ ਵਹੁਟੀ ਨੂੰ ਦੇਖਣ ਪਿੰਡ ਦੀਆਂ ਬਹੁਤ ਔਰਤਾਂ ਪਹੁੰਚਦੀਆਂ ਅਤੇ ਜੇ ਕੋਈ ਵਹੁਟੀ ਬਹੁਤ ਹੀ ਖੂਬਸੂਰਤ ਜਾਂ ਗੋਰੇ ਰੰਗ ਵਾਲੀ ਮੁਟਿਆਰ ਹੁੰਦੀ ਤਾਂ ਉਹ ਉਸ ਵਹੁਟੀ ਦੀ ਤਾਰੀਫ਼ ਕਰਦੀਆਂ ਹੋਈਆਂ ਕਹਿੰਦੀਆਂ:

ਹੁਣ ਬੰਦ ਕਰ ਦਿਓ ਗੈਸ, ਲਾਲਟੈਣਾਂ
ਆਈ ਬਹੂ ਬੈਟਰੀ ਵਰਗੀ।

ਇਸ ਤਰ੍ਹਾਂ ਚਾਨਣ ਦਾ ਅਤੇ ਸੁਹੱਪਣ ਦਾ ਸਦੀਆਂ ਤੋਂ ਹੀ ਸੁਮੇਲ ਰਿਹਾ ਹੈ। ਜਿਸ ਨੇ ਸਾਡੇ ਵਿਰਸੇ ਅਤੇ ਸੱਭਿਆਚਾਰ ਨੂੰ ਹੀ ਰੋਸ਼ਨ ਨਹੀਂ ਕੀਤਾ ਸਗੋਂ ਸਮਾਜਿਕ ਜੀਵਨ ਵਿਚ ਵੀ ਰੰਗ ਭਰ ਦਿੱਤੇ ਹਨ ਪਰ ਅੱਜਕੱਲ੍ਹ ਤਾਂ ਉਹ ਦੀਵੇ, ਲਾਲਟੈਣਾਂ, ਗੈਸ ਸਭ ਲੋਪ ਹੀ ਹੋ ਗਏ ਹਨ। ਘਰ-ਘਰ ਬਿਜਲੀ ਆ ਜਾਣ ਨਾਲ ਇੱਕ ਬਟਨ ਦੱਬਦਿਆਂ ਹੀ ਸਾਰਾ ਘਰ ਜਗਮਗਾ ਉੱਠਦਾ ਹੈ। ਵਿਆਹ-ਸ਼ਾਦੀਆਂ ਅਤੇ ਦੂਜੇ ਵੱਡੇ ਸਮਾਗਮਾਂ ਦੀ ਥਾਂ ਰੰਗ-ਬਰੰਗੀਆਂ ਲਾਈਟਾਂ ਦੀ ਭਰਮਾਰ ਹੁੰਦੀ ਹੈ ਪਰ ਉਹ ਚਿਮਨੀ ਵਾਲੀ ਲਾਲਟੈਣ ਕਦੇ ਜ਼ਿੰਦਗੀ ਦੀ ਲੋਅ ਬਣ ਕੇ ਸਾਡੇ ਘਰ ਵਿਚ ਅਹਿਮ ਥਾਂ ਰੱਖਦੀ ਸੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਜੂਨ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-590



*ਮਹਿੰਗਾਈ ਨੇ ਲੱਕ ਤੋੜਿਆ, ਨਵੀਂ ਹੀ ਜੁਗਤ ਲੜਾਈ,*
*ਮੋਟਰ ਸਾਈਕਲ ਹੈ ਜੋੜਿਆ, ਲੱਦ ਅਸਬਾਬ ਦੁੜਾਈ।*
*ਉੱਤੇ ਬੈਠਾ ਲਿਆ ਹੈ ਛੋਟੇ ਨੂੰ, ਜਾਨ ਦੀ ਬਾਜ਼ੀ ਲਾਈ,*
*ਪੂਰੇ ਲੜ ਫਿਰ ਵੀ ਨ ਸਰਦੇ, ਰੱਬਾ ਕਿਹੀ ਰੁੱਤ ਆਈ!*

## ਕੈਪਸ਼ਨ ਮੁਕਾਬਲਾ-588



ਦਸਾਂ ਨਹੁੰਆਂ ਦੀ ਕਿਰਤ ਹੈ ਚੰਗੀ,
ਨਾਲ਼ ਅਣਖ ਦੇ ਜਿਊਣਾ,
ਉਮਰਾਂ ਨੇ ਝੰਬ ਦਿੱਤੀ ਹੈ ਭਾਵੇਂ ਮਾਂ,
ਪਰ ਮਿਹਨਤ ਨ ਮਿਹਣਾ।
ਵਿਹਲੜਾਂ ਨੂੰ ਹੈ ਸਬਕ ਸਿਖਾਂਦੀ,
ਜ਼ਰਾ ਦੇਖਲੋ ਇਹ ਤਸਵੀਰ,
ਕਹਿਣ ਨੂੰ ਭਾਵੇਂ ਅੰਮ੍ਰਿਤਕਾਲ ਹੈ,
ਪਰ ਨਹੀਂ ਬਦਲੀ ਤਕਦੀਰ।
***-ਸੇਵਾ ਸਿੰਘ "ਨੂਰਪੁਰੀ"***

---

ਧੰਨ ਹਨ ਮਾਵਾਂ ਮੇਰੇ ਦੇਸ਼ ਦੀਆਂ
ਨਾ ਚਾਹੁੰਦੇ ਦੁੱਖਾਂ ਨੂੰ ਵੀ ਦੇਖ ਦੀਆਂ।
ਉਮਰਾਂ ਕਿਹੜੀਆਂ ਹਨ ਪਹੁੰਚੀਆਂ
ਰੱਬ ਭਾਵੇਂ ਕਦੇ ਵੀ ਉਪਰ ਲੈ ਜਾਵੇ।
ਔਲਾਦ ਦਾ ਮੋਹ ਨਾ ਤਿਆਗ ਸਕਣ
ਅੱਖਾਂ ਮੈਹਰੇ ਧੁਮਦਲਾ ਵਾਰ-ਵਾਰ ਛਾਵੇ।
ਰੱਬ ਵਰਗਾ ਸਹਾਰਾ ਹੁੰਦਾ ਉਨ੍ਹਾਂ ਦਾ,
ਉਪਰ ਪਹੁੰਚ ਕੇ ਵੀ
ਰਹਿਣ ਥੱਲੇ ਦੇਖਦੀਆਂ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਸਾਰੀ ਉਮਰ ਹੰਢਾਈ ਗੁਰਬਤ
ਬੁਢਾਪੇ ਦੇ ਦੁੱਖ ਪੈ ਗਏ ਭਾਰੇ।
ਹੰਝੂ ਪੂੰਝਣ ਕੋਈ ਨਾ ਆਇਆ
ਤੁਰ ਗਏ ਸਭ ਲਾ ਕੇ ਲਾਰੇ।
ਲੈ ਆਈ ਹਾਂ ਕੇਲੇ ਫ਼ਲੀਆਂ
ਚਿਣ ਲਈਆਂ ਨੇ ਸੜਕ ਕਿਨਾਰੇ।
ਆਊਗਾ ਕੋਈ ਕਰਮਾਂ ਵਾਲਾ
ਬੈਠ ਗਈ ਹਾਂ ਆਸ ਸਹਾਰੇ।
***ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਬੁੱਢੇ ਬਾਰੇ ਹੋਵੇ ਨਾ ਜੇ ਸਹਾਰਾ
ਗਿਲਾ ਤਾਂ ਹੋਣਾ ਵਾਜਬ ਹੈ
ਕਈ ਵੇਰਾਂ ਆਪਣਾ ਹੁੰਦਿਆਂ ਸੁੰਦਿਆਂ ਵੀ
ਮੁਸ਼ਕਲਾਂ ਨਾਲ ਘੁਲਣਾ ਪੈਂਦਾ
ਅੜੀ, ਜ਼ਿਦ, ਅਣਖੀ ਜ਼ਿੰਦਗੀ
ਨਹੀਂ ਕਰਦੀ ਲੋਲੋ ਪੋਚੋ
ਨਹੀਂ ਟੇਕਦੀ ਗੋਡੇ
ਮੰਗ ਕੇ ਖਾਣਾ ਤਾਂ ਹੈ ਭੀਖ ਬਰਾਬਰ
ਕਰ ਹਲਕਾ ਫੁਲਕਾ ਕੰਮ
ਦਿਨ ਕਟੀ ਤਾਂ ਕਰਨੀ ਹੀ ਹੈ।
***-ਦਰਸ਼ਨ ਪਾਲ ਦੋਸਾਂਝ***

---

ਮੁਸ਼ੱਕਤ ਕਰ ਮਾਂ ਖੁਦ ਪੇਟ ਪਾਲਦੀ
ਅੱਖਾਂ ਪੂੰਝੇ, ਨਾਲੇ ਕੇਲੇ ਪਈ ਨਹਾਰਦੀ।
ਬੁੱਢੇ ਮਾਪਿਆਂ ਦਾ ਬਣੋ ਸਹਾਰਾ
ਜਹਾਨੋਂ ਤੁਰ ਗਿਆ ਨਾ ਮਿਲਣਾ ਦੁਬਾਰਾ।
***-ਹਰਜੋਤ ਕੌਰ***

*To Advertise with Punjab Times Call:*
*847-359-0746*
*e-mail:punjabtimes1@gmial.com*

# ਸ਼ਿਕਾਗੋ ਵਿਚ ਡਾ. ਮਦਨ ਲਾਲ ਹਸੀਜਾ ਦਾ ਸਨਮਾਨ

**ਸ਼ਿਕਾਗੋ:** ਕੇ.ਕੇ. ਪੰਮੇ ਦੀ ਟਚ ਆਫ ਸਪਾਈਸ ਰੈਸਤਰਾਂ ਇਤਾਸਕਾ ਸ਼ਹਿਰ ਵਿਚ ਭਾਰਤ ਤੋਂ ਪਹੁੰਚੇ ਡਾ. ਮਦਨ ਲਾਲ ਹਸੀਜਾ ਨਾਲ ਸਾਹਿਤਕ ਮਿਲਣੀ ਹੋਈ। ਇਸ ਦਾ ਇੰਤਜ਼ਾਮ ਠਾਕਰ ਸਿੰਘ ਬਸਾਤੀ ਤੇ ਰਾਜਿੰਦਰ ਕੌਰ ਬਸਾਤੀ ਨੇ ਕੀਤਾ। ਮਿਲਣੀ ਵਿਚ ਰਾਜ ਲਾਲੀ ਬਟਾਲਾ, ਸਾਜਿਦ ਚੌਧਰੀ, ਗੁਰ ਸਿੰਘ, ਪ੍ਰਦੀਪ ਬੈਰੀ ਤੇ ਕੁਲਦੀਪ ਸਿੰਘ ਸਰਾ ਸ਼ਾਮਲ ਹੋਏ। ਮਕਸਦ ਪੰਜਾਬੀ ਲਿਖਾਰੀਆਂ ਦੀਆਂ ਕਿਤਾਬਾਂ ਲਈ ਪੰਜਾਬ ਵਿਚ ਰਾਹ ਖੋਲ੍ਹਣਾ ਸੀ। ਆਮ ਤੌਰ 'ਤੇ ਪੰਜਾਬੀ ਆਪ ਹੀ ਕਿਤਾਬਾਂ ਲਿਖਦੇ ਤੇ ਮੁਫ਼ਤ ਵੰਡਦੇ ਹਨ। ਕਿਤਾਬਾਂ ਖਰੀਦਣ ਦੀ ਪੰਜਾਬੀਆਂ ਨੂੰ ਆਦਤ ਨਹੀਂ। ਤ੍ਰਾਸਦੀ ਇਹ ਹੈ ਕਿ ਇਥੋਂ ਦੇ ਸ਼ਹਿਰ ਪੈਲਾਟਾਈਨ ਦੀ ਪਬਲਿਕ ਲਾਇਬ੍ਰੇਰੀ ਵਿਚ 50 ਦੇ ਕਰੀਬ ਪੰਜਾਬੀ ਕਿਤਾਬਾਂ ਰੱਖੀਆਂ ਗਈਆਂ ਸਨ, ਜੋ ਕਾਫ਼ੀ ਸਾਲ ਉਥੇ ਰਹੀਆਂ ਪਰ ਕਿਸੇ ਨੇ ਪੜ੍ਹਨ ਲਈ ਨਹੀਂ ਲਈਆਂ ਤੇ ਹੁਣ ਲਾਇਬ੍ਰੇਰੀ ਨੇ ਇਹ ਕਿਤਾਬਾਂ ਹਟਾ ਦਿੱਤੀਆਂ ਹਨ।

ਰਾਜ ਲਾਲੀ ਨੇ ਆਪਣੀ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਉਹ ਬਟਾਲਾ ਨੇੜਲੇ ਪਿੰਡ ਤੋਂ ਹੈ ਤੇ ਪੇਸ਼ੇ ਵਜੋਂ ਇੰਜੀਨੀਅਰ ਹੈ ਪਰ ਸਾਹਿਤ ਦਾ ਚਸਕਾ ਹੈ। ਕਰੋਨਾ ਦੌਰਾਨ ਉਸਨੇ 'ਕਲਮਾਂ ਦਾ ਕਾਫ਼ਲਾ' ਵੀ ਚਲਾਇਆ। ਉਹ ਵਧ-ਚੜ੍ਹ ਕੇ ਸਾਹਿਤਕ ਸਰਗਰਮੀਆਂ 'ਚ ਭਾਗ ਲੈਂਦੇ ਹਨ। ਹੁਣ ਤਕ ਉਨ੍ਹਾਂ ਦੀ ਪੰਜਾਬੀ ਗਜ਼ਲ 'ਲਾਲੀ' ਅਤੇ 'ਸੂਰਜਾ ਵੇ ਸੂਰਜਾ' ਕਿਤਾਬਾਂ ਛਪ ਚੁੱਕੀਆਂ ਹਨ।

ਲਾਹੌਰ ਨਾਲ ਸੰਬੰਧਤ ਸਾਜਿਦ ਚੌਧਰੀ ਦੀਆਂ ਕਿਤਾਬਾਂ 'ਬਹੁਤਾ ਇੰਤਜ਼ਾਰ ਕੀਤੇ ਬਿਨਾ', 'ਰੰਗੋ-ਰੰਗੀ' ਤੇ 'ਆਪਣਾ ਖੋਜ' ਸੂਫ਼ੀ ਸ਼ਾਇਰੀ ਬਾਰੇ ਛਪ ਚੁੱਕੀਆਂ ਹਨ। ਸਾਜਿਦ ਵੀ ਪੇਸ਼ੇ ਵਜੋਂ ਇੰਜੀਨੀਅਰ ਹੈ ਅਤੇ ਪਾਕਿਸਤਾਨ ਵਿਚ ਕਾਫ਼ੀ ਉੱਚੇ ਅਹੁਦਿਆਂ 'ਤੇ ਰਹਿ ਚੁੱਕੇ ਹਨ। ਅਮਰੀਕਾ ਆਉਣ ਤੋਂ ਪਹਿਲਾਂ ਉਹ ਸੰਸਾਰ ਬੈਂਕ ਵਿਚ ਡਾਇਰੈਕਟਰ ਦੇ ਅਹੁਦੇ 'ਤੇ ਸਨ। ਪੰਜਾਬ ਵਿਚ ਡਾਇਰੈਕਟਰ ਜਨਰਲ ਰਹਿ ਚੁੱਕੇ ਹਨ। ਸਾਜਿਦ ਦੱਸਦਾ ਹੈ ਕਿ ਉਹ ਮਾਂ-ਬਾਪ ਦਾ ਇਕਲੌਤਾ ਪੁੱਤ ਹੈ ਤੇ ਉਸ ਨੂੰ ਮਾਂ ਦੀਆਂ ਪੰਜਾਬੀ ਲੋਰੀਆਂ ਅੱਜ ਵੀ ਯਾਦ ਹਨ, ਉਨ੍ਹਾਂ ਦਾ ਹੀ ਕਰਜ਼ ਮੋੜਨ ਲਈ ਉਸਨੇ ਸ਼ਾਇਰੀ ਪੰਜਾਬੀ ਵਿਚ ਕੀਤੀ। ਸਾਲ 2003 ਤੋਂ ਚਾਲੂ ਹੋਏ ਗਲੋਬਲ ਪੰਜਾਬੀ ਮਿਲਾਪ ਦਾ ਸਾਜਿਦ ਸਹਿ-ਮੇਜ਼ਬਾਨ ਹੈ।

ਗੁਰ ਸਿੰਘ ਨੇ ਦੱਸਿਆ ਕਿ ਉਹ ਪਠਾਨਕੋਟ ਨਾਲ ਸਬੰਧ ਰੱਖਦੇ ਹਨ ਤੇ ਪੇਸ਼ੇ ਵਜੋਂ ਇੰਜੀਨੀਅਰ ਹਨ। ਅੱਜ-ਕੱਲ੍ਹ ਉਹ ਇੰਸ਼ੋਰੈਂਸ ਏਜੰਸੀ ਚਲਾਉਂਦੇ ਹਨ ਪਰ ਬਾਗਬਾਨੀ ਵੀ ਕਰਦੇ ਹਨ। ਉਨ੍ਹਾਂ ਦੀਆਂ 'ਇਕ ਸਿਰਫ ਇਕ' ਅਤੇ 'ਆਰਾਮ ਪ੍ਰਕਾਸ਼' ਕਿਤਾਬਾਂ ਛਪ ਚੁੱਕੀਆਂ ਹਨ।

ਰਾਕਿੰਦ ਕੌਰ ਇੰਡੀਆਨਾ ਸਟੇਟ ਤੋਂ ਪਹੁੰਚੇ। ਉਸ ਨੇ ਦੱਸਿਆ ਕਿ ਰਾਕਿੰਦ ਦਾ ਮਤਲਬ ਹੈ 'ਪੁੰਨਿਆ ਦਾ ਚੰਦ'। ਮਾਂ ਪਿਉ, ਦੋਵਾਂ ਨੂੰ ਸਾਹਿਤ ਦਾ ਸ਼ੌਕ ਸੀ। ਘਰੇ ਪੁਸਤਕਾਂ ਦਾ ਭੰਡਾਰ ਸੀ ਤੇ ਦਾਰ ਜੀ ਹਮੇਸ਼ਾ ਹੋਰ ਪੁਸਤਕਾਂ ਖ਼ਰੀਦਣ ਲਈ ਉਤਸ਼ਾਹਿਤ ਕਰਦੇ ਸਨ। ਪੰਜਾਬੀ ਗੁਰਦੁਆਰਿਆਂ ਅਤੇ ਘਰੋਂ ਸਿੱਖੀ ਤੇ ਪੜ੍ਹੀ। ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਵਿਚ ਕਵਿਤਾਵਾਂ ਲਿਖਦੀ ਹੈ। ਵਧੇਰੇ ਨੌਕਰੀ ਗੈਰ-ਮੁਨਾਫ਼ਾ ਸੰਸਥਾਵਾਂ ਵਿਚ ਕੀਤੀ ਤੇ ਸ਼ਹਿਰ ਵਿਚ ਇਕੱਲੀ ਪੰਜਾਬੀ ਸਿੰਘਣੀ (ਕੌਰ) ਹੈ। ਰਾਕਿੰਦ ਦਾ ਖਾਬ ਹੈ ਕਿ ਉਹ ਬਟਵਾਰੇ ਬਾਰੇ ਕਵਿਤਾਵਾਂ ਦੀ ਕਿਤਾਬ ਲਿਖੇ। ਉਸ ਦੀਆਂ ਕਵਿਤਾਵਾਂ ਦੀ ਕਿਤਾਬ 'ਰਾਕਿੰਦ-ਪੁੰਨਿਆਂ ਦਾ ਚੰਦ' ਛਪ ਚੁੱਕੀ ਹੈ।

ਕੁਲਦੀਪ ਸਿੰਘ ਸਰਾ ਨੇ ਦੱਸਿਆ ਕਿ ਉਨ੍ਹਾਂ ਦਾ ਪਿੰਡ ਬਟਾਲੇ ਨੇੜੇ ਹੈ। ਇੰਜੀਨੀਅਰ ਦੀ ਪੜ੍ਹਾਈ ਕਰ ਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਪਰ ਐਮਰਜੈਂਸੀ ਲੱਗਣ ਕਰਕੇ ਕੰਮ ਬੰਦ ਕਰਨਾ ਪਿਆ। ਫਿਰ ਅਮਰੀਕਾ ਆ ਕੇ ਫਰਮੀ ਲੈਬ ਵਿਚ ਕੰਮ ਕੀਤਾ ਜਿਥੇ ਐਟਮ 'ਤੇ ਖੋਜ ਹੁੰਦੀ ਹੈ। 2010 ਵਿਚ ਰਿਟਾਇਰਮੈਂਟ ਲੈ ਲਈ। 2011 ਵਿਚ ਗੈਰ-ਮੁਨਾਫ਼ਾ ਸੰਸਥਾ 'ਧੀਆਂ ਪੁਕਾਰਦੀਆਂ' ਬਣਾਈ। ਪੰਜਾਬ ਵਿਚ ਜੋ ਕੁੜੀਆਂ ਪੜ੍ਹਾਈ ਕਰਨ ਦੇ ਸਮਰੱਥ ਨਹੀਂ ਸਨ, ਉਨ੍ਹਾਂ ਦੀ ਮਦਦ ਕੀਤੀ। ਅੱਜ-ਤੱਕ ਉਹ 900 ਤੋਂ ਵੱਧ ਲੜਕੀਆਂ ਨੂੰ ਪੜ੍ਹਾਈ ਕਰਵਾ ਚੁੱਕੇ ਹਨ। ਕਈ ਕੁੜੀਆਂ ਪੀ.ਐਚ.ਡੀ. ਕਰ ਗਈਆਂ ਤੇ ਕੁਝ ਅਮਰੀਕਾ, ਕੈਨੇਡਾ, ਇੰਗਲੈਂਡ ਆ ਗਈਆਂ ਹਨ। ਇਸ ਤੋਂ ਬਿਨਾ ਉਹ ਗੈਰ-ਮੁਨਾਫ਼ਾ ਸੰਸਥਾ 'ਪਗੜੀ' ਨਾਲ ਵੀ ਜੁੜੇ ਹਨ ਜੋ ਪੰਜਾਬ ਦੇ ਕਿਸਾਨਾਂ ਨੂੰ ਆਰਗੈਨਿਕ ਤੇ ਵੰਨ-ਸੁਵੰਨੀ ਖੇਤੀ ਵੱਲ ਉਤਸ਼ਾਹਿਤ ਕਰਦੀ ਹੈ।



ਪ੍ਰਦੀਪ ਬੈਰੀ ਨੇ ਦੱਸਿਆ ਕਿ ਉਹ ਸਕੂਲ ਵਿਚ ਉਰਦੂ ਤੇ ਹਿੰਦੀ 'ਚ ਲਿਖਦੇ ਸਨ ਅਤੇ ਸਕੂਲ ਦੇ ਜਨਰਲ ਸਕੱਤਰ ਰਹੇ। ਪੰਡਿਤ ਨਹਿਰੂ ਨਾਲ ਅਕਸਰ ਮਿਲਦੇ ਰਹਿੰਦੇ ਸਨ। ਐਨ.ਸੀ.ਸੀ. ਤੋਂ ਬਾਅਦ ਥੋੜ੍ਹੀ ਦੇਰ ਮਿਲਟਰੀ ਵਿਚ ਵੀ ਗਏ। ਘਰਦੇ ਇਤਰਾਜ਼ ਕਰਦੇ ਸਨ; ਸੋ ਬੀ.ਕੌਮ. ਦੀ ਪੜ੍ਹਾਈ ਕਰ ਲਈ। ਉਨ੍ਹਾਂ ਦੇ ਇਕ ਪੁੱਤਰ ਅਤੇ ਇਕ ਧੀ ਸੀ। ਪੁੱਤਰ ਦਾ ਐਕਸੀਡੈਂਟ ਵਿਚ ਦੇਹਾਂਤ ਹੋ ਗਿਆ। ਫਿਰ ਉਨ੍ਹਾਂ ਦੀ ਅਮਰੀਕਨ ਪਤਨੀ ਵੀ ਜਲਦੀ ਰੱਬ ਨੂੰ ਪਿਆਰੀ ਹੋ ਗਈ ਤੇ ਉਸ ਦੇ ਬੀਮੇ ਦੀ ਰਕਮ ਨਾਲ ਗੈਰ-ਮੁਨਾਫ਼ਾ ਸੰਸਥਾ ਬਣਾਈ ਜੋ ਕੌਮਾਂਤਰੀ ਪੱਧਰ 'ਤੇ ਮਦਦ ਕਰਦੀ ਹੈ। ਬੈਰੀ ਨੇ ਪਤਨੀ ਦੀ ਮੌਤ ਤੋਂ ਬਾਅਦ 14 ਕਿਤਾਬਾਂ ਲਿਖੀਆਂ ਤੇ ਉਨ੍ਹਾਂ ਦੀ ਆਮਦਨ ਵੀ ਦਾਨ 'ਚ ਦੇ ਦਿੰਦੇ ਹਨ।

ਡਾ. ਹਸੀਜਾ ਦੀ ਜਾਣ-ਪਛਾਣ ਠਾਕਰ ਸਿੰਘ ਬਸਾਤੀ ਨੇ ਕਰਵਾਈ ਜਿਨ੍ਹਾਂ ਨਾਲ ਉਨ੍ਹਾਂ ਦੀ ਕਾਫ਼ੀ ਸਾਲਾਂ ਤੋਂ ਨੇੜਤਾ ਹੈ। ਡਾਕਟਰ ਸਾਹਿਬ ਦਾ ਪਿਛੋਕੜ ਪਾਕਿਸਤਾਨ ਦੇ ਬਹਾਵਲਪੁਰ ਨਾਲ ਹੈ। ਬਟਵਾਰੇ ਤੋਂ ਪਹਿਲਾਂ ਇਨ੍ਹਾਂ ਨੂੰ ਉਥੇ ਕ੍ਰੋੜੀਮਲ ਕਹਿੰਦੇ ਸੀ। ਘਰ ਅੱਗੇ ਖੂਹ ਸੀ। 1947 ਦੇ ਹੱਲਿਆਂ ਵੇਲੇ ਉਹ ਮਾਂ ਨਾਲ ਕੁਰੂਕਸ਼ੇਤਰ ਆਏ ਹੋਏ ਸੀ। ਪਿਛੋਂ ਪਰਿਵਾਰ ਦੇ 13 ਜੀਆਂ ਨੂੰ ਵੱਢ-ਟੁੱਕ ਕੇ ਖੂਹ ਵਿਚ ਸੁੱਟ ਦਿੱਤਾ ਗਿਆ। ਜਦੋਂ ਹਿੰਦੁਸਤਾਨ ਵਿਚ ਰਫਿਊਜੀਆਂ ਨੂੰ ਜ਼ਮੀਨਾਂ ਅਲਾਟ ਹੋਈਆਂ ਤਾਂ ਮਾਂ ਨੂੰ ਸੁਨੇਹਾ ਮਿਲਿਆ ਕਿ ਜਾਓ, ਜ਼ਮੀਨਾਂ ਲੈ ਲਓ ਤਾਂ ਮਾਂ ਦਾ ਜਵਾਬ ਸੀ,"ਜਿਸ ਜਾਇਦਾਦ ਨੇ ਮੇਰਾ ਟੱਬਰ ਖਾ ਲਿਆ, ਮੈਂ ਜ਼ਮੀਨਾਂ ਦਾ ਕੀ ਕਰਨਾ?" ਸੋ, ਮਾਂ ਨੇ ਡਾ. ਹਸੀਜਾ ਨੂੰ ਜੱਦੋ-ਜਹਿਦ ਲਈ ਪ੍ਰੇਰਿਆ। 10 ਸਾਲ ਦੀ ਉਮਰ ਵਿਚ ਸਕੂਲ ਸ਼ੁਰੂ ਕੀਤਾ ਅਤੇ 8ਵੀਂ ਵਿਚ ਪੰਜਾਬ ਵਿਚ ਪਹਿਲੇ ਨੰਬਰ 'ਤੇ ਆਏ ਤੇ ਹਰ ਮਹੀਨੇ 25 ਰੁਪਏ ਵਜ਼ੀਫ਼ਾ ਮਿਲਣਾ ਸ਼ੁਰੂ ਹੋ ਗਿਆ। ਫੇਰ ਤਾਂ ਬਸ ਦਸਵੀਂ, ਬੀ.ਐਸ.ਸੀ., ਮਾਸਟਰਜ਼ ਵਿਚ ਵਜ਼ੀਫ਼ੇ ਹੀ ਵਜ਼ੀਫੇ! ਸੰਸਥਾਵਾਂ ਘਰ ਆ ਕੇ ਦਾਖਲਾ ਦਿੰਦੀਆਂ ਸਨ। ਨਿਊਕਲੀਅਰ ਫਿਜ਼ਿਕਸ ਵਿਚ ਪੀ.ਐਚ.ਡੀ. ਕਰਨ ਤੋਂ ਬਾਅਦ ਮਾਂ ਦਾ ਕਰਜ਼ ਪੁਕਾਰਨ ਲੱਗ ਪਿਆ। ਪੰਜਾਬੀਅਤ ਆਵਾਜ਼ਾਂ ਮਾਰਨ ਲੱਗੀ ਤੇ ਐਮ.ਏ. (ਪੰਜਾਬੀ) ਗੋਲਡ ਮੈਡਲ ਨਾਲ ਹਾਸਲ ਕੀਤੀ। ਇਸ ਤੋਂ ਬਿਨਾ ਉਨ੍ਹਾਂ ਨੇ ਹਿੰਦੀ, ਉਰਦੂ, ਸੰਸਕ੍ਰਿਤ ਵਿਚ ਵੀ ਡਿਗਰੀਆਂ ਹਾਸਲ ਕੀਤੀਆਂ। ਹੁਣ ਤੱਕ ਤਕਰੀਬਨ 22 ਕਿਤਾਬਾਂ ਲਿਖ ਚੁੱਕੇ ਹਨ। 29 ਪੁਸਤਕਾਂ ਦਾ ਤਰਜ਼ਮਾ ਕੀਤਾ। 31 ਪੁਸਤਕਾਂ ਦਾ ਸੰਪਾਦਨ। 336 ਦੇ ਕਰੀਬ ਲੇਖ ਲਿਖੇ। ਰੇਡੀਓ ਟੀ.ਵੀ. 'ਤੇ ਅਨੇਕਾਂ ਮੁਲਾਕਾਤਾਂ ਕਰ ਚੁੱਕੇ ਹਨ। 1996 ਤੋਂ 2004 ਤਕ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਰਹੇ ਤੇ ਹੁਣ ਪਟਿਆਲਾ ਤੋਂ ਪੰਜਾਬ ਰਾਈਟਰਜ਼ ਤੇ ਕਲਚਰਲ ਫੋਰਮ ਚਲਾ ਰਹੇ ਹਨ। ਬਹਾਵਲਪੁਰ ਸਮਾਜ ਦੇ ਨੈਸ਼ਨਲ ਪ੍ਰਧਾਨ ਹਨ।

ਡਾ. ਸਾਹਿਬ ਨੂੰ ਅਣਗਿਣਤ ਸਨਮਾਨ ਮਿਲ ਚੁੱਕੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸਰਵੋਤਮ ਪੰਜਾਬੀ ਪੁਸਤਕ ਲੇਖਕ, ਪੰਜਾਬੀ ਕਲਾ ਸਾਹਿਤ ਅਕੈਡਮੀ ਵਲੋਂ ਸਰਬ ਉਚ ਭਾਸ਼ਾ ਐਵਾਰਡ, ਪੰਜਾਬੀ ਸਾਹਿਤ ਅਕੈਡਮੀ ਸ਼ਿਕਾਗੋ ਵਲੋਂ ਸ਼੍ਰੋਮਣੀ ਭਾਸ਼ਾ ਐਵਾਰਡ, ਪੰਜਾਬੀ ਸਾਹਿਤਕਲਾ ਸੰਗਮ ਦਿੱਲੀ ਵੱਲੋਂ ਭਾਈ ਕਾਨ੍ਹ ਸਿੰਘ ਪੁਰਸਕਾਰ, ਕੇਂਦਰੀ ਪੰਜਾਬੀ ਲੇਖਕ ਸਭਾ ਉਤਰੀ ਅਮਰੀਕਾ ਵਲੋਂ ਐਵਾਰਡ ਆਫ ਡਿਸਟਿੰਕਸ਼ਨ, ਇੰਡੋ-ਕੈਨੇਡੀਅਨ ਟਾਈਮਜ਼ ਟਰੱਸਟ ਵਲੋਂ ਐਵਾਰਡ ਆਫ ਐਕਸੇਲੈਂਸ, ਪੰਜਾਬ ਰਤਨ ਖਾਸ ਤੌਰ 'ਤੇ ਵਰਣਨਯੋਗ ਹਨ।

ਡਾਕਟਰ ਸਾਹਿਬ ਵੰਡ ਦਾ ਦੁੱਖ ਮਹਿਸੂਸ ਤਾਂ ਕਰਦੇ ਹਨ ਪਰ ਮੰਨਦੇ ਵੀ ਨੇ ਕਿ ਜੇ ਬਟਵਾਰੇ ਦੀ ਇੰਨੀ ਡੂੰਘੀ ਸੱਟ ਨਾ ਵੱਜੀ ਹੁੰਦੀ ਤਾਂ ਸ਼ਾਇਦ ਇੰਨਾ ਕੁਝ ਹਾਸਲ ਵੀ ਨਾ ਕਰ ਸਕਦੇ। ਮਾਂ ਨੇ ਸਿਰਫ਼ ਇਕੋ ਗੱਲ ਸਿਖਾਈ- ਕਰ ਤੇ ਖਾ। ਮਾਂ ਨੇ ਖੁਦ ਮਿਹਨਤ-ਮੁਸ਼ਕਤ ਕੀਤੀ। ਸਕੂਲ ਵਿਚ ਮਾਂ ਨਾਲ ਰਲ ਨੇ ਲਿਫ਼ਾਫ਼ੇ ਬਣਾਉਣੇ ਤੇ ਵੇਚਣੇ। ਕਾਲਜ ਵਿਚ ਟਿਊਸ਼ਨਾਂ ਪੜ੍ਹਾਈਆਂ। ਇਨ੍ਹਾਂ ਦਾ ਦੂਜਾ ਨਾਂ ਕਿਤਾਬੀ ਕੀੜਾ ਸੀ। ਕਾਲਜ ਵਿਚ ਪਹਿਲੀ ਨੌਕਰੀ ਸ੍ਰੀ ਆਨੰਦਪੁਰ ਸਾਹਿਬ ਖ਼ਾਲਸਾ ਕਾਲਜ ਵਿਚ ਮਿਲੀ। ਜਦੋਂ ਪਿੰਡ ਆ ਕੇ ਤਾਇਆ ਹਰਦਿਆਲ ਨੂੰ ਦੱਸਿਆ ਕਿ ਕਾਲਜ ਵਿਚ ਪ੍ਰੋਫੈਸਰ ਦੀ ਨੌਕਰੀ ਮਿਲ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ- "ਤੈਥੋਂ ਤਾਂ ਉਮੀਦ ਸੀ ਕਿ ਪਟਵਾਰੀ ਲੱਗਜੇਂਗਾ, ਤੂੰ ਵੀ ਪਟਵਾਰੀ ਨਾ ਲੱਗ ਸਕਿਆ।" ਉਥੇ ਕੇਸਗੜ੍ਹ ਸਾਹਿਬ ਗੁਰਦੁਆਰੇ ਵਿਚ ਨਗਾਰਾ ਵਜਾਉਣ ਦੀ ਸੇਵਾ ਕਾਫ਼ੀ ਵਰ੍ਹੇ ਕੀਤੀ। ਫਤਹਿਗੜ੍ਹ ਸਾਹਿਬ ਵਿਚ ਜਦੋਂ ਪੜ੍ਹਾਈ ਕਰਦੇ ਸੀ ਤਾਂ ਜਿਸ ਕੱਚੀ ਕੰਧ ਵਿਚ ਸਾਹਿਬਜ਼ਾਦਿਆਂ ਨੂੰ ਚਿਣਿਆ ਗਿਆ ਸੀ, ਉਸ ਨਾਲ ਢੋਹ ਲਾ ਕੇ ਪੜ੍ਹਦੇ ਸਨ ਤੇ ਕਹਿੰਦੇ ਹਨ ਕਿ ਮੇਰੀਆਂ ਕਾਮਯਾਬੀਆਂ ਪਿਛੇ ਗੁਰੂ ਗੋਬਿੰਦ ਸਿੰਘ ਜੀ ਦਾ ਹੱਥ ਹੈ। ਭਾਸ਼ਾ ਵਿਭਾਗ ਦੀ ਡਾਇਰੈਕਟਰਸ਼ਿਪ ਦੌਰਾਨ ਕਈ 300 ਸਾਲਾ ਸ਼ਤਾਬਦੀਆਂ ਆਈਆਂ, ਉਪਰਾਲਾ ਕਰ ਕੇ 300 ਕਿਤਾਬਾਂ ਛਪਵਾਈਆਂ ਤੇ ਵੰਡੀਆਂ। ਦਫ਼ਤਰਾਂ ਵਿਚ ਪੰਜਾਬੀ ਬੋਲੀ ਲਗਵਾਈ ਪਰ ਕਿਉਂਕਿ ਸੈਕਟਰੀ ਸਾਥ ਨਹੀਂ ਸੀ ਦਿੰਦੇ, ਸੋ ਮੰਤਰੀ ਨਾਲ ਮਿਲ ਕੇ ਦਫ਼ਤਰਾਂ ਵਿਚ ਛਾਪੇ ਮਾਰੇ। ਉਦੋਂ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ, ਸੋ ਅਸੈਂਬਲੀ ਵਿਚ ਸ਼ਿਕਾਇਤ ਪਹੁੰਚ ਗਈ। ਅਸੈਂਬਲੀ ਨੇ ਸਗੋਂ ਜ਼ਿੰਮੇਵਾਰੀ ਹੋਰ ਵਧਾ ਦਿੱਤੀ ਕਿ ਅਗਾਂਹ ਤੋਂ ਛਾਪੇ ਇਹ ਖੁਦ ਹੀ ਮਾਰ ਸਕਣਗੇ, ਮੰਤਰੀ ਦੀ ਲੋੜ ਨਹੀਂ। ਪੰਜਾਬੀ ਪਾਠਕਾਂ ਦੇ ਮੁਕਾਬਲੇ ਸ਼ੁਰੂ ਕਰਵਾਏ। ਬੱਚਿਆਂ ਦੇ ਕਲੱਬ ਬਣਵਾਏ। ਇਨਾਮ ਸ਼ੁਰੂ ਕੀਤਾ। ਕਿਤਾਬਾਂ ਦੀਆਂ ਕੀਮਤਾਂ ਘਟਾਈਆਂ ਤਾਂ ਕਿ ਲੋਕ ਖ਼ਰੀਦ ਸਕਣ। ਸਟੇਟ ਟੈਕਸਟ ਬੁੱਕ ਬੋਰਡ ਬਣਵਾਇਆ। ਪਿੰਡਾਂ ਵਿਚ ਲਾਇਬ੍ਰੇਰੀਆਂ ਨੂੰ ਹੁਲਾਰਾ ਦਿੱਤਾ। ਮਾਲ ਮੰਤਰੀ ਤੋਂ 10 ਲੱਖ ਕਿਤਾਬਾਂ ਦਾ ਇਨਾਮ ਚਾਲੂ ਕਰਾਇਆ ਤਾਂ ਕਿ ਪੰਚਾਇਤਾਂ ਬੀ.ਡੀ.ਓ. ਮੁਕਾਬਲੇ ਵਿਚ ਆਉਣ।

ਫਿਰ ਖਿਆਲ ਆਇਆ ਕਿ ਭਾਈ ਕਾਨ੍ਹ ਸਿੰਘ ਨਾਭਾ ਦੀ ਮਹਾਂਕ੍ਰਿਤ ਪੰਜਾਬੀ ਤਕ ਹੀ ਸੀਮਤ ਹੈ, ਇਸ ਵਿਚਲਾ ਅਸੀਮ ਗਿਆਨ ਸਿੱਖਾਂ ਤਕ ਹੀ ਸੀਮਤ ਨਹੀਂ ਹੋਣਾ ਚਾਹੀਦਾ, ਇਸਦਾ ਤਰਜ਼ਮਾ ਅੰਗਰੇਜ਼ੀ ਵਿਚ ਹੋਣਾ ਚਾਹੀਦਾ ਹੈ। ਕੰਮ ਤਕਰੀਬਨ ਅਸੰਭਵ ਸੀ, ਖਰਚਾ ਵੀ ਅੰਤਾਂ ਦਾ ਤੇ ਵਕਤ ਵੀ ਖੁੱਲ੍ਹਾ ਲੱਗਣਾ ਸੀ। ਸੋ, ਮਹਾਰਾਜਾ ਨਾਭਾ ਦੇ ਵਾਰਿਸਾਂ ਕੋਲੋਂ 80 ਲੱਖ ਰੁਪਏ ਦਾ ਫੰਡ ਮਨਜ਼ੂਰ ਕਰਵਾਇਆ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪ੍ਰੋਜੈਕਟ ਸੌਂਪ ਦਿੱਤਾ। ਆਖਰ ਇਹ ਅਣਮੁੱਲੀ ਦਾਤ ਅੰਗਰੇਜ਼ੀ ਵਿਚ 4 ਭਾਗਾਂ ਵਿਚ ਸੰਪੂਰਨ ਹੋਈ।

ਪੰਜਾਬ ਰਾਈਟਰਜ਼ ਅਤੇ ਕਲਚਰਲ ਫੋਰਮ ਨੇ ਅਮਨ ਸ਼ਾਂਤੀ ਲਈ ਇੰਡੋ-ਪਾਕਿ ਮੁਸ਼ਾਇਰਾ ਕਰਵਾਇਆ। ਸਮਾਜਿਕ ਕੁਰੀਤੀਆਂ ਬਾਰੇ ਵਿਚਾਰ-ਵਟਾਂਦਰੇ ਕਰਵਾਏ। ਵਧਰੇ ਪ੍ਰੋਗਰਾਮ ਵਿਚਾਰ-ਵਟਾਂਦਰੇ ਵਾਲੇ ਹੁੰਦੇ ਹਨ, ਇਕਪਾਸੜ ਭਾਸ਼ਣ ਨਹੀਂ। ਫੋਰਮ ਹੁਣ ਤੱਕ 37 'ਪੰਜਾਬ ਰਤਨ' ਪ੍ਰਦਾਨ ਕਰ ਚੁੱਕਿਆ ਹੈ। ਇਹ ਉਨ੍ਹਾਂ ਹਸਤੀਆਂ ਨੂੰ ਮਿਲਦਾ ਹੈ ਜੋ ਕੌਮੀ ਜਾਂ ਕੌਮਾਂਤਰੀ ਪੱਧਰ 'ਤੇ ਪੰਜਾਬੀਆਂ ਦਾ ਸਿਰ ਉੱਚਾ ਕਰਦੇ ਹਨ, ਜਿਵੇਂ ਡਾਕਟਰ ਮਨਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ੀਲਾ ਗੁਜਰਾਲ, ਪ੍ਰੀਤ ਦੁੱਗਲ, ਡਾ. ਸੁਰਜੀਤ ਪਾਤਰ, ਪਰਵੇਜ਼ ਇਲਾਹੀ, ਰਾਜਾ ਅਮਰਿੰਦਰ ਸਿੰਘ। ਕਿਤਾਬਾਂ 'ਤੇ ਸੈਮੀਨਾਰ ਕਰਵਾਉਂਦੇ ਹਨ। ਨਵੇਂ ਲਿਖਾਰੀਆਂ, ਨਵੀਆਂ ਕਿਤਾਬਾਂ ਨੂੰ ਵਧਰੇ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਆਏ ਲਿਖਾਰੀਆਂ ਨੂੰ ਸੱਦਾ ਦਿਤਾ ਕਿ ਆਪਣੀਆਂ ਲਿਖਤਾਂ ਉਨ੍ਹਾਂ ਨੂੰ ਭੇਜਣ, ਜੇ ਕਮੇਟੀ ਮਨਜ਼ੂਰ ਕਰ ਦੇਵੇ ਤਾਂ ਛਪਵਾਈ ਤੇ ਲਾਇਬ੍ਰੇਰੀਆਂ ਵਿਚ ਕਿਤਾਬ ਰਖਾਵੇਗੀ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਮਾਂ ਦੇ ਆਸ਼ੀਰਵਾਦ ਸਦਕਾ ਹੈ। ਉਹ ਮੰਦਰ ਗੁਰਦੁਆਰੇ ਜਾਣ ਤੋਂ ਪਹਿਲਾਂ ਮਾਂ ਦੀ ਤਸਵੀਰ ਨੂੰ ਮੱਥਾ ਟੇਕ ਕੇ ਜਾਂਦੇ ਹਨ।

ਡਾ. ਹਸੀਜਾ ਨੂੰ 98888-61683 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਫੋਰਮ ਨੇ ਠਾਕਰ ਸਿੰਘ ਬਸਾਤੀ ਨੂੰ ਸ਼ਿਕਾਗੋ ਵਿਚ ਓਵਰਸੀਜ਼ ਡਾਇਰੈਕਟਰ ਦੀ ਜ਼ਿੰਮੇਵਾਰੀ ਸੌਂਪੀ ਹੋਈ ਹੈ ਤੇ ਨਾਲ ਹੀ ਪਿਛਲੇ ਸਾਲ ਅਮਰੀਕਾ ਵਿਚ ਪੰਜਾਬੀ ਦਾ ਐਂਬੈਸਡਰ ਇਨਾਮ ਵੀ ਦਿੱਤਾ।

---

## ਰਿਸ਼ਤਾ

ਤੇਰਾ ਮੇਰਾ ਪਿਆਰ ਦਾ ਰਿਸ਼ਤਾ।
ਕੀਤੇ ਕੌਲ-ਇਕਰਾਰ ਦਾ ਰਿਸ਼ਤਾ।
ਇੱਕ ਦੂਜੇ ਨੂੰ ਹੋਏ ਸਮਰਪਿਤ,
ਨਾ ਜਿੱਤਦਾ ਨਾ ਹਾਰ ਦਾ ਰਿਸ਼ਤਾ।
ਨਦੀਆਂ ਤੇ ਦਰਿਆਵਾਂ ਵਰਗਾ,
ਪੱਤਝੜ ਅਤੇ ਬਹਾਰ ਦਾ ਰਿਸ਼ਤਾ।
ਕੁੱਝ ਕੌੜਾ ਕੁੱਝ ਮਿੱਠਾ ਲੱਗਦੈ,
ਜਿਦਾਂ ਫੁੱਲ ਤੇ ਖ਼ਾਰ ਦਾ ਰਿਸ਼ਤਾ।
ਬਣਦਾ ਬਣਦਾ ਬਣ ਗਿਆ ਆਖਰ,
ਸਾਡਾ ਇਹ ਸਤਿਕਾਰ ਦਾ ਰਿਸ਼ਤਾ।
ਨਾਲ ਨਿਮਰਤਾ ਨਿਭੇ ਹਮੇਸ਼ਾ,
ਨਿਭਦਾ ਨਹੀਂ ਹੰਕਾਰ ਦਾ ਰਿਸ਼ਤਾ।
ਸਾਰੇ ਰਿਸ਼ਤਿਆਂ ਨਾਲੋਂ ਉੱਤਮ,
ਹੁੰਦਾ ਏ ਦਿਲਦਾਰ ਦਾ ਰਿਸ਼ਤਾ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'***
***ਫੋਨ: +13604481989***

## ਅਨਮੋਲ ਗੱਲਾਂ

ਕਦੇ ਵੀ ਕਿਸੇ ਨੂੰ ਘੱਟ ਨਾ ਸਮਝੋ
ਜਿਸ ਰਸਤੇ 'ਚੋਂ ਕੀੜੀ ਲੰਘ ਸਕਦੀ ਆ
ਹਾਥੀ ਸੋਚ ਵੀ ਨਹੀਂ ਸਕਦਾ।

ਦੂਜਿਆਂ ਨੂੰ ਦੁਖੀ ਕਰ ਕੇ
ਮਾਣੀ ਹੋਈ ਖ਼ੁਸ਼ੀ
ਅੰਤ ਨੂੰ ਦੁੱਖਾਂ ਦਾ ਕਾਰਨ ਬਣਦੀ ਆ।

ਸਭ ਤੋਂ ਮਹਿੰਗੀ ਚੀਜ਼ ਸਾਹ ਹੁੰਦੇ ਨੇ
ਜੇ ਇਹ ਚਲੇ ਜਾਣ ਤਾਂ
ਪਿੱਛੇ ਕੁਝ ਵੀ ਨਹੀਂ ਰਹਿ ਜਾਂਦਾ।

ਹੱਥ ਪੈਰ ਮਾਰਦੇ ਰਹਿਣਾ ਚਾਹੀਦਾ ਏ
ਕੱਲਾ ਕਿਸਮਤ ਦੇ ਸਹਾਰੇ ਬੈਠ ਕੇ
ਮੰਜ਼ਿਲਾਂ ਨਹੀਂ ਲੱਭਦੀਆਂ ਹੁੰਦੀਆਂ।

ਮੰਨਿਆ ਹਰ ਥਾਂ ਪੈਸਾ ਕੰਮ ਨਹੀਂ ਆਉਂਦਾ
ਪਰ ਬਹੁਤ ਥਾਂਵਾਂ ਨੇ
ਜਿੱਥੇ ਸਿਰਫ ਕੰਮ ਹੀ ਪੈਸਾ ਆਉਂਦਾ ਏ।

ਸਭ ਕੁਝ ਹਾਰ ਕੇ
ਖੁਸ਼ ਰਹਿਣ ਵਾਲਾ ਇਨਸਾਨ
ਜਗਦੇ ਹੋਏ ਦੀਵੇ ਵਰਗਾ ਹੁੰਦਾ ਏ
ਜਿਸ ਤੋਂ ਹਜ਼ਾਰਾਂ ਮੋਮਬੱਤੀਆਂ
ਜਗਾਈਆਂ ਜਾ ਸਕਦੀਆਂ ਹਨ।

**– ਮਨਦੀਪ ਖਾਨਪੁਰੀ**
**ਫੋਨ: 97791-79060**

---

## ਕਿਤਾਬੀ ਇਲਮ

ਦਾਨਿਸ਼ਵਰੀ ਦਾ ਸਫ਼ਰ ਤਾਂ,
ਚੜ੍ਹ ਹੁੰਦਾ ਅੱਖਰਾਂ ਦੀ ਘਨੇੜੀ।
ਨਹੀਂ ਤੇ ਰਾਤ ਅਗਿਆਨਤਾ ਦੀ,
ਹੋ ਜਾਂਦੀ ਘੋਰ ਹਨੇਰੀ।

ਜ਼ਿੰਦਗੀ ਦਾ ਇਲਮ ਹੈ ਉਜਾਲਾ,
ਜੋ ਕਦੀ ਮਿਟ ਨਹੀਂ ਸਕਦਾ,
ਦਿਖਾਵੇ ਰਾਹ ਰਾਹਬਰ ਬਣ ਕੇ,
ਜਿਸ ਦੀ ਸ਼ਾਨ ਸਦਾ ਉਚੇਰੀ।
ਰੁਕ ਜਾਂਦੇ ਨੇ ਸਭ ਰਸਤੇ,
ਮੰਜ਼ਿਲਾਂ ਨੂੰ ਜਾਂਦੇ ਜਾਂਦੇ,
ਬਿਨ ਇਲਮੋਂ ਨਹੀਂ ਮਿਲਦੀ,
ਸਭਿਆਚਾਰ ਨੂੰ ਉਮਰ ਲੰਮੇਰੀ।

ਨਹੀਂ ਪਾ ਸਕੇ ਉਹ ਰੁਤਬੇ,
ਜੋ ਨਾ ਝਰੀਟ ਸਕੇ ਕੁੱਝ ਅੱਖਰ,
ਇਤਿਹਾਸ ਗਵਾਹ ਹੈ ਸਾਡਾ,
ਭਾਵੇਂ ਘੋਖੋ ਇਸਨੂੰ ਲੱਖ ਵੇਰੀ।

ਰਹਿਣ ਜ਼ਿੰਦਾ ਉਹ ਲੇਖਕ,
ਜੋ ਨਵੇਂ ਕੁੱਝ ਪੂਰਨੇ ਪਾਂਦੇ,
ਤਹਿਰੀਰ ਬੁਨਿਆਦ ਬਣ ਜਾਂਦੀ,
ਜਿਸ 'ਤੇ ਜਾਵੇ ਕੌਮ ਉਸੇਰੀ।

ਚੁੱਕ ਤਲਵਾਰਾਂ ਜੋ ਤੁਰ ਪੈਂਦੇ,
ਕਲਮ ਸਿਰ ਕਰਨ ਕਲਮਾਂ ਦੇ,
ਜ਼ਮਾਨਾ ਲਾਹਣਤ ਪਾਵੇ ਉਨ੍ਹਾਂ ਨੂੰ,
ਉਹ ਖੱਟਦੇ ਨਫ਼ਰਤ ਘਨੇਰੀ।

ਜੇ ਕਦੀ ਖੁੱਸ ਗਏ ਅੱਖਰ,
ਤਾਂ ਲੱਗੇਗੀ ਮੌਤ ਦੀ ਕਚਹਿਰੀ,
ਜਿੱਥੇ ਜ਼ਿੰਦਗੀ ਬੇਤਾਣ ਬੇਚਾਰੀ,
ਜਾਇਗੀ ਹਰੇਕ ਪਾਸਿਉਂ ਘੇਰੀ।

ਕੂੜੇਦਾਨ ਵਿਚ ਪਈ ਕਿਤਾਬ,
ਕਰੇ ਸਵਾਲ ਪਾਠਕ ਨੂੰ,
ਕੀ ਇਹੀ ਸੀ ਕੀਮਤ ਤੇਰੇ ਮਨ,
ਜੋ ਪਾਈ ਆਖ਼ਰ ਤੂੰ ਮੇਰੀ?

ਕਲਮੋਂ ਅਤੇ ਕਿਤਾਬੋਂ ਬੇਮੁੱਖ,
ਹੋ ਜਾਵਣ ਵਾਲਿਆ ਲੋਕਾ!
ਮਦਾਰੀ ਦੇ ਤਮਾਸ਼ੇ ਤੋਂ ਭੈੜੀ,
ਹੋ ਜਾਵੇਗੀ ਹਾਲਤ ਤੇਰੀ।

ਕਿਤਾਬ ਦਾ ਡੂੰਘਾ ਦਰਦ,
ਕਹਿੰਦਾ ਹੈ ਚੀਖ ਚੀਖ ਤੈਨੂੰ,
ਫੜ ਹਾਲੇ ਵੀ ਪੱਲਾ ਮੇਰਾ,
ਮਤਾਂ ਮਿਟ ਜਾਏ ਦਾਸਤਾਂ ਤੇਰੀ!

***-ਰਵਿੰਦਰ ਸਿੰਘ ਕੁੰਦਰਾ***
***ਫੋਨ: 77487-72308***

# ਜੱਗਾ ਭਾਅ ਵੀ ਹਾਰ ਗਿਆ

-ਜਸਪ੍ਰੀਤ ਕੌਰ

ਇਨਾ ਜਿੰਦਾ ਦਿਲ ਇਨਸਾਨ, ਯਾਰਾਂ ਦਾ ਯਾਰ, ਆਪਣੀ ਜ਼ਿੰਦਗੀ ਤੋਂ ਹਾਰ ਗਿਆ, ਇਹ ਮੇਰੀ ਸਮਝ ਤੋਂ ਬਾਹਰ ਹੈ। ਉਹ ਹਰ ਵਕਤ ਚੜ੍ਹਦੀ ਕਲਾ ਵਿਚ ਰਹਿੰਦਾ। ਉਸ ਦੀਆਂ ਗੱਲਾਂ ਹੀ ਮੁਹਾਵਰੇ ਹੁੰਦੀਆਂ। ਕਈ ਵਾਰ ਅਜਿਹੀਆਂ ਬੁਝਾਰਤਾਂ ਪਾਉਂਦਾ ਕਿ ਸੁਣਨ ਵਾਲੇ ਲੋਟ-ਪੋਟ ਹੋਈ ਜਾਂਦੇ।

ਕਿਸੇ ਨੂੰ ਨਹੀਂ ਸੀ ਪਤਾ ਕਿ ਇੰਨੇ ਖੁਸ਼-ਮਿਜ਼ਾਜ ਇਨਸਾਨ ਦੇ ਅੰਦਰ ਕੋਈ ਡੂੰਘਾ ਜ਼ਖਮ ਵੀ ਰਿਸਦਾ ਪਿਆ ਹੈ, ਜਿਸਨੇ ਉਸ ਨੂੰ ਆਪਣੀ ਜ਼ਿੰਦਗੀ ਦਾ ਇੰਨਾ ਦਰਦਨਾਕ ਫੈਸਲਾ ਲੈਣ ਲਈ ਮਜਬੂਰ ਕਰ ਦਿੱਤਾ। ਮਹੀਨਾ ਕੁ ਪਹਿਲਾਂ ਉਸਦੀ ਫੇਸਬੁਕ 'ਤੇ ਪੱਗ ਵਾਲੀ ਫੋਟੋ ਦੇਖੀ, ਜਿਸ ਵਿਚ ਉਹ ਬਹੁਤ ਹੈਂਡਸਮ ਲਗ ਰਿਹਾ ਸੀ। ਅਪਰੈਲ 2021 ਵਿਚ ਜਦੋਂ ਅਮੋਲਕ (ਮੇਰੇ ਪਤੀ) ਇਸ ਦੁਨੀਆਂ ਤੋਂ ਰੁਖਸਤ ਹੋਏ ਤਾਂ ਫੇਸਬੁਕ 'ਤੇ ਪਾਇਆ ਉਸਦਾ ਇਕ ਲਾਈਨ ਦਾ ਕੁਮੈਂਟ "ਅਲਵਿਦਾ ਯਾਰ! ਬਹੁਤ ਉਦਾਸ ਕਰ ਗਿਐਂ" ਤੋਂ ਮੈਨੂੰ ਉਸਦੇ ਤੁਰ ਅੰਦਰ ਤਕ ਟੁਟ ਜਾਣ ਦਾ ਅਹਿਸਾਸ ਹੋਇਆ। ਕਦੀ-ਕਦੀ ਜ਼ਿੰਦਗੀ ਦੇ ਹੁਸੀਨ ਪਲਾਂ ਨੂੰ ਯਾਦ ਕਰਦਿਆਂ ਵੀ ਬਹੁਤ ਉਹ ਬਹੁਤ ਉਦਾਸ ਹੋ ਜਾਂਦਾ। ਇਨਾ ਰੌਸ਼ਨ ਦਿਮਾਗ ਹੋਣ ਦੇ ਬਾਵਜੂਦ ਵੀ ਉਹ ਆਪਣੀ ਜ਼ਿੰਦਗੀ ਨੂੰ ਲੀਹੇ ਨਾ ਪਾ ਸਕਿਆ।

ਅਮੋਲਕ ਜਦੋਂ ਪਹਿਲੀ ਵਾਰੀ ਅਮਰੀਕਾ ਆਏ ਤਾਂ ਭਾਜੀ ਕਮਲਜੀਤ ਵਿਰਕ (ਇੰਡੀਆਨਾ) ਨੇ ਉਨ੍ਹਾਂ ਨੂੰ ਏਅਰਪੋਰਟ ਤੋਂ ਲਿਆਉਣ ਦੀ ਜ਼ਿੰਮੇਵਾਰੀ ਜੱਗੇ ਦੀ ਲਾਈ। ਦੋਹਾਂ ਨੇ ਇਕ-ਦੂਜੇ ਨੂੰ ਵੇਖਿਆ ਨਹੀਂ ਸੀ। ਜੱਗੇ ਭਾਅ ਨੇ ਤਖਤੀ 'ਤੇ ਲਿਖ ਲਿਆ-'ਅਮੋਲਕ ਸਿੰਘ, ਪੰਜਾਬੀ ਟ੍ਰਿਬਿਊਨ'। ਫਿਰ ਕਈ ਦਿਨ ਨਿਊ ਯਾਰਕ ਆਪਣੇ ਕੋਲ ਹੀ ਰਖਿਆ ਤੇ ਹਰ ਦਿਨ ਨੂੰ ਜਸ਼ਨ ਵਾਂਗ ਮਨਾਇਆ।

ਮੇਰੇ ਮਾਮਾ ਜੀ ਰਾਜੇਸ਼ਵਰ ਸਿੰਘ ਰੰਧਾਵਾ ਦੀ ਉਸ ਦੇ ਪਾਪਾ ਨਾਲ ਬਹੁਤ ਸਾਂਝ ਸੀ। ਇਨ੍ਹਾਂ ਦਿਨਾਂ ਵਿਚ ਪਤਾ ਨਹੀਂ ਉਹ ਕਿੰਨਾ ਕੁ ਉਦਾਸ ਹੋਵੇਗਾ! ਮੇਰਾ ਮਨ ਵੀ ਕਈ ਦਿਨਾਂ ਤੋਂ ਉਸ ਦਾ ਹਾਲ-ਚਾਲ ਪੁਛਣ ਲਈ ਕਹਿ ਰਿਹਾ ਸੀ। ਜਦੋਂ ਵੀ ਸਾਡੀ ਗੱਲ-ਬਾਤ ਹੁੰਦੀ, ਉਹ ਬਾਕੀ ਦੁਖ-ਸੁਖ ਕਰਨ ਦੇ ਨਾਲ ਇਹ ਪੁਛਣੋਂ ਨਾ ਭੁਲਦਾ, 'ਹੈਪੀ ਹਾਲ-ਚਾਲ ਪੁਛਦਾ ਹੈ? ਮੇਰੇ ਨਾ ਕਹਿਣ 'ਤੇ ਅਪਣੱਤ ਭਰੇ ਗੁੱਸੇ ਵਿਚ ਆ ਜਾਂਦਾ ਤੇ ਪਤਾ ਨਹੀਂ ਕਿਸ ਬਾਰੇ ਕਹਿੰਦਾ, "ਮੈਂ ਉਸ ਦੀ ਬਹੁਤ ਕੁੱਤੇਖਾਣੀ ਕੀਤੀ ਹੈ। ਮੈਂ ਕਿਹਾ ਕਿ ਤੂੰ ਜਿਨ੍ਹਾਂ ਨਾਲ ਫਿਰਦੈਂ, ਨਾ ਉਹ



ਬੰਦਾ ਏ ਨਾ ਜਨਾਨੀ" ਅਜਿਹਾ ਭਾਵੇਂ ਉਹ ਆਪਣੇ-ਆਪ ਨੂੰ ਭੁਲਣ ਲਈ ਕਹਿੰਦਾ ਹੋਵੇ, ਪਰ ਉਸ ਦੀਆਂ ਅਜਿਹੀਆਂ ਮਜ਼ਾਹੀਆ ਗੱਲਾਂ ਸੁਣ ਕੇ ਕੁਝ ਪਲਾਂ ਲਈ ਮੈਨੂੰ ਆਪਣੀ ਜ਼ਿੰਦਗੀ ਦੇ ਸਾਰੇ ਦਰਦ ਭੁਲ ਜਾਂਦੇ। ਹੈਪੀ ਹੀਰ ਨਾਲ ਉਸ ਦੀ ਦੋਸਤਾਂ ਵਾਲੀ ਡੂੰਘੀ ਸਾਂਝ ਸੀ, ਪਰ ਉਸ ਬਾਰੇ ਉਸ ਦਾ ਤਕੀਆ ਕਲਾਮ ਹੁੰਦਾ, 'ਆਪਣਾ ਬੱਚਾ ਹੈ'

ਮੈਨੂੰ ਇਹ ਤਾਂ ਪਤਾ ਨਹੀਂ ਕਿ ਉਹ ਕਿਹੜੇ ਸਾਲ ਅਮਰੀਕਾ ਆਇਆ ਤੇ ਕਿਸ ਤਰ੍ਹਾਂ ਆਇਆ ਪਰ ਸਾਲਾਂ ਦੇ ਸਾਲ ਅਮਰੀਕਾ ਰਹਿ ਕੇ ਵੀ ਅਮਰੀਕਾ ਉਸ ਨੂੰ ਰਾਸ ਨਾ ਆਇਆ ਤੇ ਵਾਪਸ ਇੰਡੀਆ ਜਾਣਾ ਪਿਆ।

ਉਸਦੀ ਵਿਆਹੁਤਾ ਜ਼ਿੰਦਗੀ ਬਹੁਤੀ ਖੁਸ਼ਗਵਾਰ ਨਹੀਂ ਸੀ। ਇਕ ਬੱਚੀ ਸਿਮਰਨ ਹੀ ਉਸਦੇ ਜੀਊਣ ਦਾ ਸਹਾਰਾ ਸੀ, ਜਿਸ ਨੂੰ ਉਹ ਜੀਅ-ਜਾਣ ਤੋਂ ਵੱਧ ਪਿਆਰ ਕਰਦਾ ਸੀ। ਉਸਦੇ ਲਈ ਅਜਿਹਾ 'ਵਰ' ਟੋਲਣਾ ਚਾਹੁੰਦਾ ਸੀ, ਜਿਹੜਾ ਉਸ ਨੂੰ ਵੀ ਉਸੇ ਤਰ੍ਹਾਂ 'ਲਾਡੀਆਂ-ਪਾਡੀਆਂ' ਕਰੇ, ਜਿਸ ਤਰ੍ਹਾਂ ਉਸ ਦੀ ਬੱਚੀ ਕਰਦੀ ਹੈ। ਆਪਣੀ ਅਜਿਹੀ ਇੱਛਾ ਦਾ ਇਜ਼ਹਾਰ ਉਸ ਨੇ ਬਹੁਤ ਵਾਰੀ ਸਾਡੇ ਕੋਲ ਕੀਤਾ ਸੀ। ਉਸ ਨੂੰ ਆਪਣੀ ਬੱਚੀ ਦੇ ਵਿਆਹ ਦਾ ਗੋਡੇ-ਗੋਡੇ ਚਾਅ ਸੀ। ਵਿਆਹ ਤੋਂ ਦੋ-ਚਾਰ ਦਿਨ ਪਹਿਲਾਂ ਮੈਨੂੰ ਕਹਿੰਦਾ ਕਿ ਜੇ ਅਮੋਲਕ ਭਾਜੀ ਸਿਮਰਨ ਲਈ 'ਅਸੀਸ' ਦੀ ਕੋਈ ਆਡੀਓ/ਵੀਡੀਓ ਬਣਾ ਕੇ ਭੇਜਣ ਤੇ ਮੈਂ ਸਾਰਿਆਂ ਨੂੰ ਸੁਣਾਵਾਂ! ਪਰ ਉਸ ਦੀ ਇਹ ਖੁਆਇਸ਼ ਵੀ ਪੂਰੀ ਨਾ ਹੋ ਸਕੀ, ਕਿਉਂਕਿ ਅਮੋਲਕ ਬੋਲਣ ਤੋਂ ਅਸਮਰੱਥ ਸੀ। ਮੈਨੂੰ ਕਈ ਵਾਰੀ ਮਹਿਸੂਸ ਹੁੰਦਾ ਕਿ ਉਸ ਨੂੰ ਪਿਆਰ ਦਾ ਅਹਿਸਾਸ ਕਰਾਉਣ ਦੀ ਬਹੁਤ ਸਖਤ ਜਰੂਰਤ ਸੀ। ਸਿਆਣੇ ਕਹਿੰਦੇ ਨੇ, ਧੱਕਾ ਦੇ ਕੇ ਹਾਥੀ ਨੂੰ ਟਰੱਕ 'ਤੇ ਚੜ੍ਹਾਉਣ ਵਾਲੇ ਬੰਦੇ ਨੂੰ ਪਤਾ ਹੁੰਦਾ ਹੈ ਕਿ ਉਹ ਹਾਥੀ ਨੂੰ ਚੜ੍ਹਾ ਨਹੀਂ ਰਿਹਾ ਅਤੇ ਨਾ ਹੀ ਚੜ੍ਹਾ ਸਕਦਾ ਹੈ, ਪਰ ਹਾਥੀ ਨੂੰ ਲਗਦਾ ਹੈ ਕਿ ਕੋਈ ਉਸਦੇ ਪਿੱਛੇ ਹੈ ਜੋ ਉਸਨੂੰ ਸਹਾਰਾ ਦੇ ਰਿਹਾ ਹੈ। ਇਸੇ ਤਰਾਂ ਕਈ ਵਾਰ ਇਨਸਾਨ ਨੂੰ ਵੀ ਇਸ ਅਹਿਸਾਸ ਦੇ ਸਹਾਰੇ ਦੀ ਜਰੂਰਤ ਹੁੰਦੀ ਹੈ। ਆਪਣਿਆਂ ਦੀ ਮੌਜੂਦਗੀ ਅਤੇ ਹੌਸਲਾ ਅਫ਼ਜ਼ਾਈ ਅਹਿਸਾਸ ਦਾ ਸਹਾਰਾ ਬਣਨ ਲਈ ਕਾਫ਼ੀ ਹੁੰਦੇ ਹਨ। ਸਿਰਫ਼ ਇੰਨਾ ਹੀ ਕਾਫ਼ੀ ਹੁੰਦਾ ਹੈ ਕਿ ਉਸਦੇ ਮਗਰ ਕੋਈ ਹੈ ਜੋ ਡਿਗਣ 'ਤੇ ਉਸਨੂੰ ਸਾਂਭ ਲਏਗਾ। ਮਾਨਸਿਕ ਅਤੇ ਭਾਵਨਾਤਮਕ ਸਹਾਰਾ ਬੰਦੇ ਨੂੰ ਦੁਚਿਤੀਆਂ ਵਿਚੋਂ ਕੱਢ ਲਿਆਉਂਦੈ। ਜ਼ਿੰਦਗੀ ਵਿਚ ਉਨ੍ਹਾਂ ਲੋਕਾਂ ਦਾ ਦੇਣਾ ਨਹੀਂ ਦਿੱਤਾ ਜਾ ਸਕਦਾ ਜਿਹੜੇ ਤੁਹਾਡੇ ਲਈ ਇਹ ਅਹਿਸਾਸ ਬਣਦੇ ਹਨ, ਤੁਹਾਨੂੰ ਹਰ ਵੇਲੇ ਇਹ ਮਹਿਸੂਸ ਕਰਵਾਉਂਦੇ ਹਨ ਕਿ ਉਹ ਹਰ ਮੁਸ਼ਕਿਲ ਸਮੇਂ ਵਿੱਚ ਤੁਹਾਡੇ ਮਗਰ ਸਹਾਰਾ ਬਣ ਕੇ ਖੜੇ ਹਨ। ਜੱਗੇ ਭਾਅ ਨੂੰ ਅਜਿਹੇ ਸਹਾਰੇ ਦੀ ਬਹੁਤ ਲੋੜ ਸੀ।

ਵਿਰਕ ਪਰਿਵਾਰ-ਕਮਲਜੀਤ ਸਿੰਘ ਵਿਰਕ ਤੇ ਸੁਖਜਿੰਦਰ ਸਿੰਘ (ਰਾਣਾ) ਵਿਰਕ ਨਾਲ ਉਸਦੀ ਰਿਸ਼ਤੇਦਾਰੀ ਵੀ ਸੀ ਦੋਸਤਾਂ ਵਾਲਾ ਪਿਆਰ ਵੀ ਸੀ। ਉਨ੍ਹਾਂ ਨੇ ਉਸ ਦੀ ਬਿਜਨਸ ਲੈਣ ਵਿਚ ਮਦਦ ਵੀ ਕੀਤੀ ਸੀ। ਰਾਣੇ ਨੂੰ ਅਜੇ ਦੋ ਕੁ ਮਹੀਨੇ ਪਹਿਲਾਂ ਹੀ ਜਲੰਧਰ ਤਕ ਚੜ੍ਹਾਉਣ ਆਇਆ ਕਹਿੰਦਾ, ਪਤਾ ਨਹੀਂ ਫਿਰ ਮੇਲੇ ਹੋਣ ਜਾਂ ਨਾ ਹੋਣ।

ਤਰਲੋਕ ਸਿੰਘ (ਓਹਾਇਓ) ਨੇ ਉਸ ਨਾਲ ਆਪਣੀਆਂ ਬੇਸ਼ੁਮਾਰ ਯਾਦਾਂ ਸਾਂਝੀਆਂ ਕਰਦੇ ਹੋਏ ਦੱਸਿਆ ਕਿ ਉਹ ਇਕ ਨਾ ਭੁਲਣਵਾਲਾ ਬਹੁਤ ਹੀ ਪਿਆਰਾ ਇਨਸਾਨ ਸੀ। ਅਸੀਂ ਮੁਕੇਰੀਆਂ ਸਕੂਲ ਵਿਚ ਦਸਵੀਂ ਤਕ ਇਕੱਠੇ ਪੜ੍ਹੇ। ਨਿਊਯਾਰਕ ਇਕੱਠੇ ਇਕ ਕਮਰੇ ਵਿਚ ਰਹੇ ਤੇ ਇਕੱਠੇ ਕੰਮ ਕੀਤਾ। ਕੁਝ ਸਮਾਂ ਪਹਿਲਾਂ ਉਸ ਨੇ ਦੱਸਿਆ ਸੀ ਕਿ ਉਹ ਕੈਨੇਡਾ ਆ ਰਿਹਾ ਹੈ ਪਰ ਪਤਾ ਨਹੀਂ, ਕੀ ਭਾਣਾ ਵਾਪਰਿਆ ਕਿ ਆਉਣ ਤੋਂ ਪਹਿਲਾਂ ਹੀ ਆਪਣੀ ਜ਼ਿੰਦਗੀ ਖਤਮ ਕਰ ਲਈ।

ਨਿਊਯਾਰਕ ਤੋਂ ਬਾਅਦ ਉਸਨੇ ਮਿਸ਼ੀਗਨ ਸਟੇਟ ਦੇ ਸ਼ਹਿਰ ਗਰੈਂਡ ਰੈਪਿਡ ਵਿਚ ਕੁਝ ਸਮਾਂ ਰਹਿ ਕੇ ਮਸਕੀਗਨ ਵਿਚ ਆਪਣਾ ਬਿਜਨਸ ਲੈ ਲਿਆ ਤੇ ਅਮਰੀਕਾ ਵਿਚ ਪੱਕਾ ਰਹਿਣ ਲਈ ਗੋਰੀ ਨਾਲ ਵਿਆਹ ਕਰਵਾ ਲਿਆ। ਉਸਦੀ ਆਪਣੀ ਹੀ ਇਕ ਗਲਤੀ ਉਸ ਦੀ ਡਿਪੋਰਟੇਸ਼ਨ ਦਾ ਕਾਰਨ ਬਣ ਗਈ। ਬਿਜਨਸ ਵੀ ਕੌਡੀਆਂ ਦੇ ਭਾਅ ਦੇਣਾ ਪਿਆ। ਮਿਸ਼ੀਗਨ ਸਟੇਟ ਵਿਚ ਉਸਦੇ ਬਹੁਤ ਸਾਰੇ ਯਾਰ-ਦੋਸਤ ਉਸ ਦੀ ਜ਼ਿੰਦਾ ਦਿਲੀ ਦੇ ਘਾਇਲ ਸਨ। ਹਰ ਇਨਸਾਨ ਖੂਬਸੂਰਤ ਹੁੰਦੈ...ਆਪਣੇ ਚਾਹੁਣ ਵਾਲਿਆਂ ਲਈ। ਉਸਦੇ ਜਿਗਰੀ ਯਾਰ ਨਵਦੀਪ ਦੀਆਂ ਵੀ ਕੁਝ ਯਾਦਾਂ ਮੈਂ ਸਾਂਝੀਆਂ ਕਰਨਾ ਚਾਹੁੰਦੀ ਸੀ, ਪਰ ਉਨ੍ਹਾਂ ਨਾਲ ਗੱਲ ਨਹੀਂ ਹੋ ਸਕੀ। ਹੈਪੀ ਹੀਰ, ਡਾ. ਹਰਜਿੰਦਰ ਸਿੰਘ ਖਹਿਰਾ, ਕਮਲਜੀਤ ਵਿਰਕ, ਰਾਣਾ ਵਿਰਕ, (ਇੰਡੀਆਨਾ) ਕੁਲਦੀਪ ਸਿੰਘ (ਓਹਾਇਓ) ਤੇ ਅਮਰੀਕਾ ਰਹਿੰਦੇ ਉਸਦੇ ਹੋਰ ਬਹੁਤ ਸਾਰੇ ਦੋਸਤਾਂ ਨੂੰ ਉਸ ਦਾ ਇਸ ਤਰ੍ਹਾਂ ਜਾਣਾ ਬੇਹੱਦ ਦੁਖੀ ਕਰ ਗਿਆ ਹੈ।

ਉਹਦਾ ਜਾਣਾ ਮੇਰੇ ਲਈ ਵੀ ਡਾਢਾ ਦੁਖਦਾਈ ਹੈ, ਪਰ ਉਹਨੇ ਮੇਰੇ ਸਮੇਤ ਹੋਰਨਾਂ ਨੂੰ ਵੀ ਦੁੱਖ ਨਾਲ ਲੜਨ ਦੀ ਜਾਚ ਸਿਖਾਈ ਹੈ।

# ਪੰਜਾਬ ਦਾ ਨਾਮੀ ਪੁੱਤ - ਅਜੈ ਪਾਲ ਬੰਗਾ

ਪ੍ਰੋ. ਹਰਪਾਲ ਸਿੰਘ
ਫੋਨ: 94171-32373

ਜਦੋਂ ਮੈਂ ਵਿਸ਼ਵ ਬੈਂਕ ਦੇ ਨਵੇਂ ਮੁਖੀ ਵਜੋਂ ਚੁਣੇ ਗਏ ਅਜੈ ਪਾਲ ਸਿੰਘ ਬੰਗਾ ਦਾ ਨਾਂ ਅਖ਼ਬਾਰਾਂ ਵਿਚ ਪੜ੍ਹਿਆ ਤਾਂ ਮੇਰੇ ਅੰਦਰ ਇਹ ਜਾਣਨ ਲਈ ਤਤਫੁਟ ਉਤਸੁਕਤਾ ਜਾਗੀ ਕਿ ਕਯਾ ਸ੍ਰੀ ਬੰਗਾ ਦਾ ਪੰਜਾਬ ਦੇ ਨਵਾਂ ਸ਼ਹਿਰ ਜ਼ਿਲ੍ਹੇ ਵਿਚ ਸਥਿਤ ਬੰਗਾ ਕਸਬੇ ਨਾਲ ਵੀ ਕੋਈ ਸੰਬੰਧ ਹੈ! ਇਸ ਦਾ ਅਸਲ ਕਾਰਨ ਇਹ ਸੀ ਕਿ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਮੈਂ ਤਿੰਨ ਦਹਾਕੇ ਤੋਂ ਵੱਧ ਸਮਾਂ ਪੜ੍ਹਾਇਆ ਹੈ। ਜਾਣਕਾਰੀ ਲਈ ਮੈਂ ਉਸ ਇਲਾਕੇ ਦੇ ਪੜ੍ਹੇ-ਲਿਖੇ ਸ਼੍ਰੋਮਣੀ ਕਮੇਟੀ ਮੈਂਬਰ ਸ. ਸੁਖਦੇਵ ਸਿੰਘ ਭੌਰ ਨਾਲ ਸੰਪਰਕ ਕੀਤਾ; ਜਿਨ੍ਹਾਂ ਦੱਸਿਆ ਕਿ ਅਜੈ ਬੰਗਾ ਦਾ ਪੁਸ਼ਤੈਨੀ ਪਿੰਡ ਸੂਰਾਪੁਰ, ਬੰਗੇ ਤੋਂ ਮਸਾਂ ਚਾਰ ਕੁ ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਉਥੋਂ ਨੇੜਲੇ ਪਿੰਡ ਭੌਰੇ ਵਿਚ ਉਸ ਦੇ ਨਾਨਕੇ ਹਨ। ਪੰਜਾਬ ਸਰਕਾਰ ਦੇ ਮੌਜੂਦਾ ਸਿਹਤ ਮੰਤਰੀ ਬਲਬੀਰ ਸਿੰਘ ਵੀ ਇਸੇ ਪਿੰਡ ਤੋਂ ਹਨ। ਭੌਰਾ ਪਿੰਡ ਦੇ ਅੱਖਾਂ ਦੇ ਮਾਹਿਰ ਡਾ. ਬਲਬੀਰ ਸਿੰਘ ਭੌਰਾ ਨੇ ਵੀ ਇਸ ਜਾਣਕਾਰੀ ਉਤੇ ਸਹੀ ਪਾਈ, ਜਿਨ੍ਹਾਂ ਦੇ ਪਿਤਾ ਜਥੇਦਾਰ ਸਾਧੂ ਸਿੰਘ ਭੌਰਾ ਕਿਸੇ ਵੇਲੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੀ ਸਨ।

ਅਜੈ ਬੰਗਾ ਦੇ ਪਿਤਾ ਫੌਜ ਵਿਚ ਲੈਫਟੀਨੈਂਟ ਭਰਤੀ ਹੋਏ ਅਤੇ ਉਚਤਮ ਅਹੁਦੇ ਲੈਫਟੀਨੈਂਟ ਜਨਰਲ ਵਜੋਂ ਸੇਵਾ ਮੁਕਤ ਹੋਏ। ਨਤੀਜੇ ਵਜੋਂ ਪਰਿਵਾਰ ਸਮੇਂ ਸਮੇਂ ਉਨ੍ਹਾਂ ਦੇ ਨਾਲ ਹੀ ਫੌਜੀ ਛਾਉਣੀਆਂ ਵਿਚ ਰਿਹਾ। ਅਜੈ ਬੰਗਾ ਦਾ ਜਨਮ ਪੂਨਾ ਸ਼ਹਿਰ ਵਿਚ ਖੜਕੀ ਨਾਂ ਦੀ ਫੌਜੀ ਛਾਉਣੀ ਵਿਚ ਹੋਇਆ ਜਿੱਥੇ ਉਸਦੇ ਪਿਤਾ ਤਾਇਨਾਤ ਸਨ। ਉਨ੍ਹਾਂ ਸੇਂਟ ਸਟੀਵਨ ਕਾਲਜ ਦਿੱਲੀ ਤੋਂ ਅਰਥ ਸ਼ਾਸ਼ਤਰ ਦੀ ਡਿਗਰੀ ਅੱਵਲ ਰਹਿ ਕੇ ਹਾਸਲ ਕੀਤੀ ਅਤੇ ਉਪਰੰਤ ਅਹਿਮਦਾਬਾਦ ਦੀ ਮੈਨੇਜਮੈਂਟ ਇੰਸਟੀਚਿਊਟ ਆਈ.ਆਈ.ਐਮ. ਤੋਂ ਐਮ.ਬੀ.ਏ. ਵਿਚ ਵੀ ਪ੍ਰਥਮ ਰਿਹਾ। ਡਿਗਰੀ ਪਾਸ ਕਰਦਿਆਂ ਹੀ ਉਸ ਨੂੰ ਨੈਸਲੇ ਨੇ ਲੈ ਲਿਆ ਅਤੇ ਉਥੇ 13 ਸਾਲ ਦੀ ਨੌਕਰੀ ਦੌਰਾਨ ਉਹ ਕੰਪਨੀ ਨੂੰ ਬੁਲੰਦੀਆਂ ਉਤੇ ਲੈ ਗਿਆ। ਉਪਰੰਤ ਥੋੜ੍ਹਾ ਚਿਰ ਪੈਪਸੀ ਵਿਚ ਕੰਮ ਕਰ ਕੇ ਮੁੜ 13 ਸਾਲ ਚੋਟੀ ਦੇ ਅਦਾਰੇ ਸਿਟੀ ਬੈਂਕ ਵਿਚ ਸੇਵਾ ਕੀਤੀ। ਉਦੋਂ ਮੈਨੇਜਮੈਂਟ ਖੇਤਰ ਵਿਚ ਉਸਦੀ ਨਿਪੁੰਨਤਾ ਅਤੇ ਕਾਮਯਾਬੀ ਉਤੇ ਦੁਨੀਆਂ ਦੇ ਨਾਮੀ ਅਦਾਰੇ 'ਮਾਸਟਰ ਕਾਰਡ' ਦੀ ਨਿਗ੍ਹਾ ਪਈ ਅਤੇ ਅਜੈ ਬੰਗਾ ਨੂੰ ਸੱਦ ਕੇ ਬੈਂਕ ਦੇ ਵਿੱਤੀ ਪ੍ਰਬੰਧਕਾਂ ਦਾ ਮੁਖੀ ਥਾਪ ਦਿੱਤਾ। ਉਸ ਦੀ ਮੁਖਤਾਰੀ ਵਿਚ ਬੈਂਕ ਨੇ ਹੈਰਾਨੀਜਨਕ ਤਰੱਕੀ ਕੀਤੀ। ਬੈਂਕ ਦੇ ਅਸਾਸੇ ਤਿੰਨ ਗੁਣਾ ਵਧ ਗਏ ਅਤੇ ਆਮਦਨ ਛੇ ਗੁਣਾ ਹੋ ਗਈ; ਅਤੇ ਬੈਂਕ ਦੇ ਇਕ ਹੋਰ ਸੰਬੰਧਿਤ ਖੇਤਰ ਵਿਚ ਦਸ ਗੁਣਾ ਇਜ਼ਾਫਾ ਹੋਇਆ। ਚੇਤੇ ਰਹੇ ਕਿ ਉਸ ਵੇਲੇ ਕੰਪਨੀ ਵਿਚ 24,000 ਮੁਲਾਜ਼ਮ ਕੰਮ ਕਰਦੇ ਸਨ। 'ਮਾਸਟਰ ਕਾਰਡ' ਵਿਚ 11 ਸਾਲ ਲਾ ਕੇ 'ਜਨਰਲ ਐਟਲਾਂਟਿਕ' ਨਾਂ ਦੇ ਮਹੱਤਵਪੂਰਨ ਅਦਾਰੇ ਵੱਲ ਰੁਖ਼ ਕੀਤਾ ਜਿੱਥੇ ਉਸ ਨੂੰ BeyondNetZero ਨਾਂ ਦੇ ਜਲਵਾਯੂ-ਕੇਂਦਰਿਤ ਫੰਡ ਦਾ ਸਲਾਹਕਾਰ ਲਾਇਆ ਗਿਆ। ਇਸ ਅਹੁਦੇ ਉਤੇ ਉਹ ਜੂਨ ਦੇ ਪਹਿਲੇ ਹਫ਼ਤੇ ਵਿਸ਼ਵ ਬੈਂਕ ਦੇ ਮੌਜੂਦਾ ਮੁਖੀ ਦਾ ਕਾਰਜ ਸੰਭਾਲਣ ਤੱਕ ਕੰਮ ਕਰਦੇ ਰਹਿਣਗੇ।

ਅਜੈ ਬੰਗਾ ਵਲੋਂ ਇਸ ਅਹੁਦੇ ਲਈ ਚੁਣੇ ਜਾਣ ਤੋਂ ਪਹਿਲਾਂ ਦੀਆਂ ਕੁਝ ਗੱਲਾਂ ਦਾ ਵੀ ਦਿਲਚਸਪ ਕਿੱਸਾ ਹੈ। ਵੈਸੇ ਤਾਂ ਅਮਰੀਕਾ ਦੇ ਪ੍ਰਧਾਨ ਜੋਅ ਬਾਇਡਨ ਨੇ ਆਪਣੇ ਮੁਲਕ ਵਜੋਂ ਅਜੈ ਬੰਗਾ ਦਾ ਇਕੋ ਇਕ ਨਾਂ ਇਸ ਵਿਖਿਆਤ ਪਦਵੀ ਲਈ ਪਹਿਲਾਂ ਹੀ ਘੋਸ਼ਿਤ ਕਰ ਦਿੱਤਾ ਸੀ, ਪਰ ਚੀਨ ਇਸ ਤਜਵੀਜ਼ ਦੀ ਹਮਾਇਤ ਕਰਨ ਬਾਰੇ ਪਹਿਲਾਂ ਜੱਕੋਤੱਕੀ ਵਿਚ ਸੀ, ਪਰ ਬਾਅਦ ਵਿਚ ਹਵਾ ਦਾ ਰੁਖ਼ ਦੇਖ ਕੇ ਅਜੈ ਬੰਗਾ ਦੀ ਨਿਯੁਕਤੀ ਲਈ ਹਾਮੀ ਭਰ ਦਿੱਤੀ। ਇਸੇ ਤਰ੍ਹਾਂ ਵਿਸ਼ਵ ਬੈਂਕ ਦਾ ਵੱਡਾ ਹਿੱਸੇਦਾਰ ਜਰਮਨੀ ਵੀ ਇਸ ਅਹੁਦੇ ਉਤੇ ਬੈਂਕ ਦੇ 77 ਸਾਲਾ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਔਰਤ ਨੂੰ ਦੇਖਣ ਦਾ ਇੱਛਕ ਸੀ। ਪਰੰਤੂ ਅਜੈ ਬੰਗਾ ਦੀ ਨਿੱਗਰ ਦਾਅਵੇਦਾਰੀ ਦੇ ਮੁਕਾਬਲੇ ਵਿਚ ਜਰਮਨੀ ਨੇ ਵੀ ਆਪਣੀ ਰਾਇ ਉਤੇ ਬਹੁਤ ਜ਼ੋਰ ਨਹੀਂ ਦਿੱਤਾ।



ਅਮਰੀਕਾ ਦੇ ਪ੍ਰੈਜ਼ੀਡੈਂਟ ਨੇ ਉਸ ਦੀ ਨਾਮਜ਼ਦਗੀ ਕਰਦਿਆਂ ਇਹ ਭਰੋਸਾ ਜਤਾਇਆ ਸੀ ਕਿ 'ਇਤਿਹਾਸ ਦੇ ਇਸ ਨਾਜ਼ੁਕ ਮੋੜ 'ਤੇ ਜਦੋਂ ਸੰਸਾਰ ਆਰਥਿਕ ਅਤੇ ਵਾਤਾਵਰਨ ਦੀਆਂ ਸਮੱਸਿਆਵਾਂ ਦੇ ਹੱਲ ਤਲਾਸ਼ ਕਰਨ ਲਈ ਯਤਨਸ਼ੀਲ ਹੈ ਤਾਂ ਅਜਿਹੇ ਹਾਲਾਤ ਵਿਚ ਅਜੈ ਬੰਗਾ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਸਮਰੱਥ ਕਾਬਲੀਅਤ ਦਾ ਮਾਲਕ ਹੈ।' ਇਉਂ ਉਦੋਂ ਉਸ ਦੇ ਨਿਰਵਿਰੋਧ ਚੁਣੇ ਜਾਣ ਲਈ ਰਾਹ ਪੱਧਰਾ ਹੋ ਗਿਆ ਅਤੇ ਹੋਰ ਕਿਸੇ ਵੀ ਮੁਲਕ ਨੇ ਉਸ ਦੇ ਮੁਕਾਬਲੇ ਵਿਚ ਕੋਈ ਉਮੀਦਵਾਰ ਮੈਦਾਨ ਵਿਚ ਨਾ ਉਤਾਰਿਆ।

ਇਸੇ ਦੌਰਾਨ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਦੁਨੀਆਂ ਦੀਆਂ 55 ਨਾਮਵਰ ਹਸਤੀਆਂ ਨੇ, ਜਿਨ੍ਹਾਂ ਵਿਚ ਚਾਰ ਨੋਬੇਲ ਪ੍ਰਾਈਜ਼ ਜੇਤੂ ਵੀ ਸ਼ਾਮਲ ਸਨ, ਇਕ ਸਾਂਝੇ-ਖੁੱਲ੍ਹੇ ਪੱਤਰ ਰਾਹੀਂ ਇਸ ਨਾਮੀ ਅਹੁਦੇ ਲਈ ਉਸ ਦੀ ਨਾਮਜ਼ਦਗੀ ਦਾ ਵੀ ਸੁਆਗਤ ਕੀਤਾ। ਪਹਿਲਾਂ ਹੀ ਉਸ ਦੀਆਂ ਪ੍ਰਾਪਤੀਆਂ ਦੇ ਸਨਮੁਖ ਭਾਰਤ ਸਰਕਾਰ ਵਲੋਂ ਇਸ ਦੇਸ਼ ਦੇ ਸਪੂਤ ਨੂੰ 2016 ਵਿਚ ਪਦਮ ਸ੍ਰੀ ਦੇ ਖ਼ਿਤਾਬ ਨਾਲ ਨਿਵਾਜਿਆ ਜਾ ਚੁੱਕਾ ਹੈ। ਅਜੈ ਬੰਗਾ ਦੀ ਆਪਣੀ ਸੋਚ ਬੜੀ ਆਸ਼ਾਵਾਦੀ ਅਤੇ ਪੁਖਤਾ ਇਰਾਦੇ ਵਾਲੀ ਰਹੀ ਹੈ। ਪਹਿਲੀ ਨੌਕਰੀ ਵਿਚ ਹੀ ਨੈਸਲੇ ਨਾਲ ਕੰਮ ਕਰਦਿਆਂ ਉਸ ਨੇ ਆਪਣੇ ਤਜਰਬੇ ਦਾ ਸਾਰਾਂਸ਼ ਇਉਂ ਬਿਆਨ ਕੀਤਾ ਹੈ ਕਿ "ਜ਼ਿੰਦਗੀ ਵਿਚ ਵੱਡਾ ਸਬਕ ਉਸ ਨੇ ਇਹ ਸਿੱਖਿਆ ਹੈ ਕਿ ਇਕੱਲੇ ਹੁੰਦਿਆਂ ਵੀ ਕੋਈ ਇਨਸਾਨ ਵੱਡੇ ਬਦਲਾਓ ਲਿਆਉਣ ਦੀ ਸਮਰੱਥਾ ਰੱਖਦਾ ਹੈ।" ਅੰਤਰਰਾਸ਼ਟਰੀ ਮੁਦਰਾ ਬੈਂਕ ਦੀ ਮੁਖੀ ਕ੍ਰਿਸਟਾਲੀਨਾ ਜੌਰਜਿਵਾ ਦਾ ਵਿਸ਼ਵਾਸ ਹੈ ਕਿ 'ਕਾਰਪੋਰੇਟ ਖੇਤਰ ਦਾ ਅਨੁਭਵ, ਵਿਕਾਸਸ਼ੀਲ ਦੇਸ਼ ਦਾ ਪਿਛੋਕੜ ਅਤੇ ਲੋਕਾਂ ਨੂੰ ਵਿਕਾਸ ਦੇ ਭਾਗੀਦਾਰ ਬਣਾਉਣ ਦੀ ਸਮਝ ਹੋਣ ਕਰਕੇ ਅਜੈ ਬੰਗਾ ਇਸ ਪੁਜ਼ੀਸ਼ਨ ਲਈ ਬੇਹੱਦ ਮੁਨਾਸਬ ਚੋਣ ਹੈ।'

ਉਸ ਦੇ ਕੁਝ ਆਲੋਚਕ ਵਿਸ਼ਵ ਬੈਂਕ ਵਲੋਂ ਉਸ ਦੀ ਨਿਯੁਕਤੀ ਨੂੰ ਇਹ ਕਹਿ ਕੇ ਸੰਦੇਹ ਦੀ ਨਜ਼ਰ ਨਾਲ ਦੇਖਦੇ ਹਨ ਕਿ ਹੁਣ ਤੱਕ ਉਸ ਨੇ ਨੌਕਰੀ ਹੀ ਕੀਤੀ ਹੈ ਅਤੇ ਉਸ ਨੂੰ ਸਰਕਾਰੀ ਪ੍ਰਬੰਧਾਂ ਅਤੇ ਵਿਕਾਸ ਕਾਰਜਾਂ ਦਾ ਤਜਰਬਾ ਨਹੀਂ ਹੈ। ਪ੍ਰੰਤੂ ਉਸ ਦਾ ਦ੍ਰਿਸ਼ਟੀਕੋਣ, ਮਜ਼ਬੂਤ ਇਰਾਦਾ ਅਤੇ ਅਜਮਾਈ ਹੋਈ ਸਮਰੱਥਾ ਅਜਿਹੇ ਸ਼ੰਕਿਆਂ ਨੂੰ ਨਿਰਮੂਲ ਸਾਬਤ ਕਰਦੀ ਹੈ। ਉਹ ਆਪਣੀ ਨਵੀਂ ਜ਼ਿੰਮੇਵਾਰੀ ਦੀਆਂ ਚੁਣੌਤੀਆਂ ਨੂੰ ਬਾਖੂਬੀ ਸਮਝਦਾ ਹੈ। ਆਪਣੇ ਕਾਰਜ ਖੇਤਰ ਦਾ ਖਾਕਾ ਤੈਅ ਕਰਦਿਆਂ ਉਸ ਨੇ ਆਖਿਆ ਕਿ ਆਮ ਲੋਕਾਂ ਨੂੰ ਵਿਕਾਸ ਗਤੀ ਵਿਚ ਸ਼ਾਮਲ ਕਰਨ ਤੋਂ ਇਲਾਵਾ ਪ੍ਰਾਈਵੇਟ ਅਦਾਰਿਆਂ ਦਾ ਵਿਸ਼ਵ ਬੈਂਕ ਲਈ ਸਹਿਯੋਗ ਹਾਸਲ ਕਰਨਾ ਉਸ ਦੀ ਪ੍ਰਮੁੱਖ ਵਚਨਬੱਧਤਾ ਹੈ। ਉਸ ਦੇ ਮੁਤਾਬਕ ਘੱਟ ਆਮਦਨ ਵਾਲੇ ਗਰੀਬ ਦੇਸ਼ਾਂ ਨੂੰ ਵਾਤਾਵਰਨ ਸੁਧਾਰ ਲਈ ਪ੍ਰੇਰਣਾ ਅਤੇ ਯਕੀਨ ਦਿਵਾਉਣਾ ਕਿ ਬੁਨਿਆਦੀ ਢਾਂਚੇ ਦੀ ਉਸਾਰੀ ਕਰਨ ਤੋਂ ਇਲਾਵਾ ਸਿਹਤ ਸਹੂਲਤਾਂ ਮੁਹੱਈਆ ਕਰਨ ਦੇ ਕੰਮ ਦੋ ਵੱਖ-ਵੱਖ ਗੱਲਾਂ ਨਹੀਂ, ਸਗੋਂ ਇਕ ਦੂਜੇ ਨਾਲ ਬੱਝੇ ਹੋਏ ਹਨ ਅਤੇ ਇਉਂ ਇਨ੍ਹਾਂ ਨਾਲ ਸਮੁੱਚੇ ਰੂਪ ਵਿਚ ਹੀ ਨਜਿੱਠਣਾ ਪੈਣਾ ਹੈ।

ਉਸ ਦੀ ਕਾਮਯਾਬੀ ਦਾ ਆਧਾਰ ਈਮਾਨਦਾਰੀ ਨਾਲ ਕੰਮ ਕਰ ਕੇ ਨਿਸ਼ਚਿਤ ਆਦਰਸ਼ ਵੱਲ ਵਧਣਾ ਹੈ। ਇਸ ਦੀ ਇਕ ਮਿਸਾਲ ਇਹ ਹੈ ਕਿ 9/11 ਦੌਰਾਨ ਜਦੋਂ ਅਮਰੀਕਾ ਦੇ ਜੌੜੇ ਟਾਵਰ (Twin Tower) ਢਹਿ ਢੇਰੀ ਹੋਏ ਤਾਂ ਉਹ ਪ੍ਰਸਿੱਧ ਅਦਾਰੇ ਸਿਟੀ ਬੈਂਕ ਵਿਚ ਉਧਰ ਹੀ ਕੰਮ ਕਰਦਾ ਸੀ। ਉਸਦੇ ਮਾਲਕਾਂ ਨੂੰ ਉਸ ਦੀ ਸੁਰੱਖਿਆ ਦਾ ਫਿਕਰ ਹੋਇਆ ਕਿਉਂਕਿ ਨਫਰਤੀ ਮਾਹੌਲ ਵਿਚ ਗਹਿਰੇ ਰੰਗ ਦੀ ਚਮੜੀ ਅਤੇ ਪਗੜੀ ਵਾਲਾ ਸ਼ਖ਼ਸ ਸਹਿਜੇ ਹੀ ਨਸਲੀ ਹਿੰਸਾ ਦਾ ਨਿਸ਼ਾਨਾ ਬਣ ਸਕਦਾ ਸੀ। ਬੈਂਕ ਵਲੋਂ ਉਸ ਨੂੰ ਦੂਜੇ ਸ਼ਹਿਰਾਂ ਤੱਕ ਆਉਣ-ਜਾਣ ਲਈ ਪ੍ਰਾਈਵੇਟ ਜੈੱਟ ਅਤੇ ਕਾਰ ਦੀ ਸੁਵਿਧਾ ਮੁਹੱਈਆ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਕਿ ਉਹ ਬੇਫਿਕਰੀ ਨਾਲ ਆਪਣਾ ਕੰਮਕਾਰੀ ਫਰਜ਼ ਨਿਭਾ ਸਕੇ। ਉਸ ਨੇ ਇਸ ਸੁਵਿਧਾ ਨੂੰ ਲੈਣ ਤੋਂ ਸਾਫ ਇਨਕਾਰ ਕਰਦਿਆਂ ਕਿਹਾ ਕਿ 'ਸਮੱਸਿਆ ਤੋਂ ਡਰ ਕੇ ਭੱਜਣ ਨਾਲੋਂ ਇਸ ਨਾਲ ਨਜਿੱਠਣਾ ਜ਼ਿਆਦਾ ਜ਼ਰੂਰੀ ਹੈ।' ਇਸੇ ਤਰ੍ਹਾਂ ਜਦੋਂ 1990ਵਿਆਂ ਵਿਚ ਉਸ ਦੀ ਨੌਕਰੀ ਕਲਕੱਤੇ ਸੀ ਤਾਂ ਮਾਰਕਸੀ ਸਰਕਾਰ ਵੇਲੇ ਸਰਕਾਰੀ ਸ਼ਹਿ ਉਤੇ ਹਰ ਆਏ ਦਿਨ ਸੜਕਾਂ ਤੇ ਬਾਜ਼ਾਰ ਬੰਦ ਹੋਏ ਰਹਿੰਦੇ ਸਨ। ਉਸ ਦੇ ਲਈ ਆਪਣੇ ਕੰਟੈਸਾ ਕਾਰ ਵਿਚ ਸਫਰ ਕਰਨਾ ਜ਼ੋਖਮ ਭਰਿਆ ਸੀ ਕਿਉਂਕਿ ਮੁਜ਼ਾਹਰਾਕਾਰੀ ਇਸ ਦੀ ਰਾਹ ਵਿਚ ਭੰਨ-ਤੋੜ ਕਰ ਸਕਦੇ ਸਨ ਪਰ ਆਖ਼ਰ ਉਸ ਦਾ ਕੰਮ ਉਤੇ ਪਹੁੰਚਣ ਦਾ ਇਰਾਦਾ ਤਾਂ ਅਟੱਲ ਸੀ! ਉਸ ਨੇ ਆਪਣੇ ਜੂਨੀਅਰ ਅਧਿਕਾਰੀ ਰੌਇ ਚੈਟਰਜੀ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਮੋਟਰਸਾਈਕਲ ਉਤੇ ਉਸ ਨੂੰ ਦਫਤਰ ਲੈ ਜਾਇਆ ਕਰੇ। ਉਨ੍ਹਾਂ ਦਿਨਾਂ ਨੂੰ ਯਾਦ ਕਰਦਿਆਂ ਰੌਇ ਚੈਟਰਜੀ ਨੇ ਦੱਸਿਆ ਕਿ ਉਹ ਸਹੀ 8 ਵਜੇ ਸਵੇਰੇ ਉਸ ਨੂੰ ਘਰੋਂ ਚੁੱਕ ਲੈਂਦਾ ਸੀ ਅਤੇ ਮਗਰਲੀ ਸੀਟ 'ਤੇ ਬਿਠਾ ਕੇ ਉਹ ਖਾਲੀ ਗਲੀਆਂ ਵਿਚੋਂ ਗੱਲਾਂ ਕਰਦੇ ਰਵਾਂ ਰਵੀਂ ਕੰਮ ਲਈ ਨਿਕਲ ਜਾਂਦੇ ਸਨ। ਅਜੈ ਪਾਲ ਸਿੰਘ ਦਾ ਦੋਸਤਾਨਾ ਲਹਿਜ਼ਾ ਮਤਲਬ ਦੀ ਗੱਲ ਕਰਨ ਦਾ ਵਿਹਾਰਕ ਅੰਦਾਜ਼ ਉਸ ਨੂੰ ਅੱਜ ਵੀ ਨਹੀਂ ਭੁੱਲਿਆ। ਉਸ ਦਾ ਕਹਿਣਾ ਸੀ ਕਿ ਉਹ ਅੱਜ ਵੀ ਉਸੇ ਤਰ੍ਹਾਂ ਦਾ ਹੈ।

ਵਿਸ਼ਵ ਬੈਂਕ ਵਿਚ ਉਸ ਦੀ ਕਾਰਗੁਜ਼ਾਰੀ ਬਾਰੇ ਬੇਸ਼ੱਕ ਅਜੇ ਅਸੀਂ ਕੁਝ ਨਹੀਂ ਕਹਿ ਸਕਦੇ, ਪਰ ਸੇਂਟ ਸਟੀਵਨ ਕਾਲਜ ਵਿਚ ਉਸ ਦਾ ਰਹਿ ਚੁੱਕਾ ਅੱਗੜ-ਪਿੱਛੜ ਜਮਾਤੀ ਅਤੇ ਤ੍ਰਿਣਮੂਲ ਕਾਂਗਰਸ ਦਾ ਲੀਡਰ ਡੈਰਿਕ-ਓ-ਬਰਾਇਨ ਭਰੋਸੇ ਨਾਲ ਕਹਿੰਦਾ ਹੈ ਕਿ "ਇਕ ਗੱਲ ਪੱਕੀ ਹੈ ਕਿ ਉਹ ਆਪਣਾ ਸੌ ਫੀਸਦ ਬੈਂਕ ਨੂੰ ਸਮਰਪਿਤ ਕਰੇਗਾ ਅਤੇ ਉਸ ਦੀ ਸੇਵਾ ਮੁਕਤੀ ਸਮੇਂ ਬੈਂਕ ਪਹਿਲਾਂ ਨਾਲੋਂ ਵੱਖਰਾ ਅਤੇ ਖੁਸ਼ਹਾਲ ਹਾਲਤ ਵਿਚ ਹੋਵੇਗਾ। ਉਸ ਦਾ ਖਾਸਾ ਇਹੀ ਹੈ ਕਿ ਚਾਹੇ ਉਹ ਕਿਸੇ ਸੰਸਥਾ ਲਈ ਕੰਮ ਕਰੇ ਯਾ ਕਿਸੇ ਬੰਦੇ ਦਾ ਉਸਦੇ ਨਾਲ ਵਾਹ ਪਵੇ, ਬੱਸ ਕਮਾਲਾਂ ਹੀ ਕਰਦਾ ਹੈ।"

ਅੰਤ ਵਿਚ ਉਸ ਦੀ ਜ਼ਿੰਦਗੀ ਦੇ ਹੋਰ ਵਿਲੱਖਣ ਪਹਿਲੂ ਦੀ ਗੱਲ ਕਰਦੇ ਹਾਂ। ਉਸ ਨੇ ਆਪਣੀ ਕਾਲਜ ਦੀ ਜਮਾਤਣ ਨਾਲ ਵਿਆਹ ਕਰਵਾਇਆ ਜੋ ਅੱਜ ਵੀ ਉਸ ਦੀ ਖੂਸਬੂਰਤ ਹਮਸਫਰ ਹੈ। ਵਿਹਲੇ ਸਮੇਂ ਵਿਚ ਅਜੈ ਪਾਲ ਸਿੰਘ ਗੁਰਬਾਣੀ ਦਾ ਕੀਰਤਨ ਸੁਣਦਾ ਹੈ ਅਤੇ ਆਪਣੇ ਕਿਸੇ ਪਸੰਦੀਦਾ ਗਾਇਕ ਦੀ ਕਲਾਸਕੀ ਗਾਇਕੀ ਦਾ ਅਨੰਦ ਮਾਣਦਾ ਹੈ। ਇਸੇ ਜੂਨ ਮਹੀਨੇ ਦੀ 2 ਤਰੀਕ ਨੂੰ ਉਹ ਪੰਜ ਸਾਲ ਲਈ ਵਿਸ਼ਵ ਬੈਂਕ ਦੇ ਇਸ ਅਹੁਦੇ ਉਤੇ ਮੁਕਾਮ ਹੋ ਗਿਆ।

# ਕਿਸਾਨ ਆਮਦਨ ਦੁੱਗਣੀ - ਦਿੱਲੀ ਹਾਲੇ ਦੂਰ ਹੈ

ਭਾਰਤੀ ਸੰਸਦ ਵਲੋਂ ਸਥਾਪਿਤ ਖੇਤੀਬਾੜੀ ਬਾਰੇ ਸੰਸਦੀ ਕਮੇਟੀ ਨੇ ਇਸ ਸਾਲ 23 ਮਾਰਚ ਨੂੰ ਸੰਸਦ 'ਚ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਸਰਕਾਰ 2022 ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਟੀਚੇ ਤੋਂ ਦੂਰ ਹੈ। ਕਮੇਟੀ ਨੇ ਕਿਹਾ ਸੀ ਕਿ ਖੇਤੀਬਾੜੀ ਕਰਨ ਵਾਲੇ ਪਰਿਵਾਰਾਂ ਦੀ ਮਹੀਨਾਵਾਰ ਆਮਦਨੀ ਜੋ 2015-16 ਵਿਚ 8,050 ਰੁਪਏ ਸੀ, ਉਹ 2018-19 ਵਿਚ ਵਧ ਕੇ 10,218 ਰੁਪਏ ਹੋ ਸਕੀ।

ਕਿਸਾਨਾਂ ਦੀ ਆਮਦਨ ਦੇ ਨਾ ਵਧਣ ਦਾ ਕਾਰਨ ਸਰਕਾਰ ਵਲੋਂ ਇੱਕ ਰਿਪੋਰਟ ਵਿਚ ਦੱਸਿਆ ਗਿਆ ਜੋ ਉਸ ਵਲੋਂ 2016-17 ਵਿਚ ਜਾਰੀ ਕੀਤੀ ਗਈ। ਇਸ ਰਿਪੋਰਟ ਵਿਚ ਮੌਨਸੂਨ ਦੇ ਅੱਗੇ-ਪਿੱਛੇ ਹੋਣਾ, ਵਾਰ-ਵਾਰ ਫ਼ਸਲ ਖਰਾਬ ਹੋਣਾ, ਜਲ ਸਰੋਤਾਂ ਦੀ ਘਾਟ ਤੇ ਨਦੀਨਾਂ ਦੇ ਹਮਲੇ, ਬੀਮਾਰੀਆਂ ਆਦਿ ਕਾਰਨ ਦੱਸੇ ਗਏ ਹਨ। ਪਰ ਕਿਸਾਨਾਂ ਦੀ ਆਮਦਨ ਨਾ ਵਧਣ ਦਾ ਸਿੱਟਾ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਖੁਦਕੁਸ਼ੀਆਂ 'ਚ ਗਿਣਤੀ ਦਾ ਵਾਧਾ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਵਿਗਿਆਨ ਤੇ ਵਾਤਾਵਰਨ ਕੇਂਦਰ (ਸੀ.ਐਸ.ਈ) ਵਲੋਂ ਜਾਰੀ ਤਾਜ਼ਾ ਰਿਪੋਰਟ ਖੁਲਾਸਾ ਕਰਦੀ ਹੈ ਕਿ 2021 ਵਿਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਵਿਚ ਸਭ ਤੋਂ ਵੱਧ ਸੀ। 2019 ਵਿਚ 10,281, 2020 ਵਿਚ 10,677 ਅਤੇ 2021 'ਚ 10,881 ਕਿਸਾਨਾਂ/ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ।

ਕੇਂਦਰ ਸਰਕਾਰ ਦਾ ਦਾਅਵਾ ਹੈ ਅਤੇ ਵਾਰ-ਵਾਰ ਦਾਅਵਾ ਹੈ ਕਿ ਦੇਸ਼ 'ਚ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨਾ ਉਸਦੀ ਪਹਿਲ ਹੈ ਪਰ ਕਿਸਾਨ ਖੇਤੀ ਨਾਲ ਆਪਣਾ ਗੁਜ਼ਾਰਾ ਤੋਰਨ ਵਿਚ ਸਫ਼ਲ ਨਹੀਂ ਹੋ ਰਹੇ ਅਤੇ ਖੁਦਕੁਸ਼ੀਆਂ ਕਰ ਰਹੇ ਹਨ। ਅਸਾਮ ਵਿਚ ਇਨ੍ਹਾਂ ਪੰਜ ਸਾਲਾਂ ਵਿਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ 'ਚ ਤੇਰਾਂ ਗੁਣਾ ਵਾਧਾ ਦਰਜ ਕੀਤਾ ਗਿਆ ਹੈ ਹਾਲਾਂਕਿ ਕੌਮੀ ਅਪਰਾਧ ਰਿਕਾਰਡ ਬਿਊਰੋ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਪਿਛਲੇ ਕਾਰਨਾਂ ਬਾਰੇ ਚੁੱਪੀ ਸਾਧੀ ਬੈਠਾ ਹੈ।

ਮਹਾਂਰਾਸ਼ਟਰ ਵਿਚ ਸੰਨ 2021 'ਚ 4,064, ਕਰਨਾਟਕ ਵਿਚ 2,169, ਮੱਧ ਪ੍ਰਦੇਸ਼ 'ਚ 6,71, ਪੰਜਾਬ 'ਚ 2,70 ਖੁਦਕੁਸ਼ੀਆਂ ਵਾਲੇ ਕੇਸ ਮਿਲੇ ਹਨ। ਖੇਤੀ ਮਾਹਿਰ ਕਿਸਾਨ ਖੁਦਕੁਸ਼ੀਆਂ ਦਾ ਕਾਰਨ ਕਿਸਾਨਾਂ ਦਾ ਕਰਜ਼ੇ ਦੇ ਜਾਲ ਵਿਚ ਫਸੇ ਹੋਣਾ ਦਸਦੇ ਹਨ ਅਤੇ ਬਹੁਤੇ ਮਾਹਿਰ ਇਸ ਗੱਲ ਦੇ ਹੱਕ 'ਚ ਹਨ ਕਿ ਕਿਸਾਨਾਂ ਨੂੰ ਸਰਕਾਰ ਸਿੱਧੀ ਸਹਾਇਤਾ ਵਧਾ ਕੇ ਉਨ੍ਹਾਂ ਦੇ ਕਰਜ਼ੇ ਦਾ ਬੋਝ ਹਲਕਾ ਕਰੇ। ਸਰਕਾਰ ਇਸ ਵੇਲੇ 6000 ਰੁਪਏ ਪ੍ਰਤੀ ਸਾਲਾਨਾ ਨਕਦ ਰਾਸ਼ੀ ਕਿਸਾਨ ਪਰਿਵਾਰਾਂ ਦੇ ਖਾਤਿਆਂ 'ਚ ਪਾਏ ਜਾਣ ਦਾ ਦਾਅਵਾ ਕਰਦੀ ਹੈ।

ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀਆਂ ਫ਼ਸਲਾਂ 'ਤੇ ਬੀਮਾ ਯੋਜਨਾ ਲਾਗੂ ਹੈ। ਖਾਦਾਂ, ਕੀਟਨਾਸ਼ਕਾਂ ਆਦਿ ਉਤੇ ਸਬਸਿਡੀ ਦਿੱਤੀ ਜਾ ਰਹੀ ਹੈ। ਕੁਝ ਸੂਬਾ ਸਰਕਾਰਾਂ ਵਲੋਂ ਮੁਫ਼ਤ ਬਿਜਲੀ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਮੌਸਮ ਦੀ ਮਾਰ ਸਮੇਂ ਫ਼ਸਲਾਂ ਦੀ ਤਬਾਹੀ ਹੋਣ 'ਤੇ ਕੁਝ ਰਾਹਤ ਵੀ ਵੰਡੀ ਜਾਂਦੀ ਹੈ। ਫ਼ਸਲੀ ਬੀਮਾ ਯੋਜਨਾ ਨੂੰ ਬਹੁਤੀਆਂ ਸਰਕਾਰਾਂ ਅਤੇ ਕਿਸਾਨਾਂ ਨੇ ਪ੍ਰਵਾਨ ਨਹੀਂ ਕੀਤਾ ਹੋਇਆ, ਕਿਉਂਕਿ ਇਹ ਯੋਜਨਾ ਮੁੱਖ ਤੌਰ 'ਤੇ ਬੀਮਾ ਕੰਪਨੀਆਂ ਦੇ ਢਿੱਡ ਭਰਦੀ ਹੈ, ਕਿਸਾਨਾਂ ਦੇ ਹਿੱਤ ਨਹੀਂ ਪੂਰਦੀ।

ਉਂਜ ਵੀ ਜਿੰਨੀਆਂ ਕੁ ਵੀ ਯੋਜਨਾਵਾਂ ਕਿਸਾਨਾਂ ਦੀ ਭਲਾਈ ਲਈ ਕੇਂਦਰ ਜਾਂ ਸੂਬਾ ਸਰਕਾਰਾਂ ਵਲੋਂ ਚਲਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਲਾਭ ਸਧਾਰਨ ਕਿਸਾਨਾਂ ਤੱਕ ਨਹੀਂ ਪੁੱਜਦਾ, ਖ਼ਾਸ ਤੌਰ 'ਤੇ ਉਨ੍ਹਾਂ ਕਿਸਾਨਾਂ ਤੱਕ ਜਿਨ੍ਹਾਂ ਕੋਲ ਮਸਾਂ ਡੇਢ ਦੋ ਏਕੜ ਜ਼ਮੀਨ ਹੈ। ਇਨ੍ਹਾਂ ਲੋਕਾਂ ਕੋਲ ਤਾਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਦਾ ਲਾਭ ਵੀ ਨਹੀਂ ਪੁੱਜਦਾ, ਕਿਉਂਕਿ ਇਨ੍ਹਾਂ ਦੀ ਫ਼ਸਲ ਤਾਂ ਮਸਾਂ ਘਰ ਦੇ ਜੀਆਂ ਦਾ ਗੁਜ਼ਾਰਾ ਕਰਨ ਜੋਗੀ ਉਪਜਦੀ ਹੈ, ਵੇਚਣ ਜੋਗੀ ਨਹੀਂ।

ਦੇਸ਼ ਦੀਆਂ 2019 ਦੀਆਂ ਚੋਣਾਂ ਤੋਂ ਪਹਿਲਾਂ ਤਾਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਨਾਹਰਾ ਅੰਬਰ ਛੂੰਹਦਾ ਰਿਹਾ ਹੈ, ਕਿਉਂਕਿ ਵੋਟਾਂ ਪ੍ਰਾਪਤ ਕਰਨੀਆਂ ਸਨ ਪਰ ਕਿਸਾਨ ਅੰਦੋਲਨ ਤੋਂ ਬਾਅਦ ਤਾਂ ਇਸ ਨਾਹਰੇ 'ਤੇ ਲਗਭਗ ਚੁੱਪੀ ਵੱਟੀ ਗਈ ਹੈ।

ਕੇਂਦਰ ਸਰਕਾਰ ਦੀ ਖੇਤੀ ਅਤੇ ਕਿਸਾਨਾਂ ਪ੍ਰਤੀ ਅਵੇਸਲਾਪਨ ਅਤੇ ਉਦਾਸੀ ਉਦੋਂ ਤੋਂ ਕੁਝ ਜ਼ਿਆਦਾ ਹੀ ਵਧ ਗਈ ਹੈ, ਜਦੋਂ ਤੋਂ ਉਸ ਵਲੋਂ ਕਿਸਾਨ ਵਿਰੋਧੀ ਖੇਤੀ ਕਾਨੂੰਨ ਪਾਸ ਕਰਾਉਣ 'ਚ ਸਰਕਾਰ ਸਫਲ ਨਾ ਹੋਈ ਅਤੇ ਕਿਸਾਨਾਂ ਦੇ ਸੰਘਰਸ਼ ਕਾਰਨ ਇਹ ਕਾਨੂੰਨ ਵਾਪਸ ਲੈਣੇ ਪਏ ਸਨ। ਇਨ੍ਹਾਂ ਖੇਤੀ ਕਾਨੂੰਨਾਂ ਤਹਿਤ ਸਰਕਾਰ ਕਿਸਾਨਾਂ ਦੀ ਜ਼ਮੀਨ ਹਥਿਆ ਕੇ ਇਸ ਜ਼ਮੀਨ ਨੂੰ ਕਾਰਪੋਰੇਟਾਂ ਦੇ ਪੇਟੇ ਪਾਉਣਾ ਚਾਹੁੰਦੀ ਸੀ। ਇਸ ਸਕੀਮ ਦੇ ਫੇਲ੍ਹ ਹੋਣ ਉਪਰੰਤ ਉਹ ਹੁਣ ਕਿਸਾਨਾਂ ਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਤੋਂ ਵੀ ਪਾਸਾ ਵੱਟਣ ਦੇ ਰਾਹ ਪਈ ਹੋਈ ਹੈ ਅਤੇ ਖੇਤੀ ਅਤੇ ਕਿਸਾਨਾਂ ਦੇ ਭਲੇ ਵਾਲੀਆਂ ਸਕੀਮਾਂ ਨੂੰ ਆਨੇ-ਬਹਾਨੇ ਲਾਗੂ ਕਰਨ ਤੋਂ ਪਾਸਾ ਵੱਟ ਰਹੀ ਹੈ। ਸਫ਼ਲ ਮੰਡੀ ਪ੍ਰਬੰਧ ਜਿਵੇਂ ਪੰਜਾਬ 'ਚ ਹੈ, ਉਹ ਵੀ ਖਤਮ ਕਰਨ ਵਲ ਤੁਰ ਰਹੀ ਹੈ। ਇਹ ਜਾਣਦਿਆਂ ਹੋਇਆ ਵੀ ਕਿ ਖੇਤੀ, ਦੇਸ਼ ਦਾ ਧੁਰਾ ਹੈ। ਇਹ ਜਾਣਦਿਆਂ ਹੋਇਆਂ ਵੀ ਦੇਸ਼ ਦੀ ਵੱਡੀ ਆਬਾਦੀ ਦਾ ਜ਼ਮੀਨ ਨਾਲ ਡਾਹਢਾ ਮੋਹ ਹੈ ਅਤੇ ਇਹ ਆਫ਼ਤ ਵੇਲੇ ਵੀ ਉਹਦੀ ਰੋਜ਼ੀ-ਰੋਟੀ ਦਾ ਇੱਕ ਵੱਡਾ ਵਸੀਲਾ ਹੈ, ਸਰਕਾਰ ਨਿੱਜੀਕਰਨ ਦੇ ਰਾਹ ਨੂੰ ਅਪਨਾ ਰਹੀ ਹੈ ਅਤੇ ਕਿਸਾਨਾਂ ਨੂੰ ਮਜ਼ਦੂਰ ਬਣਾਉਣ ਦੇ ਰਾਹ ਤੁਰੀ ਹੈ। ਖੇਤੀ ਦੇ ਮਾੜੇ ਹਾਲਾਤਾਂ ਨੂੰ ਵੇਖ ਕੇ ਵੱਡੀ ਗਿਣਤੀ ਕਿਸਾਨ ਪਿਛਲੇ ਪੰਜ ਸਾਲਾਂ ਦੇ ਅਰਸੇ 'ਚ ਖੇਤੀਬਾੜੀ ਛੱਡ ਚੁੱਕੇ ਹਨ।

ਭਾਰਤੀ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਕੇਂਦਰ ਨੇ ਇਹ ਅਹਿਸਾਸ ਜ਼ਰੂਰ ਕਰ ਲਿਆ ਹੋਵੇਗਾ ਕਿ ਜਦੋਂ ਦੇਸ਼ ਉਤੇ ਕਰੋਨਾ ਮਹਾਂਮਾਰੀ ਦੀ ਮਾਰ ਪਈ, ਦੇਸ਼ 'ਚ ਸਭੋ ਕੁਝ ਬੰਦ ਹੋ ਗਿਆ ਸ਼ਹਿਰੀ ਮਜ਼ਦੂਰ ਆਪਣੇ ਜੱਦੀ ਪਿੰਡਾਂ ਵੱਲ ਤੁਰ ਪਏ, ਕਿਉਂਕਿ ਉਨ੍ਹਾਂ ਦੇ ਮਾਲਕ ਉਨ੍ਹਾਂ ਨੂੰ ਰੋਟੀ ਦੇਣ ਤੋਂ ਆਕੀ ਹੋ ਗਏ, ਤਾਂ ਉਨ੍ਹਾਂ ਦੇ ਜੱਦੀ ਪਿੰਡਾਂ, ਉਨ੍ਹਾਂ ਦੇ ਖੇਤਾਂ ਨੇ ਉਨ੍ਹਾਂ ਦੇ ਪੇਟ ਨੂੰ ਝੁਲਕਾ ਦਿੱਤਾ।

ਖੇਤੀ-ਨੀਤੀ ਮਾਹਿਰ, ਅਰਥ ਸ਼ਾਸਤਰੀ ਅਤੇ ਵਿਗਿਆਨੀ ਦੇਸ਼ ਵਿਚ ਨਵੀਂ ਖੇਤੀ ਨੀਤੀ ਲਾਗੂ ਕਰਨ ਲਈ ਵਿਚਾਰ ਪੇਸ਼ ਕਰ ਰਹੇ ਹਨ। ਕੁਝ ਸੂਬਾ ਸਰਕਾਰਾਂ ਵੀ ਇਸ ਮਾਮਲੇ 'ਚ ਪਹਿਲ ਕਦਮੀ ਕਰ ਰਹੀਆਂ ਹਨ ਜਾਂ ਕਰ ਸਕਦੀਆਂ ਹਨ। ਕਈ ਖੇਤੀ ਵਿਕਾਸ ਮਾਡਲ ਦੇਸ਼ ਵਿਚ ਸਾਹਮਣੇ ਆ ਰਹੇ ਹਨ। ਸਹਿਕਾਰੀ ਖੇਤੀ ਦਾ ਮਾਡਲ ਕੁਝ ਲੋਕਾਂ ਦਾ ਵਿਚਾਰ ਹੈ ਕਿ ਖੇਤੀ ਦੀ ਤਕਦੀਰ ਬਦਲ ਸਕਦਾ ਹੈ। ਕੁਝ ਮੁਲਕਾਂ 'ਚ ਇਸ ਮਾਡਲ ਨੂੰ ਲਾਗੂ ਕਰ ਕੇ ਚੰਗੇ ਸਿੱਟੇ ਵੀ ਕੱਢੇ ਜਾ ਚੁੱਕੇ ਹਨ।

ਵੱਡੀਆਂ ਕਾਰਪੋਰੇਟ, ਪ੍ਰਾਈਵੇਟ ਕੰਪਨੀਆਂ ਤਾਂ ਹਰ ਹੀਲੇ ਆਪਣੀ ਕਮਾਈ ਲਈ ਆਪਣੇ ਹਿੱਤ ਪੂਰਨਗੀਆਂ, ਪਰ ਸਹਿਕਾਰੀ ਮਾਡਲ, ਜਿਸ ਕਿਸਮ ਦਾ "ਅਮੂਲ ਦੁੱਧ ਉਤਪਾਦਨ" 'ਚ ਲਾਗੂ ਕੀਤਾ ਗਿਆ ਹੈ, ਕਿਸਾਨ ਹਿੱਤ 'ਚ ਹੋ ਸਕਦਾ ਹੈ। ਮੁੱਖ ਕੰਮ ਮੰਡੀਕਰਨ ਦਾ ਹੈ। ਅਗਲਾ ਕੰਮ ਨਿਰਯਾਤ ਹੋ ਸਕਦਾ ਹੈ।

**ਕੁਝ ਸੁਝਾਅ ਇੰਜ ਹੋ ਸਕਦੇ ਹਨ:-**

1) ਪਿੰਡਾਂ ਦੇ ਦੁੱਧ ਉਤਪਾਦਕਾਂ ਨੂੰ ਇੱਕ ਪਲੇਟਫਾਰਮ ਉਤੇ ਲਿਆਂਦਾ ਜਾਵੇ, ਉਨ੍ਹਾਂ ਦੀ ਬਣਾਈ ਸਹਿਕਾਰੀ ਸੁਸਾਇਟੀ ਦੇ ਮਾਲਕ ਉਹ ਆਪ ਹੋਣ, ਸਰਕਾਰ ਦਾ ਦਖ਼ਲ ਘੱਟੋ-ਘੱਟ ਹੋਵੇ।

2) ਪਿੰਡਾਂ 'ਚ ਹੱਥੀਂ ਕਿੱਤਾ ਸਿਖਲਾਈ ਕੇਂਦਰ ਹੋਣ ਜਿਥੇ ਔਰਤਾਂ ਨੂੰ ਰਵਾਇਤੀ ਸਿਲਾਈ, ਕਢਾਈ, ਬੁਣਾਈ ਵਸਤਾਂ ਤਿਆਰ ਕਰਾਉਣ ਤੇ ਵੇਚਣ ਦਾ ਪ੍ਰਬੰਧ ਹੋਵੇ। ਇਸਨੂੰ ਸਹਿਕਾਰੀ ਸੁਸਾਇਟੀ ਚਲਾਵੇ।

3) ਨੌਜਵਾਨਾਂ ਲਈ ਵੋਕੇਸ਼ਨ ਸਿੱਖਿਆ ਦਾ ਪਿੰਡ 'ਚ ਪ੍ਰਬੰਧ ਹੋਵੇ। ਖੇਤੀ ਆਧਾਰਤ ਛੋਟੇ ਉਦਯੋਗ ਚਲਾਉਣ ਲਈ ਸਿਖਲਾਈ ਨੌਜਵਾਨਾਂ ਨੂੰ ਮੁਹੱਈਆ ਕਰਵਾਈ ਜਾਵੇ। ਛੋਟੇ ਉਦਯੋਗ, ਸੈਰ ਸਪਾਟਾ ਕੇਂਦਰ ਪਿੰਡਾਂ 'ਚ ਖੁੱਲ੍ਹਣ। ਹੋਟਲ ਆਦਿ ਉਸਾਰੇ ਜਾਣ। ਸਰਵਿਸ ਸੈਕਟਰ ਸੇਵਾਵਾਂ ਪਿੰਡਾਂ 'ਚ ਖੁਲ੍ਹਣ, ਜਿਥੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ।

4) ਪਿੰਡਾਂ 'ਚ ਕਿਸਾਨਾਂ ਤੇ ਹੋਰ ਲੋਕਾਂ ਲਈ ਚੰਗੀ ਪੜ੍ਹਾਈ, ਸਿਹਤ ਸਹੂਲਤਾਂ, ਖੇਡਾਂ, ਕਸਰਤਾਂ ਦਾ ਪ੍ਰਬੰਧ ਹੋਵੇ, ਜਿਸ 'ਚ ਪੇਂਡੂ ਨੌਜਵਾਨਾਂ ਨੂੰ ਟਰੇਨਿੰਗ ਦੇ ਕੇ, ਨੌਕਰੀਆਂ ਮੁਹੱਈਆ ਹੋਣ।

5) ਖੇਤੀ ਉਤਪਾਦਨ ਸਹਿਕਾਰੀ ਸੰਸਥਾ ਬਣਾ ਕੇ ਉਥੇ ਖੇਤੀ ਉਤਪਾਦਕਾਂ ਦੀ ਪੈਦਾਵਾਰ ਅਤੇ ਪ੍ਰੋਸੈਸਿੰਗ ਦਾ ਇੰਤਜ਼ਾਮ ਹੋਵੇ। ਡੇਅਰੀ (ਦੁੱਧ, ਪਨੀਰ ਆਦਿ) ਸੁੱਕੇ ਮੇਵੇ, ਫਲ, ਸਬਜ਼ੀਆਂ ਆਧਾਰਿਤ ਫਾਰਮ ਬਣਨ ਤਾਂ ਕਿ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰ ਆਪਣੀ ਆਮਦਨ ਵਧਾ ਸਕਣ।

ਸਭ ਤੋਂ ਜ਼ਰੂਰੀ ਅਤੇ ਅਹਿਮ ਹੈ ਕਿ ਕਿਸਾਨਾਂ ਲਈ ਖੇਤੀ ਆਧਾਰਿਤ ਤਕਨੀਕੀ ਸੰਸਥਾ ਦਾ ਪ੍ਰਬੰਧ ਹੋਵੇ। ਜਿਸ ਵਿਚ ਮੰਡੀਕਰਨ, ਮੈਨੇਜਮੈਂਟ ਅਤੇ ਹੋਰ ਸਬੰਧਤ ਕੋਰਸ ਹੋਣ। ਇਹ ਕੋਰਸ ਕਿਸਾਨਾਂ ਨੂੰ ਸਰਕਾਰਾਂ ਤੱਕ ਪਹੁੰਚ, ਵਿਸ਼ਵ ਮੰਡੀਕਰਨ ਆਦਿ 'ਚ ਸਹਾਈ ਹੋ ਸਕਦੇ ਹਨ।

ਸਿਰਫ਼ ਸਰਕਾਰਾਂ ਗਾਹੇ-ਵਗਾਹੇ ਸਬਸਿਡੀਆਂ, ਰਾਹਤਾਂ ਨਾਲ ਵੋਟ ਬੈਂਕ ਬਟੋਰਨ ਦੇ ਯਤਨ ਕਰਦੀਆਂ ਹਨ। ਖੇਤ, ਖੇਤੀ, ਕਿਸਾਨਾਂ ਦਾ ਕੁਝ ਨਹੀਂ ਸੁਆਰ ਸਕਦੀਆਂ।

ਪਿਛਲੇ ਕੁਝ ਸਾਲਾਂ 'ਚ ਸਰਵਿਸ ਸੈਕਟਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਖੇਤੀ ਖੇਤਰ ਨੂੰ ਖੂੰਜੇ ਲਾ ਕੇ ਰਖਿਆ ਜਾ ਰਿਹਾ ਹੈ ਇਸ ਨਾਲ ਖੇਤੀ ਖੇਤਰ 'ਚ ਨਿਘਾਰ ਆਇਆ ਹੈ। ਇਹ ਕਦਾਚਿਤ ਵੀ ਦੇਸ਼ ਹਿੱਤ 'ਚ ਨਹੀਂ ਹੈ। ਕੀ ਖੇਤੀ ਤੋਂ ਪਾਸਾ ਵੱਟ ਕੇ ਦੇਸ਼ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਦਾ ਢਿੱਡ ਭਰ ਸਕੇਗਾ? ਕੀ ਕਾਰਪੋਰੇਟ ਸੈਕਟਰ ਹੱਥ ਖੇਤੀ ਦੀ ਲਗਾਮ ਫੜਾ ਕੇ ਮਹਿੰਗੇ ਭਾਅ ਦੀਆਂ ਚੀਜ਼ਾਂ ਲੋਕ ਖਰੀਦ ਸਕਣਗੇ?

ਅਸਲ ਵਿਚ ਤਾਂ ਜੇਕਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨੀ ਹੈ, ਕਿਸਾਨ ਖੁਦਕੁਸ਼ੀਆਂ ਰੋਕਣੀਆਂ ਹਨ ਤਾਂ ਲੋਕ-ਹਿਤੈਸ਼ੀ ਖੇਤੀ ਨੀਤੀ ਲਾਗੂ ਕਰਨੀ ਪਵੇਗੀ, ਜਿਸਦਾ ਧੁਰਾ ਸਹਿਕਾਰਤਾ ਹੋਵੇ। ਕਿਸਾਨਾਂ ਦੀ ਜਿਸ 'ਚ ਵੱਡੀ ਸ਼ਮੂਲੀਅਤ ਹੋਵੇ। ਦੇਸ਼ ਦੀਆਂ ਹੁਣ ਤੇ ਪਹਿਲੀਆਂ ਕੇਂਦਰੀ ਸਰਕਾਰਾਂ ਦੀ ਬੇਇਮਾਨੀ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਸਰਕਾਰ ਵਲੋਂ ਖੇਤੀ ਖੇਤਰ ਲਈ ਸਥਾਪਿਤ ਡਾ: ਸੁਬਰਾਮਨੀਅਮ ਸੁਆਮੀ ਦੀ ਰਿਪੋਰਟ ਹੁਣ ਤੱਕ ਵੀ ਲਾਗੂ ਨਹੀਂ ਕੀਤੀ ਗਈ, ਜਿਹੜੀ ਕਿਸਾਨਾਂ ਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਨਿਰਧਾਰਤ ਕਰਨ ਅਤੇ ਕਿਸਾਨਾਂ, ਉਨ੍ਹਾਂ ਦੇ ਪਰਿਵਾਰਾਂ ਵਲੋਂ ਕੀਤੀ ਕਿਰਤ ਦਾ ਮੁੱਲ ਪਾਉਣ ਅਤੇ ਉਸ ਉਤੇ ਕੁਝ ਮੁਨਾਫਾ ਦੇਣ ਦੀ ਗੱਲ ਕਰਦੀ ਹੈ।

ਜਦ ਤਕ ਕਿਸਾਨਾਂ ਨੂੰ ਆਪਣੀ ਕਿਰਤ ਦਾ ਮੁੱਲ ਹੀ ਨਹੀਂ ਮਿਲੇਗਾ, ਉਨ੍ਹਾਂ ਦੀਆਂ ਫ਼ਸਲਾਂ 'ਤੇ ਲਾਗਤ ਕੀਮਤ ਉਤੇ ਕੁਝ ਵਾਧਾ ਨਹੀਂ ਮਿਲੇਗਾ, ਤਾਂ ਫਿਰ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਿਵੇਂ ਹੋਵੇਗਾ?

ਤੇ ਕਿਵੇਂ ਕਿਸਾਨਾਂ ਦੀ ਪੰਜ ਸਾਲਾਂ 'ਚ ਆਮਦਨ ਦੁੱਗਣੀ ਹੋਣ ਦਾ ਸੁਪਨਾ ਸਾਕਾਰ ਹੋਏਗਾ?

---

## 1984 ਘੱਲੂਘਾਰੇ ਨੂੰ ਸਮਰਪਿਤ

### ਜੂਨ ਚੁਰਾਸੀ

ਫਰਸ਼ਾਂ 'ਤੇ ਡੁੱਲ੍ਹਾ ਹੋਇਆ ਖੂਨ ਕਿਦਾਂ ਭੁੱਲੀਏ
ਜੂਨ ਸਾਡੀ ਖਾਣ ਵਾਲਾ, ਜੂਨ ਕਿਦਾਂ ਭੁੱਲੀਏ?

ਤਾਣ ਤਾਣ ਛਾਤੀਆਂ ਜੋ ਸੂਰਮੇ ਲੜੇ
ਕਿਦਾਂ ਭੁੱਲ ਜਾਈਏ ਟੈਂਕ ਹਿੱਕਾਂ 'ਤੇ ਚੜ੍ਹੇ
ਤੀਰਾਂ ਵਾਲੇ ਬਾਬੇ ਦਾ ਜਨੂੰਨ ਕਿਦਾਂ ਭੁੱਲੀਏ
ਚੰਦਰੀ ਚੁਰਾਸੀ ਵਾਲਾ ਜੂਨ ਕਿਦਾਂ ਭੁੱਲੀਏ?

ਲਹੂ ਨਾਲ ਲੱਥ ਪੱਥ ਪੱਗਾਂ ਯਾਦ ਆਉਂਦੀਆਂ
ਬਲਦੇ ਅੰਗਾਰ ਅਤੇ ਅੱਗਾਂ ਯਾਦ ਆਉਂਦੀਆਂ
ਲਹੂ ਦਾ ਪਿਆਸਾ ਉਹ ਨਖੂਨ ਕਿਦਾਂ ਭੁੱਲੀਏ
ਜੂਨ ਸਾਡੀ ਖਾਣ ਵਾਲਾ ਜੂਨ ਕਿਦਾਂ ਭੁੱਲੀਏ?

ਛਾਤੀਆਂ ਨੂੰ ਪਿੰਟਦੀਆਂ ਬਾਹਵਾਂ ਯਾਦ ਆਉਂਦੀਆਂ
ਖੁੱਲ੍ਹੇ ਹੋਏ ਕੇਸ ਅਤੇ ਮਾਵਾਂ ਯਾਦ ਆਉਂਦੀਆਂ
ਬਾਪੂ ਦਾ ਗੁਆਚਿਆ ਸਕੂਨ ਕਿਦਾਂ ਭੁੱਲੀਏ
ਜੂਨ ਸਾਡੀ ਖਾਣ ਵਾਲਾ ਜੂਨ ਕਿਦਾਂ ਭੁੱਲੀਏ?

ਭੁੱਲਣੇ ਨੀਂ ਸਾਨੂੰ ਕਦੇ ਟੱਕ ਉਹ ਕੁਹਾੜੇ ਦੇ
ਸਾਹੋਤੇਆ ਉਹ ਪਾਏ ਹੋਏ ਨੀਲ ਨੀਲੇ ਤਾਰੇ ਦੇ
ਜ਼ਖਮਾਂ 'ਤੇ ਭੁੱਕਿਆ ਉਹ ਲੂਣ ਕਿਦਾਂ ਭੁੱਲੀਏ
ਜੂਨ ਸਾਡੀ ਖਾਣ ਵਾਲਾ ਜੂਨ ਕਿਦਾਂ ਭੁੱਲੀਏ?
*-ਕੁਲਵੀਰ ਸਿੰਘ ਡਾਨਸੀਵਾਲ*
---

### ਨੀਲਾ ਤਾਰਾ

ਨੀਲੇ ਤਾਰੇ ਦਾ ਨਾਂ ਦੇ ਕੇ,
ਦਰਬਾਰ ਸਾਹਿਬ 'ਤੇ ਧਾਏ।
ਮਲੀਆਮੇਟ ਤਖ਼ਤ ਸੀ ਕੀਤਾ,
ਲੋਥਾਂ ਦੇ ਅੰਬਾਰ ਲਗਾਏ।
ਬਹੁਤੇ ਬੇਕਸੂਰ ਗਏ ਮਾਰੇ,
ਅਣਪਛਾਤੇ ਕਹਿ ਦਫ਼ਨਾਏ।
ਜ਼ੁਲਮ ਦੀ ਉੱਤੋਂ ਹੱਦ ਹੋ ਗਈ,
ਮੁਜਰਿਮ ਕਹਿ ਜੇਲ੍ਹੀਂ ਪਹੁੰਚਾਏ।

ਸੀਨੇ ਖੋਭਿਆ ਖੰਜਰ ਸਾਡੇ,
ਠੰਢ ਕਾਲਜੇ ਤੁਹਾਡੇ ਨ ਪਾਏ।
ਬਲਦੇ ਟਾਇਰ ਗਲ਼ਾਂ 'ਚ ਪਾ ਕੇ,
ਖੂਨ ਦੇ ਫਿਰ ਵੀ ਰਹੇ ਤ੍ਰਿਹਾਏ।
ਕਾਤਿਲ ਫਿਰਦੇ ਦਨਦਨਾਉਂਦੇ,
ਅੰਨ੍ਹੇ ਕਾਨੂੰਨ ਦੇ ਹੱਥ ਨਾ ਆਏ।
ਘਾਣ ਮਨੁੱਖਤਾ ਦਾ ਸਹਿ ਕੇ ਵੀ,
ਅੱਤਵਾਦੀ ਵੀ ਅਸੀਂ ਕਹਾਏ।

ਕਾਤਿਲ ਬਣ ਗਏ ਦਰਬਾਰੀ,
ਮਕਤੂਲ ਰਹੇ ਭੱਠੀਆਂ 'ਚ ਸੜਦੇ।
ਦੇਖਦੇ ਰਹੇ ਖਾਮੋਸ਼ ਤਮਾਸ਼ਾ,
ਜਿਨ੍ਹਾਂ ਲਈ ਸਦਾ ਰਹੇ ਲੜਦੇ।
ਚੁਣੇ ਨੇਤਾ ਵੀ ਹੋ ਗਏ ਗੁੰਗੇ,
ਨਾ ਹਾਅ ਦਾ ਨਾਅਰਾ ਭਰਦੇ।
ਚੋਰਾਂ ਨਾਲ ਕੁੱਤੀ ਜਾ ਰਲ ਗਈ,
ਕੌਣ ਇਨਸਾਫ਼ ਫਿਰ ਕਰਦੇ।

ਗੱਡਿਆ ਵਿਹੜੇ ਸੇਹ ਦਾ ਤੱਕਲਾ,
ਯਾਦ ਜ਼ੁਲਮ ਦੀ ਸਦਾ ਕਰਾਉ।
ਆਉਂਦੀ ਪੀੜ੍ਹੀ ਨੂੰ ਦੇਹ ਸੰਦੇਸ਼ਾ,
ਜਾਗ ਅਣਖ ਦੀ ਸਦਾ ਲਗਾਉ।
ਕੌਮ ਲਈ ਬਣੂੰ ਦੁਖਦੀ ਰਗ,
ਸ਼ਹੀਦਾਂ ਦੀ ਸਦਾ ਰੂਹ ਤੜਫਾਉ।
ਮਿਟ ਜਾਣਾ ਦੇਸ਼ ਧਰਮ ਤੋਂ,
ਉੱਚਾ ਜੈਕਾਰਾ ਫਿਰ ਨਿੱਤ ਲੁਆਓ।
-'ਨੂਰਪੁਰੀ'

---

### ਪੰਜਾਬੀਓ ਕਿੱਧਰ ਨੂੰ?

ਭੇਡਾਂ ਦੇ ਇੱਜੜਾਂ ਵਾਂਗ, ਬੰਨ ਬੰਨ ਕਾਫਲੇ,
ਪਰਬਤਾਂ ਨੂੰ ਰੋਂਦਿਆਂ ਛੱਡ,
ਦਰਿਆਵਾਂ ਨਾਲ ਨਾਰਾਜ਼ ਹੋ ਕੇ,
ਮਿੱਟੀ ਨੂੰ ਪਿੱਠ ਵਿਖਾ ਕੇ,
ਲਿਸ਼ਕਦੀਆਂ ਕਣਕਾਂ ਤੋਂ ਮੂੰਹ ਫੇਰ ਕੇ,
ਲਵੇਰਿਆਂ ਤੋਂ ਅੱਖਾਂ ਚੁਰਾ ਕੇ,
ਯੂ ਪੀ ਬਿਹਾਰ ਨੂੰ ਚਾਬੀਆਂ ਫੜਾ ਕੇ,
ਜਿੰਦਰਿਆਂ ਨੂੰ ਦਰਾਂ ਮੂਹਰੇ ਲਟਕਾ ਕੇ,
ਤੁਸੀਂ ਕਿੱਧਰ ਨੂੰ ਚੱਲੇ? ਵੇ ਤੁਸੀਂ ਕਿੱਧਰ ਨੂੰ ਚੱਲੇ?

ਨਨਕਾਣੇ ਨੂੰ ਵਿਸਾਰ ਕੇ, ਪਟਨੇ ਨੂੰ ਤਿਆਗ ਕੇ,
ਸਰਹੰਦ ਨੂੰ ਭੁਲਾ ਕੇ, ਅੰਮ੍ਰਿਤ ਭਿੱਜੀ ਬਾਣੀ ਨੂੰ,
ਮਰਦਾਨੇ ਦੀ ਰਬਾਬ ਨੂੰ, ਫਰੀਦ ਦੇ ਸ਼ਾਹੀ ਸ਼ਬਦਾਂ ਨੂੰ,
ਗੌਤਮ ਦੀ ਸੋਚ ਨੂੰ, ਹੀਰ ਦੀਆਂ ਸੰਦਲੀ ਸਤਰਾਂ ਨੂੰ,
ਥਲਾਂ 'ਚ ਤੜਫਦੇ ਇਸ਼ਕ ਨੂੰ, ਨਾਥ ਦੇ ਟਿੱਲੇ ਨੂੰ,
ਹੜੱਪਾ ਦੀਆਂ ਗਲੀਆਂ ਨੂੰ,
ਤੋਪਾਂ, ਫਾਂਸੀਆਂ, ਜੇਲ੍ਹਾਂ ਦੀਆਂ,
ਸਾਰੰਗੀ ਦੇ ਸੁਰਾਂ ਵਿਚ, ਹੇਕਾਂ ਲਾਉਂਦੀਆਂ ਵਾਰਾਂ ਨੂੰ,
ਤੁਸੀਂ ਬਿਨਾ ਗਾਇਆਂ ਹੀ ਕਿੱਧਰ ਨੂੰ ਚੱਲੇ?
ਵੇ ਤੁਸੀਂ ਕਿੱਧਰ ਨੂੰ ਚੱਲੇ?

ਧੁੱਪਾਂ ਦੇ ਗਹਿਣੇ ਗੋਟੇ,
ਚੰਨ ਦੀਆਂ ਕਿਨਾਰੀਆਂ ਗੋਟੇ, ਗਿਰਵੀ ਰੱਖ,
ਸੰਦੂਕਾਂ ਨੂੰ ਅਟੈਚੀ ਕੇਸਾਂ 'ਚ ਭਰ ਕੇ,
ਭਾਸ਼ਾ ਦਾ ਭਾਰ ਮੋਢਿਆਂ ਉੱਤੇ ਲੱਦ ਕੇ,
ਰੁਖਾਂ ਦੀ ਬਰਾਦਰੀ ਤੋਂ ਨਾਤਾ ਤੋੜ ਕੇ,
ਭਰੇ ਭਰਾਏ ਵਿਹੜਿਆਂ ਨੂੰ,
ਕੱਲਿਆਂ ਕਿਸ ਆਸਰੇ ਛੱਡ,
ਤੁਸੀਂ ਕਿੱਧਰ ਨੂੰ ਚੱਲੇ? ਵੇ ਤੁਸੀਂ ਕਿੱਧਰ ਨੂੰ ਚੱਲੇ?

ਵੇ ਬੇਸਬਰਿਉ!
ਤੁਸੀਂ ਪੱਥੀਆਂ ਖੇਸਾਂ ਦੀ ਵਿਰਾਸਤ,
ਸਭਿਅਤਾ ਦੇ ਰੰਗ 'ਚ ਰੰਗੇ ਮੇਲੇ,
ਸਾਉਣ ਦੀਆਂ ਝੜੀਆਂ 'ਚ ਪੂੜਿਆਂ ਦੀ ਮਹਿਕ,
ਪੀਂਘ ਦੀ ਫੱਟੀ ਨੂੰ ਹਵਾ ਵਿਚ ਲਮਕਦੀ ਛੱਡ,
ਸਰਾਣੇ ਉੱਤੇ ਉੱਕਰੇ ਮੋਰ ਦੀ ਕੂਕ ਨੂੰ
ਅਣਸੁਣਿਆਂ ਕਰ,
ਸੁੰਢ ਰਲਾ ਕੇ, ਪੰਜੀਰੀ ਖਾਣ ਦੀ ਰੁੱਤ ਛੱਡ ਕੇ,
ਤੁਸੀਂ ਕਿੱਧਰ ਨੂੰ ਚੱਲੇ?

ਅੱਛਾ! ਜੇ ਚੱਲੇ ਈ ਹੋ, ਤਾਂ ਭੁੱਲ ਨਾ ਜਾਇਉ,
ਪੰਜ ਕੱਕਿਆਂ ਦਾ ਇਤਿਹਾਸ,
ਕੋਰੀ ਚਾਟੀ 'ਚੋਂ ਚੁਰਾਏ ਮੱਖਣ ਦਾ ਸਵਾਦ,
ਚੁੱਲ੍ਹੇ 'ਚੋਂ ਨਿਕਲਦੇ ਧੂੰਏਂ ਦੇ ਛੱਲੇ,
ਬੁਢਾਪੇ ਦੀ ਊ ਊ, ਭੁੱਲ ਨਾ ਜਾਇਉ!
ਮਾਂ ਦੀਆਂ ਐਨਕਾਂ ਦੀ ਉਡੀਕ,
ਬਾਪੂ ਦੇ ਕਰਜ਼ੇ ਦੀ ਰਕਮ ਦਾ ਹਿਸਾਬ,
ਜੇ ਛੱਡਕੇ ਈ ਜਾਣਾ ਹੈ ਪੰਜਾਬ,
ਤਾਂ ਆਪਣੀ ਕੌਮ ਦੇ ਫਰਜ਼ੰਦੋ!,
ਭੁੱਲ ਨਾ ਜਾਇਓ,
ਆਲ੍ਹਣੇ 'ਚ ਵਾਪਸ ਆਉਣ ਦੀ ਰੀਤ,
ਵਾਅਦਾ ਕਰੋ! ਲਾਂਬੂ ਲਾਉਣ ਤਾਂ ਆਵੋਂਗੇ?
ਜੇ ਨਾ ਆਏ ਤਾਂ ਇੱਕ ਦਿਨ ਬਹੁਤ ਪਛਤਾਵੋਂਗੇ,
ਇੱਕ ਦਿਨ ਬਹੁਤ ਪਛਤਾਵੋਂਗੇ।
*ਰਜਿੰਦਰ ਕੌਰ ਪੰਨੂੰ*

# ਨਾਮ ਦੀ ਮਹਿਮਾ

ਇਲਾਹਾਬਾਦ ਹਾਈ ਕੋਰਟ ਨੇ ਆਪਣੇ ਇਕ ਤਾਜ਼ਾ ਫੈਸਲੇ ਵਿਚ ਵਿਅਕਤੀ ਦੇ ਨਾਮ ਦੀ ਮਹਿਮਾ ਬਿਆਨ ਕਰਦਿਆਂ ਬਹੁਤ ਹੀ ਮਹੱਤਵਪੂਰਨ ਟਿੱਪਣੀਆਂ ਕਰਦਿਆਂ ਆਖਿਆ, 'ਨਾਮ ਇਕ ਵਿਅਕਤੀ ਦੇ ਜੀਵਨ ਦਾ ਅਟੁੱਟ ਅੰਗ ਹੈ, ਨਾਮ ਰੱਖਣਾ ਜਾਂ ਬਦਲਣਾ ਮੌਲਿਕ ਅਧਿਕਾਰ ਹੈ'।

ਪਹਿਲਾ ਨਾਮ ਜਾਰੀ ਰੱਖਣ ਜਾਂ ਇਸ ਨੂੰ ਆਪਣੀ ਪਸੰਦ ਜਾਂ ਚੋਣ ਮੁਤਾਬਕ ਬਦਲਣ ਨੂੰ ਭਾਰਤ ਦੇ ਸੰਵਿਧਾਨ ਦੇ ਆਰਟੀਕਲਾਂ 19 (1) (ਏ), 21 ਅਤੇ 14 ਤਹਿਤ ਮੌਲਿਕ ਅਧਿਕਾਰ ਮੰਨਦਿਆਂ, ਇਲਾਹਾਬਾਦ ਹਾਈ ਕੋਰਟ ਨੇ ਇਕ ਕੇਸ ਦੀ ਸੁਣਵਾਈ ਦੌਰਾਨ ਕਿਹਾ ਕਿ ਮਾਨਵੀ ਜੀਵਨ ਦੀ ਮਿੱਤਰਤਾਈ/



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਨਿਕਟਤਾ ਅਤੇ ਇਕ ਵਿਅਕਤੀ ਦਾ ਨਾਮ ਇਕ ਅਟੁੱਟ ਤੇ ਅਨਿੱਖੜਵਾਂ ਅੰਗ ਹਨ।

ਜਸਟਿਸ ਅਜੈ ਭਨੋਟ 'ਤੇ ਆਧਾਰਤ ਬੈਂਚ ਨੇ ਹੋਰ ਕਿਹਾ, 'ਮਾਨਵੀ ਨਾਮ ਇਕ ਵਿਅਕਤੀ ਦੇ ਜੀਵਨ ਦਾ ਅਟੁੱਟ ਅੰਗ ਹੈ; ਇਹ ਹਰ ਵਿਅਕਤੀ ਨੂੰ ਇਕ ਵਿਲੱਖਣ ਪਛਾਣ ਦਿੰਦਾ ਹੈ; ਮਾਨਵ ਜਾਤੀ ਵਲੋਂ ਸਮਾਜਿਕ ਗਰੁੱਪਾਂ 'ਚ ਪ੍ਰਵੇਸ਼ ਕਰਨ ਅਤੇ ਇਕ ਨਸਲ ਵਜੋਂ ਵਿਕਸਤ ਹੋਣ ਲਈ ਜ਼ਰੂਰੀ ਸਾਧਨ ਹੈ। ਨਾਮ ਦੇ ਮਹੱਤਵ ਦਾ ਤਜਰਬਾ ਜੀਵਨ ਦੇ ਹਰ ਪਹਿਲੂ, ਜਿਸ ਵਿਚ ਸਮਾਜਿਕ ਆਦਾਨ ਪ੍ਰਦਾਨ ਵੀ ਸ਼ਾਮਲ ਹੈ, ਵਿਚ ਕੀਤਾ ਜਾਂਦੈ; ਮਾਨਵ ਦੇ ਨਾਮ ਦੀ ਸ਼ਕਤੀ ਅਤੇ ਸ਼ਾਨ ਸਮੇਂ ਦੇ ਆਰ-ਪਾਰ ਜਾਂਦੀ ਹੈ ਅਤੇ ਇਹ ਸੀਮਾਵਾਂ ਵਿਚ ਕੈਦ ਨਹੀਂ ਹੁੰਦੀ'।

ਬੈਂਚ ਸਮੀਰ ਰਾਉ ਦੀ ਪਟੀਸ਼ਨ ਪ੍ਰਵਾਨ ਕਰਨ ਵੇਲੇ ਸੁਣਵਾਈ ਕਰ ਰਿਹਾ ਸੀ। ਪਟੀਸ਼ਨ ਕਰਤਾ ਨੇ ਉੱਤਰ ਪ੍ਰਦੇਸ਼ ਦੇ ਬੋਰਡ ਆਫ ਹਾਈ ਸਕੂਲ ਐਂਡ ਇੰਟਰਮੀਡੀਏਟ ਐਜੂਕੇਸ਼ਨ ਵਲੋਂ ਸਰਟੀਫਿਕੇਟਾਂ ਉਪਰ ਉਸ ਦੇ ਨਾਮ ਬਦਲਣ ਬਾਰੇ ਦਿੱਤੀ ਅਰਜ਼ੀ ਨੂੰ ਰੱਦ ਕੀਤੇ ਜਾਣ ਨੂੰ ਹਾਈ ਕੋਰਟ ਵਿਚ ਚੈਲੇਂਜ ਕੀਤਾ ਸੀ।

ਬੈਂਚ ਨੇ ਬੋਰਡ ਅਧਿਕਾਰੀਆਂ ਦੇ ਰਵੱਈਏ ਨੂੰ ਆਪਹੁਦਰਾ ਅਤੇ ਕਾਨੂੰਨਨ ਗਲਤ-ਨਿਰਦੇਸ਼ਿਤ ਗਰਦਾਨਦਿਆਂ ਕਿਹਾ ਕਿ ਨਾਮ ਬਦਲੇ ਜਾਣ ਦੀ ਅਰਜ਼ੀ ਖਾਰਜ ਕਰਨਾ ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਦੇ ਅਨੁਸ਼ੇਦਾਂ 19(1)(ਏ),21 ਅਤੇ 14 ਦੀ ਉਲੰਘਣਾ ਹੈ।

ਬੈਂਚ ਨੇ ਬੋਰਡ ਨੂੰ ਆਦੇਸ਼ ਦਿੱਤੇ ਕਿ ਉਹ ਪਟੀਸ਼ਨਕਰਤਾ ਦਾ ਨਾਮ 'ਸ਼ਾਹਨਵਾਜ਼' ਤੋਂ ਬਦਲ ਕੇ 'ਐਮਡੀ ਸਮੀਰ ਰਾਉ' ਕਰਨ ਅਤੇ ਬਦਲੇ ਹੋਏ ਨਾਮ ਵਾਲਾ ਸਰਟੀਫਿਕੇਟ ਜਾਰੀ ਕਰਨ।

ਇਥੇ ਇਹ ਦੱਸ ਦਈਏ ਕਿ 2013 ਅਤੇ 2015 ਦੇ ਸਰਟੀਫਿਕੇਟਾਂ ਉਪਰ ਇਹ ਨਾਮ ਸ਼ਾਹਨਵਾਜ਼ ਸੀ। ਸਤੰਬਰ-ਅਕਤੂਬਰ 2020 ਨੂੰ ਉਸ ਨੇ ਜਨਤਕ ਤੌਰ 'ਤੇ ਜ਼ਾਹਿਰ ਕੀਤਾ ਕਿ ਉਸ ਨੇ ਆਪਣਾ ਨਾਂ ਸ਼ਾਹਨਵਾਜ਼ ਤੋਂ ਬਦਲ ਕੇ ਐਮਡੀ ਸਮੀਰ ਰਾਉ ਰੱਖ ਲਿਐ। ਉਸ ਨੇ ਇਸ ਸਬੰਧੀ ਬੋਰਡ ਨੂੰ ਅਰਜ਼ੀ ਦਿੱਤੀ ਜੋ ਇਸ ਕਾਰਨ ਰੱਦ ਕਰ ਦਿੱਤੀ ਗਈ ਕਿ ਪ੍ਰਾਂਤ ਦੇ ਇੰਟਰਮੀਡੀਏਟ ਐਜੂਕੇਸ਼ਨ ਐਕਟ 1921 ਦੇ ਨਿਯਮ 40(ਕ) ਅਨੁਸਾਰ ਜਿਸ ਸਾਲ ਇਮਤਿਹਾਨ ਦਿੱਤੇ ਹੋਣ ਉਸ ਦੇ 3 ਸਾਲਾਂ ਦੇ ਅੰਦਰ ਅਜਿਹੀ ਅਰਜ਼ੀ ਦੇਣੀ ਲਾਜ਼ਮੀ ਹੈ। ਬੋਰਡ ਅਨੁਸਾਰ ਕਿਉਂਕਿ ਮੌਜੂਦਾ ਅਰਜੀ 7 ਸਾਲ 5 ਮਹੀਨੇ ਬਾਅਦ ਦਿੱਤੀ ਗਈ ਹੈ, ਇਸ ਲਈ ਰੱਦ ਕੀਤੀ ਜਾਂਦੀ ਹੈ।

ਬੈਂਚ ਨੇ ਉਪਰੋਕਤ ਨਿਯਮਾਂ ਨੂੰ ਪਹਿਲਾਂ ਦਸੇ ਆਰਟੀਕਲਾਂ ਤਹਿਤ ਮੌਲਿਕ ਅਧਿਕਾਰਾਂ ਦੀ ਉਲੰਘਣਾ ਮੰਨਦਿਆਂ ਇਸ ਵਿਤਕਰੇਪੂਰਨ ਆਧਾਰ ਨੂੰ ਵੀ ਖਾਰਜ ਕਰ ਦਿੱਤਾ।

ਬੈਂਚ ਨੇ ਕਈ ਇਤਿਹਾਸਕ ਹਵਾਲੇ ਅਤੇ ਸੁਪਰੀਮ ਕੋਰਟ ਅਤੇ ਹੋਰ ਪ੍ਰਾਂਤਕ ਹਾਈ ਕੋਰਟਾਂ ਦੇ ਹਵਾਲੇ ਵੀ ਦਿੱਤੇ।

ਬੈਂਚ ਨੇ ਕਿਹਾ, 'ਨਾਮ ਬਦਲਣ ਦੀਆਂ ਜੜ੍ਹਾਂ ਵੱਖ ਵੱਖ ਸਮਾਜਾਂ ਦੇ ਪ੍ਰਾਚੀਨ ਰਸਮਾਂ ਰੀਤਾਂ ਵਿਚ ਹਨ। ਵੱਖ ਵੱਖ ਧਰਮਾਂ ਦੇ ਪੁਜਾਰੀਆਂ ਦੀ ਸ਼੍ਰੇਣੀ ਇਸ ਪ੍ਰਤੀਕ ਵਜੋਂ ਜਨਮ ਵੇਲੇ ਦਾ ਨਾਮ ਬਦਲਦੀ ਹੈ ਕਿ ਪਿਛਲੇ ਸਬੰਧਾਂ ਦਾ ਤਿਆਗ ਕੀਤਾ ਜਾਂਦੈ ਅਤੇ ਨਵਾਂ ਨਾਮਕਰਨ ਕਰਦੀ ਐ ਜੋ ਕਿ ਵਡੇਰੇ ਪ੍ਰਯੋਜਨ ਦੀ ਖੋਜ ਦਾ ਪ੍ਰਗਟਾਵਾ ਹੁੰਦੈ।

ਬੈਂਚ ਨੇ ਹੋਰ ਉਦਾਹਰਨ ਦਿੰਦਿਆਂ ਕਿਹਾ ਕਿ ਧਰਮ ਅਤੇ ਜਾਤੀ ਪਰਿਵਰਤਨ ਕਾਰਨ ਵੀ ਨਾਮ ਬਦਲੇ ਜਾਂਦੇ ਹਨ। ਇਸ ਕਾਰਨ ਤਬਦੀਲੀ ਰੋਕਣਾ ਸੰਵਿਧਾਨ ਦੇ ਅਨੁਸ਼ੇਦ 25 ਦੀ ਅਵਹੇਲਨਾ ਕਰਨਾ ਹੋਵੇਗਾ ਜਿਸ ਤਹਿਤ ਧਰਮ ਧਾਰਨ/ਅੰਗੀਕਾਰ/ਪ੍ਰਚਾਰ ਕਰਨ ਅਤੇ ਅਮਲ ਕਰਨ ਦਾ ਮੌਲਿਕ ਅਧਿਕਾਰ ਹੈ' ਜਸਟਿਸ ਭਨੋਟ ਨੇ ਕਿਹਾ।



ਬੈਂਚ ਨੇ ਇਕ ਪਹਿਲੂ ਹੋਰ ਛੋਹਿਆ। ਬੈਂਚ ਨੇ ਕਿਹਾ ਕਿ ਮੁਲਕ ਵਿਚ ਵੱਖ ਵੱਖ ਬੋਰਡਾਂ ਅਧੀਨ ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਦੀ ਇਕ ਸ਼੍ਰੇਣੀ ਹੈ ਅਤੇ ਸੀ.ਬੀ.ਐਸ.ਈ. ਦੇ ਉਪ-ਕਾਨੂੰਨ ਨਾਮ ਤਬਦੀਲੀ ਉਪਰ ਕੋਈ ਅਜਿਹੀ ਰੋਕ ਨਹੀਂ ਲਗਾਉਂਦੇ ਜੋ ਉੱਤਰ ਪ੍ਰਦੇਸ਼ ਦਾ ਬੋਰਡ ਲਗਾਉਂਦਾ ਹੈ।"ਇਸ ਲਈ ਇਹ ਰੋਕ ਸੰਵਿਧਾਨ ਦੇ ਅਨੁਸ਼ੇਦ 14 ਤਹਿਤ ਮਿਲੇ ਬਰਾਬਰੀ ਦੇ ਮੌਲਿਕ ਅਧਕਿਾਰ ਦੀ ਉਲੰਘਣਾ ਹੈ', ਬੈਂਚ ਨੇ ਦਲੀਲ ਦਿੰਦਿਆਂ ਕਿਹਾ।

ਬੈਂਚ ਨੇ ਸਪੱਸ਼ਟ ਕਿਹਾ ਕਿ ਨਾਮ ਰੱਖਣਾ ਜਾਂ ਆਪਣੀ ਮਰਜ਼ੀ/ਪਸੰਦ ਅਨੁਸਾਰ ਬਦਲਣਾ ਜੀਣ ਦੇ ਅਧਿਕਾਰ ਦੀ ਬਲਸ਼ਾਲੀ/ਪ੍ਰਚੰਡ ਸ਼ਕਤੀ ਦੇ ਵੇਗ ਤਹਿਤ ਆਉਂਦੈ, ਜਿਸ ਦੀ ਗਰੰਟੀ ਭਾਰਤ ਦੇ ਸੰਵਿਧਾਨ ਦੇ ਅਨੁਸ਼ੇਦ 21 ਅਧੀਨ ਪ੍ਰਾਪਤ ਹੈ।

ਇਥੇ ਯਾਦ ਕਰਵਾਉਣਾ ਜ਼ਰੂਰੀ ਹੈ ਕਿ ਇਲਾਹਾਬਾਦ ਹਾਈ ਕੋਰਟ ਨੇ ਕੁਝ ਸਾਲ ਪਹਿਲਾਂ ਵੀ ਇਕ ਵਿਅਕਤੀ ਰਿਸ਼ੂ ਜੈਸਵਾਲ ਵਲੋਂ ਆਪਣਾ ਨਾਮ ਕਬੀਰ ਜੈਸਵਾਲ ਬਦਲੇ ਜਾਣ ਨੂੰ ਨਾ ਮੰਨੇ ਜਾਣ ਵਿਰੁੱਧ ਪਟੀਸ਼ਨ ਉਪਰ ਸੁਣਵਾਈ ਕਰਦਿਆਂ ਨਾਮ ਬਦਲਣ ਨੂੰ ਮੌਲਿਕ ਅਧਿਕਾਰ ਵਿਚ ਮੰਨਿਆ ਸੀ ਅਤੇ ਇਸ ਨੂੰ ਭਾਰਤੀ ਸੰਵਿਧਾਨ ਦੇ ਅਨੁਸ਼ੇਦ 19(1)(ਏ) ਤਹਿਤ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਅਧੀਨ ਆਉਂਦਾ ਐਲਾਨਿਆ ਸੀ।

ਵੈਸੇ ਵੀ ਨਾਮ ਵਿਅਕਤੀ ਦੀ ਪਛਾਣ ਦਾ ਅਸਲੀ ਅੰਸ਼ ਹੈ ਜਾਂ ਸੁਭਾਵਕ/ਵਾਸਤਵਿਕ ਸਾਰ-ਤੱਤ/ਮੂਲ ਹੈ!

ਬੌਲੀਵੁੱਡ ਵਿਚ ਦਰਜਨਾਂ ਅਭਿਨੇਤਾ/ਅਭਿਨੇਤਰੀਆਂ ਆਪਣਾ ਨਾਮ ਬਦਲਦੇ ਹਨ। ਸਭ ਨੂੰ ਪਤੈ ਕਿ ਦਲੀਪ ਕੁਮਾਰ ਦਾ ਨਾਮ ਯੂਸਫ ਸੀ ਅਤੇ ਸੰਜੀਵ ਕੁਮਾਰ ਦਾ ਹਰੀਹਰ ਜੇਠਾਲਾਲ ਜਰੀਵਾਲਾ। ਅਮਿਤਾਬ ਬਚਨ ਦਾ ਪਹਿਲਾ ਨਾਮ ਇਨਕਲਾਬ ਸ੍ਰੀਵਾਸਤਵਾ ਅਤੇ ਜਤਿੰਦਰ ਦਾ ਰਵੀ ਕਪੂਰ ਹੈ। ਹੋਰ ਵੀ ਅਜਿਹੇ ਅਨੇਕਾਂ ਕਲਾਕਾਰ ਹਨ ਜਿਨ੍ਹਾਂ ਨੇ ਨਾਮ ਬਦਲੇ ਹਨ।

ਸਾਡੇ ਸਮਾਜ ਵਿਚ ਇਹ ਰਿਵਾਜ਼ ਹੁੰਦਾ ਸੀ ਕਿ ਨਵ-ਵਿਆਹੀ ਦੁਲਹਨ ਦਾ ਪੇਕਿਆਂ ਵਾਲਾ ਨਾਮ ਬਦਲ ਕੇ ਸਹੁਰਾ ਪਰਿਵਾਰ ਵੱਖਰਾ ਨਾਮ ਰੱਖ ਦਿੰਦਾ ਸੀ। ਵਿਆਹ ਮਗਰੋਂ ਬਹੁਤੀਆਂ ਔਰਤਾਂ ਆਪਣੇ ਪਤੀ ਵਾਲਾ 'ਸਰਨੇਮ' ਲਗਾਉਣ ਲੱਗ ਪੈਂਦੀਆਂ ਹਨ। ਕਈ ਨੌਕਰੀ ਕਰਨ ਵਾਲੀਆਂ ਔਰਤਾਂ ਸਰਨੇਮ ਨਹੀਂ ਵੀ ਬਦਲਦੀਆਂ ਜਾਂ ਦੋਨੋਂ ਸਰਨੇਮ, ਪੇਕਿਆਂਵਾਲਾ ਵੀ ਅਤੇ ਸਹੁਰਿਆਂ ਵਾਲਾ ਵੀ, ਲਗਾਉਣ ਲੱਗ ਪੈਂਦੀਆਂ ਹਨ।

ਅਜੋਕਾ ਬੰਦਾ ਖੁਦ ਬਰਾਂਡ ਬਣਨਾ ਲੋਚਦੈ। ਉਹ ਨਾਮ ਬਦਲ ਕੇ ਆਪਣੇ ਆਪ ਨੂੰ 'ਰੀ-ਬਰਾਂਡ' ਕਰਦੈ। ਕਈ ਨਾਮ ਵੀ ਬੜੇ ਅਵੱਲੇ ਜਿਹੇ ਹੁੰਦੇ ਹਨ। ਉਨ੍ਹਾਂ ਦਾ ਬਦਲਣਾ ਹੀ ਬਿਹਤਰ ਐ। ਅੱਲਾਂ ਤਾਂ ਬਹੁਤ ਹੀ ਅਵੈੜੀਆਂ ਹੁੰਦੀਆਂ ਹਨ, ਕਈ ਵਾਰ ਲੜਾਈ ਦਾ ਕਾਰਨ ਬਣਦੀਆਂ ਹਨ। ਅੱਲ ਬੜੀ ਮੁਸ਼ਕਲ ਨਾਲ ਪਿੱਛਾ ਛੱਡਦੀ ਹੈ, ਜੇ ਸਾਹਮਣੇ ਨਹੀਂ ਤਾਂ ਪਿੱਠ ਪਿੱਛੇ ਇਸ ਨੂੰ ਵਰਤਿਆ ਜਾਂਦੈ।

ਅਜੋਕੀ ਸਰਕਾਰ ਨੇ ਤਾਂ ਸੈਂਕੜੇ ਥਾਵਾਂ, ਸੰਸਥਾਵਾਂ, ਸਮਾਰਕਾਂ ਦੇ ਨਾਮ ਬਦਲ ਛੱਡੇ ਹਨ, ਫਿਰ ਇਕ ਵਿਅਕਤੀ ਦੇ ਆਪਣੇ ਮੌਲਿਕ ਅਧਿਕਾਰ ਤਹਿਤ ਨਾਮ ਬਦਲਣ ਵੇਲੇ ਕਿੰਤੂ-ਪ੍ਰੰਤੂ ਕਿਉਂ?

ਇਲਾਹਾਬਾਦ ਹਾਈ ਕੋਰਟ ਵਲੋਂ ਨਾਮ ਦੀ ਮਹਿਮਾ ਬਾਰੇ ਵਿਚਾਰਾਂ ਨੂੰ ਸੁਣ ਕੇ ਅੰਗਰੇਜ਼ੀ ਦਾ ਮਹਾਨ ਲੇਖਕ ਵਿਲੀਯਮ ਸ਼ੇਕਸਪੀਅਰ ਤਾਂ ਦੁਹੱਥੜੀਂ ਪਿੱਟਦਾ ਹੋਊ ਕਿਉਂਕਿ ਉਸ ਨੇ ਆਪਣੇ ਪ੍ਰਸਿੱਧ ਨਾਟਕ 'ਰੋਮੀਓ ਐਂਡ ਜੂਲੀਅਟ' ਵਿਚ ਇਕ ਬੜਾ ਹੀ ਪ੍ਰਚੱਲਤ ਪ੍ਰਸ਼ਨ ਕੀਤਾ ਸੀ ਕਿ ਨਾਮ 'ਚ ਕੀ ਰੱਖਿਐ'? ਫਿਰ ਆਪ ਹੀ ਕਹਾਵਤੀ ਉੱਤਰ ਵੀ ਦਿੱਤਾ ਸੀ ਕਿ 'ਇਕ ਗੁਲਾਬ ਨੂੰ ਜਿਸ ਮਰਜ਼ੀ ਨਾਮ ਨਾਲ ਪੁਕਾਰੋ ਉਸ ਦੀ ਸੁਗੰਧੀ ਓਨੀ ਹੀ ਮਿੱਠੀ-ਪਿਆਰੀ ਹੋਵੇਗੀ'।

ਪਰ ਵਿਸ਼ਵ ਭਰ ਵਿਚ ਪਬਲਿਕ ਸਪੀਕਿੰਗ ਦੇ ਪ੍ਰਾਰੰਭਕਾਰ ਵਜੋਂ ਜਾਣੇ ਜਾਂਦੇ ਨਾਮਵਰ ਅਮਰੀਕਨ ਲੇਖਕ ਡੇਲ ਕਾਰਨੇਗੀ ਕੱਛਾਂ ਵਜਾ ਰਹੇ ਹੋਣਗੇ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ 'ਇਕ ਸ਼ਖਸ ਲਈ ਉਸ ਦਾ ਨਾਮ ਸਭ ਤੋਂ ਪਿਆਰਾ/ਮਿੱਠਾ ਅਤੇ ਕਿਸੇ ਵੀ ਭਾਸ਼ਾ ਵਿਚਲੀ ਸਭ ਤੋਂ ਮਹੱਤਵਪੂਰਨ ਧੁਨੀ (ਸਾਊਂਡ) ਹੁੰਦਾ ਹੈ"।

ਖੈਰ, ਮਾਣਯੋਗ ਅਦਾਲਤ ਦੇ ਇਸ ਇਤਿਹਾਸਕ ਫੈਸਲੇ ਅੱਗੇ ਸਿਰ ਝੁਕਾਉਂਦਿਆਂ, ਇੱਥੇ ਸਾਨੂੰ ਅੰਗਰੇਜ਼ੀ ਦੇ ਕਵੀ ਐਡਮੰਡ ਸਪੈਂਸਰ (1552-1599) ਦੀ ਇਕ ਕਵਿਤਾ, 'ਇਕ ਦਿਨ ਮੈਂ ਉਸ ਦਾ ਨਾਮ (ਸਮੁੰਦਰ) ਕੰਢੇ/ਤਟ 'ਤੇ ਲਿਖਿਆ' ਯਾਦ ਆ ਗਈ। ਕਵੀ ਆਪਣੀ ਮਹਿਬੂਬਾ ਦਾ ਨਾਮ ਵਾਰ ਵਾਰ ਰੇਤ ਉਪਰ ਲਿਖਦਾ ਹੈ ਪਰ ਸਮੁੰਦਰ ਦੀਆਂ ਲਹਿਰਾਂ ਇਸ ਨੂੰ ਵਾਰ ਵਾਰ ਮਿਟਾ ਦਿੰਦੀਆਂ ਹਨ। ਉਸ ਦੀ ਮਹਿਬੂਬਾ ਉਸ ਨੂੰ ਪੁਛਦੀ ਹੈ ਕਿ ਤੂੰ ਇਕ ਨਾਸ਼ਵਾਨ ਵਿਅਕਤੀ ਨੂੰ ਅਮਰ ਕਰਨ ਦੀ ਹੰਕਾਰਮਈ ਕੋਸ਼ਿਸ਼ ਕਿਉਂ ਕਰ ਰਿਹੈਂ? ਜਦ ਮੈਂ ਖੁਦ ਨਹੀਂ ਰਹਿਣਾ ਤਾਂ ਮੇਰਾ ਨਾਮ ਕਿਵੇਂ ਰਹੂ? ਪਰ ਕਵੀ ਕਹਿੰਦਾ ਹੈ ਕਿ ਉਹ ਉਸ ਦੇ ਅਦਭੁਤ ਗੁਣਾਂ ਨੂੰ ਆਪਣੀ ਕਵਿਤਾ ਦੀਆਂ ਸਤਰਾਂ ਰਾਹੀਂ ਅਮਰ ਕਰ ਦਏਗਾ ਅਤੇ ਉਸ ਦੇ ਸ਼ਾਨਦਾਰ ਨਾਮ ਨੂੰ ਸੁਰਗਾਂ 'ਚ ਅੰਕਿਤ ਕਰ ਦਏਗਾ!

ਸਾਨੂੰ ਇਥੇ ਕਤੀਲ ਸ਼ਫਾਈ ਦਾ ਇਕ ਸ਼ੇਅਰ ਵੀ ਯਾਦ ਆ ਗਿਐ-

"ਜਾਨੇ ਕਿਤਨੀ ਉਮਰ ਕਟੇਗੀ ਇਸ ਨਾਦਾਨੀ ਮੇਂ,
ਅਪਨੇ ਅਕਸ ਕੋ ਢੂੰਡ ਰਹਾ ਹੂੰ ਖੌਲਤੇ ਪਾਨੀ ਮੇਂ"!

# ਖਿਡਾਰੀ ਤੇ ਖੇਡ ਵਿਦਵਾਨ ਪ੍ਰੋ. ਗੁਰਬਖ਼ਸ਼ ਸਿੰਘ ਸੰਧੂ


**ਭੁੱਲੇ ਵਿਸਰੇ ਖਿਡਾਰੀ**



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਪ੍ਰੋਫੈਸਰ ਗੁਰਬਖ਼ਸ਼ ਸਿੰਘ ਸੰਧੂ ਆਪਣੀ ਮਿਸਾਲ ਆਪ ਸੀ। ਨਵੀਂ ਪੀੜ੍ਹੀ ਉਸ ਨੂੰ ਨਹੀਂ ਜਾਣਦੀ ਤੇ ਪੁਰਾਣੀ ਪੀੜ੍ਹੀ ਵੀ ਭੁੱਲੀ ਬੈਠੀ ਹੈ। ਉਹ ਬਹੁਗੁਣਾ ਬੰਦਾ ਸੀ ਜੋ ਆਪਣੇ ਮਿੱਤਰ ਪਿਆਰੇ 400 ਮੀਟਰ ਦੇ ਏਸ਼ੀਆ ਚੈਂਪੀਅਨ ਡਾ. ਅਜਮੇਰ ਸਿੰਘ ਵਾਂਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਮਾਣ ਸੀ। ਜਦੋਂ ਉਹ ਗਰਾਊਂਡ 'ਚ ਜਾਂਦੇ ਤਾਂ ਖਿਡਾਰੀ ਆਪ-ਮੁਹਾਰੇ ਖੇਡ ਮੈਦਾਨਾਂ ਵੱਲ ਖਿੱਚੇ ਆਉਂਦੇ। ਯੂਨੀਵਰਸਿਟੀ ਦੇ ਖੇਡ ਮੈਦਾਨਾਂ ਵਿਚ ਰੌਣਕਾਂ ਲੱਗ ਜਾਂਦੀਆਂ। ਪ੍ਰੋਫੈਸਰ ਸੰਧੂ ਵਾਲੀਬਾਲ ਦਾ ਅੰਤਰਰਾਸ਼ਟਰੀ ਖਿਡਾਰੀ, ਕੌਮਾਂਤਰੀ ਕੋਚ ਤੇ ਖੇਡ ਮਨੋਵਿਗਿਆਨ ਦਾ ਮੰਨਿਆ ਦੰਨਿਆ ਮਾਹਿਰ ਸੀ। ਉਸ ਨੂੰ ਦੇਸ਼ ਪਰਦੇਸ ਦੇ ਅਨੇਕਾਂ ਮਾਣ ਸਨਮਾਨ ਮਿਲੇ। ਅਨੇਕਾਂ ਆਲਮੀ ਸੈਮੀਨਾਰਾਂ ਵਿਚ ਉਸ ਦੇ ਖੋਜ ਪੱਤਰ ਪੜ੍ਹੇ ਗਏ। ਉਸ ਦਾ ਜਨਮ 1 ਮਈ 1935 ਨੂੰ ਪਿੰਡ ਮਰਗਿੰਦਪੁਰਾ, ਤਹਿਸੀਲ ਪੱਟੀ ਵਿਚ ਊਧਮ ਸਿੰਘ ਸੰਧੂ ਦੇ ਘਰ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਹੋਇਆ ਸੀ। 1952-53 ਵਿਚ ਉਸ ਨੇ ਪੱਟੀ ਦੇ ਡੀਏਵੀ ਹਾਈ ਸਕੂਲ 'ਚੋਂ ਦਸਵੀਂ ਪਾਸ ਕੀਤੀ। ਉਦੋਂ ਤੋਂ ਹੀ ਉਹ ਪੰਜਾਬ ਸਕੂਲ ਵਾਲੀਬਾਲ ਚੈਂਪੀਅਨਸ਼ਿਪ ਜਿੱਤਣ ਵਾਲੀ ਟੀਮ ਦਾ ਹੋਣਹਾਰ ਸਕੂਲੀ ਖਿਡਾਰੀ ਸੀ।

1954 ਤੋਂ 57 ਤਕ ਉਹ ਡੀਏਵੀ ਕਾਲਜ ਜਲੰਧਰ ਵਿਚ ਪੜ੍ਹਿਆ ਜਿਥੇ ਉਨ੍ਹਾਂ ਦੀ ਟੀਮ ਹਰ ਸਾਲ ਪੰਜਾਬ ਯੂਨੀਵਰਸਿਟੀ ਦੀ ਵਾਲੀਬਾਲ ਚੈਂਪੀਅਨਸ਼ਿਪ ਜਿੱਤਦੀ ਰਹੀ। ਕਾਲਜ ਦੀਆਂ ਜਿੱਤਾਂ ਵਿਚ ਉਸ ਦਾ ਅਹਿਮ ਰੋਲ ਹੁੰਦਾ। 1958-59 'ਚ ਉਹ ਆਲ ਇੰਡੀਆ ਇੰਟਰ ਯੂਨੀਵਰਸਿਟੀ ਵਾਲੀਬਾਲ ਚੈਂਪੀਅਨਸ਼ਿਪ ਜਿੱਤਣ ਵਾਲੀ ਪੰਜਾਬ ਯੂਨੀਵਰਸਿਟੀ ਟੀਮ ਦਾ ਕਪਤਾਨ ਸੀ। ਤਦ ਤਕ ਉਸ ਨੇ ਐਮ. ਏ. ਦੀ ਡਿਗਰੀ ਹਾਸਲ ਕਰ ਲਈ ਸੀ। 1957 ਤੋਂ 61 ਤੱਕ ਉਹ ਪੰਜਾਬ ਰਾਜ ਵੱਲੋਂ ਵਾਲੀਬਾਲ ਦੀ ਨੈਸ਼ਨਲ ਚੈਂਪੀਅਨਸ਼ਿਪ ਖੇਡਿਆ। 1961 ਵਿਚ ਉਨ੍ਹਾਂ ਦੀ ਟੀਮ ਨੈਸ਼ਨਲ ਚੈਂਪੀਅਨ ਬਣੀ ਜਿਸ ਵਿਚ ਉਸ ਦਾ ਵਿਸ਼ੇਸ਼ ਯੋਗਦਾਨ ਸੀ। 1960-61 ਵਿਚ ਉਹ ਭਾਰਤੀ ਵਾਲੀਬਾਲ ਟੀਮ ਦਾ ਮੈਂਬਰ ਬਣ ਕੇ ਸੋਵੀਅਤ ਰੂਸ ਵਿਚ ਮਾਸਕੋ ਦਾ ਵਾਲੀਬਾਲ ਟੂਰਨਾਮੈਂਟ ਖੇਡਣ ਗਿਆ। 1961 ਵਿਚ ਲਾਹੌਰ ਦਾ ਇੰਟਨੈਸ਼ਨਲ ਵਾਲੀਬਾਲ ਗੋਲਡ ਕੱਪ ਖੇਡਿਆ ਤੇ ਜਪਾਨ ਵਿਰੁੱਧ ਖੇਡਣ ਵਾਲੀ ਭਾਰਤੀ ਟੀਮ ਵਿਚ ਚੁਣਿਆ ਗਿਆ। ਫਿਰ ਐੱਨ ਆਈ ਐੱਸ ਪਟਿਆਲੇ ਦੇ ਪਹਿਲੇ ਬੈਚ ਵਿਚ ਸ਼ਾਮਲ ਹੋ ਕੇ ਉਸ ਨੇ ਵਾਲੀਬਾਲ ਦੀ ਕੋਚਿੰਗ ਦਾ ਕੋਰਸ ਪਾਸ ਕੀਤਾ। ਫਿਰ ਉਹ ਕੁਝ ਸਮਾਂ ਡੀਏਵੀ ਕਾਲਜ ਅੰਮ੍ਰਿਤਸਰ ਅਤੇ ਸਟੇਟ ਫਿਜ਼ੀਕਲ ਐਜੂਕੇਸ਼ਨ ਕਾਲਜ ਪਟਿਆਲੇ ਵਿਚ ਵਾਲੀਬਾਲ ਦਾ ਕੋਚ ਰਿਹਾ। ਉਹ ਜੁੱਸੇ ਦਾ ਇਕਹਿਰਾ ਸੀ ਤੇ ਕੱਦ ਦਾ ਲੰਮਾ। ਮੈਂ ਜਿੰਨੀ ਵਾਰ ਵੀ ਉਸ ਨੂੰ ਮਿਲਿਆ ਉਹਦੀ ਬੋਲ ਬਾਣੀ ਤੋਂ ਪ੍ਰਭਾਵਿਤ ਹੁੰਦਾ ਰਿਹਾ। ਉਹ ਬੜਾ ਸੁਹਿਰਦ ਇਨਸਾਨ ਸੀ।




**ਪ੍ਰੋ. ਗੁਰਬਖ਼ਸ਼ ਸਿੰਘ ਸੰਧੂ ਅਤੇ ਉਮਰ ਭਰ ਦੀਆਂ ਖੇਡ ਤੇ ਸਿੱਖਿਆ ਸੇਵਾਵਾਂ ਲਈ ਉਸ ਨੂੰ ਮਿਲਿਆ ਸਪੋਰਟਸ ਸਾਈਕਾਲੋਜੀ ਆਫ਼ ਇੰਡੀਆ ਦਾ 2010-11 ਦਾ ਪੁਰਸਕਾਰ।**

1963 ਵਿਚ ਉਸ ਨੂੰ ਸੋਵੀਅਤ ਰੂਸ ਵੱਲੋਂ ਐਡਵਾਂਸ ਟ੍ਰੇਨਿੰਗ ਤੇ ਕੋਚਿੰਗ ਦਾ ਸਕਾਲਰਸ਼ਿਪ ਮਿਲਿਆ। ਉਸ ਨੇ ਤਾਸ਼ਕੰਦ ਯੂਨੀਵਰਸਿਟੀ ਤੋਂ ਰੂਸੀ ਭਾਸ਼ਾ ਦੀ ਮੁਹਾਰਤ ਹਾਸਲ ਕਰ ਕੇ ਲੈਨਿਨਗਰਾਦ ਦੇ ਸਪੋਰਟਸ ਇੰਸਟੀਚਿਊਟ ਤੋਂ ਐਡਵਾਂਸ ਕੋਚਿੰਗ ਅਤੇ ਖੇਡ ਮਨੋਵਿਗਿਆਨ ਦੀ ਡਿਗਰੀ ਪ੍ਰਾਪਤ ਕੀਤੀ। ਉਸ ਕੋਲ ਦੋ ਸਾਲ ਮਾਸਟਰ ਆਫ਼ ਸਪੋਰਟਸ ਕਰਨ ਵਾਲਿਆਂ ਦੀ ਵਾਲੀਬਾਲ ਟੀਮ ਪੀਟਰਜ਼ਬਰਗ ਦਾ ਚਾਰਜ ਰਿਹਾ। 1966 'ਚ ਉਹ ਖੇਡ ਵਿਭਾਗ ਪੰਜਾਬ ਵਿਚ ਸੀਨੀਅਰ ਵਾਲੀਬਾਲ ਕੋਚ ਲੱਗ ਗਿਆ ਤੇ ਭਾਰਤੀ ਵਾਲੀਬਾਲ ਟੀਮ ਦਾ ਕੋਚ ਬਣਿਆ। 1972 ਵਿਚ ਉਹ ਖੇਡ ਵਿਭਾਗ ਛੱਡ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਰੀਰਕ ਸਿੱਖਿਆ ਵਿਭਾਗ 'ਚ ਸੀਨੀਅਰ ਲੈਕਚਰਾਰ ਲੱਗਾ ਜਿੱਥੋਂ 1995 ਵਿਚ ਵਿਭਾਗ ਦੇ ਚੇਅਰਮੈਨ ਵਜੋਂ ਰਿਟਾਇਰ ਹੋਇਆ ਪਰ 1998 ਤਕ ਐਕਸਟੈਨਸ਼ਨ 'ਤੇ ਕਾਰਜ ਕਰਦਾ ਰਿਹਾ। 1972 ਤੋਂ 98 ਤੱਕ ਉਸ ਨੇ ਸੈਂਕੜੇ ਵਿਦਿਆਰਥੀਆਂ ਨੂੰ ਖੇਡਾਂ ਖੇਡਣ ਦੀ ਲਗਨ ਲਾਈ ਅਤੇ ਸਰੀਰਕ ਸਿੱਖਿਆ ਦੇਣ ਨਾਲ ਖੇਡਾਂ ਦੇ ਖੋਜ ਖੇਤਰ ਵਿਚ ਵੀ ਅਗਵਾਈ ਕੀਤੀ। ਉਹ ਨੈਸ਼ਨਲ ਕੋਚਜ਼ ਆਫ਼ ਇੰਡੀਆ ਦੇ ਪੈਨਲ ਵਿਚ ਰਿਹਾ ਅਤੇ 1993 ਤੋਂ 96 ਤਕ ਸਪੋਰਟਸ ਸਾਈਕਾਲੋਜੀ ਐਸੋਸੀਏਸ਼ਨ ਆਫ਼ ਇੰਡੀਆ ਦਾ ਸੀਨੀਅਰ ਮੀਤ ਪ੍ਰਧਾਨ ਰਿਹਾ। 2000 ਵਿਚ ਉਸ ਨੂੰ ਇੰਗਲੈਂਡ ਦੇ ਬੈੱਡਫੋਰਡ ਇੰਡੀਅਨ ਸਪੋਰਟਸ ਫੈਸਟੀਵਲ 'ਚ ਗੈੱਸਟ ਆਫ਼ ਆਨਰ ਬਣਾਇਆ ਗਿਆ। ਉਸ ਨੂੰ ਉਮਰ ਭਰ ਦੀਆਂ ਖੇਡ ਤੇ ਸਿੱਖਿਆ ਸੇਵਾਵਾਂ ਲਈ ਸਪੋਰਟਸ ਸਾਈਕਾਲੋਜੀ ਆਫ਼ ਇੰਡੀਆ ਦਾ 2010-11 ਦਾ ਪੁਰਸਕਾਰ ਦਿੱਤਾ ਗਿਆ। ਆਖ਼ਰ 22 ਮਾਰਚ 2015 ਨੂੰ ਉਸ ਦਾ ਦੁਖਦਾਈ ਦੇਹਾਂਤ ਹੋ ਗਿਆ। ਉਸ ਦੇ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਹੁਣ ਵਿਦੇਸ਼ਾਂ ਵਿਚ ਸਥਾਪਿਤ ਹਨ।

ਪ੍ਰੋ. ਗੁਰਬਖ਼ਸ਼ ਸਿੰਘ ਸੰਧੂ ਨੂੰ ਭਾਰਤ ਵਿਚ ਸਪੋਰਟਸ ਸਾਈਕਾਲੋਜੀ ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਖੇਡ ਖੇਤਰ ਦੇ ਗੰਭੀਰ ਸਕਾਲਰ ਵਜੋਂ ਤੀਹ ਖੋਜ ਪੱਤਰ ਲਿਖੇ ਜੋ ਦੇਸ ਪ੍ਰਦੇਸ ਦੇ ਸੈਮੀਨਾਰਾਂ ਵਿਚ ਪੇਸ਼ ਕੀਤੇ ਅਤੇ ਚਾਰ ਖੋਜ ਪੁਸਤਕਾਂ ਲਿਖੀਆਂ। ਉਨ੍ਹਾਂ ਵਿਚ ਸਪੋਰਟਸ ਸਾਈਕਾਲੋਜੀ ਦੀਆਂ ਰੂਸੀ ਤੋਂ ਅੰਗਰੇਜ਼ੀ 'ਚ ਅਨੁਵਾਦ ਕੀਤੀਆਂ ਗਈਆਂ ਦੋ ਵਿਸ਼ੇਸ਼ ਪੁਸਤਕਾਂ ਹਨ। ਉਸ ਨੇ 1978 ਤੋਂ ਐਡਮਿੰਟਨ ਕੈਨੇਡਾ ਵਿਖੇ, ਸਪੋਰਟਸ ਸਾਈਕਾਲੋਜੀ ਕਾਨਫਰੰਸ ਅਤੇ 1982 ਤੋਂ ਕੈਨੇਡਾ ਦੀ ਰਾਜਧਾਨੀ ਔਟਵਾ ਵਿਖੇ ਮੁੱਖ ਬੁਲਾਰੇ ਵਜੋਂ ਭਾਗ ਲਿਆ। ਖੇਡਾਂ ਖੇਡਣ, ਅਧਿਆਪਨ ਕਰਨ ਤੇ ਕੋਚਿੰਗ ਦੇਣ ਵੱਲੋਂ ਰਿਟਾਇਰ ਹੋਣ ਪਿੱਛੋਂ ਉਹ ਵਿਦਿਆਰਥੀਆਂ ਨੂੰ ਪੀਐੱਚਡੀ ਕਰਨ ਲਈ ਗਾਈਡ ਕਰਦਾ ਰਿਹਾ, ਖੋਜ ਪੱਤਰ ਤੇ ਪੁਸਤਕਾਂ ਲਿਖਦਾ ਰਿਹਾ ਅਤੇ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਕਰਦਿਆਂ ਖਿਡਾਰੀਆਂ ਦੀਆਂ ਸੱਟਾਂ ਫੇਟਾਂ ਤੇ ਮਾਨਸਿਕ ਬਿਮਾਰੀਆਂ ਦਾ ਇਲਾਜ ਕਰਦਾ ਰਿਹਾ। ਖੇਡਣ ਦੌਰਾਨ ਖਾਧੀਆਂ ਕੁਝ ਸੱਟਾਂ ਕਾਰਨ ਪਿਛਲੇਰੀ ਉਮਰੇ ਉਹ ਉਪਰਾਮ ਰਹਿਣ ਲੱਗ ਪਿਆ ਸੀ ਜਿਸ ਕਰਕੇ ਅਚਾਨਕ ਭਾਣਾ ਵਰਤ ਗਿਆ। ਉਹ ਵਿਦਿਆਰਥੀਆਂ, ਖਿਡਾਰੀਆਂ ਤੇ ਆਂਢ ਗੁਆਂਢ ਦੇ ਬੱਚਿਆਂ ਲਈ ਪਿਤਾ ਸਮਾਨ ਸੀ। ਮਿੱਠਾ, ਪਿਆਰਾ ਤੇ ਮਿਲਣਸਾਰ ਇਨਸਾਨ ਸੀ ਜੋ ਹਮੇਸ਼ਾਂ ਦੂਜਿਆਂ ਦਾ ਭਲਾ ਲੋਚਦਾ ਸੀ। ਉਹਦਾ ਘਰ ਹਰ ਆਏ ਗਏ ਲਈ ਖੁੱਲ੍ਹਾ ਸੀ ਜਿਥੇ ਬਰੇਕਫਾਸਟ, ਲੰਚ ਤੇ ਡਿਨਰ ਦਾ ਸਦਾਵਰਤ ਚਲਦਾ ਰਹਿੰਦਾ ਸੀ। ਜਿਹੜਾ ਇਕ ਵਾਰ ਮਿਲ ਲੈਂਦਾ ਸੀ ਮੁੜ ਕੇ ਨਹੀਂ ਸੀ ਭੁੱਲਦਾ। ਅਜਿਹੇ ਜਿਊੜੇ ਨਿੱਤ ਨਿੱਤ ਨਹੀਂ ਜੰਮਦੇ।

# ਜੰਗ ਅਤੇ ਹਥਿਆਰਾਂ ਦੀ ਕੁਹਜੀ ਸਿਆਸਤ

***ਹਥਿਆਰਾਂ ਦੀ ਦੌੜ ਵਿਚ ਅੱਜ ਵੀ ਅਮਰੀਕਾ ਸਭ ਤੋਂ ਉਪਰ ਹੈ ਜੋ 887 ਬਿਲੀਅਨ ਡਾਲਰ ਖਰਚਾ ਕਰ ਰਿਹਾ ਹੈ; ਦੂਜੇ ਨੰਬਰ 'ਤੇ ਚੀਨ ਹੈ ਜੋ 292 ਬਿਲੀਅਨ ਡਾਲਰ ਖਰਚਦਾ ਹੈ। ਰੂਸ 86.4 ਬਿਲੀਅਨ ਡਾਲਰ, ਭਾਰਤ 81.4 ਬਿਲੀਅਨ ਡਾਲਰ ਅਤੇ ਸਾਊਦੀ ਅਰਬ 75 ਬਿਲੀਅਨ ਡਾਲਰ ਹਥਿਆਰਾਂ ਉੱਤੇ ਖਰਚ ਕਰ ਰਿਹਾ ਹੈ। ਜੰਗ ਕਾਰਨ ਯੂਕਰੇਨ ਨੂੰ ਆਪਣੇ ਮਿਲਟਰੀ ਖਰਚੇ ਵਧਾਉਣੇ ਪਏ; ਇਥੋਂ ਤੱਕ ਕਿ ਇਹ ਖਰਚ 44 ਬਿਲੀਅਨ ਡਾਲਰ ਖਰਚਣ ਤੱਕ ਪਹੁੰਚ ਗਿਆ ਹੈ। ਇਸੇ ਤਰ੍ਹਾਂ ਫਰਾਂਸ, ਜਰਮਨ, ਜਪਾਨ, ਇੰਗਲੈਂਡ, ਯੂਕਰੇਨ ਆਦਿ ਆਪਣੇ ਕੁੱਲ ਘਰੇਲੂ ਪੈਦਾਵਾਰ ਦਾ 3.4 ਪ੍ਰਤੀਸ਼ਤ ਹਥਿਆਰਾਂ ਉਪਰ ਖਰਚ ਰਹੇ ਹਨ।***



ਡਾ. ਕੁਲਦੀਪ ਸਿੰਘ
ਫੋਨ: +91-98151-15429

ਅਜੋਕੀ ਦੁਨੀਆ ਸਮਾਜਿਕ ਅਤੇ ਸਿਆਸੀ ਖੇਤਰਾਂ ਤੋਂ ਲੈ ਕੇ ਆਰਥਿਕਤਾਵਾਂ ਦੇ ਸੰਕਟਾਂ ਨਾਲ ਜੂਝ ਰਹੀ ਹੈ। ਦੁਨੀਆ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਬਚਿਆ ਜਿਥੇ ਅੰਦਰੂਨੀ ਅਤੇ ਬਾਹਰੀ ਸੰਕਟ ਵੱਖੋ-ਵੱਖ ਮੁਲਕਾਂ ਨੂੰ ਨਾ ਘੇਰੀ ਬੈਠੇ ਹੋਣ ਪਰ ਜਿਸ ਕਿਸਮ ਨਾਲ ਸੰਸਾਰ ਪੱਧਰ 'ਤੇ ਮਿਲਟਰੀ ਤਾਕਤ ਬਣਨ ਦੀ ਦੌੜ ਨੇ ਆਪਣੇ ਕੁੱਲ ਘਰੇਲੂ ਪੈਦਾਵਾਰਾਂ ਵਿਚੋਂ ਖਰਚੇ ਵਧਾ ਦਿੱਤੇ ਹਨ, ਉਨ੍ਹਾਂ ਤੋਂ ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਦੁਨੀਆ ਦਾ ਭਵਿੱਖ ਹੋਰ ਜੰਗਾਂ ਨੂੰ ਜਨਮ ਦੇਵੇਗਾ। ਸਟਾਕਹੋਲਨ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਜੋ ਕੌਮਾਂਤਰੀ ਪੱਧਰ ਦਾ ਖੋਜ ਅਦਾਰਾ ਹੈ ਜਿਹੜਾ ਵੱਖ ਵੱਖ ਦੇਸ਼ਾਂ ਵਿਚ ਆਪਸੀ ਤੇ ਬਾਹਰੀ ਝਗੜਿਆਂ (ਵੱਡੀਆਂ ਛੋਟੀਆਂ ਜੰਗਾਂ) ਦੇ ਨਾਲ ਨਾਲ ਵੱਖ ਵੱਖ ਦੇਸ਼ਾਂ ਵਿਚ ਕਿਸ ਕਿਸਮ ਦੇ ਹਥਿਆਰ ਖਰੀਦੇ ਜਾਂਦੇ ਹਨ ਅਤੇ ਕਿਵੇਂ ਵੱਖ ਵੱਖ ਮੁਲਕਾਂ ਦੀਆਂ ਨੀਤੀਆਂ ਵਿਚ ਹਥਿਆਰਾਂ ਦੀ ਖਰੀਦੋ-ਫਰੋਖਤ ਨੂੰ ਲੈ ਕੇ ਫੈਸਲੇ ਕੀਤੇ ਜਾਂਦੇ ਹਨ, ਬਾਰੇ ਰਿਪੋਰਟ ਕਰਦਾ ਹੈ। ਇਸ ਅਦਾਰੇ ਦੀ ਰਿਪੋਰਟ-2023 ਨੇ ਦੁਨੀਆ ਨੂੰ ਦਿਖਾ ਦਿੱਤਾ ਹੈ ਕਿ ਇਕ ਤੋਂ ਬਾਅਦ ਦੂਜਾ ਮੁਲਕ ਕਿਸ ਤਰ੍ਹਾਂ ਹਥਿਆਰਾਂ ਦੀ ਦੌੜ ਵਿਚ ਸ਼ਾਮਲ ਹੋ ਰਿਹਾ ਹੈ।

2022 ਵਿਚ ਦੁਨੀਆ ਭਰ ਦੇ ਮੁਲਕਾਂ 2240 ਬਿਲੀਅਨ ਡਾਲਰ ਹਥਿਆਰਾਂ ਉਪਰ ਖਰਚ ਕੀਤੇ। 2015 ਤੋਂ 2022 ਤੱਕ ਹਥਿਆਰਾਂ ਉਪਰ ਖਰਚਾ 19 ਪ੍ਰਤੀਸ਼ਤ ਵਧਿਆ ਹੈ। ਸਮੁੱਚੀ ਦੁਨੀਆ ਆਪਣੀ ਕੁੱਲ ਘਰੇਲੂ ਪੈਦਾਵਾਰ ਦਾ 2.2 ਪ੍ਰਤੀਸ਼ਤ ਖਰਚ ਹਥਿਆਰਾਂ ਉਪਰ ਕਰਦੀ ਹੈ। ਇਸ ਰਿਪੋਰਟ ਵਿਚ ਦਰਜ ਹੈ ਕਿ ਦੁਨੀਆ ਦੇ ਪੰਜ ਮੁਲਕ- ਅਮਰੀਕਾ, ਚੀਨ, ਰੂਸ, ਭਾਰਤ ਤੇ ਸਾਊਦੀ ਅਰਬ, ਸਮੁੱਚੀ ਦੁਨੀਆ ਉਪਰ ਹਥਿਆਰਾਂ ਦੇ ਖਰਚੇ ਵਿਚੋਂ 63 ਪ੍ਰਤੀਸ਼ਤ ਇਹ ਮੁਲਕ ਹੀ ਕਰਦੇ ਹਨ। ਹਥਿਆਰਾਂ ਦੀ ਇਸ ਦੌੜ ਵਿਚ ਅੱਜ ਵੀ ਅਮਰੀਕਾ ਸਭ ਤੋਂ ਉਪਰ ਹੈ ਜੋ 887 ਬਿਲੀਅਨ ਡਾਲਰ ਖਰਚਾ ਕਰ ਰਿਹਾ ਹੈ; ਦੂਜੇ ਨੰਬਰ 'ਤੇ ਚੀਨ ਜੋ 292 ਬਿਲੀਅਨ ਡਾਲਰ ਖਰਚਦਾ ਹੈ। ਰੂਸ 86.4 ਬਿਲੀਅਨ ਡਾਲਰ, ਭਾਰਤ 81.4 ਬਿਲੀਅਨ ਡਾਲਰ ਅਤੇ ਸਾਊਦੀ ਅਰਬ 75 ਬਿਲੀਅਨ ਡਾਲਰ ਹਥਿਆਰਾਂ ਉੱਤੇ ਖਰਚ ਕਰ ਰਿਹਾ ਹੈ। ਜੰਗ ਕਾਰਨ ਯੂਕਰੇਨ ਨੂੰ ਆਪਣੇ ਮਿਲਟਰੀ ਖਰਚੇ ਵਧਾਉਣੇ ਪਏ; ਇਥੋਂ ਤੱਕ ਕਿ ਇਹ ਖਰਚ 44 ਬਿਲੀਅਨ ਡਾਲਰ ਖਰਚਣ ਤੱਕ ਪਹੁੰਚ ਗਿਆ ਹੈ। ਇਸੇ ਤਰ੍ਹਾਂ ਫਰਾਂਸ, ਜਰਮਨ, ਜਪਾਨ, ਇੰਗਲੈਂਡ, ਯੂਕਰੇਨ ਆਦਿ ਆਪਣੇ ਕੁੱਲ ਘਰੇਲੂ ਪੈਦਾਵਾਰ ਦਾ 3.4 ਪ੍ਰਤੀਸ਼ਤ ਹਥਿਆਰਾਂ ਉਪਰ ਖਰਚ ਰਹੇ ਹਨ।

ਵੱਖ ਵੱਖ ਮੁਲਕਾਂ ਨੇ ਜਿਸ ਢੰਗ ਨਾਲ ਆਪਣੇ ਖਰਚੇ ਹਥਿਆਰਾਂ ਉਪਰ ਵਧਾਏ ਹਨ, ਉਸ ਨਾਲ ਇਨ੍ਹਾਂ ਦੇਸ਼ਾਂ ਅੰਦਰ ਜਨ-ਸਮੂਹ ਨੂੰ ਵੱਡੀਆਂ ਆਰਥਿਕ ਤੰਗੀਆਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਇਸ ਰਿਪੋਰਟ ਵਿਚ ਹੀ ਦਰਜ ਕੀਤਾ ਗਿਆ ਹੈ ਕਿ





ਲੋਕਾਂ ਦਾ ਰੋਜ਼ਮੱਰਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਉਹ ਭਿਆਨਕ ਮਹਿੰਗਾਈ ਦੇ ਦੌਰ ਵਿਚ ਪ੍ਰਵੇਸ਼ ਕਰ ਗਏ ਹਨ। ਵੱਖ ਵੱਖ ਦੇਸ਼ਾਂ ਨੇ ਆਪਣੇ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਉਪਰ ਵੱਡੀਆਂ ਕਟੌਤੀਆਂ ਲਾ ਦਿੱਤੀਆਂ ਹਨ। ਰਿਪੋਰਟ ਵਿਚ ਇਥੋਂ ਤੱਕ ਜ਼ਿਕਰ ਹੈ ਕਿ 2021 ਤੋਂ 2022 ਤੱਕ ਕੁੱਲ ਘਰੇਲੂ ਪੈਦਾਵਾਰ ਦੀ ਹਥਿਆਰਾਂ ਦੀ ਖਪਤ 3.7 ਪ੍ਰਤੀਸ਼ਤ ਤੋਂ ਵੱਧ ਕੇ 4.1 ਪ੍ਰਤੀਸ਼ਤ ਹੋ ਗਈ ਹੈ। ਭਾਰਤ ਜਿਹੜਾ ਹਥਿਆਰਾਂ ਦੀ ਦੌੜ ਵਿਚ ਚੌਥੇ ਨੰਬਰ 'ਤੇ ਹੈ, ਨੇ 2021 ਤੋਂ 2022 ਦਰਮਿਆਨ ਹਥਿਆਰਾਂ 'ਤੇ 6 ਪ੍ਰਤੀਸ਼ਤ ਵੱਧ ਖਰਚਿਆ ਹੈ। ਰਿਪੋਰਟ ਵਿਚ ਦਰਜ ਹੈ ਕਿ 2013 ਤੋਂ 2021 ਦਰਮਿਆਨ ਹਥਿਆਰਾਂ 'ਤੇ ਖਰਚਾ 47 ਪ੍ਰਤੀਸ਼ਤ ਵਧਿਆ ਹੈ। ਕਾਰਨ ਇਹ ਦਰਸਾਇਆ ਗਿਆ ਹੈ ਕਿ ਚੀਨ ਅਤੇ ਪਾਕਿਸਤਾਨ ਨਾਲ ਲਗਾਤਾਰ ਤਣਾਅ ਰਹਿਣ ਕਰ ਕੇ ਮਿਲਟਰੀ ਤਾਕਤ ਨੂੰ ਆਧੁਨਿਕ ਕਰਨ ਲਈ ਇਹ ਖਰਚਾ ਕੀਤਾ ਗਿਆ ਹੈ।

ਰਿਪੋਰਟ ਵਿਚ ਇਹ ਵੀ ਦਰਜ ਹੈ ਕਿ ਯੂਕਰੇਨ ਉਪਰ ਰੂਸ ਦੇ ਹਮਲੇ ਤੋਂ ਬਾਅਦ ਡੈਨਮਾਰਕ, ਪੋਲੈਂਡ, ਲੀਥੋਨੀਆ ਆਦਿ ਤੋਂ ਲੈ ਕੇ ਸਵਿਟਜ਼ਰਲੈਂਡ; ਹੋਰ ਤਾਂ ਹੋਰ ਲਾਤਵੀਆ, ਬੋਸਨੀਆ ਆਦਿ (ਜੋ ਸੈਂਟਰਲ ਤੇ ਵੈਸਟ ਯੂਰੋਪੀਅਨ ਦੇਸ਼ ਬਣਦੇ ਹਨ) ਨੇ ਹਥਿਆਰਾਂ ਉਪਰ 23 ਪ੍ਰਤੀਸ਼ਤ ਵਾਧਾ ਕੀਤਾ ਹੈ। ਇਸ ਨਾਲ ਇਨ੍ਹਾਂ ਮੁਲਕਾਂ ਵਿਚ ਮਹਿੰਗਾਈ ਦੀ ਦਰ ਵਧ ਗਈ ਹੈ।

ਏਸ਼ੀਆ ਦੇ ਖਿੱਤੇ ਵਿਚ ਸਮੁੱਚੇ ਮੁਲਕ 575 ਬਿਲੀਅਨ ਡਾਲਰ ਹਥਿਆਰਾਂ 'ਤੇ ਖਰਚਦੇ ਹਨ। 2013 ਤੋਂ 2021 ਤੱਕ ਇਸ ਦੀ ਪ੍ਰਤੀਸ਼ਤ 2.7 ਤੋਂ ਵਧ ਕੇ 4.5 ਹੋ ਗਈ ਹੈ ਜਿਹੜੀ ਲਗਾਤਾਰ ਵਧ ਰਹੀ ਹੈ। ਆਰਥਿਕ ਤੌਰ 'ਤੇ ਪਹਿਲਾਂ ਅਖਿਮੀਅਤ ਅਖਤਿਆਰ ਕਰ ਗਏ ਈਸਟ ਏਸ਼ੀਅਨ ਮੁਲਕ ਵੀ ਪਿਛਲੇ ਸਮੇਂ ਵਿਚ ਮਿਲਟਰੀ ਉਪਰ ਆਪਣੇ ਖਰਚੇ ਇਸ ਕਰ ਕੇ ਵਧਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਚੀਨ ਤੋਂ ਖਤਰਾ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ ਜਪਾਨ ਵੀ ਇਕ ਕਿਸਮ ਨਾਲ ਚੀਨ ਤੋਂ ਦਹਿਸ਼ਤਜ਼ਦਾ ਮਹਿਸੂਸ ਕਰਦਾ ਹੈ। ਇਸ ਰਿਪੋਰਟ ਨੇ ਸਮੁੱਚਤਾ ਵਿਚ ਇਹ ਦਰਸਾਇਆ ਹੈ ਕਿ ਅਫਰੀਕਨ ਮੁਲਕਾਂ ਨੂੰ ਛੱਡ ਕੇ ਸਮੁੱਚੀ ਦੁਨੀਆ ਵਿਚ ਹਥਿਆਰਾਂ 'ਤੇ ਖਰਚਾ ਲਗਾਤਾਰ ਵਧਿਆ ਹੈ ਜਿਸ ਦਾ ਸਿੱਧਾ ਤੇ ਅਸਿੱਧਾ ਪ੍ਰਭਾਵ ਇਹ ਪਿਆ ਹੈ ਕਿ ਅਮਰੀਕਾ ਵਰਗਾ ਮੁਲਕ ਜਿਸ ਦੀ ਆਰਥਿਕਤਾ ਵਿਚ ਪ੍ਰਮੁੱਖ ਹਿੱਸਾ ਮਿਲਟਰੀ ਇੰਡਸਟਰੀਅਲ ਕੰਪਲੈਕਸ ਦਾ ਰਿਹਾ ਹੈ, ਲਗਾਤਾਰ ਤਾਕਤਵਰ ਹੋ ਰਿਹਾ ਹੈ। ਦੁਨੀਆ ਦੀਆਂ ਵੱਖ ਵੱਖ ਸੰਸਥਾਵਾਂ ਜਿਹੜੀਆਂ ਕਿਸੇ ਸਮੇਂ ਹਥਿਆਰਾਂ ਦੀ ਦੌੜ ਰੋਕਣ ਅਤੇ ਜੰਗਾਂ ਦੇ ਖਿਲਾਫ ਹੁੰਦੀਆਂ ਸਨ, ਉਨ੍ਹਾਂ ਦੀ ਸਾਰਥਿਕਤਾ ਪਿਛਲੇ ਸਮੇਂ ਵਿਚ ਲਗਾਤਾਰ ਘਟ ਰਹੀ ਹੈ। ਯੂਕਰੇਨ ਦੀ ਜੰਗ ਨੇ ਇਹ ਦਿਖਾ ਦਿੱਤਾ ਹੈ ਕਿ ਜਦੋਂ ਵੱਡੇ ਮੁਲਕ ਜੰਗਾਂ ਵਿਚ ਉਲਝਦੇ ਹਨ ਅਤੇ ਸਮੁੱਚੀ ਦੁਨੀਆ ਨੂੰ ਖੌਫ ਦੇ ਦੌਰ ਵਿਚ ਸੁੱਟ ਦਿੰਦੇ ਹਨ ਤਾਂ ਹਥਿਆਰਾਂ ਦੀ ਦੌੜ ਹੋਰ ਤੇਜ਼ ਹੋ ਜਾਂਦੀ ਹੈ।

ਹਥਿਆਰਾਂ ਦੇ ਵਧ ਰਹੇ ਝੁਕਾਅ ਨੂੰ ਦਰਸਾਉਂਦੀ ਇਸ ਰਿਪੋਰਟ ਵਿਚ ਮਿਲਟਰੀ ਖਰਚਿਆਂ ਨੂੰ ਸੁਰੱਖਿਆ ਮਹਿਕਮਿਆਂ ਤੋਂ ਲੈ ਕੇ ਵੱਖ ਵੱਖ ਕਿਸਮ ਦੀਆਂ ਮਿਲਟਰੀ ਤਾਕਤਾਂ, ਕਈ ਦੇਸ਼ਾਂ ਵਿਚ ਸ਼ਾਂਤੀ ਦੇ ਨਾਂ 'ਤੇ ਭੇਜੀ ਜਾਂਦੀ ਮਿਲਟਰੀ ਤੇ ਇਥੋਂ ਤੱਕ ਵੱਖ ਵੱਖ ਦੇਸ਼ਾਂ ਵਿਚ ਮਿਲਟਰੀ ਅਪਰੇਸ਼ਨਾਂ ਲਈ ਦਿੱਤੀ ਜਾਂਦੀ ਸਿਖਲਾਈ, ਮਿਲਟਰੀ ਖੋਜਾਂ ਤੇ ਉਸ ਵਿਚ ਆਧੁਨਿਕ ਵਿਕਾਸ ਲਈ ਵਰਤੀ ਜਾਂਦੀ ਤਕਨੀਕ ਉਪਰ ਖਰਚਿਆਂ ਬਾਰੇ ਚਰਚਾ ਹੈ। ਇਸ ਵਿਚ ਦੁਨੀਆ ਭਰ ਦੀ ਪੁਲੀਸ 'ਤੇ ਕੀਤੇ ਜਾਂਦੇ ਖਰਚੇ ਸ਼ਾਮਲ ਨਹੀਂ ਹਨ। ਜੇ ਉਹ ਖਰਚੇ ਵੀ ਸ਼ਾਮਲ ਕਰ ਲਏ ਜਾਣ ਤਾਂ ਇਸ ਦੀ ਪ੍ਰਤੀਸ਼ਤ ਕਈ ਗੁਣਾਂ ਹੋਰ ਵਧ ਜਾਵੇਗੀ। ਹਥਿਆਰਾਂ ਦੀ ਦੌੜ ਦਾ ਸਿਲਸਿਲਾ ਇਕ ਕਿਸਮ ਨਾਲ ਅੰਦਰੂਨੀ ਅਤਿਵਾਦ ਹੀ ਹੁੰਦਾ ਹੈ ਹਾਲਾਂਕਿ ਅਤਿਵਾਦ ਨੂੰ ਰੋਕਣ ਦੇ ਨਾਂ 'ਤੇ ਜੰਗ ਸ਼ੁਰੂ ਕਰ ਦਿੱਤੀ ਜਾਂਦੀ ਹੈ ਜਿਸ ਤਰ੍ਹਾਂ 11 ਸਤੰਬਰ 2001 ਤੋਂ ਬਾਅਦ ਅਫ਼ਗਾਨਿਸਤਾਨ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸੇ ਤਰ੍ਹਾਂ ਰਸਾਇਣਕ ਹਥਿਆਰ ਰੱਖਣ ਦੇ ਨਾਂ ਹੇਠ ਇਰਾਕ ਨੂੰ ਤਬਾਹ ਕਰ ਦਿੱਤਾ ਗਿਆ।

ਹਥਿਆਰਾਂ ਦੀ ਇਹ ਦੌੜ ਜਿਥੇ ਦੁਨੀਆ ਭਰ ਦੇ ਆਧੁਨਿਕ, ਆਰਥਿਕ ਪ੍ਰਬੰਧ ਦੀਆਂ ਸਮੱਸਿਆਵਾਂ ਨਾਲ ਜੁੜੀ ਹੋਈ ਹੈ, ਉਥੇ ਵੱਖ ਵੱਖ ਮੁਲਕਾਂ ਵਿਚ ਆਪੋ-ਆਪਣੀ ਰਾਜਨੀਤੀ ਨੂੰ ਬਰਕਰਾਰ ਰੱਖਣ ਅਤੇ ਅਗਾਂਹ ਚਲਾਉਣ ਲਈ ਜੰਗਾਂ ਦਾ ਸਹਾਰਾ ਲਿਆ ਜਾਂਦਾ ਹੈ। ਇਸ ਕਰ ਕੇ ਭਾਰਤ ਵਰਗਾ ਮੁਲਕ ਵੀ ਹਥਿਆਰਾਂ ਦੀ ਦੌੜ ਵਿਚ ਕਿਸੇ ਤੋਂ ਪਿਛੇ ਨਹੀਂ ਹੈ।

ਦੁਨੀਆ ਵਿਚ ਹਥਿਆਰਾਂ ਦੀ ਦੌੜ ਜਿਸ ਤਰ੍ਹਾਂ ਲਗਾਤਾਰ ਵਧ ਰਹੀ ਹੈ, ਇਹ ਆਉਣ ਵਾਲੇ ਸਮੇਂ ਵਿਚ ਨਵੇਂ ਸੰਕਟਾਂ ਨੂੰ ਜਨਮ ਦੇਵੇਗੀ। ਇਹ ਹੁਣ ਤੱਕ ਬਚੀਆਂ ਖੁਚੀਆਂ ਜਮਹੂਰੀਅਤਾਂ ਲਈ ਵੀ ਖਤਰਾ ਹੈ। ਇਸ ਰਿਪੋਰਟ ਵਿਚ ਦਰਸਾਇਆ ਗਿਆ ਹੈ ਕਿ ਜਿਸ ਪੱਧਰ 'ਤੇ ਹਥਿਆਰਾਂ ਦੀ ਦੌੜ ਇੰਨੇ ਭਿਆਨਕ ਮੰਦਵਾੜੇ ਦੇ ਬਾਵਜੂਦ ਵਧ ਰਹੀ ਹੈ ਅਤੇ ਸੰਸਾਰ ਮੰਡੀ ਵਿਚ ਹਥਿਆਰਾਂ ਉਪਰ ਖਰਚਾ ਲਗਾਤਾਰ ਵਧ ਰਿਹਾ ਹੈ, ਇਹ ਵੱਖ-ਵੱਖ ਸਮਾਜਾਂ ਨੂੰ ਭਿਆਨਕ ਤਬਾਹੀਆਂ ਦੇ ਕੰਢੇ ਪਹੁੰਚਾ ਸਕਦਾ ਹੈ। ਇਨ੍ਹਾਂ ਖਤਰਿਆਂ ਨੂੰ ਜੇ ਵੱਖ ਵੱਖ ਪੱਧਰ 'ਤੇ ਦੁਨੀਆ ਭਰ ਦੇ ਸੰਘਰਸ਼ਾਂ ਨੇ ਆਪਣੇ ਮੁੱਦਿਆਂ ਵਿਚ ਸ਼ਾਮਲ ਨਾ ਕੀਤਾ ਤਾਂ ਰੋਜ਼ਾ ਲਗਜ਼ਮਬਰਗ ਦੀ ਇਹ ਗੱਲ ਸੱਚੀ ਹੋ ਜਾਵੇਗੀ ਕਿ ਦੁਨੀਆ ਨੂੰ ਬਰਬਾਦੀ ਦੇ ਕੰਢੇ 'ਤੇ ਪਹੁੰਚਣ ਤੋਂ ਕੋਈ ਵੀ ਬਚਾ ਨਹੀਂ ਸਕਦਾ। ਹਾਲਾਂਕਿ ਇਹ ਸ਼ਬਦ ਉਸ ਨੇ 1913 ਵਿਚ ਲਿਖੇ ਸੀ ਜਦੋਂ ਸਰਮਾਇਆ ਕੁਝ ਹੱਥਾਂ ਵਿਚ ਕੇਂਦਰਤ ਹੋ ਰਿਹਾ ਸੀ। ਹੁਣ ਤੱਕ ਸਰਮਾਏ ਦੇ ਨਾਲ ਨਾਲ ਹਥਿਆਰ ਵੀ ਕੁਝ ਹੱਥਾਂ ਵਿਚ ਕੇਂਦਰਤ ਹੋ ਰਹੇ ਹਨ ਅਤੇ ਛੋਟੇ ਮੋਟੇ ਮੁਲਕ ਆਪਣੇ ਬਚਾ ਲਈ ਵੱਡੇ ਮੁਲਕਾਂ ਦੇ ਹਥਿਆਰਾਂ ਲਈ ਮੰਡੀ ਬਣ ਰਹੇ ਹਨ। ਜਿਸ ਕਿਸਮ ਦੀਆਂ ਆਧੁਨਿਕ ਲੜਾਈਆਂ ਆਧੁਨਿਕ ਤਕਨਾਲੋਜੀ ਰਾਹੀਂ ਲੜੀਆਂ ਜਾ ਰਹੀਆਂ ਹਨ, ਉਸ ਕਰ ਕੇ ਅਮਰੀਕਾ ਦਾ ਮਿਲਟਰੀ ਇੰਡਸਟਰੀਅਲ ਕੰਪਲੈਕਸ ਤਾਕਤਵਰ ਹੋ ਰਿਹਾ ਹੈ। ਇਹ ਇਕ ਕਿਸਮ ਨਾਲ ਮਨੁੱਖਤਾ ਦੀ ਆਤਮ-ਹੱਤਿਆ ਦੇ ਬਰਾਬਰ ਹੈ। ਦੁਨੀਆ ਦੀ ਜੰਗ ਭਾਵੇਂ ਛੋਟੇ ਮੁਲਕ ਵਿਚ ਲੜੀ ਜਾ ਰਹੀ ਹੋਵੇ ਜਾਂ ਕਿਸੇ ਨਾ ਕਿਸੇ ਰੂਪ ਵਿਚ ਆਪਣੀਆਂ ਹੱਦਾਂ ਤੇ ਸਰਹੱਦਾਂ ਦੇ ਝਗੜੇ ਹੋਣ, ਉਸ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਵੱਡੀਆਂ ਤਾਕਤਾਂ ਦਾ ਹੱਥ ਲਾਜ਼ਮੀ ਹੁੰਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਪਹਿਲਾਂ ਅਫ਼ਗਾਨਿਸਤਾਨ ਸੀ ਤੇ ਹੁਣ ਯੂਕਰੇਨ ਹੈ।

ਇਸ ਦਿਲ ਕੰਬਾਊ ਰਿਪੋਰਟ ਦੇ ਅੰਕੜਿਆਂ ਨੇ ਦਰਸਾ ਦਿੱਤਾ ਹੈ ਕਿ ਦੁਨੀਆ ਵੱਡੀ ਜੰਗ ਦੇ ਕਿਨਾਰੇ 'ਤੇ ਹੀ ਨਹੀਂ ਖੜ੍ਹੀ ਬਲਕਿ ਜੰਗਾਂ ਤਾਂ ਚੱਲ ਰਹੀਆਂ ਹਨ ਅਤੇ ਇਨ੍ਹਾਂ ਦੀਆਂ ਤਿਆਰੀਆਂ ਵੱਡੇ ਪੈਮਾਨੇ 'ਤੇ ਹਨ। ਵੱਖ ਵੱਖ ਮੁਲਕਾਂ ਦੇ ਅੰਦਰ ਅਤੇ ਬਾਹਰ ਲਗਾਤਾਰ ਆਰਥਿਕ ਨਾ-ਬਰਾਬਰੀਆਂ ਤੋਂ ਲੈ ਕੇ ਬੇਚੈਨੀਆਂ ਹਕੂਮਤਾਂ ਨੂੰ ਕੰਬਣੀਆਂ ਛੇੜ ਰਹੀਆਂ ਹਨ। ਉਂਝ, ਜਿਸ ਕਿਸਮ ਦਾ ਸਿਆਸੀ ਬਦਲ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿਚ ਚਾਹੀਦਾ ਹੈ, ਲੋਕ-ਲੜਾਈਆਂ ਉਸ ਤੋਂ ਅਜੇ ਵੀ ਕੋਹਾਂ ਦੂਰ ਹਨ। ਜੰਗਾਂ 'ਤੇ ਖਰਚੇ ਵੱਖ ਵੱਖ ਮੁਲਕਾਂ ਦੀਆਂ ਆਰਥਿਕਤਾਵਾਂ ਨੂੰ ਕੰਗਾਲ ਕਰ ਰਹੇ ਹਨ ਅਤੇ ਹਥਿਆਰਾਂ 'ਤੇ ਖਰਚੇ ਮੁਲਕਾਂ ਦੇ ਸਰਮਾਏ ਨੂੰ ਖਾ ਹੀ ਨਹੀਂ ਰਹੇ ਬਲਕਿ ਨਵੇਂ ਭਿਆਨਕ ਹਾਲਾਤ ਨੂੰ ਵੀ ਜਨਮ ਦੇ ਰਹੇ ਹਨ। ਹੁਣ ਹਕੀਕਤ ਇਹ ਹੈ ਕਿ ਮਨੁੱਖਤਾ ਕਈ ਪੱਖਾਂ ਤੋਂ ਬਰਬਾਦੀ ਦੇ ਕਗਾਰ 'ਤੇ ਹੈ। ਵਾਤਾਵਰਨ ਤਬਦੀਲੀਆਂ, ਆਰਥਿਕ ਮੰਦਵਾੜਾ, ਮੁਲਕਾਂ ਵਿਚ ਆਪਸੀ ਤਣਾਅ, ਸਿਆਸੀ ਫਾਸ਼ੀਵਾਦ ਵਰਗੇ ਮੁੱਦੇ ਸਿਰ 'ਤੇ ਚੜ੍ਹੇ ਆ ਰਹੇ ਹਨ। ਫਾਸ਼ੀਵਾਦੀ ਤਾਕਤਾਂ ਮੁੜ ਸੱਤਾ 'ਤੇ ਕਾਬਜ਼ ਹੋ ਕੇ ਦੁਨੀਆ ਨੂੰ ਤਰਾਸਦੀਆਂ ਵੱਲ ਧੱਕ ਚੁੱਕੀਆਂ ਹਨ। ਇਸ ਗੁੰਝਲਦਾਰ ਸਵਾਲ ਦਾ ਜਵਾਬ ਲੱਭਣਾ ਹਰ ਚੇਤਨ ਅਤੇ ਚਿੰਤਤ ਸ਼ਖ਼ਸ ਤੇ ਸੰਸਥਾਵਾਂ ਲਈ ਜ਼ਰੂਰੀ ਹੈ।

# ਜੇਤੂ ਜਰਨੈਲ

ਜਗਦੀਸ਼ ਕੌਰ ਮਾਨ
ਫੋਨ: +91-78146-98117

ਪਿਤਾ ਜੀ ਅੰਮ੍ਰਿਤਧਾਰੀ ਗੁਰਸਿੱਖ ਸਨ। ਉਨ੍ਹਾਂ ਦਾ ਉਹ ਦੋਸਤ ਜਿਨ੍ਹਾਂ ਦੀ ਮੈਂ ਗੱਲ ਦੱਸਣ ਲੱਗੀ ਹਾਂ, ਪੀਣ ਖਾਣ ਵਾਲੇ ਮੌਜੀ ਬੰਦੇ ਸਨ। ਫਿਰ ਵੀ ਦੋਹਾਂ ਦੀ ਦੋਸਤੀ ਇੰਨੀ ਸੋਹਣੀ ਤਰ੍ਹਾਂ ਨਿਭੀ ਜਾਂਦੀ ਸੀ। ਉਨ੍ਹਾਂ ਦੇ ਬੱਚਿਆਂ ਦਾ ਪਿਤਾ ਜੀ ਨੂੰ 'ਤਾਇਆ ਜੀ ਤਾਇਆ ਜੀ' ਕਰਦਿਆਂ ਦਾ ਮੂੰਹ ਸੁੱਕਦਾ ਸੀ ਅਤੇ ਪਿਤਾ ਜੀ ਦੇ ਉਹ ਜਿਗਰੀ ਦੋਸਤ ਸਾਡੇ ਬਹੁਤ ਪਿਆਰੇ ਚਾਚਾ ਜੀ ਸਨ। ਦੋਹਾਂ ਘਰਾਂ ਦਾ ਵਰਤ-ਵਰਤਾਰਾ ਆਹਲਾ ਦਰਜੇ ਦਾ ਸੀ; ਕਦੇ ਵੀ ਕੋਈ ਵਾਧ ਘਾਟ ਵਾਲੀ ਗੱਲ ਨਹੀਂ ਸੀ ਹੋਈ। ਸਾਡਾ ਇਕ ਦੂਜੇ ਦੇ ਘਰ ਦਿਨ ਰਾਤ ਦਾ ਆਉਣ ਜਾਣ ਸੀ। ਉਨ੍ਹਾਂ ਦੇ ਘਰ ਕੋਈ ਦੁੱਖ ਸੁੱਖ ਹੁੰਦਾ ਤਾਂ ਮੇਰੇ ਮਾਂ ਬਾਪ ਪੈਰ ਜੁੱਤੀ ਨਾ ਪਾਉਂਦੇ, ਇਵੇਂ ਹੀ ਸਾਡੇ ਘਰੋਂ ਕੋਈ ਖੁਸ਼ੀ ਗਮੀ ਦਾ ਸੁਨੇਹਾ ਮਿਲਣ 'ਤੇ ਉਹ ਵੀ ਦੋਵੇਂ ਜੀਅ ਪਹੁੰਚਣ ਲੱਗੇ ਮਿੰਟ ਨਾ ਲਾਉਂਦੇ।

ਦੋਹਾਂ ਪਰਿਵਾਰਾਂ ਵਿਚਕਾਰ ਨਿੱਘੀ ਅਤੇ ਮਿੱਠੀ ਜਿਹੀ ਦੋਸਤਾਨਾ ਸਾਂਝ ਸੀ। ਆਰਥਿਕ ਔਖ ਵੇਲੇ ਵੀ ਸਾਡੀ ਤਾਂ 'ਮੁੱਲਾ ਦੀ ਦੌੜ ਮਸੀਤ ਤੱਕ' ਵਾਲੀ ਗੱਲ ਹੀ ਸੀ।

ਇਕ ਦਿਨ ਸ਼ਹਿਰ ਆਏ ਚਾਚਾ ਜੀ ਪਿਤਾ ਜੀ ਨੂੰ ਬਾਜ਼ਾਰ ਵਿਚ ਮਿਲ ਗਏ। ਦੁਪਹਿਰ ਦਾ ਸਮਾਂ ਸੀ। ਸੂਰਜ ਦੀ ਭੱਠ ਵਾਂਗ ਤਪਦੀ ਟਿੱਕੀ ਨੇ ਸਾਰੇ ਜੀਵ ਜੰਤੂਆਂ ਨੂੰ ਬੌਂਦਲਾਇਆ ਪਿਆ ਸੀ। ਗਰਮੀ ਤੇ ਲੂਅ ਨਾਲ ਕਾਂ ਅੱਖ ਨਿਕਲ ਰਹੀ ਸੀ। ਦੋਵੇਂ ਦੋਸਤ ਇਕ ਹੋਟਲ 'ਤੇ ਲੱਸੀ ਪੀਣ ਬੈਠ ਗਏ। ਠੰਢੀ ਲੱਸੀ ਨੇ ਤਪਦੇ ਜੁੱਸੇ ਠਾਰ ਦਿੱਤੇ ਸਨ ਤੇ ਹੁਣ ਉਹ ਕਾਫੀ ਰਾਹਤ ਮਹਿਸੂਸ ਕਰ ਰਹੇ ਸਨ। ਲੱਸੀ ਵਾਲੇ ਖਾਲੀ ਗਿਲਾਸ ਉਨ੍ਹਾਂ ਮੇਜ਼ 'ਤੇ ਰੱਖ ਦਿੱਤੇ। ਪੈਸੇ ਦੇਣ ਲਈ ਜੇਬ ਵਿਚੋਂ ਬਟੂਆ ਕੱਢਣ ਲੱਗੇ ਪਿਤਾ ਜੀ ਨੂੰ ਚਾਚਾ ਜੀ ਨੇ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ ਤੇ ਆਪਣੇ ਬਟੂਏ ਵਿਚੋਂ ਦਸਾਂ ਦਾ ਨੋਟ ਕੱਢ ਕੇ ਦੁਕਾਨਦਾਰ ਵੱਲ ਵਧਾਇਆ। ਉਨ੍ਹੀਂ ਦਿਨੀਂ ਲੱਸੀ ਦਾ ਵੱਡਾ ਗਿਲਾਸ ਢਾਈ ਰੁਪਏ ਦਾ ਆਉਂਦਾ ਸੀ। ਜਦੋਂ ਹੋਟਲ ਵਾਲਾ ਦਸਾਂ ਦੇ ਨੋਟ ਵਿਚੋਂ ਪੰਜ ਰੁਪਏ ਕੱਟ ਕੇ ਬਾਕੀ ਬਚਦੇ ਪੰਜ ਰੁਪਏ ਚਾਚਾ ਜੀ ਨੂੰ ਮੋੜਨ ਲੱਗਾ ਤਾਂ ਰੱਬ ਜਾਣੇ ਚਾਚਾ ਜੀ ਨੂੰ ਕੋਈ ਭੁਲੇਖਾ ਲੱਗ ਗਿਆ ਜਾਂ ਮਨ ਵਿਚ ਕੋਈ ਖੋਟ ਆ ਗਈ, ਉਹ ਦੁਕਾਨਦਾਰ ਨੂੰ ਕਹਿਣ ਲੱਗੇ, "ਮੈਂ ਤਾਂ ਤੈਨੂੰ ਸੌ ਦਾ ਨੋਟ ਫੜਾਇਆ ਏ, ਮੈਨੂੰ ਤੂੰ ਨੱਬੇ ਰੁਪਏ ਹੋਰ ਮੋੜਨੇ ਹਨ।"

"ਨਹੀਂ ਜੀ, ਤੁਸੀਂ ਮੈਨੂੰ ਦਸਾਂ ਦਾ ਨੋਟ ਫੜਾਇਐ।" ਹੋਟਲ ਵਾਲੇ ਨੇ ਨਿਮਰਤਾ ਨਾਲ ਕਿਹਾ ਪਰ ਚਾਚਾ ਜੀ ਆਪਣੀ ਸੌ ਦੇ ਨੋਟ ਵਾਲੀ ਗੱਲ 'ਤੇ ਅੜੇ ਰਹੇ। ਦੋਹਾਂ ਵਿਚਕਾਰ ਖੂਬ ਝੜਪ ਹੋਈ ਤੇ ਤਕਰਾਰ ਵਧ ਗਿਆ। ਤਮਾਸ਼ਬੀਨਾਂ ਦੀ ਭੀੜ ਇਕੱਠੀ ਹੋ ਗਈ। ਸ਼ਹਿਰਦਾਰੀ ਦਾ ਮਾਮਲਾ ਸੀ, ਬਾਜ਼ਾਰ ਦਾ ਏਕਾ ਦਿਖਾਉਂਦੇ ਹੋਏ ਬਹੁਤੇ ਦੁਕਾਨਦਾਰ ਹੋਟਲ ਵਾਲੇ ਦੇ ਪੱਖ ਵਿਚ ਬੋਲ ਰਹੇ ਸਨ। ਐਵੇਂ ਚਾਰ ਪੰਜ ਬੰਦੇ ਚਾਚਾ ਜੀ ਦਾ ਪੱਖ ਪੂਰ ਰਹੇ ਸਨ। ਵਾਹਵਾ ਰੌਲਾ ਪੈ ਗਿਆ ਸੀ।

ਸ਼ਹਿਰ ਵਿਚ ਤਾਂ ਮਾੜਾ ਜਿਹਾ ਫੋਨ ਘੁਮਾਓ, ਝੱਟ ਪੁਲੀਸ ਪਹੁੰਚ ਜਾਂਦੀ ਹੈ ਪਰ ਮਹਾਜਨ ਨੇ ਇਕ ਹੋਰ ਨਾਜ਼ੁਕ ਪੈਂਤੜਾ ਵਰਤਿਆ। ਉਹ ਪਿਤਾ ਜੀ ਨੂੰ ਸੰਬੋਧਿਤ ਹੋ ਕੇ ਬੋਲਿਆ, "ਸਰਦਾਰ ਜੀ! ਤੁਸੀਂ ਧਾਰਮਿਕ ਬਿਰਤੀ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਹੋ, ਤੁਸੀਂ ਆਪਣੇ ਗਾਤਰੇ 'ਤੇ ਹੱਥ ਰੱਖ ਕੇ ਇਕ ਵਾਰ ਸਹੁੰ ਖਾ ਲਵੋ ਕਿ ਇਸ ਬੰਦੇ ਨੇ ਮੈਨੂੰ ਸੌ ਦਾ ਨੋਟ ਫੜਾਇਆ, ਮੈਂ ਇਸ ਨੂੰ ਹੁਣੇ ਨੱਬੇ ਰੁਪਏ ਹੋਰ ਮੋੜ ਦੇਵਾਂਗਾ।"

ਪਿਤਾ ਜੀ ਧਰਮ ਸੰਕਟ ਵਿਚ ਪੈ ਗਏ। ਜੇ ਉਹ ਗਾਤਰੇ 'ਤੇ ਹੱਥ ਧਰ ਕੇ 'ਹਾਂ' ਕਹਿੰਦੇ ਸਨ ਤਾਂ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਵੱਲੋਂ ਬਖਸ਼ਿਸ਼ ਕੀਤੇ ਅੰਮ੍ਰਿਤ ਪਾਨ ਦੀ ਮਰਿਆਦਾ ਦਾ ਸਵਾਲ ਸੀ। ਇਸ ਦਾਤ ਨੂੰ ਉਹ ਗੁਰੂ ਜੀ ਦੀ ਅਨੂਠੀ ਬਖਸ਼ਿਸ਼ ਸਮਝਦੇ ਸਨ ਤੇ ਕਿਸੇ ਵੀ ਕੀਮਤ 'ਤੇ ਉਨ੍ਹਾਂ ਗਾਤਰੇ 'ਤੇ ਹੱਥ ਰੱਖਣ ਲਈ ਤਿਆਰ ਨਹੀਂ ਸੀ ਹੋਣਾ। ਦੂਜੇ ਪਾਸੇ ਸੋਨੇ ਦੇ ਕੰਗਣ ਵਰਗੇ ਅਨਮੁੱਲੇ ਯਾਰ ਦੀ ਯਾਰੀ ਟੁੱਟ ਰਹੀ ਸੀ। ਉਨ੍ਹਾਂ ਵਾਸਤੇ ਹਾਲਤ ਬਹੁਤ ਕਸੂਤੀ ਬਣੀ ਹੋਈ ਸੀ। ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕਰਨ, ਕੀ ਨਾ ਕਰਨ।

ਕੁਝ ਚਿਰ ਦਿਮਾਗੀ ਉਲਝਣ ਵਿਚ ਰਹਿ ਕੇ ਪਿਤਾ ਜੀ ਬੋਲੇ, "ਮੇਰੇ ਸਾਹਮਣੇ ਤਾਂ ਭਾਈ ਸਾਹਿਬ ਨੇ ਤੁਹਾਨੂੰ ਦਸਾਂ ਦਾ ਨੋਟ ਹੀ ਫੜਾਇਆ ਹੈ, ਜੇ ਤੁਹਾਡਾ ਕੋਈ ਅਗਲਾ ਪਿਛਲਾ ਹਿਸਾਬ ਕਿਤਾਬ ਰਹਿੰਦਾ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ।" ਹੋਟਲ ਵਾਲੇ ਨੂੰ ਚਾਚਾ ਜੀ ਦੀ ਲਾਹ ਪਾਹ ਕਰਨ ਵਾਸਤੇ ਹੋਰ ਭਲਾ ਕੀ ਚਾਹੀਦਾ ਸੀ! ਉਹ ਚਾਚਾ ਜੀ ਨੂੰ ਰੱਜ ਕੇ ਬੁਰਾ ਭਲਾ ਬੋਲਿਆ। ਚਾਚਾ ਜੀ ਨਜ਼ਰਾਂ ਹੀ ਨਜ਼ਰਾਂ ਵਿਚ ਪਿਤਾ ਜੀ 'ਤੇ ਖਾਮੋਸ਼ ਨਾਰਾਜ਼ਗੀ ਪ੍ਰਗਟ ਕਰ ਰਹੇ ਸਨ ਜਿਵੇਂ ਸਵਾਲ ਕਰ ਰਹੇ ਹੋਣ ਕਿ ਇਹ ਤੂੰ ਕੀ ਕੀਤਾ? ਬੱਸ ਇੰਨਾ ਕੁ ਹੀ ਪਿਆਰ ਸੀ ਮੇਰੇ ਨਾਲ ਕਿ ਅੱਜ ਔਖ ਸਮੇਂ ਮੇਰੇ ਨਾਲ ਨਹੀਂ ਖੜ੍ਹ ਸਕਿਆ? ਵਰ੍ਹਿਆਂ ਦੀ ਨਿੱਘੀ ਦੋਸਤੀ ਪਲਾਂ ਵਿਚ ਹੀ ਤੜੱਕ ਕਰ ਕੇ ਟੁੱਟ ਗਈ ਸੀ। ਉਸ ਘਟਨਾ ਤੋਂ ਬਾਅਦ ਉਹ ਕਦੇ ਵੀ ਸਾਡੇ ਘਰ ਨਹੀਂ ਆਏ ਤੇ ਨਾ ਹੀ ਅਸੀਂ ਕਦੇ ਉਨ੍ਹਾਂ ਦੇ ਘਰ ਗਏ ਹਾਂ।

ਕਦੇ-ਕਦੇ ਇਹ ਪੁਰਾਣੀ ਘਟਨਾ ਚੇਤਿਆਂ ਵਿਚ ਆ ਖੜ੍ਹਦੀ ਹੈ ਅਤੇ ਸੋਚਦੀ ਹੀ ਰਹਿ ਜਾਂਦੀ ਹਾਂ ਕਿ ਪਿਤਾ ਜੀ ਨੇ ਸੱਚ/ਧਰਮ (ਫਰਜ਼) ਦੀ ਲਾਜ ਰੱਖਣ ਖਾਤਰ ਦੋਸਤੀ ਤੋੜ ਕੇ ਚੰਗਾ ਕੰਮ ਕੀਤਾ ਕਿ ਮਾੜਾ? ਸੋਚਦੀ ਸੋਚਦੀ ਇਸ ਨਤੀਜੇ 'ਤੇ ਪਹੁੰਚਦੀ ਹਾਂ ਕਿ ਉਨ੍ਹਾਂ ਨੇ ਚੰਗਾ ਹੀ ਕੀਤਾ ਸੀ। ਉਹ ਗਰੀਬ ਜ਼ਰੂਰ ਸਨ ਪਰ ਹੱਕ ਸੱਚ 'ਤੇ ਡਟ ਕੇ ਪਹਿਰਾ ਦੇਣ ਵਾਲੇ ਸਨ।

ਅੱਜ ਆਪਣੇ ਆਪ ਨੂੰ ਧਰਮ ਦੇ ਸਰਬਰਾਹ ਕਹਾਉਣ ਵਾਲਿਆਂ ਵੱਲੋਂ ਧਰਮ ਦੇ ਨਾਂ 'ਤੇ ਬੋਲੇ ਜਾਂਦੇ ਝੂਠ ਫਰੇਬ, ਬੇਅਦਬੀਆਂ, ਲੁੱਟਾਂ ਖੁਸ਼ਟਾਂ, ਧੋਖੇ ਤੇ ਦਲ ਬਦਲੀਆਂ ਦੇਖ ਕੇ ਮਨ ਦੁਖੀ ਹੁੰਦਾ ਹੈ ਤੇ ਆਪਣੇ ਪਿਤਾ ਜੀ ਵਾਸਤੇ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ।

# ਜ਼ਖਮ ਨੂੰ ਸੂਰਜ ਬਣਨ ਦਿਓ; ਪਰ ਹੋਸ਼ ਦਾ ਪੱਲੜਾ ਵੀ ਨਾ ਛੱਡੋ!

## (ਸਾਕਾ ਨੀਲਾ ਤਾਰਾ ਦੁਖਾਂਤ ਦਾ ਚਿਤਵਨ ਕਰਦਿਆਂ...)

'ਜੂਨ 1984 ਦਾ ਬਲਿਊ ਸਟਾਰ ਉਪਰੇਸ਼ਨ, ਇੱਕ ਵੱਡਾ ਘੱਲੂਘਾਰਾ ਸੀ। ਇਹ ਇੱਕ ਜ਼ਖਮ ਹੈ, ਜੋ ਸਿੱਖ ਕੌਮ ਦੀ ਸਿਮਰਤੀ ਵਿਚੋਂ ਜਾ ਨਹੀਂ ਸਕਦਾ।ਇਹ ਇੱਕ ਪੀੜ੍ਹ ਹੈ, ਇੱਕ ਕਸਕ ਹੈ, ਜੋ ਕਦੇ ਪੂਰੀ ਤਰ੍ਹਾਂ ਮਿਟ ਨਹੀਂ ਸਕਦੀ...।'

'ਹੁਣ ਸਮਾਂ ਆ ਗਿਆ ਹੈ ਕਿ ਅਸੀਂ ਬਲਿਊ ਸਟਾਰ ਜਿਹੇ ਜ਼ਖ਼ਮ ਨੂੰ ਵੀ ਪਰਮ ਪ੍ਰੇਰਨਾ ਸ੍ਰੋਤ ਬਣਨ ਦੇਈਏ।ਗੁਰੂ ਸਾਹਿਬਾਨ ਦੀ ਮਿਸਾਲ ਵਾਂਗ, ਇਸਨੂੰ ਇੱਕ ਸ਼ੁਆ, ਗਿਆਨ-ਕਿਰਨ,



**ਹਰਚਰਨ ਸਿੰਘ ਪਰਹਾਰ**

**ਫੋਨ:** 403-681-8689
**ਈਮੇਲ:** hparharwriter@gmail.com

ਬਲਕਿ ਇਸ ਤੋਂ ਵੀ ਅੱਗੇ ਲੰਘ ਕੇ, ਸੂਰਜ ਬਣਨ ਦੇਈਏ। ਸਾਡੇ ਸਮਿਆਂ ਵਿਚ ਯਹੂਦੀ ਭਰਾਤੀਅਤਾ ਨੇ ਆਪਣੇ ਹੌਲੋਕੌਸਟ ਬਾਰੇ ਇਹੀ ਵਰਤਾਰਾ ਬਣਾਇਆ ਹੈ..।'

(ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਦੇ ਲੇਖ ਸੰਗ੍ਰਹਿ ਦੀ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਦੇ ਪੰਨਾ 89-90 ਤੇ ਲੇਖ 'ਜ਼ਖ਼ਮ ਨੂੰ ਸੂਰਜ ਬਣਨ ਦਿਉ' ਵਿਚੋਂ...)

'ਸਾਡੇ ਸਮਕਾਲੀ ਇਤਿਹਾਸ ਵਿਚ ਸਭ ਤੋਂ ਵੱਡਾ ਕੌਮੀ ਜ਼ਖ਼ਮ, ਹਿਟਲਰ ਵਲੋਂ ਯੋਜਨਾਬੱਧ ਢੰਗ ਨਾ਼ਲ ਕੀਤਾ 'ਮਹਾਂਨਾਸ਼' ਸੀ (ਜਿਸਨੂੰ ਯਹੂਦੀ ਹੌਲੋਕੌਸਟ ਕਹਿੰਦੇ ਹਨ)। ਇਸਨੇ ਯਹੂਦੀ ਕੌਮ ਨੂੰ ਤਹਿਸ-ਨਹਿਸ ਕੀਤਾ। ਪਰ ਉਸ ਤੋਂ ਪਿੱਛੋਂ ਯਹੂਦੀ ਚਿੰਤਕਾਂ ਨੇ ਪੱਛਮ ਦੇ ਸਮੁੱਚੇ ਦਰਸ਼ਨ, ਰਾਜਨੀਤੀ ਅਤੇ ਹੋ ਰਹੇ ਅਭਿਆਸਾਂ ਨੂੰ ਫਰੋਲਿਆ।ਮਹਾਂਨਾਸ਼ ਦੇ ਕਾਰਨ ਲੱਭੇ...।'

(ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਦੇ ਲੇਖਾਂ ਦੀ ਸੰਪਾਦਿਤ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਦੇ ਪੰਨਾ 93 ਤੇ ਲੇਖ 'ਜ਼ਖ਼ਮ ਨੂੰ ਚੇਤੰਨਤਾ ਬਣਾਉਣ ਦੀ ਲੋੜ' ਵਿਚੋਂ...)

'ਸਿੱਖ ਕੌਮ ਲਈ ਵੀ ਇਹ ਜਰੂਰੀ ਹੈ ਕਿ ਉਹ ਬਲਿਊ ਸਟਾਰ ਵਰਗੇ ਮਹਾਂਨਾਸ਼ਕ ਸਾਕੇ ਨੂੰ ਸਿਰਜਨਾਤਮਿਕ ਸ਼ੋਅਲੇ ਵਿਚ ਬਦਲੇ।ਇੱਥੋਂ ਸਿੱਖ ਚਿੰਤਨ ਤੇ ਵਿਸ਼ਵ ਚਿੰਤਨ ਨੂੰ ਪ੍ਰਭਾਵਿਤ ਕਰਨ ਵਾ਼ਲੇ ਵਿਚਾਰਾਂ ਦਾ ਆਰੰਭ ਕਰੇ। ਕੀ ਅਜਿਹੇ ਚਿੰਤਕ ਸਿੱਖ ਕੌਮ ਕੋ਼ਲ ਮੌਜੂਦ ਹਨ, ਜੋ ਇਸ ਵੰਗਾਰ ਨੂੰ ਕਬੂਲ ਕਰਨ...?'

(ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਦੇ ਲੇਖਾਂ ਦੀ ਸੰਪਾਦਿਤ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਦੇ ਪੰਨਾ 96 ਤੇ ਲੇਖ 'ਬਲਿਊ ਸਟਾਰ ਉਪਰੇਸ਼ਨ ਸਿਰਜਨਾਤਮਿਕ ਸ਼ੋਅਲਾ ਬਣਾਉਣ ਦੀ ਲੋੜ' ਵਿਚੋਂ...)

'ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਜੋ ਕੁਝ ਕੀਤਾ, ਉਹ ਕਿਸੇ ਹੋਰ ਦੇ ਤਜ਼ਰਬੇ ਤੋਂ ਪ੍ਰਭਾਵਿਤ ਜਾਂ ਉਤਸ਼ਾਹਿਤ ਹੋ ਕੇ ਅਤੇ ਜਾਂ ਕਿਸੇ ਬਾਹਰੀ ਤਾਕਤ ਦੀ ਸ਼ਹਿ ਹੇਠਾਂ ਕੀਤਾ ਨਹੀਂ ਸੀ।ਇਹ ਕਿਸੇ ਹੋਰ ਦੀ ਰੀਸ ਜਾਂ ਨਕਲ ਨਹੀਂ ਸੀ। ਇਹ ਉਸਦੇ ਅੰਦਰੋਂ ਨਿਕ਼ਲੀ ਵਿਚਾਰ ਸੀ, ਉਸਦੀ ਕੁਆਰੀ ਸੋਚ ਦਾ ਨਤੀਜਾ ਸੀ। ਇਹ ਮਰੀਅਮ ਦੀ ਪਵਿੱਤਰ ਕੁੱਖ 'ਚੋਂ ਈਸਾ ਦੇ ਪ੍ਰਗਟ ਹੋਣ ਵਰਗੀ ਹੀ ਕੋਈ ਗੱਲ ਸੀ, ਜਿਸਨੂੰ ਕਿਸੇ ਤਰਕਵਾਦੀ ਸੋਚ ਜਾਂ ਵਿਸ਼ਲੇਸ਼ਣ ਵਿਧੀ ਨਾ਼ਲ ਸਮਝ ਸਕਣਾ ਕਤਈ ਸੰਭਵ ਨਹੀਂ ਸੀ। ਉਸ ਨੇ ਕਿਤਾਬੀ ਗਿਆਨ ਜਾਂ ਅਕਾਦਮਿਕ ਸਿਖਲਾਈ ਹਾਸਲਿ ਨਹੀਂ ਸੀ ਕੀਤੀ ਹੋਈ।ਉਹ ਇੱਕ ਸਾਦ ਮੁਰਾਦਾ ਸੰਤ-ਪੁਰਖ ਸੀ, 'ਸੱਚ ਦੀ ਉਸ ਮਹਾਂ-ਮ੍ਰਿਤੂ ਵਿਚ ਅਭੇਦ ਹੋ ਕੇ, ਜੋ ਗੁਰੂ ਦੀ ਜਗਾਈ ਨਾਮ ਰੂਪੀ ਜੋਤ ਵਿਚ ਰੱਤੜੇ ਨੈਣਾਂ ਵਾ਼ਲਾ ਬਣ ਗਿਆ ਸੀ।'

(ਸਿੱਖ ਵਿਦਵਾਨ ਅਜਮੇਰ ਸਿੰਘ ਦੀ ਕਿਤਾਬ 'ਕਿਸ ਬਿਧ ਰੁ਼ਲੀ ਪਾਤਸ਼ਾਹੀ' ਦੇ ਚੈਪਟਰ 'ਪਹਾੜ ਜਿੱਡਾ ਕੰਮ' ਦੇ ਪੰਨਾ 247 ਤੋਂ)

'ਉਪਰੇਸ਼ਨ ਬਲਿਊ ਸਟਾਰ, ਇੱਕ ਨਾ-ਮੁਆਫ ਕਰਨ ਵਾ਼ਲਾ ਕਰੂਰ ਕਾਰਾ ਸੀ।ਭਿੰਡਰਾਂਵਾ਼ਲੇ ਵਰਗੀ 'ਦੁਰ ਆਤਮਾ' ਆਪਣੇ ਅਜਿਹੇ ਅੰਤ ਦੀ ਹੱਕਦਾਰ ਸੀ।ਜੇਕਰ ਤੁਹਾਡੇ ਵਲੋਂ ਰੀਝਾਂ ਨਾ਼ਲ ਬਣਾਏ ਆਲੀਸ਼ਾਨ ਮਹਿਲ ਵਿਚ ਕੋਈ ਜੰਗਲੀ ਚੂਹਾ ਦਾਖਿਲ ਹੋ ਜਾਵੇ ਤਾਂ ਉਸ ਤੋਂ ਖਹਿੜਾ ਛੁਡਾਉਣ ਲਈ, ਕੀ ਮਹਿਲ ਨੂੰ ਨੇਸਤੋ ਨਾਬੂਦ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ? ਸੰਤ ਭਿੰਡਰਾਂਵਾ਼ਲੇ ਦੀ ਹਿੰਦੂਆਂ ਪ੍ਰਤੀ ਨਫਰਤ ਇਤਨੀ ਵਧ ਚੁੱਕੀ ਸੀ ਕਿ ਉਹ ਅੰਦਰ ਬੈਠਾ ਕਹਿ ਰਿਹਾ ਸੀ ਕਿ ਭਾਰਤ ਦੇ ਸਾਰੇ ਹਿੰਦੂਆਂ ਨੂੰ ਮਾਰਨ ਲਈ ਇੱਕ-ਇੱਕ ਸਿੱਖ ਦੇ ਹਿੱਸੇ ਸਿਰਫ 32 ਹਿੰਦੂ ਆਉਂਦੇ ਹਨ, ਨਾ 31 ਤੇ ਨਾ 33, ਸਿਰਫ 32। ਸਿੱਖ ਤਾਂ ਇਕੱਲਾ ਸਵਾ ਲੱਖ ਨਾ਼ਲ ਲੜ ਸਕਦਾ ਹੈ।ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਸਿੱਖ, ਸੰਤ ਦੀਆਂ ਅਜਿਹੀਆਂ ਨਫਰਤੀ ਸਪੀਚਾਂ ਤੇ ਬੋਲ ਕਿਉਂ ਨਹੀਂ ਰਹੇ ਸਨ?'

(ਪ੍ਰਸਿੱਧ ਲੇਖਕ ਤੇ ਸਿੱਖ ਹਿਸਟੋਰੀਅਨ, ਖੁਸ਼ਵੰਤ ਸਿੰਘ ਦੀ ਆਪਣੀ ਜੀਵਨ ਕਥਾ ਅਧਾਰਿਤ ਕਿਤਾਬ 'Truth, love And A little Malice' ਵਿਚੋਂ)

ਖੁਸ਼ਵੰਤ ਸਿੰਘ ਬੇਸ਼ੱਕ ਸੰਤ ਭਿੰਡਰਾਂਵਾਲਿਆਂ ਦਾ ਕੱਟੜ ਵਿਰੋਧੀ ਸੀ ਅਤੇ ਸੰਤ ਭਿਡਰਾਂਵਾਲਿਆਂ ਤੇ ਕੀਤੀ ਕਾਰਵਾਈ ਨੂੰ ਵੀ ਉਹ ਜਾਇਜ ਮੰਨਦਾ ਸੀ। ਉਸਦਾ ਮੰਨਣਾ ਸੀ ਕਿ ਭਿੰਡਰਾਂਵਾ਼ਲੇ ਤੇ ਕਾਰਵਾਈ ਤਾਂ ਕੀ ਜਾਣੀ ਚਾਹੀਦੀ ਸੀ, ਪਰ ਇਸ ਤਰ੍ਹਾਂ ਦੀ ਅਹਿਮਕਾਨਾ ਕਾਰਵਾਈ ਨਹੀਂ ਹੋਣੀ ਚਾਹੀਦੀ ਸੀ, ਜਿਸ ਤਰ੍ਹਾਂ ਦੀ ਕਾਰਵਾਈ ਮੈਡਮ ਇੰਡਰਾ ਗਾਂਧੀ ਨੇ ਦਰਬਾਰ ਸਾਹਿਬ ਤੇ ਫੌਜੀ ਕਾਰਵਾਈ ਕਰਕੇ ਕੀਤੀ ਸੀ।ਜਿਸਦੇ ਸਿੱਟੇ ਵਜੋਂ ਉਹ ਆਪ ਤਾਂ ਮਰੀ ਹੀ ਮਰੀ, ਪੂਰੇ ਮੁਲਕ ਨੂੰ ਵੀ ਭਾਰੀ ਕੀਮਤ ਚੁਕਾਉਣੀ ਪਈ। ਬੇਸ਼ਕ ਮੈਡਮ ਇੰਦਰਾ ਨੇ ਆਪਣੀ ਗਲਤੀ ਮਹਿਸੂਸ ਕਰਦਿਆਂ, ਫੌਜੀ ਹਮਲੇ ਵਿਚ ਅਕਾਲ ਤਖਤ ਦੀ ਨੁਕਸਾਨੀ ਇਮਾਰਤ ਦਿਨਾਂ ਵਿਚ ਹੀ ਬਣਵਾ ਕੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਸੀ ਤੇ ਉਥੋਂ ਫੌਜ ਵੀ ਵਾਪਿਸ ਬੁਲਾ ਲਈ ਸੀ। ਪਰ ਉਸ ਦੇ ਸਭ ਯਤਨ ਸਿੱਖ ਨੌਜਵਾਨਾਂ ਦੇ ਵਲੂੰਧਰੇ ਜਜਬਾਤਾਂ ਨੂੰ ਸ਼ਾਂਤ ਨਾ ਕਰ ਸਕੇ।ਅਨੇਕਾਂ ਸਿੱਖ ਵਿਦਵਾਨ ਅਜੇ ਵੀ ਇਸ ਹਮਲੇ ਨੂੰ 18ਵੀਂ ਸਦੀ ਦੇ ਅਹਿਮਦ ਸ਼ਾਹ ਅਬਦਾਲੀ ਜਾਂ ਮੱਸੇ ਰੰਘੜ ਨਾ਼ਲ ਜੋੜਦੇ ਹਨ। ਜੋ ਕਿ ਸ਼ਾਇਦ ਬਿਲਕੁਲ ਢੁਕਵਾਂ ਨਹੀਂ ਹੈ, ਭਾਵੇਂ ਕਿ ਉਨ੍ਹਾਂ ਹਮਲਾਵਰਾਂ ਦਾ ਸੰਦਰਭ ਵੱਖਰਾ ਸੀ। ਉਨ੍ਹਾਂ ਵਿਚੋਂ ਕਿਸੇ ਨੇ ਕਦੇ ਹਰਿਮੰਦਰ ਸਾਹਿਬ ਦੀ ਬਿਲਡਿੰਗ ਢਾਹ ਕੇ ਪਛਤਾਵੇ ਵਿਚ ਬਣਾ ਕੇ ਨਹੀਂ ਦਿੱਤੀ ਸੀ? ਵਰਣਨਯੋਗ ਹੈ ਕਿ ਖੁਸ਼ਵੰਤ ਸਿੰਘ ਪਹਿਲਾ ਸਿੱਖ ਸੀ, ਜਿਸਨੇ ਉਸ ਵਕਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਮਿ਼ਲ ਕੇ ਰੋਸ ਪੱਤਰ ਅਤੇ ਆਪਣਾ 'ਪਦਮ ਭੂਸ਼ਣ' ਐਵਾਰਡ ਵਾਪਿਸ ਕਰ ਦਿੱਤਾ ਸੀ।ਬੇਸ਼ਕ ਗਿਆਨੀ ਜੀ ਨੇ ਉਸਨੂੰ ਕੁਝ ਸਮਾਂ ਸੋਚਣ ਲਈ ਕਿਹਾ ਸੀ, ਪਰ ਉਸਨੇ ਆਪਣਾ ਫੈਸਲਾ ਨਹੀਂ ਬਦਲਿਆ ਸੀ।ਹਾਲਾਂਕਿ ਉਸਦੇ ਇਸ ਕਦਮ ਦੇ ਉਸਨੂੰ ਬਹੁਤ ਹੀ ਕੌੜੇ ਨਤੀਜੇ ਭੁਗਤਣੇ ਪਏ ਸਨ।ਦੇਸ਼ ਭਰ ਵਿਚੋਂ ਦੂਜੀ ਧਿਰ ਦੇ ਬੁੱਧੀਜੀਵੀਆਂ ਦਾ ਉਸ ਖਿਲਾਫ ਤੂਫਾਨ ਝੁੱਲ ਗਿਆ ਸੀ।ਉਸਨੇ ਪਾਰਲੀਮੈਂਟ ਵਿਚ ਦਿੱਤੀਆਂ ਆਪਣੀਆਂ ਸਪੀਚਾਂ ਵਿਚ ਕਈ ਵਾਰ ਧਰਮ ਯੁੱਧ ਮੋਰਚੇ ਦੀਆਂ ਜਾਇਜ ਮੰਗਾਂ ਮੰਨ ਲੈਣ ਦੀ ਵਕਾਲਤ ਕੀਤੀ ਸੀ।ਉਹ ਦਰਬਾਰ ਸਾਹਿਬ ਤੇ ਕਿਸੇ ਸੰਭਾਵੀ ਫੌਜੀ ਕਾਰਵਾਈ ਬਾਰੇ ਸਰਕਾਰ ਨੂੰ ਵਾਰ-ਵਾਰ ਚਿਤਾਵਨੀਆਂ ਦਿੰਦਾ ਰਿਹਾ ਸੀ ਕਿ ਸਰਕਾਰ ਅਜਿਹੀ ਗਲਤੀ ਨਾ ਕਰੇ।ਉਹ ਧਰਮ ਯੁੱਧ ਮੋਰਚੇ ਦੌਰਾਨ ਦਰਬਾਰ ਸਾਹਿਬ ਕੰਪਲੈਕਸ ਅੰਦਰ, ਸੰਤ ਭਿੰਡਰਾਂਵਾ਼ਲੇ ਤੇ ਸਾਥੀਆਂ ਵਲੋਂ ਕੀਤੀਆਂ ਜਾਂਦੀਆਂ ਭੜਕਾਊ ਤਕਰੀਰਾਂ ਤੇ ਕਾਰਵਾਈਆਂ ਦਾ ਵੀ ਸਖਤ ਅਲੋਚਕ ਸੀ।ਉਸਨੂੰ ਵੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਭੜਕੀ ਸਿੱਖ ਵਿਰੋਧੀ ਹਿੰਸਾ ਵਿਚ ਘਰੋਂ ਭੱਜ ਕੇ ਜਾਨ ਬਚਾਉਣੀ ਪਈ ਸੀ।ਇਸ ਸਭ ਦੇ ਬਾਵਜੂਦ ਵੀ ਉਹ 84 ਤੋਂ ਬਾਅਦ ਦੀ ਹਥਿਆਰਬੰਦ ਖਾੜਕੂ ਲਹਿਰ ਦਾ ਵੀ ਵਿਰੋਧ ਕਰਦਾ ਰਿਹਾ, ਜਿਸ ਕਰਕੇ ਖਾੜਕੂ ਜਰਨੈਲ ਹਰਜਿੰਦਰ ਸਿੰਘ ਜਿੰਦਾ, ਉਸਦੀ ਆਵਾਜ ਸਦਾ ਲਈ ਬੰਦ ਕਰਾਉਣ ਵਾਸਤੇ ਉਸਦੇ ਘਰ ਕਿਚਨ ਤੱਕ ਪਹੁੰਚ ਗਿਆ ਸੀ, ਪਰ ਮਿ. ਸਿੰਘ ਘਰ ਨਾ ਹੋਣ ਕਾਰਨ ਬਚ ਗਿਆ ਸੀ।

ਉਪਰ ਸਿੱਖ ਵਿਦਵਾਨਾਂ ਦੀਆਂ ਵੱਖ-ਵੱਖ ਕਿਤਾਬਾਂ ਵਿਚੋਂ ਜੂਨ, 1984 ਦੇ ਘੱਲੂਘਾਰੇ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਕੁਝ ਸਤਰਾਂ ਪਾਠਕਾਂ ਨਾ਼ਲ ਸਾਂਝੀਆਂ ਕੀਤੀਆਂ ਹਨ ਤਾਂ ਕਿ ਸਾਨੂੰ ਸਿੱਖ ਵਿਦਵਾਨਾਂ ਦੀ ਇਸ ਵੱਡੀ ਇਤਿਹਾਸਕ ਘਟਨਾ ਬਾਰੇ ਸਮਝ ਪਤਾ ਲੱਗ ਸਕੇ।ਜਦੋਂ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਨਿਰਪੱਖ ਨਜ਼ਰੀਏ ਤੋਂ ਪੜ੍ਹਦੇ ਹਾਂ ਤਾਂ ਉਨ੍ਹਾਂ ਅੰਦਰ ਵਿਚਾਰਧਾਰਕ ਸਪੱਸ਼ਟਤਾ ਦੀ ਰੜਕਵੀਂ ਘਾਟ ਨਜ਼ਰ ਆਉਂਦੀ ਹੈ। ਉਹ ਦੁਨੀਆਂ ਭਰ ਦੇ ਇਤਿਹਾਸ ਵਿਚੋਂ ਵੱਡੀਆਂ-ਵੱਡੀਆਂ ਘਟਨਾਵਾਂ ਨੂੰ ਚੁੱਕ ਕੇ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਤਾਂ ਕਰਦੇ ਹਨ, ਪਰ ਮਸਲਿਆਂ ਦੀ ਗੰਭੀਰਤਾ ਨੂੰ ਸਮੁੱਚਤਾ ਨਾ਼ਲ ਨਾ ਵਿਚਾਰਨ ਕਾਰਨ, ਕਿਸੇ ਨਤੀਜੇ ਤੇ ਨਹੀਂ ਪਹੁੰਚਦੇ। ਜਿਸ ਤਰ੍ਹਾਂ ਡਾ. ਗੁਰਭਗਤ ਸਿੰਘ ਜੀ ਯਹੂਦੀਆਂ ਦੇ ਨਰ-ਸੰਹਾਰ ਦੀ ਉਦਾਹਰਣ ਦੇ ਕੇ ਇਹ ਤਾਂ ਦੱਸ ਰਹੇ ਹਨ ਕਿ ਯਹੂਦੀ ਚਿੰਤਕਾਂ ਨੇ ਕਿਵੇਂ ਪੱਛਮ ਦੇ ਚਿੰਤਨ ਤੇ ਰਾਜਨੀਤੀ ਦੀ ਡੂੰਘਾਈ ਵਿਚ ਖੋਜ ਕਰਕੇ ਇਸ ਨਸਲਕੁਸ਼ੀ ਦੇ ਕਾਰਨ ਲੱਭੇ, ਪਰ ਉਨ੍ਹਾਂ ਨੇ ਆਪਣੀਆਂ ਜੂਨ, 1984 ਬਾਰੇ ਘਟਨਾਵਾਂ ਵਿਚ ਸਿੱਖਾਂ ਨੂੰ ਜਜ਼ਬਾਤੀ ਕਰਕੇ ਉਸਨੂੰ



ਸਿਰਦਾਰ ਕਪੂਰ ਸਿੰਘ



ਡਾ. ਗੁਰਭਗਤ ਸਿੰਘ

ਆਪਣੀ ਸਿਮ੍ਰਿਤੀ ਵਿਚ ਵਸਾਉਣ, ਇਸਨੂੰ ਸੂਰਜ ਬਣਨ, ਸ਼ੋਅਲਾ ਬਣਨ ਆਦਿ ਤੇ ਜ਼ੋਰ ਤਾਂ ਦਿੱਤਾ ਹੈ, ਪਰ ਕਿਤੇ ਵੀ ਕੋਈ ਯਤਨ ਨਹੀਂ ਕੀਤਾ ਦਿਸਦਾ ਕਿ ਅਜਿਹੀ ਵੱਡੀ ਘਟਨਾ ਵਾਪਰਨ ਪਿੱਛੇ ਕੀ ਕਾਰਨ ਸਨ? ਕਿਤੇ ਅਜਿਹਾ ਕੋਈ ਯਤਨ ਕੀਤਾ ਨਹੀਂ ਮਿਲਦਾ ਕਿ ਭਵਿੱਖ ਵਿਚ ਸਿੱਖ ਪੰਥ ਨੂੰ ਅਜਿਹੇ ਕੁਲਹਿਣੇ ਘੱਲੂਘਾਰਿਆਂ ਵਿਚੋਂ ਦੁਬਾਰਾ ਨਾ ਲੰਘਣਾ ਪਵੇ? ਪੰਜਾਬ ਜਾਂ ਦਰਬਾਰ ਸਾਹਿਬ ਅੰਦਰ 1982-1984 ਤੱਕ ਅਜਿਹਾ ਕੀ ਵਾਪਰ ਰਿਹਾ ਸੀ ਕਿ ਸਰਕਾਰ ਨੂੰ ਸਿੱਖਾਂ ਵਰਗੇ ਬਹਾਦਰ, ਮਿਹਨਤੀ ਤੇ ਸਨਮਾਨਯੋਗ ਭਾਈਚਾਰੇ ਖਿਲਾਫ ਮੁਜਰਮਾਨਾ ਫੌਜੀ ਹਮਲਾ ਕਰਨ ਲਈ ਮਜਬੂਰ ਹੋਣਾ ਪਿਆ? 1982-ਜੂਨ 84 ਤੱਕ ਦੀਆਂ ਪੰਜਾਬ ਦੀਆਂ ਰੋਜ਼ਾਨਾ ਅਖ਼ਬਾਰਾਂ ਵਿਚ ਛਪਦੀਆਂ ਅਖ਼ਬਾਰੀ ਰਿਪੋਰਟਾਂ ਦੇ ਤੱਥਾਂ ਅਨੁਸਾਰ ਆਮ ਲੋਕਾਂ ਤੋਂ ਲੈ ਕੇ ਵੱਡੇ ਲੀਡਰਾਂ ਤੱਕ 500 ਤੋਂ ਵੱਧ ਲੋਕ ਹਰਿਮੰਦਰ ਸਾਹਿਬ ਅੰਦਰ ਸਿੱਧੇ ਜਾਂ ਅਸਿੱਧੇ ਢੰਗ ਨਾ਼ਲ ਗਰਮ ਖਿਆਲੀ ਧੜਿਆਂ ਦੇ ਖਾੜਕੂਆਂ ਦੀਆਂ ਕਾਰਵਾਈਆਂ ਦੀ ਭੇਟ ਚੜ੍ਹ ਚੁੱਕੇ ਸਨ।ਇਸ ਦੌਰਾਨ ਬੈਂਕਾਂ ਕਿਤਨੀਆਂ ਲੁੱਟੀਆਂ ਗਈਆਂ ਤੇ ਫਿਰੌਤੀਆਂ ਕਿਤਨੀਆਂ ਹੋਈਆਂ, ਇਸਦਾ ਲੇਖਾ ਵੱਖਰਾ ਹੈ? ਇਸ ਸਬੰਧੀ ਵਿਸਤਾਰਤ ਵੇਰਵੇ ਦਰਬਾਰ ਸਾਹਿਬ ਅੰਦਰ ਰਹੇ ਸਾਬਕਾ ਖਾੜਕੂ ਕੁਲਜਿੰਦਰ ਸਿੰਘ ਢਿੱਲੋਂ ਅਤੇ ਹੋਰ ਅੰਦਰੂਨੀ ਸੂਤਰਾਂ ਤੋਂ ਬਥੇਰੇ ਬਾਹਰ ਆ ਚੁੱਕੇ ਹਨ। ਕੀ ਕੋਈ ਦੱਸ ਸਕਦਾ ਹੈ ਕਿ ਇਨ੍ਹਾਂ ਦੋ ਸਾਲਾਂ ਵਿਚ ਸਰਕਾਰ ਵਲੋਂ ਕਿਤਨੇ ਕੁ ਸਿੱਖ ਕਤਲ ਕੀਤੇ ਗਏ ਜਾਂ ਕਿਤਨੇ ਕੁ ਝੂਠੇ ਪੁਲਿਸ ਮੁਕਾਬਲੇ ਹੋਏ ਸਨ? ਕੀ ਸਾਡੇ ਵਿਦਵਾਨਾਂ ਦੇ ਸਿਰਫ ਇਤਨਾ ਕਹਿਣ ਨਾ਼ਲ ਕਿ ਬ੍ਰਾਹਮਣਾਂ ਨੇ ਸਿੱਖਾਂ ਨਾ਼ਲ 5 ਸਦੀਆਂ ਦਾ ਵੈਰ ਕੱਢਿਆ ਹੈ, ਨਾ਼ਲ ਸਾਡਾ ਕੁਝ ਸੰਵਰ ਸਕਦਾ ਹੈ? ਕੀ ਸਾਡੇ ਵਿਦਵਾਨਾਂ ਨੂੰ ਇਹ ਨਹੀਂ ਵਿਚਾਰਨਾ ਚਾਹੀਦਾ ਕਿ ਅਕਾਲੀ ਦਲ ਵਲੋਂ ਪੰਜਾਬ ਤੇ ਸਿੱਖਾਂ ਦੀਆਂ ਮੰਗਾਂ ਲਈ ਚੱਲ ਰਹੇ ਸ਼ਾਂਤਮਈ ਸੰਘਰਸ਼ ਵਿਚ ਹਥਿਆਰ ਲਿਜਾਣ ਤੇ ਦਰਬਾਰ ਸਾਹਿਬ ਅੰਦਰ ਮੋਰਚਾਬੰਦੀ ਕਰਨ ਦੀ ਕਿਉਂ ਲੋੜ ਪਈ ਸੀ? ਸੰਤ ਭਿੰਡਰਾਂਵਾਲਿਆਂ ਦੇ ਨਜਦੀਕੀ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰੋ. ਆਫ ਸਿੱਖਇਜ਼ਮ ਦੀ ਉਪਾਧੀ ਨਾ਼ਲ ਸਨਮਾਨਿਤ ਸਿੱਖ ਵਿਦਵਾਨ ਸ. ਗੁਰਤੇਜ ਸਿੰਘ ਆਪਣੀਆਂ ਲਿਖਤਾਂ ਵਿਚ ਕਈ ਵਾਰ ਕਹਿ ਚੁਕੇ ਹਨ ਕਿ ਦਰਬਾਰ ਸਾਹਿਬ ਅੰਦਰ ਹਥਿਆਰਾਂ ਦੇ ਟਰੱਕ ਪਹੁੰਚਾਣ ਵਾ਼ਲਾ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ, ਭਾਰਤੀ ਖੁੱਫੀਆ ਏਜੰਸੀ ਰਾਅ ਦਾ ਏਜੰਟ ਸੀ। ਕੀ ਕਦੇ ਕਿਸੇ ਨੇ ਸ. ਗੁਰਤੇਜ ਸਿੰਘ ਨੂੰ ਸਵਾਲ ਕੀਤਾ ਕਿ ਉਨ੍ਹਾਂ ਕੋ਼ਲ ਇਸਦੇ ਕੀ ਸਬੂਤ ਹਨ? ਜੇ ਉਨ੍ਹਾਂ ਦੇ ਇਲਜਾਮ ਸਹੀ ਹਨ ਤਾਂ ਕੀ ਸੰਤ ਭਿੰਡਰਾਂਵਾਲਿਆਂ ਨੂੰ ਪਤਾ ਸੀ ਕਿ ਰਾਅ ਦਰਬਾਰ ਸਾਹਿਬ ਅੰਦਰ ਹਥਿਆਰ ਭੇਜ ਕੇ ਫੌਜੀ ਹਮਲਾ ਕਰਨ ਲਈ ਤਿਆਰੀ ਕਰ ਰਹੀ ਹੈ? ਉਨ੍ਹਾਂ ਨੇ ਰਾਅ ਵਲੋਂ ਭੇਜੇ ਹਥਿਆਰ ਕਿਵੇਂ ਪ੍ਰਾਪਤ ਕਰ ਲਏ ਤੇ ਉਹੀ ਹਥਿਆਰ ਜੂਨ 84 ਵਿਚ ਖਾੜਕੂਆਂ ਵਲੋਂ ਅੰਦਰੋਂ ਫੌਜ ਵਿਰੁੱਧ ਵਰਤੇ ਗਏ? ਸ. ਗੁਰਤੇਜ ਸਿੰਘ, ਜੋ ਆਪਣੇ ਆਪ ਨੂੰ ਸੰਤਾਂ ਦਾ ਸਲਾਹਕਾਰ ਦੱਸਦਾ ਹੈ, ਉਸਨੇ ਇਹ ਗੱਲ ਸੰਤਾਂ ਨੂੰ ਕਿਉਂ ਨਹੀਂ ਦੱਸੀ ਕਿ ਰਾਅ ਹਥਿਆਰ ਅੰਦਰ ਭੇਜ ਕੇ ਸਿੱਖਾਂ ਤੇ ਵੱਡਾ ਹਮਲਾ ਕਰਨ ਦੀ ਤਿਆਰੀ ਕਰ ਰਹੀ ਹੈ? ਕੀ ਕਦੇ ਅਸੀਂ ਅਜਿਹੇ ਮੁੱਦਿਆਂ ਤੇ ਗੰਭੀਰ ਹੋ ਕੇ ਨਿਰਪੱਖਤਾ ਨਾ਼ਲ ਵਿਚਾਰ ਕਰਾਂਗੇ? ਕੀ ਉਸ ਵਕਤ ਸਿੱਖਾਂ ਤੇ ਸਰਕਾਰੀ ਜ਼ਬਰ ਇਤਨਾ ਵਧ ਚੁੱਕਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ 'ਜਦ ਸਾਰੇ ਹੀਲੇ ਮੁੱਕ ਜਾਣ ਹਥਿਆਰ ਚੁੱਕਣੇ ਜਾਇਜ ਹਨ' ਅਨੁਸਾਰ ਸਿੱਖਾਂ ਕੋ਼ਲ ਹਥਿਆਰਾਂ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ? ਕੀ ਸਾਨੂੰ ਹਥਿਆਰ ਚੁੱਕਣ ਤੋਂ ਪਹਿਲਾਂ ਨਹੀਂ ਵਿਚਾਰਨਾ ਚਾਹੀਦਾ ਸੀ ਕਿ ਇਸਦੇ ਕੀ ਨਤੀਜੇ ਨਿਕ਼ਲ ਸਕਦੇ ਹਨ ਅਤੇ ਹਥਿਆਰ ਚੁੱਕਣ ਤੋਂ ਪਹਿਲਾਂ ਉਸ ਤੇ ਪੰਥ ਵਿਚ ਕੋਈ ਸਹਿਮਤੀ ਬਣਾਈ ਜਾਂਦੀ? ਹਥਿਆਰਬੰਦ ਮੂਵਮੈਂਟ ਵਿਚ ਹਜਾਰਾਂ ਲੋਕਾਂ ਦੇ ਮਾਰੇ ਜਾਣ ਤੇ ਉਸ ਲਹਿਰ ਦੇ 1994-95 ਵਿਚ ਖਤਮ ਹੋਣ ਦੇ 28 ਸਾਲ ਬਾਅਦ ਵੀ ਕਿਸੇ ਖਾੜਕੂ ਜਾਂ ਪੰਥਕ ਧਿਰ ਨੇ ਕਦੇ ਨਹੀਂ ਵਿਚਾਰਿਆ ਕਿ ਅਸੀਂ ਉਸ ਸੰਘਰਸ਼ ਵਿਚੋਂ ਕੀ ਖੱਟਿਆ? ਭਵਿੱਖ ਲਈ ਕਿਸੇ ਕੌਮੀ ਸੰਘਰਸ਼ ਦੀ ਪਿਛਲੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਰਣਨੀਤੀ ਤਿਆਰ ਕਰਨ ਲਈ ਕਦੇ ਕਿਤੇ ਚਰਚਾ ਨਹੀਂ ਸੁਣੀ? ਇਸ ਵਿਚ ਕੋਈ ਸ਼ੱਕ ਨਹੀਂ ਕਿ 1982-1995 ਤੱਕ ਸਿੱਖ ਭਾਈਚਾਰੇ ਦਾ ਹਰ ਪੱਖ ਤੋਂ ਵੱਡਾ ਨੁਕਸਾਨ ਹੋਇਆ, ਪਰ ਇਸ ਬਾਰੇ ਵੀ ਦੇਸ਼-ਵਿਦੇਸ਼ ਵਿਚ ਕਿਸੇ ਪਲੇਟਫਾਰਮ ਤੇ ਕਦੇ ਚਰਚਾ ਹੁੰਦੀ ਨਹੀਂ ਸੁਣੀ? ਕੁਝ ਮੌਕਾਪ੍ਰਸਤ ਤੇ ਨਿੰਜੀ ਹਿੱਤਾਂ ਤੋਂ ਪ੍ਰੇਰਤ ਲੋਕ ਗੁਰਦੁਆਰਾ ਸਟੇਜਾਂ ਤੋਂ ਜਜਬਾਤੀ ਤਕਰੀਰਾਂ ਜਰੂਰ ਕਰਦੇ ਸੁਣੇ ਜਾ ਸਕਦੇ ਹਨ।

ਅਸੀਂ ਪਹਿਲਾਂ ਵੀ ਕਈ ਵਾਰ ਇਹ ਚਰਚਾ ਕੀਤੀ ਹੈ ਕਿ ਇੰਦਰਾ ਗਾਂਧੀ ਨੂੰ ਫੌਜੀ ਕਾਰਵਾਈ ਵਰਗੀ ਕਰਤੂਤ ਨਹੀਂ ਕਰਨੀ ਚਾਹੀਦੀ ਸੀ। ਸਰਕਾਰ ਨੇ ਜੇ ਪੰਜਾਬ ਵਿਚ ਹੋ ਰਹੇ ਲਗਾਤਾਰ ਕਤਲਾਂ ਅਤੇ ਦਰਬਾਰ ਸਾਹਿਬ ਵਿਚ ਕੀਤੀ ਜਾ ਚੁੱਕੀ ਹਥਿਆਰਬੰਦ ਮੋਰਚਾਬੰਦੀ ਲਈ ਕੋਈ ਐਕਸ਼ਨ ਲੈਣਾ ਹੀ ਸੀ ਤਾਂ ਉਸ ਲਈ ਹੋਰ ਤਰੀਕੇ ਸੋਚੇ ਜਾਣੇ ਚਾਹੀਦੇ ਸਨ ਤਾਂ ਕਿ ਘੱਟ ਨੁਕਸਾਨ ਨਾ਼ਲ ਇਹ ਮਸਲਾ ਸੁਲਝਾਇਆ ਜਾ ਸਕਦਾ? ਸਵਾਲ ਤਾਂ ਫਿਰ ਵੀ ਇਹ ਉਵੇਂ ਹੀ ਖੜਾ ਹੈ ਕਿ ਇਹ ਭਾਣਾ ਵਾਪਰਿਆ ਕਿਉਂ? ਜਦੋਂ ਤੱਕ ਅਸੀਂ ਇਸ ਗੱਲ ਤੇ ਵਿਚਾਰ ਨਹੀਂ ਕਰਦੇ ਕਿ ਅਜਿਹਾ ਭਾਣਾ ਵਾਪਰਿਆ ਕਿਉਂ? ਉਦੋਂ ਤੱਕ ਲੋਕਾਂ ਨੂੰ ਜਜ਼ਬਾਤੀ ਕਰਕੇ ਸਿੱਖ ਲੀਡਰਾਂ ਤੇ ਵਿਦਵਾਨਾਂ ਵਲੋਂ ਆਪਣੇ ਜਾਤੀ ਤੇ ਜਮਾਤੀ ਹਿੱਤ ਤਾਂ ਪੂਰੇ ਜਾ ਸਕਦੇ ਹਨ, ਇਸ ਨਾ਼ਲ ਦੁਨੀਆਂ ਭਰ ਵਿਚ ਵਸਦੇ ਵਿਸ਼ਾਲ ਸਿੱਖ ਭਾਈਚਾਰੇ ਦਾ ਕਿੰਨਾ ਕੁ ਭਲਾ ਹੋ ਸਕਦਾ ਹੈ?

ਸਾਕਾ ਨੀਲਾ ਤਾਰਾ ਵਾਪਰਨ ਤੋਂ 4 ਦਹਾਕਿਆਂ ਬਾਅਦ ਵੀ ਸਾਡੇ ਸਾਹਮਣੇ ਡਾ. ਗੁਰਭਗਤ ਸਿੰਘ, ਸ. ਅਜਮੇਰ ਸਿੰਘ, ਪ੍ਰੋ. ਹਰਿੰਦਰ ਸਿੰਘ ਮਹਿਬੂਬ, ਕਰਮਜੀਤ ਸਿੰਘ ਪੱਤਰਕਾਰ ਆਦਿ ਸਿਰਮੌਰ ਵਿਦਵਾਨਾਂ ਦੀਆਂ ਜੂਨ ਚੁਰਾਸੀ ਬਾਰੇ ਅਤਿ ਭਾਵੁਕ ਵਿਆਖਿਆਵਾਂ ਦੇ ਬਾਵਜੂਦ, ਅੱਜ ਤੱਕ ਵੀ ਸਭ ਤੋਂ ਵੱਡਾ ਸਵਾਲ ਕੀ ਇਹ ਹੀ ਨਹੀਂ ਹੈ ਕਿ ਅਜਿਹਾ ਭਿਆਨਕ ਦੁਖਾਂਤ ਆਖਿਰ ਵਾਪਰਿਆ ਕਿਉਂ? ਕੀ 1982 ਤੋਂ 1984 ਤੱਕ ਦੋ ਸਾਲ ਚੱਲੇ ਧਰਮ ਯੁੱਧ ਮੋਰਚੇ ਦੌਰਾਨ ਕੀ ਸਾਡੀਆਂ ਆਪਣੀਆਂ ਧਿਰਾਂ ਵਲੋਂ ਵੀ ਕੋਈ ਗਲਤੀਆਂ ਹੋਈਆਂ ਸਨ ਜਾਂ ਨਹੀਂ?

ਇਸ ਪ੍ਰਥਾਏ ਸਭ ਤੋਂ ਚਰਚਿਤ ਘਟਨਾ ਤਾਂ ਸੀਨੀਅਰ ਪੁਲਿਸ ਅਧਿਕਾਰੀ, ਏ ਐਸ ਅਟਵਾਲ ਦੀ ਦਰਬਾਰ ਸਾਹਿਬ ਦੀਆਂ ਬਰੂਹਾਂ ਤੇ ਹੋਏ ਕਤਲ ਦੀ ਸੀ। ਉਸ ਕਤਲ ਨੂੰ ਅੰਜਾਮ ਦੇਣ ਵਾ਼ਲੇ ਸੂਰਬੀਰ ਮੇਜਰ ਸਿੰਘ ਨਾਗੋਕੇ ਦੇ ਇੰਗਲੈਂਡ ਰਹਿੰਦੇ ਪੁੱਤਰ ਨੇ ਆਪਣੀ ਇੱਕ ਯੂ ਟਿਊਬ ਇੰਟਰਵਿਊ ਵਿਚ ਕਤਲ ਦੀ ਸਾਰੀ ਵਿਥਿਆ ਦੱਸੀ ਹੋਈ ਹੈ, ਜੋ ਉਸਨੇ ਸੰਤਾਂ ਦੀ ਛਤਰਛਾਇਆ ਹੇਠ ਕੰਪਲੈਕਸ ਅੰਦਰ ਹਾਜਿਰ ਆਪਣੀ ਮਾਤਾ ਕੋ਼ਲੋਂ ਸੁਣੀ ਹੋਈ ਸੀ। ਅਜਿਹੀ ਫਸਟ ਹੈਂਡ ਇਨਫੋਰਮੇਸ਼ਨ ਤੋਂ ਬਾਅਦ ਵੀ ਕੀ ਸ਼ੱਕ ਦੀ ਕੋਈ ਗੁੰਜ਼ਾਇਸ਼ ਰਹਿ ਜਾਂਦੀ ਹੈ ਕਿ ਕਤਲ ਕਿਸਨੇ ਕੀਤਾ ਸੀ? ਹੈਰਾਨੀ ਹੁੰਦੀ ਹੈ ਕਿ ਮੋਰਚੇ ਬਾਰੇ ਦੋ ਪੁਸਤਕਾਂ ਲਿਖਣ ਵਾ਼ਲਾ ਸੀਨੀਅਰ ਪੱਤਰਕਾਰ ਸ. ਜਗਤਾਰ ਸਿੰਘ, ਜਦੋਂ ਖਵਾਜੇ ਦਾ ਗਵਾਹ ਡੱਡੂ ਵਾਂਗ ਨਿਸ਼ੰਗ ਹੋ ਕੇ ਕੱਚੀਆਂ ਦਲੀਲਾਂ ਦੇ ਰਿਹਾ ਹੈ ਕਿ ਸੰਤਾਂ ਦਾ ਅਟਵਾਲ ਦੀ ਹੱਤਿਆ ਨਾ਼ਲ ਕੋਈ ਲਾਗਾ ਦੇਗਾ ਹੀ ਨਹੀਂ ਸੀ। ਇਸ ਬਾਰੇ ਵਿਸਥਾਰ ਵਿਚ ਵੇਰਵੇ ਇਥੇ ਲਿਖਣ ਦੀ ਗੁੰਜਾਇਸ਼ ਨਹੀਂ ਹੈ, ਪਾਠਕ ਏਬੀਸੀ ਟੀਵੀ ਚੈਨਲ ਦੇ ਪੱਤਰਕਾਰ ਸੰਦੀਪ ਨਾ਼ਲ ਉਸਦੀ ਵਿਸਤਾਰਤ ਇੰਟਰਵਿਊ ਸੁਣ ਸਕਦੇ ਹਨ। ਸ. ਜਗਤਾਰ ਸਿੰਘ ਦੀ ਨਿਰਪੱਖਤਾ ਦਾ ਪਤਾ ਤਾਂ ਉਸਦੇ ਆਪਣੇ ਪੁਰਾਣੇ ਸਾਥੀ ਰਜਿੰਦਰ ਸਿੰਘ ਤੱਗੜ ਨਾ਼ਲ ਉਸਦੀ ਯੂ ਟਿਊਬ ਚੈਨਲ 'ਪੰਜਾਬ ਦਸਤਾਵੇਜ' ਤੇ ਦਿੱਤੀ 'ਬਲਦੇ ਦਰਿਆਵਾਂ ਦੀ ਗਾਥਾ' ਹੇਠਲੀ ਇੰਟਰਵਿਊ ਵਿਚ ਉਸਦੀ ਪੁਸਤਕ ਬਾਰੇ ਕੀਤੇ ਜਰਾ ਤਿੱਖੇ ਸਵਾਲ ਤੇ ਦਿੱਤੇ ਕੜਵੇ ਜਵਾਬ ਤੋਂ ਲੱਗ ਜਾਂਦਾ ਹੈ। ਜਦੋਂ ਤੱਗੜ ਸਵਾਲ ਪੁੱਛਦਾ ਹੈ ਕਿ ਕੀ ਧਰਮ ਯੁੱਧ ਮੋਰਚੇ ਦੌਰਾਨ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਹਿੰਸਕ ਵਾਰਦਾਤਾਂ ਵੀ ਹੁੰਦੀਆਂ ਰਹੀਆਂ ਸਨ ਜਾਂ ਕੀ ਜਗਤਾਰ ਸਿੰਘ ਨੂੰ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਦੇ ਕਤਲ ਬਾਰੇ ਪਤਾ ਹੈ? ਜੋ ਗਿਆਨੀ ਜੀ ਵਲੋਂ ਸੰਤ ਭਿੰਡਰਾਂਵਾ਼ਲੇ ਦੇ ਖਾੜਕੂਆਂ ਵਲੋਂ ਦਰਬਾਰ ਸਾਹਿਬ ਅੰਦਰ ਹਥਿਆਰਾਂ ਦੀ ਹੋ ਰਹੀ ਪ੍ਰਦਰਸ਼ਨੀ ਦੇ ਵਿਰੋਧ ਵਜੋਂ ਕੀਤਾ ਗਿਆ ਸੀ। ਜਗਤਾਰ ਸਿੰਘ ਹੋਰਾਂ ਦਾ ਪਾਰਾ ਇੱਕਦਮ ਸੱਤਵੇਂ ਅਸਮਾਨ ਤੇ ਚੜ੍ਹ ਜਾਂਦਾ ਹੈ। ਜਗਤਾਰ ਸਿੰਘ ਦਾ ਆਪਣੇ ਸਾਥੀ ਪੱਤਰਕਾਰ ਵੱਲ ਪ੍ਰਤੀਕਰਮ ਉਵੇਂ ਹੀ ਸੀ, ਜਿਵੇਂ ਕਦੇ ਸੰਤ ਜਰਨੈਲ ਸਿੰਘ ਨੇ ਨੌਜਵਾਨ ਨੌਜਵਾਨ ਪੱਤਰਕਾਰ ਬੀਬੀ ਤਵਲੀਨ ਸਿੰਘ ਨੂੰ ਦਿੱਤਾ ਸੀ।ਜਦੋਂ ਤਵਲੀਨ ਸਿੰਘ ਇੰਟਰਵਿਊ ਦੌਰਾਨ ਇਹ ਸਵਾਲ ਕਰਨ ਦੀ ਹਮਾਕਤ ਕਰ ਬੈਠੀ ਸੀ ਕਿ ਸੰਤ ਜੀ ਦੇ ਪੈਰੋਕਾਰ ਹਥਿਆਰ ਲੈ ਕੇ ਦਰਬਾਰ ਸਾਹਿਬ ਅੰਦਰ ਕੀ ਕਰ ਰਹੇ ਹਨ ਜਾਂ ਸੰਤ ਜੀ ਨੇ ਕਾਂਗਰਸੀ ਉਮੀਦਵਾਰਾਂ ਦੀ ਚੋਣਾਂ ਵਿਚ ਮੱਦਦ ਕਿਸ ਨਜ਼ਰੀਏ ਤੋਂ ਕੀਤੀ ਸੀ? ਕੀ ਤਵਲੀਨ ਸਿੰਘ ਦੀ ਗਲਤੀ ਸਿਰਫ ਇਤਨੀ ਹੀ ਨਹੀਂ ਸੀ ਕਿ ਉਸਨੇ ਸ਼ਾਂਤਮਈ ਮੋਰਚੇ ਵਿਚ ਹਥਿਆਰ ਚੁੱਕੀ ਫਿਰਦੇ ਨੌਜਵਾਨਾਂ ਦੀ ਰਿਪੋਰਟਿੰਗ ਕਰ ਦਿੱਤੀ ਸੀ? ਜੋ ਕਿ ਦਲਬੀਰ ਸਿੰਘ, ਮਹਿੰਦਰ ਸਿੰਘ, ਜਗਤਾਰ ਸਿੰਘ ਤੇ ਜਸਪਾਲ ਸਿੰਘ ਸਿੱਧੂ ਵਰਗੇ ਚਾਰ ਖਲੀਫੇ ਪੱਤਰਕਾਰਾਂ ਦੀ ਨਿਰਪੱਖ/ਹਮਦਰਦਾਨਾ ਰਿਪੋਰਟਿੰਗ ਤੋਂ ਜਿਆਦਾ ਹੀ ਹਟਵੀਂ ਸੀ?

ਫਿਰ ਉਸੇ ਘਟਨਾ (ਅਟਵਾਲ ਕਤਲ ਕਾਂਡ) ਬਾਰੇ ਤਵਲੀਨ ਸਿੰਘ ਦੀ ਤਰਜ ਤੇ ਹੀ ਇੱਕ ਹੋਰ ਪੱਤਰਕਾਰ ਸ. ਹਰਵੀਰ ਸਿੰਘ ਭੰਵਰ ਨੇ ਕੰਪਲੈਕਸ ਵਿਚ ਰਹਿ ਰਹੀ ਆਪਣੀ ਪਤਨੀ ਦੀ ਅੱਖੀਂ ਦੇਖੀ ਘਟਨਾ ਦੀ ਨਿਰਪੱਖ ਰਿਪੋਰਟਿੰਗ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾ਼ਲ ਅਤੇ ਫੈਡਰੇਸ਼ਨ ਸਕੱਤਰ ਹਰਮਿੰਦਰ ਸਿੰਘ ਸੰਧੂ ਕੋ਼ਲ ਭੋ਼ਲੇ-ਭਾਅ ਕਰ ਦਿੱਤੀ ਸੀ। ਉਸਨੂੰ ਇਸਦੀ ਕਿਸ ਤਰ੍ਹਾਂ ਦੀ ਕੀਮਤ ਉਤਾਰਨੀ ਪਈ ਸੀ, ਇਸ ਬਾਰੇ ਸ. ਜਸਪਾਲ ਸਿੰਘ ਸਿੱਧੂ ਹੋਰੀਂ ਆਪਣੀ ਟੀਵੀ ਇੰਟਰਵਿਊ ਵਿਚ ਦੱਸਿਆ ਹੋਇਆ ਹੈ। ਉਸਨੂੰ ਇਤਨਾ ਡਰਾ ਦਿੱਤਾ ਗਿਆ ਸੀ ਕਿ ਉਹ ਯੂ ਐਨ ਆਈ ਦਾ ਦਫਤਰ ਛੱਡ ਕੇ ਭੱਜ ਗਿਆ ਸੀ। ਇਸੇ ਇੰਟਰਵਿਊ ਵਿਚ ਸ. ਜਸਪਾਲ ਸਿੰਘ ਸਿੱਧੂ ਹੋਰੀਂ ਦੱਸਿਆ ਸੀ ਕਿ ਕਿਵੇਂ ਦਰਬਾਰ ਸਾਹਿਬ ਅੰਦਰ ਬੈਠੇ ਬੱਬਰਾਂ ਨੇ 35 ਨਿਰੰਕਾਰੀ ਮਾਰਨ ਦੀ ਜਿੰਮੇਵਾਰੀ ਵਾ਼ਲਾ ਪ੍ਰੈਸ ਨੋਟ ਉਨ੍ਹਾਂ ਨੂੰ ਦਿੱਤਾ ਸੀ।ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਸੰਤ ਭਿੰਡਰਾਂਵਾ਼ਲਾ ਤਾਂ ਐਵੇਂ ਹੀਰੋ ਬਣ ਰਿਹਾ ਹੈ, ਨਿਰੰਕਾਰੀਆਂ ਖਿਲਾਫ ਸਾਰੇ ਐਕਸ਼ਨ ਤਾਂ ਉਨ੍ਹਾਂ ਨੇ ਕੀਤੇ ਸਨ। ਇਸੇ ਇੰਟਰਵਿਊ ਵਿਚ ਸ. ਜਸਪਾਲ

*(ਬਾਕੀ ਅਗਲੇ ਸਫੇ 'ਤੇ)*

ਸਿੰਘ ਸਿੱਧੂ ਦੇ ਦੱਸਣ ਅਨੁਸਾਰ ਇਹ ਪ੍ਰੈਸ ਨੋਟ ਭੇਜ ਤਾਂ ਬੈਠਾ, ਪਰ ਹੈਰਾਨੀ ਹੁੰਦੀ ਹੈ ਕਿ ਉਹ ਆਪਣੇ ਵਲੋਂ ਕੀਤੀ ਸਹੀ ਰਿਪੋਰਟਿੰਗ ਦਾ ਪਛਤਾਵਾ ਕਰ ਰਹੇ ਹਨ ਕਿਉਂਕਿ ਇਸ ਰਿਪੋਰਟ ਦੇ ਸਿੱਟੇ ਵਜੋਂ ਕੰਪਲੈਕਸ ਅੰਦਰ ਖਾੜਕੂਆਂ ਦੀ ਪਨਾਹ ਲਈ ਹੋਣ ਦਾ ਮਹੀਨ ਜਿਹਾ ਪੜਦਾ ਫਟ ਗਿਆ ਸੀ, ਉਸ ਨਾਲ਼ ਸਰਕਾਰੀ ਖੇਮੇ ਵਿਚ ਕਾਫੀ ਹੋ ਹੱਲਾ ਮਚ ਗਿਆ ਸੀ।

ਗੱਲ ਅੱਗੇ ਤੋਰਨ ਤੋਂ ਪਹਿਲਾਂ ਇੱਥੇ ਖਾਲਿਸਤਾਨੀ ਧਿਰਾਂ ਦੇ ਮੋਢੀ ਵਿਦਵਾਨ ਤੇ ਸਾਬਕਾ ਆਈ ਸੀ ਐਸ ਸਿਰਦਾਰ ਕਪੂਰ ਸਿੰਘ ਹੋਰਾਂ ਦੀ ਕਿਤਾਬ 'ਸਿੱਖਾਂ ਦਾ ਸਰਬਨਾਸ਼' ਵਿਚੋਂ ਕੁਝ ਲਾਈਨਾਂ ਸਿੱਖ ਵਿਦਵਾਨਾਂ ਦੇ ਭੰਬਲਭੂਸੇ ਨੂੰ ਸਪੱਸ਼ਟ ਕਰਨ ਲਈ ਸਾਂਝੀਆਂ ਕਰ ਰਹੇ ਹਾਂ।ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦੇ ਹਾਂ ਕਿ ਸਿਰਦਾਰ ਕਪੂਰ ਸਿੰਘ ਨੂੰ 'ਅਨੰਦਪੁਰ ਦੇ ਮਤੇ' ਦਾ ਲੇਖਕ ਵੀ ਮੰਨਿਆ ਜਾਂਦਾ ਹੈ, ਜਿਸਨੂੰ ਅਕਾਲੀ ਦਲ ਨੇ ਆਪਣੇ 1973 ਦੇ ਜਨਰਲ ਇਜਲਾਸ ਵਿਚ ਪਾਸ ਕੀਤਾ ਸੀ।ਅਨੰਦਪੁਰ ਦੇ ਮਤੇ ਅਨੁਸਾਰ ਕੇਂਦਰ ਸਰਕਾਰ ਕੋਲ਼ ਚਾਰ ਮਹਿਕਮੇ ਛੱਡ ਕੇ ਬਾਕੀ ਸਾਰੇ ਅਧਿਕਾਰ ਰਾਜਾਂ ਨੂੰ ਦੇ ਦਿੱਤੇ ਜਾਣੇ ਚਾਹੀਦੇ ਹਨ। ਇਸੇ ਕਰਕੇ 'ਅਨੰਦਪੁਰ ਦਾ ਮਤਾ' ਰਾਜਾਂ ਨੂੰ ਵੱਧ ਅਧਿਕਾਰ (ਸੂਬਾਈ ਖੁਦਮੁਖਤਾਰੀ) ਅਤੇ ਫੈਡਰਲ ਢਾਂਚੇ ਦੀ ਮੰਗ ਕਰਦਾ ਹੈ। ਸਿਰਦਾਰ ਕਪੂਰ ਸਿੰਘ ਆਪਣੀ ਕਿਤਾਬ 'ਸਿੱਖਾਂ ਦਾ ਸਰਬਨਾਸ਼' ਦੇ ਪੰਨਾ 76-79 ਤੇ 'ਸੂਬਾਈ ਖੁਦਮੁਖਤਾਰੀ' ਬਾਰੇ ਇਵੇਂ ਲਿਖਦੇ ਹਨ:

'ਸੂਬਾਈ ਖੁਦਮੁਖਤਾਰੀ ਦਾ ਮਤਾ ਸੰਤ ਅਕਾਲੀ ਦਲ (ਸੰਤ ਫਤਹਿ ਸਿੰਘ ਧੜਾ) ਨੇ ਸੰਨ 1968 ਵਿਚ ਆਪਣੀ ਬਟਾਲ਼ਾ ਕਾਨਫਰੰਸ ਵਿਚ ਪਾਸ ਕੀਤਾ ਸੀ...। ਉਨ੍ਹਾਂ ਸੋਚਿਆ ਨਹੀਂ ਕਿ 'ਸੂਬਾਈ ਖੁਦਮੁਖਤਾਰੀ' ਮਿਲਣ ਨਾਲ਼ ਪੰਜਾਬ ਅਤੇ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਦੀ ਕੀ ਦੁਰ-ਦਸ਼ਾ ਹੋ ਸਕਦੀ ਹੈ ਅਤੇ ਪੰਥ ਨੂੰ ਕੀ ਹਾਣ-ਲਾਭ ਹੋ ਸਕਦਾ ਹੈ? ਇਹ ਤਾਂ ਹੁਣ ਸਪੱਸ਼ਟ ਹੋ ਗਿਆ ਹੈ ਕਿ 'ਸੂਬਾਈ ਖੁਦਮੁਖਤਾਰੀ' ਆਉਣ ਉਤੇ ਪੰਜਾਬ ਵਿਚ ਰਾਜਸੀ ਸ਼ਕਤੀ ਉਨ੍ਹਾਂ ਦੇ ਹੱਥਾਂ ਵਿਚ ਜਾ ਸਕਦੀ ਹੈ, ਜਿਨ੍ਹਾਂ ਨੂੰ ਨਾ ਸਿੱਖੀ ਨਾਲ਼ ਬੱਝਵੀਂ ਪਕੜ ਹੈ ਅਤੇ ਨਾ ਪੰਥ ਵੱਲ ਕੋਈ ਜਿੰਮੇਵਾਰੀ। ਜਿਵੇਂ ਕਿ ਹੁਣ ਪੰਜਾਬੀ ਸੂਬੇ ਵਿਚ ਹੋ ਗਿਆ ਹੈ। ਹੁਣ ਦੀ 'ਪੰਜਾਬੀ ਸੂਬੀ' ਨਾਲ਼ੋਂ ਸਿੱਖੀ ਤੇ ਪੰਥ ਦੇ ਦ੍ਰਿਸ਼ਟੀਕੋਣ ਤੋਂ ਫਰੀਦਾਬਾਦ ਤੋਂ ਸਪਿੱਤੀ ਲਾਹੌਲ ਵਾਲ਼ਾ ਪੰਜਾਬ ਕਿਤੇ ਚੰਗੇਰਾ ਸੀ, ਇਸ ਲਈ ਕੋਈ ਵਿਦਵਾਨ ਕਿੰਤੂ ਨਹੀਂ ਕਰ ਸਕਦਾ। 'ਸੂਬਾਈ ਖੁਦਮੁਖਤਾਰੀ' ਨਾਲ਼ੋਂ ਹੁਣ ਦੇ ਅਧਿਕਾਰਾਂ ਵਾਲ਼ਾ ਪੰਜਾਬੀ ਸੂਬਾ, ਸਿੱਖੀ ਤੇ ਪੰਥ ਲਈ, ਕਿਤੇ ਵੱਧ ਲਾਹੇਵੰਦ ਹੈ।...ਜਿਉਂ ਜਿਉਂ ਸੂਬੇ ਵਧੇਰੇ ਸ਼ਕਤੀਸ਼ਾਲੀ ਹੁੰਦੇ ਜਾਣਗੇ, ਕੇਂਦਰ ਲਿਬਰਲ ਹੁੰਦਾ ਜਾਵੇਗਾ, ਜਿਸਦਾ ਸਿੱਖਾਂ ਨੂੰ ਦੂਹਰਾ ਨੁਕਸਾਨ ਹੈ। ਦੇਸ਼ ਦੀ ਕੇਂਦਰੀ ਸ਼ਕਤੀ ਘਟਣ ਨਾਲ਼ ਦੇਸ਼ ਦਾ ਗੌਰਵ ਤੇ ਕੌਮਾਂਤਰੀ ਪ੍ਰਭਾਵ ਘਟਦਾ ਹੈ ਅਤੇ ਕੋਈ ਸੋਝੀਵਾਨ ਸਿੱਖ, ਦੇਸ਼ ਲਈ ਇਉਂ ਸੋਚ ਜਾਂ ਸਹਿ ਨਹੀਂ ਸਕਦਾ।ਸੂਬਾਈ ਖੁਦਮੁਖਤਾਰੀ ਨਾਲ਼ ਸਿੱਖਾਂ ਦਾ ਇਹ ਗੰਭੀਰ ਨੁਕਸਾਨ ਹੋਵੇਗਾ ਕਿ ਜਦੋਂ ਭਾਰਤ ਦੇ ਉਹ ਪ੍ਰਦੇਸ਼, ਜਿਨ੍ਹਾਂ ਵਿਚ ਪੰਜਾਬੋਂ ਬਾਹਰ ਸਿੱਖ ਵਸਦੇ ਹਨ, ਜੇ ਉਥੇ ਦੇ ਲੋਕ ਆਪ-ਹੁਦਰੇ ਤੇ ਖੁਦਮੁਖਤਾਰ ਹੋ ਗਏ ਤਾਂ ਪੰਜਾਬੋਂ ਬਾਹਰਲੇ ਸਿੱਖਾਂ ਉਤੇ ਸਖਤੀ, ਤੱਦੀ ਤੇ ਵਿਤਕਰਾ ਹੋਰ ਤੀਖਣ ਹੋ ਜਾਵੇਗਾ। ...ਸਿੱਖਾਂ ਵਿਰੁੱਧ ਅਜਿਹੇ ਵਿਤਕਰਿਆਂ ਦਾ ਇੱਕੋ ਇਲਾਜ ਹੈ ਕਿ ਕੇਂਦਰ ਅਥਵਾ ਦਿੱਲੀ ਦੀ ਹਕੂਮਤ ਸ਼ਕਤੀਸ਼ਾਲੀ ਬਣੀ ਰਹੇ...।'

ਉਪਰਲੀ ਸਾਰੀ ਵਾਰਤਾ ਪੜ੍ਹ ਕੇ ਕੀ ਕੋਈ ਸੋਚ ਸਕਦਾ ਹੈ ਕਿ ਪ੍ਰੋਫੈਸਰ ਆਫ ਸਿੱਖਇਜ਼ਮ ਦੀ ਉਪਾਧੀ ਨਾਲ਼ ਸਨਮਾਨਿਤ ਸਖਸ਼ੀਅਤ, ਇੱਕ ਪਾਸੇ ਰਾਜਾਂ ਲਈ ਵੱਧ ਅਧਿਕਾਰਾਂ ਦਾ ਮਤਾ ਲਿਖਦੇ ਹਨ, ਜੋ ਫੈਡਰਲ ਢਾਂਚੇ ਦੀ ਮੰਗ ਕਰਦਾ ਹੈ ਤੇ ਦੂਜੇ ਪਾਸੇ ਆਪਣੀ ਕਿਤਾਬ ਵਿਚ 'ਮਜਬੂਤ ਕੇਂਦਰ' ਦੀ ਵਕਾਲਤ ਕਰਦੇ ਹਨ। ਮੈਨੂੰ ਯਾਦ ਹੈ ਕਿ 20 ਕੁ ਸਾਲ ਪਹਿਲਾਂ ਅਮਰੀਕਾ 'ਚ ਰਹਿੰਦੇ ਖਾਲਿਸਤਾਨੀ ਵਿਦਵਾਨ ਡਾ ਸਾਹਿਬ ਨਾਲ਼ ਸਿਰਦਾਰ ਕਪੂਰ ਸਿੰਘ ਬਾਰੇ ਚੱਲਦੀ ਗਲਬਾਤ ਵਿਚ ਮੈਂ ਸਿਰਦਾਰ ਕਪੂਰ ਸਿੰਘ ਹੋਰਾਂ ਦੀ ਸੋਚ ਦੀ ਦੁਬਿਦਾ ਬਾਰੇ ਕੋਈ ਟਿੱਪਣੀ ਕੀਤੀ ਤਾਂ ਡਾਕਟਰ ਸਾਹਿਬ ਕਹਿਣ ਲੱਗੇ ਕਿ ਅੱਗੇ ਤੋਂ ਕਿਤੇ ਕਪੂਰ ਸਿੰਘ ਬਾਰੇ ਕੋਈ ਨੈਗੇਟਿਵ ਟਿੱਪਣੀ ਨਹੀਂ ਕਰਨੀ ਕਿਉਂਕਿ ਸਾਡਾ ਤਾਂ 'ਖਾਲਿਸਤਾਨ ਦਾ ਸਾਰਾ ਕੇਸ' ਹੀ 'ਸਾਚੀ ਸਾਖੀ' ਤੇ ਖੜਾ ਹੈ। ਪਰ ਕੀ ਸਿਰਦਾਰ ਕਪੂਰ ਸਿੰਘ ਸਚਮੁੱਚ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਦੇ ਹਾਮੀ ਸਨ? ਜ਼ਰਾ, ਉਨ੍ਹਾਂ ਦੀ 'ਖਾਲਿਸਤਾਨ ਦੀ ਬਾਈਬਲ ਸਾਚੀ ਸਾਖੀ' ਦੇ ਪੰਨਾ 127 ਦੀਆਂ ਇਹ ਲਾਈਨਾਂ ਪੜ੍ਹੋ:

'ਸੰਨ 1966 ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ 'ਸਿੱਖ ਹੋਮਲੈਂਡ' ਦੀ ਮੰਗ ਦਾ ਮਤਾ ਪਾਸ ਕੀਤਾ, ਉਦੋਂ ਵੀ ਮਾਸਟਰ ਤਾਰਾ ਸਿੰਘ ਨੇ ਇਸੇ ਬੁੱਧੀ-ਹੀਣ, ਬਿਬੇਕ-ਹੀਣ, ਰਾਜ-ਹਠ ਦੀ ਪ੍ਰਦਰਸ਼ਨੀ ਕੀਤੀ ਸੀ ਕਿ ਮਤੇ ਵਿਚ ਇਹ ਲਿਖੋ ਕਿ ਸਿੱਖ ਹੋਮਲੈਂਡ, ਭਾਰਤ ਅੰਦਰ ਬਣੇ, ਪਰ ਇਹ ਜਦ ਚਾਹੇ, ਇਸਨੂੰ ਭਾਰਤ ਵਿਚੋਂ ਬਾਹਰ ਨਿਕਲਣ ਦਾ ਅਧਿਕਾਰ ਦਿੱਤਾ ਜਾਵੇ। ਉਸ ਵੇਲ਼ੇ ਮੈਂ ਪਾਰਲੀਮੈਂਟ ਦੀ ਲੋਕ ਸਭਾ ਦਾ ਮੈਂਬਰ ਭੀ ਸੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਸਲਾਹਕਾਰ ਵੀ। ਮੈਂ ਡਟ ਗਿਆ ਅਤੇ ਬੇਨਤੀ ਕੀਤੀ ਕਿ ਇੱਕ ਤਾਂ ਹੁਣ ਭਾਰਤੀ ਸੰਵਿਧਾਨ ਵਿਚ ਸੰਸ਼ੋਧਨ ਹੋ ਚੁੱਕਾ ਹੈ ਕਿ ਹਿੰਦੁਸਤਾਨ ਤੋਂ ਵੱਖਰੇ ਹੋਣ ਦੀ ਮੰਗ ਕਰਨਾ ਹੀ ਘੋਰ ਅਪਰਾਧ ਹੈ, ਜਿਸਦੀ ਸਜ਼ਾ 10 ਸਾਲ ਸਖਤ ਕੈਦ ਹੋ ਸਕਦੀ ਹੈ। ਕੇਵਲ 10 ਸਾਲ ਲਈ ਜੇਲ੍ਹ ਯਾਤਰਾ ਦਾ ਚਾਅ, ਜੇ ਕਿਸੇ ਅਕਾਲੀ ਸਿੰਘ ਨੂੰ ਹੈ ਤਾਂ ਉਹ ਮਾਸਟਰ ਤਾਰਾ ਸਿੰਘ ਜੀ ਦਾ ਸੁਝਾਇਆ ਮਤਾ ਪਾਸ ਕਰ ਦੇਖੋ। ਮੈਂ ਇਹੋ ਜਿਹੀ ਮੰਤਵਹੀਣ, ਤੇ ਹੂੜ-ਮੱਤ ਕਰਨ ਨੂੰ ਤਿਆਰ ਨਹੀਂ।... ਸਿੱਖਾਂ ਵਲੋਂ ਹਿੰਦੂਆਂ ਨੂੰ ਇਹ ਸੱਚਾ ਤੇ ਦ੍ਰਿੜ ਵਿਸ਼ਵਾਸ਼ ਦਿਵਾਇਆ ਜਾਵੇ ਕਿ ਜੇ ਸਾਰੇ ਹਿੰਦੂ ਭੀ ਭਾਰਤ ਨੂੰ ਖੇਰੂੰ-ਖੇਰੂੰ ਕਰਨ ਨੂੰ ਤਤਪਰ ਹੋ ਜਾਣ, ਤਦ ਵੀ ਸਿੱਖ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਅਖੀਰ ਤੱਕ ਲੜਦੇ ਰਹਿਣਗੇ।' ਇਹ ਸਾਰੀ ਵਾਰਤਾ ਪੜ੍ਹ ਕੇ ਕਿਸੇ ਨੂੰ ਕੋਈ ਸ਼ੱਕ ਰਹਿ ਜਾਂਦਾ ਹੈ ਕਿ ਕਿਵੇਂ ਸਾਡੇ ਧੁਰੰਤਰ ਵਿਦਵਾਨ ਅਨੰਦਪੁਰ ਦਾ ਮਤਾ, ਸਿੱਖ ਹੋਮਲੈਂਡ, ਸਿੱਖਾਂ ਦੇ ਬੋਲ-ਬਾਲੇ, ਵੱਖਰਾ ਸਿੱਖ ਰਾਜ, ਖਾਲਿਸਤਾਨ, ਖਾਲਸਾ ਰਾਜ, ਅੰਮ੍ਰਿਤਸਰ ਐਲਾਨਨਾਮਾ ਆਦਿ ਦੇ ਸੰਕਲਪਾਂ ਤੇ ਭੰਬਲਭੂਸੇ ਦਾ ਸ਼ਿਕਾਰ ਹਨ।

ਹੁਣ 'ਅਨੰਦਪੁਰ ਸਾਹਿਬ ਦੇ 1973 ਵਾਲ਼ੇ ਮਤੇ' ਦੀਆਂ ਕੁਝ ਮੁਢਲੀਆਂ ਲਾਈਨਾਂ ਵੇਖੋ:

'ਭਾਰਤ ਵਿਚ ਸਿੱਖ ਕੌਮ 17ਵੀਂ ਸਦੀ ਦੇ ਅੰਤਲੇ ਸਾਲਾਂ, ਖਾਲਸਾ ਪੰਥ ਦੀ ਸਾਜਨਾ ਦੇ ਸਮੇਂ ਤੋਂ ਹੀ, ਇਤਿਹਾਸਕ ਤੌਰ ਤੇ ਇੱਕ ਰਾਜਨੀਤਕ ਕੌਮ (ਜਿਵੇਂ ਹਿੰਦੂ ਤੇ ਮੁਸਲਿਮ ਨੇ) ਵਾਂਗ ਤਸਲੀਮ ਕੀਤੀ ਜਾ ਚੁੱਕੀ ਹੈ (ਭਾਵ ਸਿੱਖਾਂ ਨੂੰ ਤੀਜੀ ਕੌਮ ਮੰਨਿਆ ਹੈ)। ਸਿੱਖ ਕੌਮ ਦਾ ਇਹ ਰੁਤਬਾ, ਕੌਮਾਂਤਰੀ ਪੱਧਰ ਤੇ ਯੂਰਪ ਅਤੇ ਏਸ਼ੀਆ ਦੀਆਂ ਸ਼ਕਤੀਆਂ, ਜਿਵੇਂ ਕਿ ਫਰਾਂਸ, ਇੰਗਲੈਂਡ, ਇਟਲੀ, ਰੂਸ, ਚੀਨ, ਤਿੱਬਤ, ਇਰਾਨ, ਨੇਪਾਲ, ਅਫਗਾਨਿਸਤਾਨ, ਤਿੱਬਤ ਅਤੇ ਕੰਪਨੀ ਬਹਾਦਰ ਫੋਰਟ ਵਿਲੀਅਮ ਕਲਕੱਤਾ ਵਲੋਂ 19ਵੀਂ ਸਦੀ ਦੇ ਅੱਧ ਤੱਕ, ਅਤੇ ਫੇਰ ਦੇਸ਼ ਛੱਡ ਕੇ ਜਾ ਰਹੇ ਫਿਰੰਗੀ, ਹਿੰਦੂ ਕਾਂਗਰਸ ਅਤੇ ਮੁਸਲਿਮ ਲੀਗ ਵਲੋਂ 20ਵੀਂ ਸਦੀ ਦੇ ਅੱਧ (1947 ਤੋਂ ਥੋੜਾ ਸਮਾਂ ਪਹਿਲਾਂ) ਤਸਲੀਮ ਕੀਤਾ ਹੈ ਕਿ ਸਿੱਖ ਇੱਕ ਵੱਖਰੀ ਕੌਮ ਹੈ।'

'ਹੁਣ ਮੁਲਕ ਦੀ ਵੰਡ ਤੋਂ ਬਾਅਦ 1950 ਵਿਚ ਹਿੰਦੁਸਤਾਨ ਦੀ ਧੱਕੜ ਬਹੁ-ਗਿਣਤੀ ਹਿੰਦੂ ਕੌਮ ਨੇ ਇੱਕ ਅਜਿਹਾ ਸੰਵਿਧਾਨਕ ਇੰਤਜਾਮ ਠੋਕਿਆ ਹੈ, ਜਿਸਨੇ ਸਿੱਖਾਂ ਨੂੰ ਉਸਦੀ ਰਾਜਸੀ ਪਛਾਣ ਅਤੇ ਸਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ।ਇਸ ਤਰ੍ਹਾਂ ਸਿੱਖਾਂ ਨੂੰ ਰਾਜਸੀ ਤੌਰ ਤੇ ਖਤਮ ਕਰਕੇ ਅਤੇ ਉਨ੍ਹਾਂ ਨੂੰ ਆਤਮਿਕ ਤੇ ਸਭਿਆਚਾਰਕ ਗਿਰਾਵਟ ਦੇ ਕੰਢੇ ਲਿਆ ਕੇ, ਬੇ-ਸਿਰ ਪੈਰੇ ਹਿੰਦੂ ਧਰਮ ਦੇ ਡੂੰਘੇ ਸਾਗਰ ਵਿਚ, ਹਰ ਹੀਲੇ ਡੁੱਬ ਜਾਣ ਦੀ ਨੌਬਤ ਤੱਕ ਲੇ ਆਂਦਾ ਹੈ..।'

ਸਿੱਖ ਲੀਡਰਸ਼ਿਪ ਦੀ ਦੁਬਿਧਾ ਇਥੋਂ ਪਤਾ ਲਗਦੀ ਹੈ, ਜਦੋਂ ਉਹ ਇਸੇ ਮਤੇ ਵਿਚ 'ਸਿੱਖ ਦਾ ਰਾਜਸੀ ਨਿਸ਼ਾਨਾ' ਸਿਰਲੇਖ ਹੇਠ ਲਿਖਦੇ ਹਨ:

'ਪੰਥਕ ਰਾਜਸੀ ਨਿਸ਼ਾਨਾ ਨਿਸਚੇ ਤੌਰ ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ (ਨੋਟ: ਜੇ ਕਿਸੇ ਕੋਲ਼ ਦਸਮ ਪਾਤਸ਼ਾਹ ਦੇ ਕਿਸੇ ਅਜਿਹੇ ਆਦੇਸ਼ ਦਾ ਕੋਈ ਇਤਿਹਾਸਕ ਪ੍ਰਮਾਣ ਹੋਵੇ ਤਾਂ ਜਰੂਰ ਸ਼ੇਅਰ ਕਰਨਾ-ਲੇਖਕ), ਸਿੱਖ ਇਤਿਹਾਸ ਦੇ ਪੰਨਿਆਂ ਅਤੇ 'ਖਾਲਸਾ ਪੰਥ' ਦੇ ਮਨ ਮੰਦਰ ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸਦਾ ਮਕਸਦ 'ਖਾਲਸਾ ਜੀ ਦਾ ਬੋਲ-ਬਾਲਾ' ਹੈ, (ਨੋਟ: ਖਾਲਸਾ ਜੀ ਦਾ ਬੋਲ-ਬਾਲਾ ਦੇ ਕੀ ਅਰਥ ਹਨ, ਕਿਤੇ ਸਪੱਸ਼ਟ ਨਹੀਂ ਕੀਤਾ ਗਿਆ? ਕੀ ਇਸਦਾ ਮਤਲਬ ਵੱਖਰਾ ਦੇਸ਼ ਹੈ? ਕੀ ਇਸਦਾ ਮਤਲਬ ਭਾਰਤ ਵਿਚ ਸਿੱਖ ਚੌਧਰ ਵਾਲ਼ਾ ਖਿੱਤਾ ਹੈ? ਜਾਂ ਕੁਝ ਹੋਰ... -ਲੇਖਕ)। ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ, ਦੇਸ਼ ਕਾਲ ਤੇ ਰਾਜਸੀ ਵਿਧਾਨ ਦੀ ਸਿਰਜਨਾ ਪ੍ਰਾਪਤੀ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।'

ਇੱਕ ਪਾਸੇ ਰਾਜਾਂ ਲਈ ਵੱਧ ਅਧਿਕਾਰਾਂ ਤੇ ਪੰਜਾਬ ਦੀਆਂ ਸਾਂਝੀਆਂ ਮੰਗਾਂ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ 'ਖਾਲਸਾ ਰਾਜ' ਤੇ 'ਸਿੱਖਾਂ ਦੇ ਬੋਲ-ਬਾਲੇ' ਦੀ ਮੰਗ ਕੀਤੀ ਜਾ ਰਹੀ ਹੈ?

ਇੱਕ ਹੋਰ ਉਦਾਹਰਣ ਦੇਖੋ। ਸਾਬਕਾ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਅਤੇ ਖਾੜਕੂ ਨਰਾਇਣ ਸਿੰਘ ਚੌੜਾ ਵਲੋਂ ਸੰਪਾਦਤ ਕਿਤਾਬ 'ਪੰਥਕ ਦਸਤਾਵੇਜ: ਧਰਮ ਯੁੱਧ ਤੇ ਜੁਝਾਰੂ ਲਹਿਰ' ਦੇ ਪੰਨਾ 69 ਉਤੇ ਧਰਮ ਯੁੱਧ ਮੋਰਚੇ ਦੌਰਾਨ ਲੰਡਨ ਤੋਂ ਛਪਦੇ ਹਫਤਾਵਾਰੀ ਅਖ਼ਬਾਰ ਦੇਸ ਪ੍ਰਦੇਸ ਨੂੰ ਸਿਰਦਾਰ ਕਪੂਰ ਸਿੰਘ ਵਲੋਂ ਉਸ ਮੌਕੇ ਦਿੱਤੀ ਇੱਕ ਯਾਦਗਾਰੀ ਇੰਟਰਵਿਊ ਦਰਜ ਕੀਤੀ ਹੈ। ਇਸ ਇੰਟਰਵਿਊ ਦਾ ਤੁਆਰਫ ਸੰਪਦਾਕਾਂ ਵਲੋਂ ਕਪੂਰ ਸਿੰਘ ਨੂੰ ਸਿੱਖ ਕੌਮ ਦੇ ਉਘੇ ਦਾਰਸ਼ਨਿਕ ਤੇ ਥਿੰਕ ਟੈਂਕ ਆਖ ਕੇ ਕਰਵਾਇਆ ਗਿਆ।ਲੇਖਕਾਂ ਵਲੋਂ ਉਨ੍ਹਾਂ ਨੂੰ ਵਿਸ਼ਾਲ ਵਿਦਵਤਾ ਤੇ ਬੇਮਿਸਾਲ ਸੋਝੀ ਅਤੇ ਸੁਹਿਰਦ ਪੰਥਕ ਸੋਚ ਸਦਕਾ 13 ਅਕਤੂਬਰ, 1973 ਨੂੰ ਸ੍ਰੀ ਅਕਾਲ ਤਖਤ ਤੋਂ ਪ੍ਰੋਫੈਸਰ ਆਫ ਸਿੱਖਇਜ਼ਮ ਦੀ ਉਪਾਧੀ ਮਿਲਣ ਦੀ ਕਹਾਣੀ ਵੀ ਦਰਜ ਕੀਤੀ ਗਈ ਹੈ। ਸੰਪਾਦਕਾਂ ਦੇ ਵਿਚਾਰ ਅਨੁਸਾਰ ਉਨ੍ਹਾਂ ਵਲੋਂ ਇਸ ਇੰਟਰਵਿਊ ਵਿਚ ਸੁਣਾਈਆਂ ਗਈਆਂ ਖਰੀਆਂ ਖਰੀਆਂ ਅਤੇ ਪ੍ਰਗਟ ਕੀਤੇ ਡੂੰਘੇ ਖਿਆਲਾਂ ਵਿਚ ਸਿੱਖ ਕੌਮ ਦੀ ਵਿਗੜੀ ਸੰਵਾਰਨ ਦਾ ਦਮ ਹੋਣ ਦਾ ਦਾਅਵਾ ਕੀਤਾ ਗਿਆ ਹੈ। ਲੇਖਕਾਂ ਅਨੁਸਾਰ ਕਪੂਰ ਸਿੰਘ ਦੀ ਸਿੱਖ ਪੰਥ ਬਾਰੇ ਰਾਜਨੀਤਕ ਸਮਝ, ਪਹੁੰਚ ਤੇ ਵਿਚਾਰਧਾਰਾ ਨੂੰ ਕਦੇ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ।'ਦੁਨੀਆਂ ਵਿਚ ਰਾਜ ਕੇਵਲ ਸਿੱਖ ਕੌਮ ਨੇ ਕੀਤਾ' ਸਿਰਲੇਖ ਹੇਠਲੀ ਇੰਟਰਵਿਊ ਵਿਚ ਕਪੂਰ ਸਿੰਘ ਕਹਿੰਦੇ ਹਨ ਕਿ ਮੈਂ ਵਰਤਮਾਨ ਸਿੱਖ ਲੀਡਰਸ਼ਿਪ ਨੂੰ 'ਕੰਜਰੀ' ਦਾ ਨਾਮ ਦਿੰਦਾ ਹਾਂ। ਕੰਜਰੀ ਨੂੰ ਭਾਵੇਂ ਲੱਖ ਕਹੋ ਕਿ ਸ਼ਰੀਫ ਬਣ ਜਾਵੇ, ਉਲਟਾ ਉਹ ਤੁਹਾਨੂੰ ਬੇਵਕੂਫ ਕਹੇਗੀ...। ਅੱਗੇ ਕਪੂਰ ਸਿੰਘ ਕਹਿੰਦੇ ਹਨ: 'ਇੱਕ ਗੱਲ ਮੈਂ ਅੱਜ ਤੋਂ ਦਾਅਵੇ ਨਾਲ਼ ਕਹਿ ਸਕਦਾ ਹਾਂ ਕਿ ਭਾਵੇਂ ਮੈਨੂੰ ਦੁਬਾਰਾ ਜਨਮ ਮਿਲ਼ ਜਾਵੇ ਅਤੇ ਦਸ ਪੰਦਰਾਂ ਹਜ਼ਾਰ ਸਾਲ ਮਿਲਦਾ ਰਹੇ, ਮੈਂ ਫਿਰ ਵੀ ਕਹਾਂਗਾ ਕਿ ਸਿੱਖਾਂ ਦਾ ਖੁਦਮੁਖਤਾਰ ਹਕੂਮਤ ਬਿਨ ਗੁਜ਼ਾਰਾ ਨਹੀਂ।' ਕਪੂਰ ਸਿੰਘ ਹੋਰ ਦੱਸਦੇ ਹਨ: 'ਗੁਰੂ ਗੋਬਿੰਦ ਸਿੰਘ ਨੂੰ ਐਵੇਂ ਹੀ ਸਿੱਖ ਪੰਜਾਬ ਨਾਲ ਬੰਨ੍ਹੀ ਜਾਂਦੇ ਹਨ।ਉਸਦੀ ਸੋਚਣੀ ਪੂਰੇ ਹਿੰਦੁਸਤਾਨ ਦੀ ਸੀ।ਪੰਜਾਂ ਪਿਆਰਿਆਂ ਵਿਚੋਂ ਕੇਵਲ ਇੱਕ ਪੰਜਾਬੀ ਸੀ, ਬਾਕੀ ਭਾਰਤ ਦੇ ਦੂਜੇ ਪ੍ਰਾਂਤਾਂ ਦੇ ਸਨ।ਗੁਰੂ ਗੋਬਿੰਦ ਸਿੰਘ ਦਾ ਨਾ ਜਨਮ ਪੰਜਾਬ ਵਿਚ ਹੋਇਆ ਤੇ ਨਾ ਮ੍ਰਿਤੂ ਪੰਜਾਬ ਵਿਚ ਹੋਈ।ਉਹ ਦੱਖਣ ਦਾ ਰਾਜ ਸਿੱਖਾਂ ਨੂੰ ਦਿੰਦੇ ਸੀ। ਪਰ ਸੇਵਕਾਂ ਨੇ ਆਖਿਆ ਕਿ ਨਹੀਂ ਸਾਨੂੰ ਆਪਣਾ ਘਰ ਹੀ ਚਾਹੀਦਾ ਹੈ।'

ਜਿਸ ਤਰ੍ਹਾਂ ਉਪਰ ਅਸੀਂ ਦੇਖਿਆ ਸੀ ਕਿ ਇੱਕ ਪਾਸੇ ਸ. ਕਪੂਰ ਸਿੰਘ ਸਿੱਖ ਰਾਜ ਦੀ ਵਕਾਲਤ ਕਰਦੇ ਕਹਿੰਦੇ ਹਨ ਕਿ ਸਿੱਖਾਂ ਦਾ ਖੁਦਮੁਖਤਾਰ ਹਕੂਮਤ ਬਿਨਾਂ ਗੁਜ਼ਾਰਾ ਨਹੀ, ਦੂਜੇ ਪਾਸੇ ਅਕਾਲੀਆਂ ਨੂੰ ਗਾਲ਼੍ਹਾਂ ਕੱਢਣ ਤੱਕ ਜਾਂਦੇ ਹਨ, ਜਦੋਂ ਉਹ ਪੰਜਾਬੀ ਸੂਬਾ ਮੰਗ ਨਾ ਮੰਨੇ ਜਾਣ ਦੇ ਗੁੱਸੇ ਵਿਚ 'ਸਿੱਖ ਹੋਮਲੈਂਡ' ਦਾ ਮਤਾ ਪਾਉਣ ਦੀ ਗੱਲ ਕਰਦੇ ਹਨ, ਜਿਸ ਵਿਚ ਭਾਰਤ ਤੋਂ ਵੱਖ ਹੋਣ ਦੀ ਗੱਲ ਕੀਤੀ ਗਈ ਸੀ, ਤੀਜੇ ਪਾਸੇ ਆਪੇ ਲਿਖੇ ਅਨੰਦਪੁਰ ਦੇ ਮਤੇ ਵਿਚ ਪੰਜਾਬ ਸਮੇਤ ਦੇਸ਼ ਦੇ ਸਾਰੇ ਰਾਜਾਂ ਲਈ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਹਨ, ਚੌਥੇ ਪਾਸੇ ਜਦੋਂ ਸਿੱਖ ਵੱਖਰੇ ਹੋਣ ਦੀ ਗੱਲ ਕਰਦੇ ਹਨ ਤਾਂ ਕਹਿੰਦੇ ਹਨ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਨਾਲ਼ ਸਿੱਖੀ ਨੂੰ ਸਾਰੇ ਭਾਰਤ ਨਾਲ਼ ਜੋੜਦੇ ਹਨ।

ਉਪਰਲੀ ਕਿਤਾਬ ਦੇ ਪੰਨਾ 168 ਤੇ ਇੱਕ ਚੈਪਟਰ 'ਕੁੰਜੀਵਤ ਭਾਸ਼ਣ ਸਿੱਖ ਸੰਮੇਲਨ ਲੁਧਿਆਣਾ' ਵਿਚ ਪੱਤਰਕਾਰ ਦਲਬੀਰ ਸਿੰਘ ਦਾ ਲੈਕਚਰ ਸ਼ਾਮਿਲ ਕੀਤਾ ਗਿਆ ਹੈ।ਇਹ ਲੈਕਚਰ ਸ. ਦਲਬੀਰ ਸਿੰਘ ਵਲੋਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਿਜ ਲੁਧਿਆਣਾ ਵਿਚ 31 ਅਗਸਤ, 1988 ਨੂੰ ਦਿੱਤਾ ਗਿਆ ਸੀ। ਦਲਬੀਰ ਸਿੰਘ ਆਪਣੇ ਭਾਸ਼ਣ ਵਿਚ ਆਖਦੇ ਹਨ: 'ਕਿਸੇ ਵੀ ਸੰਘਰਸ਼ ਦੀ ਕਾਮਯਾਬੀ ਦੀ ਬੁਨਿਆਦ ਉਸਨੂੰ ਪ੍ਰਾਪਤ ਜਨਤਕ ਹਮਾਇਤ ਤੋਂ ਹੁੰਦੀ ਹੈ।ਉਹ ਹਮਾਇਤ ਸਿੱਖ ਜਗਤ ਵਲੋਂ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ 'ਧਰਮ ਯੁੱਧ ਮੋਰਚੇ' ਨੂੰ ਮਿਲ਼ੀ। ਸਿੱਖ ਲੀਡਰਸ਼ਿਪ ਦੀ ਰਾਜਨੀਤਕ ਸੂਝ-ਬੂਝ ਦੀ ਘਾਟ, ਨਵੀਨਤਮ ਢੰਗ ਤਰਕਿਆਂ ਵਿਚ ਅੱਲੜਪਨ ਤੇ ਹਾਕਮ ਸ਼੍ਰੇਣੀ ਦੀ ਉਲਟੀ ਤੇ ਮਕਾਰੀ ਭਰੀ ਸੋਚ ਨੂੰ ਸਮਝਦਾਰੀ ਨਾਲ਼ ਜਵਾਬ ਦੇਣ ਦੀ ਅਸਫਲਤਾ ਤੋਂ ਵੱਧ ਲਾਲਚ ਤੇ ਹਉਮੈ ਵੱਸ ਹੋ ਕੇ ਵਿਚਰਨ ਦੀ ਰੁਚੀ ਨੇ ਸਿੱਖ ਸੰਘਰਸ਼ ਨੂੰ ਔਝੜੇ ਰਾਹ ਪਾਈ ਰੱਖਿਆ। ਹਾਕਮ ਸ਼੍ਰੇਣੀ ਤੇ ਦਿੱਲੀ ਦਰਬਾਰ ਦਾ ਇਹ ਪੂਰਾ ਤਾਣ ਲੱਗਿਆ ਹੋਇਆ ਸੀ ਕਿ ਸਿੱਖਾਂ ਦੇ ਹੱਕੀ ਸੰਘਰਸ਼ ਨੂੰ ਦੇਸ਼ ਵਿਰੋਧੀ ਅੱਤਵਾਦੀ, ਵੱਖਵਾਦੀ ਸਿੱਧ ਕੀਤਾ ਜਾਵੇ। ਸਿੱਖ ਆਗੂਆਂ ਦੇ ਇੱਕ ਵੱਡੇ ਹਿੱਸੇ ਨੇ ਆਪ ਕੁਝ ਅਜਿਹੇ ਢੰਗ ਤਰੀਕੇ ਅਪਨਾਏ ਕਿ ਉਹ ਦੁਸ਼ਮਣ ਦੀ ਚਾਲ ਵਿਚ ਮੋਹਰੇ ਬਣ ਗਏ...।

...ਇਸੇ ਕੁੰਜੀਵਤ ਭਾਸ਼ਨ ਵਿਚ ਉਹ ਇੱਕ ਥਾਂ ਕਹਿੰਦੇ ਹਨ: 'ਇੱਕ ਫਿਰਕੇ ਦੇ ਢਿੱਲਵਾਂ ਤੇ ਨੁਸ਼ਹਿਰਾ ਪੰਨੂੰਆਂ ਵਿਖੇ ਹੋਏ ਕਤਲਾਂ ਦੀ ਜ਼ਿੰਮੇਵਾਰੀ ਅੱਜ ਤੱਕ ਸਿੱਧ ਨਹੀਂ ਹੋ ਸਕੀ। ਸਿੱਖ ਵਿਰੋਧੀ ਫਿਰਕਾਪ੍ਰਸਤ, ਸਰਕਾਰੀ ਪ੍ਰਬੰਧਕਾਂ ਨੇ ਆਪਣੀ ਸਿੱਖ ਦੁਸ਼ਮਣੀ ਨੂੰ ਪੁਗਾਉਣ ਲਈ ਪੂਰੀ ਮਕਾਰੀ, ਸ਼ਾਤਰਾਨਾ ਢੰਗ ਨਾਲ਼ ਵਰਤੀ।' ਬੇਸ਼ਕ ਇਨ੍ਹਾਂ ਘਟਨਾਵਾਂ ਬਾਰੇ ਸ. ਦਲਬੀਰ ਸਿੰਘ ਹੋਰਾਂ ਨੂੰ ਉਸ ਵਕਤ ਹੀ ਪਤਾ ਸੀ ਕਿ ਕਿਨ੍ਹਾਂ ਨੇ ਕੀਤੀਆਂ ਹਨ ਤੇ ਉਨ੍ਹਾਂ ਆਪਣੀ ਕਿਤਾਬ 'ਨੜਿਉਂ ਡਿੱਠੇ ਸੰਤ ਭਿੰਡਰਾਂਵਾਲ਼ੇ' ਵਿਚ ਵੀ ਕੀਤਾ ਹੈ ਅਤੇ ਪੱਤਰਕਾਰ ਜਗਤਾਰ ਸਿੰਘ ਦੀ ਕਿਤਾਬ 'ਬਲਦੇ ਦਰਿਆਵਾਂ ਦੀ ਕਹਾਣੀ' ਵਿਚ ਕਤਲ ਕਰਨ ਵਾਲ਼ੇ ਖਾੜਕੂ ਨੇ ਆਪਣੇ ਸਮੇਤ ਸਾਰੇ ਨਾਮ ਨਸ਼ਰ ਕਰ ਦਿੱਤੇ ਸਨ।ਫਿਰ ਵੀ ਇਹ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿ ਬੇਗੁਨਾਹਾਂ ਦੇ ਕਤਲ ਖਾੜਕੂਆਂ ਨੇ ਨਹੀਂ, ਏਜੰਸੀਆਂ ਨੇ ਕਰਾਏ ਸਨ। ਦੂਜੇ ਪਾਸੇ ਇਹ ਮੰਨਣ ਲਈ ਵੀ ਤਿਆਰ ਨਹੀਂ ਕਿ ਮਾਰਨ ਵਾਲ਼ੇ ਖਾੜਕੂ ਏਜੰਸੀਆਂ ਦੇ ਬੰਦੇ ਸਨ?

ਇਸ ਕੁੰਜੀਵਤ ਭਾਸ਼ਨ ਵਿਚ ਸ. ਦਲਬੀਰ ਸਿੰਘ ਇਹ ਗੱਲ ਭੁੱਲ ਜਾਂਦੇ ਹਨ ਕਿ ਢਿੱਲਵਾਂ ਕਾਂਡ ਤੋਂ ਅਗਲੇ ਦਿਨ ਜਦੋਂ ਉਹ ਸੰਤ ਭਿੰਡਰਾਂਵਾਲ਼ੇ ਨੂੰ ਮਿਲਣ ਗਏ ਸਨ ਤਾਂ ਉਨ੍ਹਾਂ ਨੇ ਦਲਬੀਰ ਸਿੰਘ ਨੂੰ ਉਪਰ ਕਮਰੇ ਵਿਚ ਲਿਜਾ ਕੇ ਜਦੋਂ ਸਲਾਹ ਮੰਗੀ ਸੀ ਕਿ ਹੁਣ ਪੱਤਰਕਾਰਾਂ ਨੂੰ ਕੀ ਜਵਾਬ ਦੇਈਏ, ਤਾਂ ਉਨ੍ਹਾਂ ਨੇ ਸੰਤਾਂ ਨੂੰ ਕਿਸ ਕਿਸਮ ਦੀ ਸਲਾਹ ਦਿੱਤੀ ਸੀ!

ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ, ਸ. ਅਜਮੇਰ ਸਿੰਘ, ਸ. ਹਰਿੰਦਰ ਸਿੰਘ ਮਹਿਬੂਬ, ਪੱਤਰਕਾਰ ਕਰਮਜੀਤ ਸਿੰਘ, ਡਾ ਅਮਰਜੀਤ ਸਿੰਘ ਆਦਿ ਆਪਣੀਆਂ ਲਿਖਤਾਂ ਵਿਚ ਜੂਨ 84 ਤੇ ਨਵੰਬਰ 84 ਦੀਆਂ ਘਟਨਾਵਾਂ ਦੇ ਹਵਾਲੇ ਨਾਲ਼ ਯਹੂਦੀਆਂ ਦੀ ਨਸਲਕੁਸ਼ੀ ਦੀ ਗੱਲ ਵਾਰ-ਵਾਰ ਕਰਦੇ ਹਨ। ਉਹ 1984 ਦੀਆਂ ਘਟਨਾਵਾਂ ਨੂੰ ਯਹੂਦੀਆਂ ਦੀ ਨਸਲਕੁਸ਼ੀ ਦੇ ਬਰਾਬਾਰ ਜਾਂ ਉਸ ਤੋਂ ਵੀ ਵੱਧ ਪੇਸ਼ ਕਰਕਨ ਦੀ ਕੋਸ਼ਿਸ਼ ਕਰਦੇ ਹਨ।ਜੇ ਕਦੇ ਸਾਡੇ ਵਿਦਵਾਨ ਯਹੂਦੀਆਂ ਤੇ ਹੋਰ ਕੌਮਾਂ ਦੀਆਂ ਇਤਿਹਾਸ ਵਿਚ ਹੋਈਆਂ ਨਸਲਕੁਸ਼ੀਆਂ ਨੂੰ ਪੜ੍ਹ ਲੈਣ ਤਾਂ ਉਹ ਆਪ ਹੀ ਸੰਗ ਮਹਿਸੂਸ ਕਰਨਗੇ? ਇਸਦਾ ਮਤਲਬ ਇਹ ਨਹੀਂ ਕਿ ਅਸੀਂ 1984 ਦੇ ਸਿੱਖ ਕਤਲੇਆਮ ਨੂੰ ਛੁਟਿਆਣਾ ਜਾਂ ਘਟਾ ਕੇ ਪੇਸ਼ ਕਰਨਾ ਚਾਹੁੰਦੇ ਹਾਂ, ਪਰ ਦੁਨੀਆਂ ਵਿਚ ਵਾਪਰੇ ਨਸਲਘਾਤਾਂ ਨਾਲ਼ ਇਨ੍ਹਾਂ ਘਟਨਾਵਾਂ ਦੀ ਤੁਲਨਾ ਕਦੇ ਹੋ ਹੀ ਨਹੀਂ ਸਕਦੀ? ਯਹੂਦੀਆਂ ਨਾਲ਼ ਵਿਤਕਰਾ ਸਿਰਫ ਹਿਟਲਰ ਵਲੋਂ ਹੀ ਨਹੀਂ ਸ਼ੁਰੂ ਹੋਇਆ ਸੀ, ਉਨ੍ਹਾਂ ਦੀ ਨਸਲਕੁਸ਼ੀ ਤਾਂ 2 ਹਜ਼ਾਰ ਸਾਲ ਤੋਂ ਸਾਰੇ ਯੂਰਪ ਵਿਚ ਹੋ ਰਹੀ ਸੀ। ਹਿਟਲਰ ਦੇ 10 ਕੁ ਸਾਲ ਦੇ ਰਾਜ ਵਿਚ 60 ਲੱਖ ਯਹੂਦੀ ਮਾਰੇ ਗਏ ਸਨ। ਇਸ ਤੋਂ ਇਲਾਵਾ ਜੇ ਜ਼ਿਆਦਾ ਪਿਛੇ ਨਾ ਵੀ ਜਾਈਏ ਤਾਂ ਪਿਛਲੇ 100 ਕੁ ਸਾਲਾਂ ਵਿਚ ਦੁਨੀਆਂ ਅੰਦਰ ਜੋ ਵੱਡੇ ਨਸ਼ਲਘਾਤ ਹੋਏ ਹਨ, ਉਨ੍ਹਾਂ ਵਿਚ 1915 ਦੇ ਅਰਮੀਨੀਆ ਨਸਲਘਾਤ ਵਿਚ 15 ਲੱਖ ਬੰਦੇ ਮਰੇ, 1932 ਦੇ ਰੋਮਾਨੀਆਂ ਨਸਲਘਾਤ ਵਿਚ 5 ਲੱਖ ਬੰਦਾ ਮਰਿਆ, 1941-45 ਦੇ ਕਰੋਸ਼ੀਆ ਨਸਲਘਾਤ ਵਿਚ 5 ਲੱਖ ਬੰਦਾ ਮਰਿਆ, 1975 ਦੇ ਕੰਬੋਡੀਅਨ ਨਸਲਘਾਤ ਵਿਚ 25-30 ਲੱਖ ਬੰਦਾ ਮਰਿਆ, 1992-95 ਬੋਸਨੀਆ ਨਸਲਘਾਤ ਵਿਚ 25-30 ਲੱਖ ਬੰਦਾ ਮਰਿਆ, 1994 ਦੇ ਰਵਾਂਡਾ ਨਸਲਘਾਤ ਵਿਚ 8 ਲੱਖ ਬੰਦਾ ਮਰਿਆ, 2017 ਵਿਚ ਮਾਈਨਾਮਾਰ ਵਿਚ ਰੋਹੰਗੀਆ ਦਾ 50 ਹਜ਼ਾਰ ਬੰਦਾ ਮਾਰਿਆ ਗਿਆ। ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਵਿਚ ਲੱਖਾਂ ਲੋਕ ਮਾਰੇ ਗਏ। ਇਹ ਸਾਰੇ ਅੰਕੜੇ ਪੜ੍ਹ ਕੇ ਜਰਾ ਸੋਚੋ? ਕੀ ਸਿੱਖਾਂ ਦੇ ਹਾਲਾਤ ਪਿਛਲੇ 75 ਸਾਲਾਂ ਵਿਚ ਭਾਰਤ ਅੰਦਰ ਕਦੇ ਵੀ ਅਜਿਹੇ ਸਨ, ਜਿੱਥੇ ਸਿੱਖਾਂ ਨਾਲ਼ ਕਿਤੇ ਯੋਜਨਾਬੱਧ ਢੰਗ ਨਾਲ਼ ਕਤਲੇਆਮ ਤਾਂ ਦੂਰ ਪ੍ਰਤੱਖ ਵਿਤਕਰਾ ਵੀ ਹੋਇਆ ਹੋਵੇ, ਸਗੋਂ ਇਸਦੇ ਉਲਟ ਸਿੱਖ ਤਾਂ ਦੂਜੇ ਭਾਈਚਾਰਿਆਂ ਦੇ ਮੁਕਾਬਲੇ ਸਾਰੇ ਭਾਰਤ ਵਿਚ ਸਭ ਤੋਂ ਵੱਧ ਖੁਸ਼ਹਾਲ ਸਨ। ਅੱਜ ਵੀ ਅਸੀਂ ਗੁਲਾਮੀ ਤੇ ਵਿਤਕਰਿਆਂ ਦੇ ਜਿਤਨੇ ਮਰਜੀ ਵੱਡੇ-ਵੱਡੇ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕਰੀਏ, ਸਿੱਖ ਅੱਜ ਵੀ ਦੂਜੀਆਂ ਕੌਮਾਂ ਮੁਕਾਬਲੇ ਹਰ ਖੇਤਰ ਵਿਚ ਖੁਸ਼ਹਾਲ ਹਨ।

ਪਿਛਲੀ ਸਦੀ ਤੋਂ ਪਹਿਲਾਂ ਵੱਖ-ਵੱਖ ਕੌਮਾਂ, ਧਰਮਾਂ ਜਾਂ ਦੇਸ਼ਾਂ ਦੇ ਲੋਕਾਂ ਦੇ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿਚ ਛੋਟੇ-ਵੱਡੇ ਰਾਜ ਸਨ।ਜਿਨ੍ਹਾਂ ਵਿਚੋਂ ਅੰਗਰੇਜਾਂ, ਫਰਾਂਸੀਸੀਆਂ, ਪੁਰਤਗਾਲੀਆਂ ਦੇ ਦੁਨੀਆਂ ਭਰ ਵਿਚ ਰਾਜ ਰਹੇ ਹਨ।ਇਸ ਤੋਂ ਇਲਾਵਾ ਭਾਰਤ ਵਿਚ ਮੰਗੋਲਾਂ, ਮੁਗਲਾਂ, ਪਠਾਣਾਂ ਦਾ ਹਜਾਰ ਸਾਲ ਰਾਜ ਰਿਹਾ। ਔਟੋਮਨ ਇੰਪਾਇਰ ਮੁਸਲਮਾਨਾਂ ਦਾ ਵਿਸ਼ਾਲ ਰਾਜ ਸੀ। ਮਕਦੂਨੀਆਂ ਵਰਗੀ ਨਿੱਕੀ ਜਿਹੀ ਰਿਆਸਤ ਦੇ ਸਰਦਾਰ ਸਿਕੰਦਰ ਨੇ ਸਾਰੀ ਦੁਨੀਆਂ ਜਿੱਤ ਲਈ ਸੀ।ਕੀ ਇਨ੍ਹਾਂ ਸਭ ਵਿਚੋਂ ਅੱਜ ਕੋਈ ਵੀ ਕੌਮ, ਇਹ ਕਲੇਮ ਕਰ ਸਕਦੀ ਹੈ ਕਿ ਸਾਡੇ ਪੁਰਖਿਆਂ ਦਾ ਰਾਜ ਫਲਾਨੇ ਖੇਤਰ ਵਿਚ ਸੀ, ਇਸ ਲਈ ਅੱਜ ਵੀ ਉਥੇ ਸਾਡਾ ਅਧਿਕਾਰ ਹੈ? ਫਿਰ ਕੀ ਸਿੱਖ ਵਿਦਵਾਨਾਂ ਤੇ ਖਾਲਿਸਤਾਨੀ ਲੀਡਰਸ਼ਿਪ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਕਿਵੇਂ ਵੱਖਰੇ ਦੇਸ਼ ਦੀ ਮੰਗ ਇਸ ਅਧਾਰ ਤੇ ਕਰ ਰਹੇ ਹਨ ਕਿ ਸਿੱਖਾਂ ਦਾ 200 ਸਾਲ ਪਹਿਲਾਂ ਪੰਜਾਬ ਤੇ 40 ਕੁ ਸਾਲ ਰਾਜ ਰਿਹਾ ਸੀ, ਇਸ ਕਰਕੇ ਹੁਣ ਸਾਡਾ ਉਸ ਖਿੱਤੇ ਤੇ ਜੱਦੀ-ਪੁਸ਼ਤੀ ਰਾਜ ਕਰਨ ਦਾ ਅਧਿਕਾਰ ਹੈ? ਕੀ ਸਾਡੇ ਅਜਿਹੇ ਦਾਅਵਿਆਂ ਦੀ ਮਾਡਰਨ ਵਰਲਡ ਵਿਚ ਕੋਈ ਥਾਂ ਹੈ? ਜੇ ਉਹ ਨਿਰਪੱਖਤਾ ਨਾਲ਼ ਸੁਹਿਰਦ ਹੋ ਕੇ ਸੋਚਣ ਤਾਂ ਦੁਨੀਆਂ ਭਰ ਵਿਚ ਵਸਦੇ ਸਿੱਖ ਭਾਈਚਾਰੇ ਦਾ ਕੀ ਭਲਾ ਕਰ ਸਕਦੇ ਹਨ...?

ਅਖੀਰ ਵਿਚ ਸਿੱਖ ਵਿਦਵਾਨ ਅਮਰਜੀਤ ਸਿੰਘ ਗਰੇਵਾਲ਼ ਦੇ ਲੇਖ 'ਆ ਪੰਜਾਬ ਪਿਆਰ ਤੂੰ ਮੁੜ ਆ, ਪੰਜਾਬ ਜੀਂਦਾ ਗੁਰਾਂ ਦੇ ਨਾਮ' ਦਾ ਹਵਾਲਾ ਸਾਂਝਾ ਕਰਨਾ ਚਾਹੁੰਦਾ ਹਾਂ, ਜਿਸ ਵਿਚ ਉਹ ਸਿੱਖ ਜਗਤ ਵਿਚ ਸਰਬ ਪ੍ਰਵਾਨਤ ਵਿਦਵਾਨ ਪ੍ਰੋ. ਪੂਰਨ ਸਿੰਘ ਦੀਆਂ ਲਾਈਨਾਂ ਦੇ ਹਵਾਲੇ ਨਾਲ ਲਿਖਦੇ ਹਨ: 'ਪ੍ਰੋ. ਪੂਰਨ ਸਿੰਘ ਪੰਜਾਬ ਦੇ ਵੰਨ-ਸੁਵੰਨੇ ਭਾਈਚਾਰਿਆਂ ਨੂੰ ਸਿੱਖ ਸਪਿਰਟ ਵਿਚ ਬੰਨ੍ਹਣਾ ਚਾਹੁੰਦੇ ਸਨ।ਇਸਦੇ ਉਲਟ ਸਿੱਖਾਂ ਦੀ ਨੁਮਾਇੰਦਾ ਰਾਜਨੀਤਕ ਤੇ ਧਾਰਮਿਕ ਜਮਾਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦਾ ਏਜੰਡਾ ਪੰਜਾਬ ਵਿਚ ਸਿੱਖ ਲਡਿਰਸ਼ਿਪ ਦੀ ਚੌਧਰ/ਹਕੂਮਤ ਸਥਾਪਿਤ ਕਰਨਾ ਸੀ। ਸਿੱਖ ਲੀਡਰਸ਼ਿਪ ਦੀ ਚੌਧਰ ਦਾ ਅਰਥ ਸਿੱਖ ਭਾਈਚਾਰੇ ਦੀ ਚੌਧਰ ਵੀ ਨਹੀਂ ਸੀ...। ...ਪੰਜਾਬ ਵਿਚ ਆਪਣੀ ਚੌਧਰ ਸਥਾਪਿਤ ਕਰਨ ਲਈ ਸਿੱਖ ਭਾਈਚਾਰੇ ਕੋਲ਼ ਦੋ ਵਿਕਲਪ ਸਨ।ਇੱਕ ਸੀ, ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ, ਸਿੱਖ ਸਿਧਾਂਤਾਂ ਦੇ ਅਧਾਰ ਤੇ ਸਿੱਖ ਸਪਿਰਟ ਵਾਲ਼ੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ, ਜਿਸਨੂੰ ਉਹ ਪੰਜਾਬ ਪਿਆਰ ਅਤੇ ਸਿੱਖ ਪੰਜਾਬ ਦਾ ਨਾਮ ਦਿੰਦੇ ਸਨ।ਦੂਸਰਾ ਵਿਕਲਪ ਇੱਕ ਅਜਿਹੇ ਸਿੱਖ ਬਹੁ-ਗਿਣਤੀ ਵਾਲ਼ੇ ਖਿੱਤੇ ਦੀ ਸਥਾਪਨਾ, ਜਿੱਥੇ ਸਿੱਖ ਲੀਡਰਸ਼ਿਪ ਆਪਣੀ ਹਕੂਮਤ ਕਰ ਸਕੇ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ 'ਸਿੱਖ ਸਪਿਰਟ' ਦੀ ਥਾਂ 'ਸਿੱਖ ਲੀਡਰਸ਼ਿਪ' ਦੀ ਚੌਧਰ ਵਾਲ਼ਾ ਰਾਹ ਅਪਨਾ ਨੇ ਕੇਵਲ ਆਪਣੇ ਆਪ ਨੂੰ ਹੀ ਨਹੀਂ, ਸਗੋਂ ਪੰਜਾਬ ਅਤੇ ਪੰਜਾਬੀ ਭਾਈਚਾਰੇ ਨੂੰ ਵੀ ਇਸਦੀ ਮੌਜੂਦਾ ਸੰਕਟਮਈ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ...।'

ਅਸੀਂ ਵੀ ਸਿੱਖ ਵਿਦਵਾਨ ਅਮਰਜੀਤ ਸਿੰਘ ਗਰੇਵਾਲ਼ ਨਾਲ਼ ਸਹਿਮਤ ਹਾਂ ਕਿ ਸਿੱਖਾਂ ਕੋਲ਼ ਗੁਰੂਆਂ ਦਾ ਸਾਂਝੀਵਾਲਤਾ, ਸਮਾਜਿਕ ਬਰਾਬਰੀ, ਸਮਾਜਿਕ ਨਿਆਂ ਵਾਲ਼ਾ ਰਸਤਾ ਹੀ ਸਹੀ ਮਾਰਗ ਹੈ।ਇਹੀ ਦੁਨੀਆਂ ਭਰ ਵਿਚ ਫੈਲ ਚੁੱਕੇ ਛੋਟੇ ਜਿਹੇ ਸਿੱਖ ਭਾਈਚਾਰੇ ਦੇ ਹਿੱਤ ਵਿਚ ਹੈ। ਪੰਜਾਬ ਵਿਚ ਮੇਨ ਸਟਰੀਮ ਸਿੱਖਾਂ ਤੋਂ ਇਲਾਵਾ ਸਿੱਖਾਂ ਵਿਚਲੇ ਛੋਟੇ ਭਾਈਚਾਰਿਆਂ (ਨਾਮਧਾਰੀਆਂ, ਰਾਧਾ ਸਵਾਮੀਆਂ, ਨਿਰੰਕਾਰੀਆਂ, ਨਾਨਕਸਰੀਆਂ ਆਦਿ), ਹਿੰਦੂਆਂ, ਦਲਿਤਾਂ, ਇਸਾਈਆਂ ਆਦਿ ਦੇ ਹਿੱਤ ਵਿਚ ਇਹੀ ਹੈ ਕਿ ਪੰਜਾਬ ਵਿਚ ਗੁਰੂਆਂ ਦੀ ਸਪਿਰਟ ਵਾਲ਼ਾ ਸਮਾਜ ਸਿਰਜਿਆ ਜਾਵੇ, ਜਿਸ ਤਰ੍ਹਾਂ ਕਦੇ 19ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਘੱਟ-ਗਿਣਤੀ ਸਿੱਖ (12%) ਹੋਣ ਦੇ ਬਾਵਜੂਦ ਮਹਾਂ-ਪੰਜਾਬ ਵਿਚ 40 ਸਾਲ ਰਾਜ ਕੀਤਾ। ਜੋ ਹਿੰਸਾ ਦਾ ਰਾਹ ਸਿੱਖ ਭਾਈਚਾਰੇ ਦੇ ਇੱਕ ਸੈਕਸ਼ਨ ਵਲੋਂ ਜਾਣੇ-ਅਣਜਾਣੇ ਵਿਚ ਫੜ੍ਹ ਲਿਆ ਸੀ, ਉਸਨੇ ਇਹ ਸਾਬਿਤ ਕੀਤਾ ਹੈ ਕਿ ਹਿੰਸਾ ਤੇ ਨਫਰਤ ਦੀ ਰਾਜਨੀਤੀ ਕਿਸੇ ਵੀ ਤਰ੍ਹਾਂ ਸਾਡੇ ਹਿੱਤ ਵਿਚ ਨਹੀਂ। ਜੇ 1978-1995 ਤੱਕ ਦੇ ਵੱਡੇ ਨੁਕਸਾਨਾਂ ਬਾਅਦ ਵੀ ਅਸੀਂ ਕੋਈ ਸਬਕ ਨਹੀਂ ਲੈ ਸਕੇ ਤਾਂ ਇਸ ਤੋਂ ਵੱਡੀ ਸਾਡੀ ਹੋਰ ਕੋਈ ਬਦਕਿਸਮਤੀ ਨਹੀਂ ਹੋ ਸਕਦੀ? ਪੰਜਾਬ ਨੂੰ ਸਿੱਖਾਂ ਦੀ ਚੌਧਰ ਵਾਲ਼ਾ ਵੱਖਰਾ ਖਿੱਤਾ ਬਣਾਉਣ ਨਾਲ਼ੋਂ ਪੰਜਾਬ ਹੀ ਨਹੀਂ ਦੁਨੀਆਂ ਨੂੰ ਵਾਤਾਵਰਨ, ਗਲੋਬਲ ਵਾਰਮਿੰਗ, ਪਾਣੀ ਸੰਕਟ, ਬੇਰੁਜ਼ਗਾਰੀ, ਮਹਿੰਗਾਈ, ਸਮਾਜਿਕ ਨਾ-ਬਰਾਬਰੀ, ਆਰਟੀਫਿਸ਼ਲ ਇੰਟੈਲੀਜੈਂਸ ਵਰਗੇ ਅਨੇਕਾਂ ਮੁੱਦੇ ਹਨ, ਜੋ ਮਨੁੱਖਤਾ ਨੂੰ ਤਬਾਹੀ ਵੱਲ ਨੂੰ ਲਿਜਾ ਰਹੇ ਹਨ।ਪੰਜਾਬ ਵਿਚ ਸਾਡੇ ਕੋਲ਼ ਜ਼ਹਿਰੀਲੇ ਹੋ ਰਹੇ ਪਾਣੀ, ਧਰਤੀ ਹੇਠੋਂ ਘਟ ਰਹੇ ਪਾਣੀ, ਬੰਜਰ ਹੋ ਰਹੀ ਜ਼ਮੀਨ, ਸਿੱਖਾਂ ਦਾ ਵਿਦੇਸ਼ਾਂ ਨੂੰ ਪ੍ਰਵਾਸ, ਨੌਜਵਾਨੀ ਦਾ ਨਸ਼ਿਆਂ ਵਿਚ ਗਲਤਾਨ ਹੋਣਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਗੰਭੀਰ ਮੁੱਦੇ ਹਨ, ਜਿਨ੍ਹਾਂ ਤੇ ਸਿੱਖਾਂ ਨੂੰ ਪੰਜਾਬ ਵਿਚ ਵਸਦੇ ਸਾਰੇ ਭਾਈਚਾਰਿਆਂ ਨੂੰ ਨਾਲ਼ ਲੈ ਕੇ ਮੋਹਰੀ ਰੋਲ ਅਦਾ ਕਰਨਾ ਚਾਹੀਦਾ ਹੈ। ਧਰਮ ਅਧਾਰਿਤ ਦੇਸ਼ ਬਣਾਉਣ ਦੇ ਸੁਪਨੇ ਲੈਣ ਤੋਂ ਪਹਿਲਾਂ ਪਾਕਿਸਤਾਨ, ਅਫਗਾਨਿਸਤਾਨ, ਸੀਰੀਆ, ਮਿਸਰ, ਇਜਰਾਈਲ ਆਦਿ ਅਨੇਕਾਂ ਦੇਸ਼ਾਂ ਬਾਰੇ ਸਟੱਡੀ ਜ਼ਰੂਰ ਕਰ ਲੈਣੀ ਚਾਹੀਦੀ ਹੈ।

ਪੰਜਾਬ ਦੀਆਂ ਬਥੇਰੀਆਂ ਸਮੱਸਿਆਵਾਂ ਹਨ। ਸਮੱਸਿਆਵਾਂ ਕਸ਼ਮੀਰੀਆਂ, ਨਾਗਿਆਂ, ਤਾਮਿਲਾਂ, ਬੰਗਾਲੀਆਂ ਅਤੇ ਅਸਾਮੀਆਂ ਦੀਆਂ ਵੀ ਹਨ ਅਤੇ ਮੌਜੂਦਾ ਭਾਰਤ ਦੇ ਹਾਕਮਾਂ ਦੇ ਤਾਨਾਸ਼ਾਹੀ ਰੁਝਾਨ ਵਿਰੁੱਧ ਲੜਾਈ ਜਾਰੀ ਰਹਿਣੀ ਚਾਹੀਦੀ ਹੈ ਪਰੰਤੂ ਇਹ ਲੜਾਈ ਸਾਰਿਆਂ ਨੂੰ ਨਾਲ ਲੈ ਕੇ ਹੀ ਲੜੀ ਜਾ ਸਕਦੀ ਹੈ। ਇਸ ਦਾ ਕੋਈ ਹੋਰ ਸ਼ਾਰਟਕੱਟ ਰਾਹ ਹਾਲੇ ਨਜ਼ਰ ਨਹੀਂ ਆਉਂਦਾ।

# ਲਾਹੌਰ ਤੋਂ ਮਾਸਕੋ

***ਕ੍ਰਿਸ਼ਨ ਚੰਦਰ ਨੇ ਉਰਦੂ ਵਿਚ ਲਾਮਿਸਾਲ ਕਹਾਣੀਆਂ ਅਤੇ ਨਾਵਲ ਲਿਖੇ ਹਨ। ਇਸ ਲੇਖ ਵਿਚ ਉਘੇ ਵਿਅੰਗਕਾਰ ਅਤੇ ਉਨ੍ਹਾਂ ਦੇ ਦੋਸਤ ਕਨ੍ਹਈਆ ਲਾਲ ਕਪੂਰ ਨੇ ਉਨ੍ਹਾਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਕੁਝ ਅਣਛੋਹੀਆਂ ਬਾਤਾਂ ਪਾਈਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਬਾਤਾਂ ਅੰਦਰ ਉਨ੍ਹਾਂ ਵੇਲਿਆਂ ਦਾ ਵਕਤ ਥਾਂ-ਪੁਰ-ਥਾਂ ਝਾਤੀਆਂ ਮਾਰਦਾ ਹੈ ਅਤੇ ਪਾਠਕ ਨੂੰ ਉਂਗਲ ਫੜਾ ਸਹਿਜੇ ਹੀ ਉਸ ਦੌਰ ਅੰਦਰ ਲੈ ਜਾਂਦਾ ਹੈ।***

**ਕਨ੍ਹਈਆ ਲਾਲ ਕਪੂਰ**
**ਉਰਦੂ ਤੋਂ ਅਨੁਵਾਦ: ਡਾ. ਨਰੇਸ਼**

ਕ੍ਰਿਸ਼ਨ ਚੰਦਰ ਨੇ ਆਪਣੀ ਇਕ ਕਿਤਾਬ ਇਨ੍ਹਾਂ ਸ਼ਬਦਾਂ ਵਿਚ ਮੇਰੇ ਨਾਂ ਸਮਰਪਿਤ ਕੀਤੀ ਹੈ- "ਕਨ੍ਹਈਆ ਲਾਲ ਕਪੂਰ ਦੇ ਨਾਂ ਜਿਸ ਨੇ ਕਿਸੇ ਨੂੰ ਪਿਆਰ ਨਹੀਂ ਕੀਤਾ।" ਜਦੋਂ ਇਹ ਸਮਰਪਣ ਮੇਰੀ ਨਜ਼ਰ 'ਚੋਂ ਲੰਘਿਆ, ਮੈਂ ਗ਼ਾਲਿਬ ਦੀਆਂ ਦੋ ਗ਼ਜ਼ਲਾਂ ਵਿਚੋਂ ਇਕ-ਇਕ ਮਿਸਰਾ ਲੈ ਕੇ ਨਵਾਂ ਸ਼ਿਅਰ ਘੜਿਆ ਅਤੇ ਉਸ ਨੂੰ ਸਮਰਪਣ ਦੇ ਹੇਠਾਂ ਲਿਖ ਦਿੱਤਾ:

ਲੋ ਵੋ ਭੀ ਕਹਿਤੇ ਹੈਂ ਕਿ ਯੇ ਬੇ-ਨੰਗੋ-ਨਾਮ ਹੈ,
ਯਾਂ ਆ ਪੜੀ ਯੇ ਸ਼ਰਮ ਕਿ ਤਕਰਾਰ ਕਿਆ ਕਰੇਂ।

ਸਾਰੀ ਦੁਨੀਆ ਜਾਣਦੀ ਹੈ ਕਿ ਮੈਂ ਦੋ ਆਦਮੀਆਂ ਨੂੰ ਰੱਜ ਕੇ ਪਿਆਰ ਕੀਤਾ ਹੈ- ਇਕ ਕ੍ਰਿਸ਼ਨ ਚੰਦਰ ਤੇ ਦੂਜਾ ਆਪ ਮੈਂ। ਈਮਾਨ ਦੀ ਗੱਲ ਤਾਂ ਇਹ ਹੈ ਕਿ ਮੈਂ ਇਕ ਆਦਮੀ ਨੂੰ ਪਿਆਰ ਕੀਤਾ ਹੈ ਕਿਉਂਕਿ ਜੀਵਨ ਦੀ ਕੈਦ ਅਤੇ ਗ਼ਮ ਦਾ ਬੰਧਨ ਇਕੋ ਚੀਜ਼ ਹਨ। ਕ੍ਰਿਸ਼ਨ ਅਤੇ ਕਨ੍ਹਈਆ ਵੀ ਅਸਲ ਵਿਚ ਇਕ ਹੀ ਹਨ।

ਕ੍ਰਿਸ਼ਨ ਚੰਦਰ ਨਾਲ ਮੇਰੀ ਪਹਿਲੀ ਮੁਲਾਕਾਤ ਬੜੇ ਨਾਟਕੀ ਢੰਗ ਨਾਲ ਹੋਈ ਸੀ। ਅਕਤੂਬਰ 1936 ਦੀ ਗੱਲ ਹੈ। ਐਮ.ਏ. ਪਾਸ ਕਰਨ ਮਗਰੋਂ ਮੈਂ ਬੇਕਾਰ ਸੀ। ਸਸਤੇ, ਗੰਦੇ, ਤਬੇਲੇ ਜਿਹੇ ਬੋਰਡਿੰਗ ਹਾਊਸ ਵਿਚ ਰਹਿੰਦਾ ਸੀ। ਮੈਂ ਆਪਣੇ ਗੁਆਂਢੀ ਮਾਸਟਰ ਸ਼ਿਵ ਰਾਮ ਬੱਤਰਾ ਨਾਲ ਅਕਸਰ ਸਾਹਿਤਕ ਵਿਸ਼ਿਆਂ 'ਤੇ ਬਹਿਸ ਕਰਦਾ ਹੁੰਦਾ ਸੀ। ਇਕ ਵਾਰੀ ਮੈਨੂੰ ਪ੍ਰਮਾਣ ਪੱਤਰ ਦੀ ਲੋੜ ਸੀ। ਪ੍ਰਮਾਣ ਪੱਤਰ ਲੈਣ ਲਈ ਮੈਂ ਆਪਣੇ ਅਧਿਆਪਕ ਪ੍ਰੋ. ਡਿਕਨਸਨ (ਮੁਖੀ ਅੰਗਰੇਜ਼ੀ ਵਿਭਾਗ, ਗੌਰਮਿੰਟ ਕਾਲਜ, ਲਾਹੌਰ) ਦੀ ਸੇਵਾ ਵਿਚ ਹਾਜ਼ਿਰ ਹੋਇਆ। ਪ੍ਰੋਫੈਸਰ ਸਾਹਿਬ ਰੁੱਝੇ ਹੋਏ ਸਨ। ਉਨ੍ਹਾਂ ਮੈਨੂੰ ਇਕ ਘੰਟੇ ਮਗਰੋਂ ਆਉਣ ਲਈ ਆਖਿਆ। ਵੇਲਾ ਟਪਾਉਣ ਲਈ ਮੈਂ ਕਾਲਜ ਦੀ ਲਾਇਬ੍ਰੇਰੀ ਵਿਚ ਬੈਠ ਕੇ ਉਰਦੂ ਰਸਾਲਿਆਂ ਦੇ ਪੰਨੇ ਪਰਤਣ ਲੱਗਾ। ਸੰਜੋਗ ਵਸ ਮੇਰੀ ਨਜ਼ਰ 'ਹੁਮਾਯੂੰ' ਦੇ ਸੱਜਰੇ ਅੰਕ 'ਤੇ ਪਈ। ਉਦੋਂ ਸਾਹਿਤ ਜਗਤ ਵਿਚ 'ਹੁਮਾਯੂੰ' ਦੀ ਧੁੰਮ ਸੀ। ਮੈਂ ਉਸ ਵਿਚ ਛਪਿਆ ਲੇਖ 'ਲਾਹੌਰ ਤੋਂ ਬਹਿਰਾਮਗਾਲਾ ਤਕ' ਪੜ੍ਹਨ ਲੱਗਾ। ਲੇਖ ਦਾ ਮੁੱਢਲਾ ਭਾਵ ਮੈਨੂੰ ਏਨਾ ਪਸੰਦ ਆਇਆ ਕਿ ਮੈਂ ਉਸ ਨੂੰ ਅੰਤ ਤਕ ਪੜ੍ਹਨ ਦਾ ਫ਼ੈਸਲਾ ਕਰ ਲਿਆ। ਦੋ ਗੱਲਾਂ ਨੇ ਮੈਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕੀਤਾ। ਪੁਖਤਾ ਅਤੇ ਖ਼ੂਬਸੂਰਤ ਵਾਰਤਕ ਅਤੇ ਹਾਸ-ਵਿਅੰਗ ਦਾ ਤੜਕਾ। ਲੰਮਾ ਲੇਖ ਹੋਣ ਦੇ ਬਾਵਜੂਦ ਮੈਂ ਪੜ੍ਹ ਲਿਆ। ਲੇਖ ਪੜ੍ਹ ਕੇ ਮੈਨੂੰ ਜਾਪਿਆ ਕਿ ਸਾਹਿਤ ਅੰਬਰ 'ਤੇ ਨਵਾਂ ਸਿਤਾਰਾ ਉਦੈ ਹੋਇਆ ਹੈ ਜਿਸ ਨੇ ਛੇਤੀ ਹੀ ਪੂਰਨਮਾਸ਼ੀ ਦਾ ਚੰਨ ਬਣ ਜਾਣਾ ਹੈ।

ਪ੍ਰੋ. ਡਿਕਨਸਨ ਤੋਂ ਪ੍ਰਮਾਣ ਪੱਤਰ ਲੈ ਕੇ ਮੈਂ ਆਪਣੇ ਨਿਵਾਸ ਵੱਲ ਤੋਰਾ ਪਾਇਆ। ਮੈਂ ਛੇਤੀ ਤੋਂ ਛੇਤੀ ਉਥੇ ਪੁੱਜਣਾ ਚਾਹੁੰਦਾ ਸੀ ਤਾਂ ਜੋ ਬੱਤਰਾ ਹੁਰਾਂ ਨਾਲ ਲੇਖ ਦੇ ਕਰਤਾ ਬਾਰੇ ਚਰਚਾ ਕਰਾਂ। ਸੰਜੋਗ ਵਸ ਉਹ ਆਪਣੇ ਕਮਰੇ ਵਿਚ ਹੀ ਸਨ। ਮੈਂ ਉਨ੍ਹਾਂ ਨੂੰ ਸੰਬੋਧਨ ਕਰ ਕੇ ਆਖਿਆ, "ਬੱਤਰਾ ਸਾਹਿਬ, ਅੱਜ ਇਕ ਨਵੇਂ ਲੇਖਕ ਬਾਰੇ ਪਤਾ ਲੱਗਾ ਹੈ। ਕ੍ਰਿਸ਼ਨ ਚੰਦਰ ਨਾਂ ਹੈ। ਸਹੁੰ ਰੱਬ ਦੀ, ਵਾਰਤਕ ਲਿਖਦਾ ਹੈ ਕਿ ਜਾਦੂ ਜਗਾਉਂਦਾ ਹੈ। ਉਸ ਦਾ ਇਕ ਲੇਖ 'ਹੁਮਾਯੂੰ' ਵਿਚ ਛਪਿਆ ਹੈ। ਜੇ ਤੁਸੀਂ ਨਹੀਂ ਪੜ੍ਹਿਆ ਤਾਂ ਆਪਣੇ 'ਤੇ ਜ਼ੁਲਮ ਕੀਤਾ ਹੈ।"

ਬੱਤਰਾ ਸਾਹਿਬ ਨੇ ਪੁੱਛਿਆ, "ਤੁਸੀਂ ਕਿਧਰੇ 'ਲਾਹੌਰ ਤੋਂ ਬਹਿਰਾਮਗਾਲਾ ਤਕ' ਦੀ ਗੱਲ ਤਾਂ ਨਹੀਂ ਕਰਦੇ ਪਏ ਹੋ?"

"ਹਾਂ, ਤੁਸੀਂ ਪੜ੍ਹਿਆ ਹੈ ਇਹ ਲੇਖ?"

"ਲੇਖ ਵੀ ਪੜ੍ਹਿਆ ਹੈ ਅਤੇ ਲੇਖਕ ਨੂੰ ਵਧਾਈ ਵੀ ਦਿੱਤੀ ਹੈ।"

"ਤੁਸੀਂ ਜਾਣਦੇ ਹੋ ਉਸ ਨੂੰ?"

"ਮੇਰਾ ਖਿਆਲ ਹੈ ਤੁਸੀਂ ਵੀ ਉਸ ਨੂੰ ਜਾਣਦੇ ਹੋ।"

"ਤੁਸੀਂ ਮੇਰੇ ਨਾਲ ਮਜ਼ਾਕ ਕਰ ਰਹੇ ਹੋ?"

"ਬਿਲਕੁਲ ਨਹੀਂ। ਕ੍ਰਿਸ਼ਨ ਚੰਦਰ ਤੁਹਾਡੇ ਨਾਲ ਦੇ ਕਮਰੇ ਵਿਚ ਰਹਿੰਦਾ ਹੈ, ਆਪਣੇ ਛੋਟੇ ਭਰਾ ਮਹਿੰਦਰ ਨਾਥ ਨਾਲ।"

"ਤੁਹਾਡਾ ਮਤਲਬ ਉਨ੍ਹਾਂ ਦੋ ਖੁਸ਼-ਲਿਬਾਸ ਰਹੱਸਮਈ ਨੌਜਵਾਨਾਂ ਤੋਂ ਤਾਂ ਨਹੀਂ ਜਿਹੜੇ ਸ਼ਾਮੀਂ ਓਵਰਕੋਟ ਅਤੇ ਫਲੈਟ ਹੈਟ ਪਾ ਕੇ ਸ਼ਰਲਕ ਹੋਮ ਅਤੇ ਵਾਟਸਨ ਜਾਪਦੇ ਹਨ?"

'ਜੀ ਹਾਂ।"

"ਇਨ੍ਹਾਂ ਦੋਵਾਂ ਵਿਚੋਂ ਕ੍ਰਿਸ਼ਨ ਚੰਦਰ ਕਿਹੜਾ ਹੈ?"

"ਮਧਰੇ ਕੱਦ ਵਾਲਾ... ਚਲੋ ਉਨ੍ਹਾਂ ਨਾਲ ਤੁਹਾਡਾ ਪਰਿਚੈ ਕਰਾ ਦਿੰਦਾ ਹਾਂ।"

ਬੱਤਰਾ ਸਾਹਿਬ ਵਾਹੋਦਾਹੀ ਮੈਨੂੰ ਉਸ ਦੇ ਕਮਰੇ ਵੱਲ ਲੈ ਤੁਰੇ।

ਪਤਲਾ ਸਰੀਰ, ਮਧਰਾ ਕੱਦ, ਕਣਕਭਿੰਨੀ ਰੰਗਤ, ਖ਼ੂਬਸੂਰਤ ਅੱਖਾਂ, ਪੱਛਮੀ ਲਿਬਾਸ- ਇਹ ਸੀ ਕ੍ਰਿਸ਼ਨ ਚੰਦਰ। ਉਹ ਮੈਨੂੰ ਜਮਾ ਹੀ ਸਾਹਿਤਕਾਰ ਨਹੀਂ ਜਾਪਿਆ। ਵੱਧ ਤੋਂ ਵੱਧ ਇਹ ਆਖਿਆ ਜਾ ਸਕਦਾ ਸੀ ਕਿ ਵਿਦਿਆਰਥੀ ਹੈ ਜਿਹੜਾ ਸਮੇਂ ਤੋਂ ਪਹਿਲਾਂ ਹੀ ਬੁੱਢਾ ਹੋ ਗਿਆ ਹੈ। ਉਹ ਲੋੜੋਂ ਵੱਧ ਗੰਭੀਰ ਸੀ। ਮੈਂ ਉਸ ਦੀ ਲੇਖਨ ਸ਼ੈਲੀ ਦੀ ਪ੍ਰਸੰਸਾ ਕੀਤੀ। ਉਹ ਨਾ ਮੁਸਕਣੀ ਹੱਸਿਆ, ਨਾ ਮੇਰਾ ਧੰਨਵਾਦ ਕੀਤਾ। ਬਸ ਕਦੀ-ਕਦੀ ਖੰਘ ਲੈਂਦਾ, ਕਦੀ ਥੁੱਕ ਲੈਂਦਾ। ਇਕ-ਅੱਧ ਵਾਰੀ ਉਸ ਨੇ ਮੁਸਕਰਾਉਣ ਦਾ ਯਤਨ ਕੀਤਾ, ਫਿਰ ਪਤਾ ਨਹੀਂ ਕੀ ਸੋਚ ਕੇ ਮੁਸਕਰਾਉਣ ਦਾ ਇਰਾਦਾ ਛੱਡ ਦਿੱਤਾ।

ਮੈਂ ਉਸ ਨੂੰ ਮਿਲ ਕੇ ਕਾਫ਼ੀ ਨਿਰਾਸ ਹੋਇਆ। ਮੈਨੂੰ ਭੋਰਾ ਵੀ ਭਰੋਸਾ ਨਹੀਂ ਸੀ ਕਿ ਉਹ ਲੇਖ ਇਸ ਦਾ ਲਿਖਿਆ ਹੋਇਆ ਸੀ।

ਅਗਲੇ ਦਿਨ ਮੈਂ ਫਿਰ ਉਸ ਵੱਲ ਗਿਆ ਅਤੇ ਆਖਿਆ, "ਵਾਸਤਾ ਰੱਬ ਦਾ, ਹੁਣ ਤਾਂ ਦੱਸ ਦਿਉ ਕਿ ਉਹ ਲੇਖ ਤੁਸੀਂ ਹੀ ਲਿਖਿਆ ਹੈ?"

"ਤੁਹਾਨੂੰ ਵਿਸ਼ਵਾਸ ਕਿਉਂ ਨਹੀਂ ਹੋ ਰਿਹਾ?" ਉਸ ਨੇ ਬੜੀ ਧੀਮੀ ਆਵਾਜ਼ ਵਿਚ ਪੁੱਛਿਆ।

"ਤੁਸੀਂ ਨੌਜਵਾਨ ਹੋ ਅਤੇ ਉਹ ਲੇਖ ਹੰਢੇ ਹੋਏ ਵਿਅਕਤੀ ਦੀ ਰਚਨਾ ਹੈ।"

"ਮੈਂ ਇਸ ਤੋਂ ਪਹਿਲਾਂ ਵੀ ਕਈ ਕਹਾਣੀਆਂ ਅਤੇ ਲੇਖ ਲਿਖੇ ਹਨ, 'ਹੁਮਾਯੂੰ' ਵਿਚ ਛਪੇ ਹਨ।" ਉਸ ਨੇ 'ਹੁਮਾਯੂੰ' ਦੇ ਪਿਛਲੇ ਅੰਕ ਮੇਰੇ ਵੱਲ ਵਧਾ ਕੇ ਆਖਿਆ, "ਇਹ ਤੁਸੀਂ ਲਿਜਾ ਸਕਦੇ ਹੋ।"

ਮੈਂ ਉਸ ਦੇ ਪ੍ਰਕਾਸ਼ਿਤ ਲੇਖ ਅਤੇ ਕਹਾਣੀਆਂ ਪੜ੍ਹੀਆਂ ਤੇ ਮੇਰਾ ਵਿਸ਼ਵਾਸ ਪਕੇਰਾ ਹੋ ਗਿਆ ਸੀ ਕਿ ਇਸ ਅੰਦਰ ਮਹਾਨ ਕਲਾਕਾਰ ਬਣਨ ਦੀ ਯੋਗਤਾ ਹੈ।

ਉਸ ਦਿਨ ਤੋਂ ਅਸੀਂ ਬੇਤਕੱਲੁਫ਼ ਦੋਸਤ ਬਣ ਗਏ। ਸਾਡਾ ਬਹੁਤਾ ਸਮਾਂ ਇਕੱਠਿਆਂ ਬੀਤਣ ਲੱਗਾ। ਇਹ ਮਹਿਸੂਸ ਕਰਦਿਆਂ ਕਿ ਉਹ ਬੇਹੱਦ ਗੰਭੀਰ ਹੈ, ਮੈਂ ਉਸ ਨੂੰ ਗੰਭੀਰਤਾ ਤੋਂ ਮੁਕਤੀ ਦਿਵਾਉਣ ਦੀ ਤਰਕੀਬ ਸੋਚੀ। ਮੈਂ ਉਸ ਦੀ ਹਰ ਗੱਲ ਦਾ ਮਜ਼ਾਕ ਉਡਾਉਣ ਲੱਗਾ; ਜਿਵੇਂ ਉਹ ਇਕਬਾਲ ਦਾ ਸ਼ਰਧਾਲੂ ਸੀ, ਮੇਰੇ ਮਨ ਵਿਚ ਵੀ ਸ਼ਾਇਰੇ-ਮਸ਼ਰਿਕ ਪ੍ਰਤੀ ਬੜੀ ਸ਼ਰਧਾ ਸੀ ਪਰ ਉਸ ਨੂੰ ਚਿੜਾਉਣ ਲਈ ਮੈਂ ਇਕਬਾਲ ਦਾ ਹਰ ਸ਼ਿਅਰ ਚੁਟਕੀਆਂ ਵਿਚ ਉਡਾ ਦਿੰਦਾ। ਕਦੀ ਆਖਦਾ- ਘਿਸਿਆ-ਪਿਟਿਆ ਵਿਚਾਰ ਹੈ, ਕਦੀ ਆਖਦਾ- ਫਲਾਣੇ ਸ਼ਾਇਰ ਤੋਂ ਚੋਰੀ ਕੀਤਾ ਸ਼ਿਅਰ ਹੈ। ਕਦੀ ਇਤਰਾਜ਼ ਕਰਦਾ- ਭਾਸ਼ਾ ਵਿਚੋਂ ਪੰਜਾਬੀਅਤ ਟਪਕ ਰਹੀ ਹੈ। ਕ੍ਰਿਸ਼ਨ ਚੰਦਰ ਤਾਅ ਖਾ ਕੇ ਬਹਿਸ ਕਰਨ ਲਗਦਾ। ਮੈਂ ਉਸ ਨੂੰ ਇਧਰ-ਉਧਰ ਦੀਆਂ ਗੱਲਾਂ ਵਿਚ ਉਲਝਾ ਕੇ ਲਾਜਵਾਬ ਕਰ ਦਿੰਦਾ। ਇਕ ਦਿਨ ਉਸ ਨੇ ਗ਼ਾਲਿਬ ਦੇ ਸ਼ਿਅਰ ਦਾ ਹਵਾਲਾ ਦਿੱਤਾ। ਮੈਂ ਉਸ ਨੂੰ ਉੱਲੂ ਬਣਾਉਂਦਿਆਂ ਆਖਿਆ, "ਖਿਮਾਂ ਕਰਨਾ, ਇਹ ਸ਼ਿਅਰ ਗ਼ਾਲਿਬ ਦਾ ਨਹੀਂ, ਸਾਗਰ ਦਾ ਹੈ।"



*ਕ੍ਰਿਸ਼ਨ ਚੰਦਰ*

"ਸਾਗਰ ਨਾਂ ਦਾ ਕੋਈ ਸ਼ਾਇਰ ਨਹੀਂ ਹੋਇਆ।"

"ਕਿਵੇਂ ਨਹੀਂ ਹੋਇਆ, ਹੁਣੇ ਜਿਹੇ ਹੈਦਰਾਬਾਦ ਦੇ ਇਕ ਨੌਜਵਾਨ ਨੇ ਆਪਣੇ ਲੇਖ ਵਿਚ ਚਾਨਣ ਪਾਇਆ ਹੈ ਗ਼ਾਲਿਬ ਦਾ ਸਾਰਾ ਦੀਵਾਨ ਸਾਗਰ ਦਾ ਲਿਖਿਆ ਹੋਇਆ ਹੈ। ਇਹ ਸਾਬਰ ਦਾ ਸ਼ਾਗਿਰਦ ਸੀ, ਉਸਮਾਨ ਸਾਗਰ ਕੰਢੇ ਰਹਿੰਦਾ ਸੀ।"

ਉਸ ਨੂੰ ਯਕੀਨ ਨਾ ਹੋਇਆ। ਉਸ ਨੇ ਬਹਿਸ ਮੁਕਾਉਂਦਿਆਂ ਆਖਿਆ, "ਤੂੰ ਗੱਲਾਂ ਬੜੀਆਂ ਬਣਾ ਲੈਂਦਾ ਏਂ। ਗੱਲਾਂ ਦਿਲਚਸਪ ਵੀ ਬਹੁਤ ਹੁੰਦੀਆਂ ਨੇ। ਤੂੰ ਹਾਸ-ਵਿਅੰਗਕਾਰ ਕਿਉਂ ਨਹੀਂ ਬਣ ਜਾਂਦਾ।"

"ਬਣ ਤਾਂ ਜਾਵਾਂ ਪਰ ਮੈਨੂੰ ਲਿਖਣਾ ਨਹੀਂ ਆਉਂਦਾ।"

"ਲਿਖਣਾ ਗੱਲਾਂ ਬਣਾਉਣ ਨਾਲ ਨਹੀਂ, ਅਭਿਆਸ ਕਰਨ ਨਾਲ ਆਉਂਦਾ ਹੈ।"

ਮੈਂ ਉਸ ਦੀ ਸਲਾਹ 'ਤੇ ਫੁੱਲ ਚੜ੍ਹਾਉਂਦਿਆਂ ਉਸੇ ਦੀ ਪ੍ਰਸਿੱਧ ਕਹਾਣੀ 'ਯਰਕਾਨ' ਉੱਪਰ ਵਾਰਤਕੀ ਪੈਰੋਡੀ ਲਿਖੀ; ਸਿਰਲੇਖ ਸੀ, 'ਖ਼ਫ਼ਕਾਨ'। ਇਸ ਨੂੰ ਪੜ੍ਹ ਕੇ ਉਸ ਨੇ ਮੈਨੂੰ 'ਸ਼ੈਤਾਨ' ਦਾ ਖਿਤਾਬ ਦੇ ਦਿੱਤਾ। 'ਯਰਕਾਨ' ਉਸ ਦੀ ਪਹਿਲੀ ਕਹਾਣੀ ਸੀ ਜਿਸ ਨੇ 'ਅਦਬੀ ਦੁਨੀਆ' ਵਿਚ ਛਪਣ ਮਗਰੋਂ ਅਦਬੀ ਦੁਨੀਆ ਵਿਚ ਧਮਾਕਾ ਕਰ ਦਿੱਤਾ ਸੀ। ਆਖਦੇ ਹਨ ਕਿ ਯਰਕਾਨ ਦੇ ਮਾਰੇ ਨੂੰ ਹਰ ਚੀਜ਼ ਪੀਲੀ ਨਜ਼ਰ ਆਉਂਦੀ ਹੈ। 'ਯਰਕਾਨ' ਪੜ੍ਹ ਕੇ ਹਰ ਕਿਸੇ ਨੂੰ ਕ੍ਰਿਸ਼ਨ ਚੰਦਰ ਨਜ਼ਰ ਆਉਣ ਲੱਗਾ। ਇਹ ਕਹਾਣੀ 1936 ਵਿਚ ਛਪੀ ਸੀ। ਅੱਜ 31 ਵਰ੍ਹਿਆਂ ਮਗਰੋਂ ਇਹ ਫ਼ੈਸਲਾ ਕਰਨਾ ਬਹੁਤ ਔਖਾ ਹੈ ਕਿ ਅੰਤ ਇਸ ਵਿਚ ਐਡੀ ਕਿਹੜੀ ਖਿੱਚ ਸੀ, ਐਡਾ ਕਿਹੜਾ ਜਾਦੂ ਸੀ ਜਿਸ ਨੇ ਪਾਠਕ ਮੋਹਿਤ ਕਰ ਦਿੱਤਾ। ਇਸ ਉੱਤੇ ਮੀਰ ਦਾ ਪ੍ਰਸਿੱਧ ਸ਼ਿਅਰ ਪੂਰੀ ਤਰ੍ਹਾਂ ਨਾਲ ਢੁੱਕਦਾ ਹੈ:

ਕਰੇਂ ਕਿਆ ਕਿ ਦਿਲ ਭੀ ਤੋ ਮਜਬੂਰ ਹੈ।
ਜ਼ਮੀਂ ਸਖ਼ਤ ਹੈ ਆਸਮਾਂ ਦੂਰ ਹੈ।

ਸ਼ਾਇਦ ਇਸ ਦਾ ਰੁਮਾਂਚਕ ਵਾਤਾਵਰਨ ਕਹਾਣੀ ਦਾ ਇਕ ਪਾਤਰ ਨਜ਼ਰ ਆਉਂਦਾ ਹੈ। ਸ਼ਾਇਦ ਧੀਮੇ-ਧੀਮੇ ਹਾਸ-ਵਿਅੰਗ ਦੀ ਪੁੱਠ ਜਿਹੜੀ ਕਹਾਣੀ ਨੂੰ ਭਾਵੁਕ ਹੋਣੋਂ ਬਚਾਉਂਦੀ ਹੈ? ਸ਼ਾਇਦ...? ਜਿਵੇਂ ਵੀ ਹੈ, ਨਿਸ਼ਚੇਪੂਰਬਕ ਕੁਝ ਨਹੀਂ ਆਖਿਆ ਜਾ ਸਕਦਾ ਕਿ ਇਸ ਕਹਾਣੀ ਦੀ ਵਿਲੱਖਣਤਾ ਕੀ ਹੈ। 'ਯਰਕਾਨ' ਹੀ ਕਿਉਂ, ਸ਼ਾਇਦ ਕ੍ਰਿਸ਼ਨ ਚੰਦਰ ਦੀ ਕਿਸੇ ਕਹਾਣੀ ਬਾਰੇ ਇਹ ਫ਼ਤਵਾ ਦੇਣਾ ਬਹੁਤ ਔਖਾ ਹੈ ਕਿ ਇਹ ਕਿਸ ਪੱਖੋਂ ਸ਼ਲਾਘਾਯੋਗ ਹੈ। ਪੱਛਮ ਦੇ ਇਕ ਆਲੋਚਕ ਅਨੁਸਾਰ, ਉੱਤਮ ਸ਼ਾਇਰੀ ਵਿਚ ਤਿੰਨ ਐੱਸ ਹੁੰਦੇ ਹਨ- ਸਾਊਂਡ, ਸੈਂਸ ਅਤੇ ਸਜੈਸ਼ਨ- ਕ੍ਰਿਸ਼ਨ ਚੰਦਰ ਦੀਆਂ ਕਹਾਣੀਆਂ ਵਿਚ ਇਹ ਤਿੰਨੇ ਐੱਸ ਦਿਖਾਈ ਦਿੰਦੇ ਹਨ। ਹਾਂ, ਜੇਕਰ ਕਿਸੇ ਅਮਰੀਕੀ ਆਲੋਚਕ ਨੂੰ ਕ੍ਰਿਸ਼ਨ ਚੰਦਰ ਦੀਆਂ ਕਹਾਣੀਆਂ ਦੀ ਘੋਖ ਕਰਨ ਲਈ ਆਖਿਆ ਜਾਵੇ ਤਾਂ ਸ਼ਾਇਦ ਉਹ ਇਸ ਨਤੀਜੇ 'ਤੇ ਪੁੱਜੇਗਾ ਕਿ ਉਸ ਦੀਆਂ ਸਾਰੀਆਂ ਕਹਾਣੀਆਂ ਵਿਚ ਤਿੰਨ ਐੱਮ ਪਾਏ ਜਾਂਦੇ ਹਨ- ਮਾਰਕਸਿਜ਼ਮ, ਮਾਰਕਸਿਜ਼ਮ, ਮਾਰਕਸਿਜ਼ਮ; ਹਾਲਾਂਕਿ ਇਹ ਤਿੰਨ ਐੱਮ ਖਿਜ਼ਾਹ (ਹਾਸ-ਵਿਅੰਗ), ਮੋਸੀਕੀਅਤ (ਸੰਗੀਤਾਤਮਿਕਤਾ) ਅਤੇ ਮਕਸਦੀਅਤ (ਉਦੇਸ਼ ਪੂਰਨਤਾ) ਹਨ। ਇਨ੍ਹਾਂ ਤਿੰਨ ਤੱਤਾਂ ਦੇ ਮਿਸ਼ਰਨ ਨਾਲ ਅਜਿਹਾ ਮਿਲਗੋਭਾ ਬਣਦਾ ਹੈ ਜਿਸ ਦੇ ਸਮੂਹਿਕ ਪ੍ਰਭਾਵ ਨੂੰ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ ਪਰ ਉਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਜ਼ੋਏ-ਅੰਸਾਰੀ ਨੇੜੇ ਕ੍ਰਿਸ਼ਨ ਚੰਦਰ ਦੀ ਕਹਾਣੀ 'ਆਂਗੀ' ਕਹਾਣੀ ਦਾ ਆਰੰਭ ਅਤੇ 'ਕਾਲੂ ਭੰਗੀ' ਉਸ ਦਾ ਅੰਤ ਹੈ। ਮੇਰੇ ਅਨੁਸਾਰ 'ਯਰਕਾਨ' ਦਾ ਆਰੰਭ ਵੀ ਇਹੋ ਕਹਾਣੀ ਹੈ ਅਤੇ ਅੰਤ ਵੀ। ਇਸ ਦਾ ਅਰਥ ਇਹ ਨਹੀਂ ਕਿ ਉਸ ਨੇ ਸਾਰੀ ਉਮਰ ਵਿਚ ਕੇਵਲ ਇਕ ਹੀ ਕੰਮ ਦੀ ਕਹਾਣੀ ਲਿਖੀ ਹੈ ਸਗੋਂ ਉਸ ਇਸੇ ਕਹਾਣੀ ਨੂੰ ਮੁੜ-ਮੁੜ ਲਿਖਣ ਮਗਰੋਂ ਕਦੀ ਇਸ ਦਾ ਸਿਰਲੇਖ 'ਜੰਨਤ ਔਰ ਜਹੱਨੁਮ', ਕਦੀ 'ਜ਼ਿੰਦਗੀ ਕੇ ਮੋੜ ਪਰ' ਅਤੇ ਕਦੀ 'ਅੰਨਦਾਤਾ' ਦੇ ਛੱਡਿਆ ਹੈ। ਕਦੀ ਇਸ ਨੂੰ ਨਾਵਲ ਦੇ ਕੈਨਵਸ 'ਤੇ ਪਸਾਰ ਕੇ 'ਸ਼ਿਕਸਤ' ਦੀ ਰਚਨਾ ਕੀਤੀ ਹੈ ਅਤੇ ਕਦੀ 'ਬਾਵਨ ਪੱਤੇ' ਦੀ। ਦੂਜੇ ਸ਼ਬਦਾਂ ਵਿਚ ਸ਼ੁਰੂ ਤੋਂ ਲੈ ਕੇ ਅੱਜ ਤਕ ਉਸ ਕੋਲ ਇਕ ਵਿਸ਼ਾ ਹੀ ਰਿਹਾ ਹੈ ਜਿਸ ਨੂੰ ਅਸੀਂ ਬਿਹਤਰ ਸ਼ਬਦਾਂ ਦੀ ਘਾਟ ਕਰ ਕੇ 'ਖ਼ੂਬਸੂਰਤ ਜ਼ਿੰਦਗੀ ਦਾ ਆਗ਼ਾਜ਼' ਆਖ ਸਕਦੇ ਹਾਂ। ਚਿਰਾਂ ਤੋਂ ਉਹ ਉਸ ਸਮੇਂ ਦੀ ਉਡੀਕ ਕਰ ਰਿਹਾ ਹੈ ਜਦੋਂ ਇਸ ਧਰਤੀ ਦੇ ਵਾਸੀਆਂ ਦੇ ਜੀਵਨ ਵਿਚ ਬਹਾਰ ਆਵੇਗੀ, ਜਦੋਂ ਉਨ੍ਹਾਂ ਨੂੰ ਰਹਿਣ ਲਈ ਸਾਫ਼ ਖੁੱਲ੍ਹੇ-ਡੁੱਲ੍ਹੇ ਘਰ, ਖਾਣ ਲਈ ਚੰਗੀ ਭਰਪੂਰ ਖ਼ੁਰਾਕ, ਪਹਿਨਣ ਲਈ ਸਾਫ਼-ਸੁਥਰੇ ਕੱਪੜੇ, ਪਿਆਰ ਕਰਨ ਲਈ ਸੁਹਿਰਦ ਮਿੱਤਰ, ਪਿਆਰ ਕਰਨ ਵਾਲੇ ਪਤਨੀ-ਬੱਚੇ ਪ੍ਰਾਪਤ ਹੋਣਗੇ। ਜਦੋਂ ਤਕ ਉਹ ਸਮਾਂ ਨਹੀਂ ਆਉਂਦਾ, ਕ੍ਰਿਸ਼ਨ ਚੰਦਰ ਨਿਰੰਤਰ ਲਿਖਦਾ ਰਹੇਗਾ। ਜਦੋਂ ਉਹ ਸਮਾਂ ਆ ਜਾਵੇਗਾ, ਉਹ ਲਿਖਣਾ ਬੰਦ ਕਰ ਦੇਵੇਗਾ ਅਤੇ ਸੁੱਖ ਦਾ ਸਾਹ ਲਵੇਗਾ ਕਿ ਉਸ ਸਮੇਂ ਨੂੰ ਲਿਆਉਣ ਵਿਚ ਉਸ ਦਾ ਵੀ ਯੋਗਦਾਨ ਹੈ। ਅਸਲ ਵਿਚ ਉਸ ਨੂੰ ਹਰ ਤਰ੍ਹਾਂ ਦੀ ਮੈਲ ਤੋਂ ਨਫ਼ਰਤ ਹੈ, ਭਾਵੇਂ ਉਹ ਮੈਲ ਸਰਮਾਇਦਾਰੀ ਦੀ ਹੋਵੇ ਜਾਂ ਚੋਰ ਬਾਜ਼ਾਰੀ ਤੇ ਮੱਕਾਰੀ ਦੀ, ਕਿਉਂ ਜੋ ਇਹ ਇਨਸਾਨ ਦੀ ਸੁਭਾਵਿਕ ਕਮੀਨਗੀ ਹੈ, ਤੀਜੇ ਦਰਜੇ ਦੀ ਸ਼ਾਇਰੀ ਹੈ, ਚੌਥੇ ਦਰਜੇ ਦੀ ਵਾਰਤਕਕਾਰੀ ਹੈ, ਸਾਮਰਾਜੀਅਤ ਹੈ ਜਾਂ ਯੁੱਧ ਪ੍ਰੇਮੀ ਸੋਚ।

ਉਸ ਦੇ ਸਾਹਿਤਕ ਜੀਵਨ ਦਾ ਆਰੰਭ 1935 ਵਿਚ ਹੋਇਆ। ਪਿਛਲੇ 30 ਸਾਲਾਂ ਤੋਂ ਉਹ ਉਸ ਕਿਲ੍ਹੇ ਨੂੰ ਢਾਹੁਣ ਦਾ ਯਤਨ ਕਰ ਰਿਹਾ ਹੈ ਜਿਸ ਨੂੰ ਲੋਕੀਂ ਸਰਮਾਏਦਾਰੀ ਨਿਜ਼ਾਮ ਆਖਦੇ ਹਨ। ਉਸ ਨੂੰ ਗਿਆਤ ਹੈ ਕਿ ਨਿਰੰਤਰ ਗੋਲਾਬਾਰੀ ਤੋਂ ਬਿਨਾ ਇਹ ਪੁਰਾਣਾ ਕਿਲ੍ਹਾ ਢਹਿ ਢੇਰੀ ਨਹੀਂ ਹੋਵੇਗਾ। ਅਦਭੁਤ ਨਹੀਂ ਕਿ ਉਸ ਨੇ ਸਦੀ ਦਾ ਤੀਜਾ ਹਿੱਸਾ ਇਸ ਪਵਿੱਤਰ ਕਾਰਜ ਲਈ ਰਾਖਵਾਂ ਕੀਤਾ ਹੋਇਆ ਹੈ। ਇਸ ਲੰਮੇ ਸਮੇਂ ਦੌਰਾਨ ਸ਼ਾਇਦ ਇਕ ਵਾਰੀ ਉਸ ਦਾ ਈਮਾਨ ਡੋਲਿਆ ਹੈ। ਸ਼ਾਇਦ 1942 ਦੀ ਗੱਲ ਹੈ ਜਦੋਂ ਉਸ ਨੇ ਆਪਣਾ ਪਹਿਲਾ ਨਾਵਲ ਸ਼ਿਕਸਤ' ਲਿਖਿਆ। ਸਵਰਗੀ ਡਾ. ਮੁਹੰਮਦ ਦੀਨ ਤਾਸੀਰ ਨੇ ਲੇਖ 'ਕ੍ਰਿਸ਼ਨ ਚੰਦਰ ਕੀ ਸ਼ਿਕਸਤ' ਸਿਰਲੇਖ ਅਧੀਨ ਲਿਖਿਆ ਜਿਹੜਾ 'ਅਦਬੀ ਦੁਨੀਆ' ਲਾਹੌਰ ਵਿਚ ਪ੍ਰਕਾਸ਼ਿਤ ਹੋਇਆ। ਨਾਵਲ ਦਾ ਪੋਸਟ-ਮਾਰਟਮ ਕਰਨ ਮਗਰੋਂ ਤਾਸੀਰ ਨੇ ਉਸ ਨੂੰ ਸਲਾਹ ਦਿੱਤੀ, "ਤੂੰ ਅਜੇ ਨੌਸਿਖੀਆ ਏਂ। ਤੈਨੂੰ ਨਾਵਲ ਲਿਖਣ ਤੋਂ ਇਲਾਵਾ ਕਹਾਣੀਆਂ ਲਿਖਣ ਤੋਂ ਵੀ ਤੋਬਾ ਕਰ ਲੈਣੀ ਚਾਹੀਦੀ ਹੈ ਤਾਂ ਜੋ ਤੇਰਾ ਪਰਲੋਕ ਨਾ ਵਿਗੜੇ।" ਹਾਲਾਂਕਿ ਇਹ ਲੇਖ ਤਅੱਸੁਬ ਅਤੇ ਵੈਰ-ਭਾਵ ਨਾਲ ਗੜੁੱਚ ਸੀ ਪਰ ਕ੍ਰਿਸ਼ਨ ਚੰਦਰ ਨੂੰ ਆਪਣੇ ਆਪ ਤੋਂ ਖਿਝ ਮਚੀ। ਨਵੰਬਰ ਦੀ ਇਕ ਸ਼ਾਮ ਨੂੰ ਉਹ ਮਹਿੰਦਰ ਨਾਥ ਨੂੰ ਲੈ ਕੇ ਮੇਰੇ ਕੋਲ ਆਇਆ। ਉਸ ਦਿਨ ਉਹ ਅਤਿਅੰਤ ਗੰਭੀਰ ਅਤੇ ਚੁੱਪ-ਗੜੁੱਪ ਸੀ। ਅਸੀਂ ਤਿੰਨੇ ਸੈਰ 'ਤੇ ਨਿਕਲ ਤੁਰੇ। ਗੁਲਾਬੀ ਠੰਢ ਦਾ ਮੌਸਮ ਸੀ, ਅੰਬਰ 'ਤੇ ਚੌਧਵੀਂ ਦਾ ਚੰਨ ਚਮਕ ਰਿਹਾ ਸੀ। ਅਸੀਂ ਲਾਹੌਰ ਦੀ ਮੋਹਨੀ ਰੋਡ 'ਤੇ ਤੁਰ ਰਹੇ ਸੀ। ਮੈਂ ਸਦਾ ਵਾਂਗ ਉਸ ਨੂੰ ਛੇੜਨ ਲਈ ਉਸ ਦੀ ਗੰਭੀਰਤਾ ਉੱਪਰ ਫਿਕਰੇ ਕੱਸੇ, ਉਸ ਨੂੰ ਚੁਟਕਲੇ ਸੁਣਾਏ, ਗੁਦਗੁਦੀ ਕਰਨ ਦੀ ਕੋਸ਼ਿਸ਼ ਕੀਤੀ ਪਰ ਰੱਬ ਜਾਣੇ ਉਸ ਨੂੰ ਕੀ ਹੋ ਗਿਆ ਸੀ, ਉਹ ਉਦਾਸ-ਉਦਾਸ ਰਿਹਾ। ਤੰਗ ਆ ਕੇ ਮੈਂ ਆਖਿਆ, "ਕ੍ਰਿਸ਼ਨ ਤੂੰ ਇਨਸਾਨ ਨਹੀਂ, ਤੁਰਦੀ-ਫਿਰਦੀ ਪੱਥਰ ਦੀ ਮੂਰਤ ਏਂ। ਤੈਨੂੰ ਗੋਲ ਬਾਗ ਵਿਚ ਗੱਡ ਦੇਣਾ ਚਾਹੀਦਾ ਹੈ ਅਤੇ ਪੈਡਸਲ 'ਤੇ ਲਿਖ ਦੇਣਾ ਚਾਹੀਦਾ ਹੈ 'ਜੇਕਰ ਇਹ ਬੰਦਾ ਉਰਦੂ ਦਾ ਕਹਾਣੀਕਾਰ ਨਾ ਹੁੰਦਾ ਤਾਂ ਸਭ ਤੋਂ ਵੱਡਾ ਹਾਸ-ਵਿਅੰਗਕਾਰ ਹੋਣਾ ਸੀ ਪਰ ਉਹ ਆਪਣੀ ਜ਼ਿੰਦਗੀ ਵਿਚ ਨਾ ਖੁੱਲ੍ਹ ਕੇ ਮੁਸਕਰਾ ਸਕਿਆ, ਨਾ ਹੱਸ ਸਕਿਆ।"

ਇਕ ਲਖ਼ਤ ਮੈਨੂੰ ਬਾਂਹ ਤੋਂ ਫੜ ਕੇ ਉਸ ਨੇ

**(ਬਾਕੀ ਅਗਲੇ ਸਫੇ 'ਤੇ)**






*ਕ੍ਰਿਸ਼ਨ ਚੰਦਰ ਉਘੇ ਲਿਖਾਰੀ ਰਾਜਿੰਦਰ ਸਿੰਘ ਬੇਦੀ ਅਤੇ ਹੋਰ ਮਿੱਤਰਾਂ ਨਾਲ ਅਤੇ (ਸੱਜੇ) ਉਸ ਬਾਰੇ ਜਾਰੀ ਡਾਕ ਟਿਕਟ।*

# ਕਿੜੀ ਅਫਗਾਨਾਂ: ਰਬਾਬ ਤੋਂ ਨਗਾਰੇ ਤੱਕ

*ਜੇ ਹੁਣ ਦੇ ਪਿੰਡਾਂ ਕਿੜੀ ਅਫ਼ਗਾਨਾਂ (ਕਿੜੀ ਪਠਾਣਾਂ) ਦੀ ਗੱਲ ਕਰੀਏ ਤਾਂ ਇੱਥੇ 1947 'ਚ ਲਹਿੰਦੇ ਪੰਜਾਬ ਤੋਂ ਉੱਜੜ ਕੇ ਆਏ ਸਿੱਖ ਆਬਾਦ ਹਨ। ਬੇਸ਼ੱਕ ਸਮਾਂ ਅਤੇ ਅਬਾਦੀ ਬਦਲਣ ਨਾਲ ਭਾਵੇਂ ਪਿੰਡਾਂ ਦੇ ਨਾਮ ਵੀ ਕਿੜੀ ਪਠਾਣਾਂ ਤੋਂ ਕਿੜੀ ਅਫ਼ਗਾਨਾਂ ਬਦਲ ਗਏ ਹਨ ਪਰ ਇਤਿਹਾਸ ਦੇ ਪੰਨਿਆਂ 'ਤੇ ਇਨ੍ਹਾਂ ਦਾ ਇਤਿਹਾਸ ਉਹ ਹੀ ਹੈ। ਜਿਥੇ ਇੱਕ ਪਿੰਡ ਕਿੜੀ ਅਫ਼ਗਾਨਾਂ ਵਿਚ ਪਹਿਲੇ ਗੁਰੂ ਨਾਨਕ ਸਾਹਿਬ ਦੀ ਇਲਾਹੀ ਬਾਣੀ ਨੇ ਇਸ ਪਿੰਡ ਦੀ ਫਿਜ਼ਾ ਵਿਚ ਰਸ ਘੋਲਿਆ ਸੀ ਉਥੇ ਹੀ ਦੂਸਰੇ ਕਿੜੀ ਅਫ਼ਗਾਨਾਂ (ਕਿੜੀ ਪਠਾਣਾਂ) ਨੇ ਜਬਰ ਵਿਰੁੱਧ ਖ਼ਾਲਸੇ ਦੀ ਲਲਕਾਰ ਵੀ ਦੇਖੀ ਹੈ। ਗੱਲ ਕੀ, ਰਬਾਬ ਦੀ ਮਿੱਠੀ ਧੁਨ ਤੋਂ ਨਗਾਰੇ ਦੀ ਗੂੰਜ ਤੱਕ ਇਨ੍ਹਾਂ ਕਿੜੀ ਅਫ਼ਗਾਨਿਆਂ ਦੀ ਧਰਤੀ ਤੋਂ ਸੁਣੀ ਜਾ ਸਕਦੀ ਹੈ।*

ਜ਼ਿਲ੍ਹਾ ਗੁਰਦਾਸਪੁਰ ਵਿਚ ਦਰਿਆ ਬਿਆਸ ਦੇ ਸੱਜੇ ਕਿਨਾਰੇ ਸਥਿਤ ਦੋ ਘੁੱਗ ਵੱਸਦੇ ਪਿੰਡ ਕਿੜੀ ਅਫ਼ਗਾਨਿਆਂ ਦਾ ਇਤਿਹਾਸ ਵਿਚ ਅਹਿਮ ਸਥਾਨ ਹੈ। ਜਿੱਥੇ ਭੇਟ ਪੱਤਣ ਨੇੜੇ ਇੱਕ ਪਿੰਡ ਕਿੜੀ ਅਫ਼ਗਾਨਾਂ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਇਲਾਹੀ ਬਾਣੀ ਅਤੇ ਰਬਾਬ ਦੀਆਂ ਤਰਬਾਂ ਨੇ ਫਿਜ਼ਾ ਵਿਚ ਇਲਾਹੀ ਰਸ ਘੋਲਿਆ ਉਥੇ ਹੀ ਕਾਹਨੂੰਵਾਨ ਨੇੜੇ ਦੂਸਰੇ ਪਿੰਡ ਕਿੜੀ ਅਫ਼ਗਾਨਾਂ (ਕਿੜੀ ਪਠਾਣਾਂ) ਵਿਚ 18ਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਸਿੰਘਾਂ ਦੇ ਨਗਾਰੇ ਦੀ ਚੋਟ ਨੇ ਦਿੱਲੀ 'ਚ ਮੁਗਲ ਤਖ਼ਤ ਹਿਲਾ ਦਿੱਤਾ ਸੀ।

ਮੰਨਿਆ ਜਾਂਦਾ ਹੈ ਕਿ ਸ਼ੇਰ ਸ਼ਾਹ ਸੂਰੀ ਦੇ ਸਮੇਂ ਬਾਰੀ ਦੁਆਬ ਵਿਚ ਅਫ਼ਗਾਨਾਂ (ਪਠਾਣਾਂ) ਵੱਲੋਂ ਵੱਡੀਆਂ ਬਸਤੀਆਂ ਵਸਾਈਆਂ ਗਈਆਂ ਸਨ। ਜ਼ਿਲ੍ਹਾ ਗੁਰਦਾਸਪੁਰ ਵਿਚ ਅੱਜ ਵੀ ਬਹੁਤ ਸਾਰੇ ਪਿੰਡ ਪਠਾਣਾਂ/ਅਫ਼ਗਾਨਾਂ ਦੇ ਨਾਮ ਵਾਲੇ ਮਿਲ

**ਇੰਦਰਜੀਤ ਸਿੰਘ ਹਰਪੁਰਾ**

ਜਾਂਦੇ ਹਨ। ਇਸੇ ਸਮੇਂ ਹੀ ਇਨ੍ਹਾਂ ਪਿੰਡਾਂ ਕਿੜੀ ਅਫ਼ਗਾਨਾਂ ਦਾ ਮੁੱਢ ਬੰਨਿਆ ਮੰਨਿਆ ਜਾਂਦਾ ਹੈ। ਕਾਹਨੂੰਵਾਨ ਨੇੜੇ ਪੈਂਦੇ ਪਿੰਡ ਕਿੜੀ ਅਫ਼ਗਾਨਾਂ ਦਾ ਪਹਿਲਾ ਨਾਮ ਕਿੜੀ ਪਠਾਣਾਂ ਸੀ। ਪਠਾਣਾਂ ਵੱਲੋਂ ਵਸਾਏ ਇਨ੍ਹਾਂ ਪਿੰਡਾਂ ਵਿਚ ਪੰਜਾਬ ਦੀ ਵੰਡ ਤੱਕ ਇਥੇ ਪਠਾਣਾਂ ਦੀ ਬਹੁ-ਗਿਣਤੀ ਹੀ ਰਹੀ ਸੀ। ਮੁਗਲ ਰਾਜ ਸਮੇਂ ਕਿੜੀ ਪਠਾਣਾਂ ਪਿੰਡ ਦੀ ਅਬਾਦੀ 10,000 ਤੱਕ ਵੀ ਰਹੀ ਹੈ।

ਭੇਟ ਪੱਤਣ ਨਜ਼ਦੀਕ ਪਿੰਡ ਕਿੜੀ ਅਫ਼ਗਾਨਾਂ ਦਾ ਇਤਿਹਾਸ ਗੁਰੂ ਨਾਨਕ ਪਾਤਸ਼ਾਹ ਨਾਲ ਜੁੜਦਾ ਹੈ। ਗੁਰੂ ਨਾਨਕ ਦੇਵ ਜੀ ਜਦੋਂ ਅੱਚਲ ਵਟਾਲੇ ਸਿੱਧਾਂ ਨਾਲ ਗੋਸ਼ਟਿ ਕਰਨ ਆਏ ਸਨ ਤਾਂ ਅੱਚਲ ਸਾਹਿਬ ਤੋਂ ਗੁਰੂ ਸਾਹਿਬ ਪਿੰਡ ਕਿੜੀ ਅਫ਼ਗਾਨਾਂ ਪਹੁੰਚੇ ਅਤੇ ਇਥੋਂ ਦੇ ਲੋਕਾਂ ਨੂੰ ਉਪਦੇਸ਼ ਦਿੱਤਾ ਸੀ। ਗੁਰੂ ਸਾਹਿਬ ਦੇ ਮੁਬਾਰਕ ਕਦਮ ਇਸ ਪਿੰਡ ਵਿਚ ਪੈਣ ਸਦਕਾ ਇਹ ਧਰਤੀ ਪੂਜਣਯੋਗ ਹੋ ਗਈ। ਗੁਰੂ ਸਾਹਿਬ ਦੀ ਯਾਦ ਵਿਚ ਪਿੰਡ ਕਿੜੀ ਅਫ਼ਗਾਨਾਂ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਇੱਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਤੋਂ ਇਲਾਵਾ ਗੁਰਦੁਆਰੇ ਵਿਚ ਇੱਕ ਪੁਰਾਤਨ ਖੂਹੀ ਹੈ। ਪਿੰਡ ਦੇ ਚੜ੍ਹਦੇ ਪਾਸੇ ਇੱਕ ਬਹੁਤ ਵੱਡਾ ਖੂਹ ਹੈ ਜੋ ਪਿੰਡ ਦੀ ਬੁਨਿਆਦ ਦੇ ਸਮੇਂ ਤੋਂ ਹੈ।



*ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਪਿੰਡ ਕਿੜੀ ਅਫਗਾਨਾਂ ਦਾ ਸਵਾਗਤੀ ਗੇਟ ਅਤੇ*

ਕਾਹਨੂੰਵਾਨ ਨੇੜੇ ਪਿੰਡ ਕਿੜੀ ਅਫ਼ਗਾਨਾਂ ਦਾ ਪਹਿਲਾ ਨਾਂ ਕਿੜੀ ਪਠਾਣਾਂ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਇਸ ਵਿਚ ਹੋਈ ਸਿੰਘਾਂ ਅਤੇ ਪਠਾਣਾਂ ਦੀ ਜੰਗ ਦਾ ਜ਼ਿਕਰ ਇਤਿਹਾਸ ਵਿਚ ਮਿਲਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਇੱਕ ਵਾਰ ਪੰਜਾਬ ਨੂੰ ਜਿੱਤਣ ਤੋਂ ਬਾਅਦ ਮੁਗਲ ਸਲਤਨਤ ਨੇ ਪੂਰੀ ਸਖਤੀ ਤੇ ਜ਼ੋਰ ਨਾਲ ਸਿੱਖਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਸੀ। ਸਿੱਖ ਇਤਿਹਾਸ ਦੇ ਉੱਘੇ ਲੇਖਕ ਸਵਰਨ ਸਿੰਘ ਆਪਣੀ ਪੁਸਤਕ 'ਭੂਰਿਆਂ ਵਾਲੇ ਰਾਜੇ ਕੀਤੇ' ਵਿਚ ਲਿਖਦੇ ਹਨ, 'ਪਿੰਡ ਕਿੜੀ ਪਠਾਣਾਂ (ਕਿੜੀ ਅਫ਼ਗਾਨਾਂ) ਕਾਹਨੂੰਵਾਨ ਪਰਗਣੇ ਦਾ ਉੱਘਾ ਪਿੰਡ ਸੀ। ਇਨ੍ਹਾਂ ਦਾ ਆਗੂ ਮੁਹੰਮਦ ਇਸਹਾਕ ਖ਼ਾਨ ਨਾਮੀ ਪਠਾਣ ਸੀ ਜੋ ਬਹੁਤ ਹੀ ਜ਼ਾਲਮ ਤੇ ਮਗਰੂਰ ਸੀ। ਇਥੋਂ ਦੇ ਮੁਲਾਣਿਆਂ ਨੇ ਤਾਂ ਅਸਲੋਂ ਹੀ ਅਤਿ ਚੁੱਕੀ ਹੋਈ ਸੀ। ਮਾਲੂਮ ਹੁੰਦਾ ਹੈ ਕਿ ਇਨ੍ਹਾਂ ਮੁਲਾਣਿਆਂ ਨੇ ਚੁਫੇਰੇ ਦੇ ਸਿੱਖ ਪਿੰਡਾਂ ਨੂੰ ਇੰਨਾ ਦੁਖੀ ਕੀਤਾ ਕਿ ਉਨ੍ਹਾਂ ਲਈ ਲੜਾਈ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਰਹਿ ਗਿਆ।

ਇਰਦ-ਗਿਰਦ ਦੇ ਪਿੰਡਾਂ ਦੇ ਸਤਾਏ ਹੋਏ ਲੋਕ ਕਾਹਨੂੰਵਾਨ ਦੇ ਪਰਗਣੇ ਦੇ ਇਕ ਉੱਘੇ ਰਾਠ ਸਿੰਘ ਸਰਦਾਰ ਜਗਤ ਸਿੰਘ ਦੀ ਜਥੇਦਾਰੀ ਵਿਚ ਆਣ ਇਕੱਠੇ ਹੋਏ। 27 ਮਾਰਚ 1714 ਈ. ਵਾਲੇ ਦਿਨ ਸਰਦਾਰ ਜਗਤ ਸਿੰਘ ਆਪਣੇ ਭਰਾਵਾਂ, ਨੌਕਰਾਂ ਅਤੇ ਸਿੱਖਾਂ ਦੇ ਜਥੇ ਨੂੰ ਨਾਲ ਲੈ ਕੇ ਪਹਿਰ ਦਿਨ ਚੜ੍ਹੇ ਪਿੰਡ ਕਿੜੀ ਪਠਾਣਾਂ 'ਤੇ ਜਾ ਪਿਆ ਤੇ ਬਿਨਾ ਰੋਕ-ਟੋਕ ਪਠਾਣਾਂ ਦੀ ਗੜ੍ਹੀ ਵਿਚ ਜਾ ਵੜਿਆ। ਪਠਾਣ ਅੱਗੋਂ ਕਿਹੜੇ ਘੱਟ ਸਨ, ਝਟ ਟਾਕਰੇ ਲਈ ਉੱਠੇ। ਉਹ ਕੁਝ ਦੇਰ ਤਾਂ ਵਾਹਵਾ ਅੜੇ ਪਰ ਸਿੰਘਾਂ ਅੱਗੇ ਕੋਈ ਪੇਸ਼ ਨਾ ਗਈ। ਮੁਹੰਮਦ ਇਸਹਾਕ ਖ਼ਾਨ ਤੇ ਉਸ ਦੇ ਕਈ ਸਾਥੀ ਮਾਰੇ ਗਏ, ਬਹੁਤ ਸਾਰੇ ਪਿੰਡ ਛੱਡ ਕੇ ਭੱਜ ਤੁਰੇ।

60 ਹਜ਼ਾਰ ਰੁਪਏ ਟੈਕਸ ਉਗਰਾਹੀ ਦੇ ਇਸ ਪਿੰਡ ਅਤੇ ਇਰਦ ਗਿਰਦ ਦਿਆਂ ਪਿੰਡਾਂ ਦਾ ਮਾਲ (ਨਕਦ ਤੇ ਗਹਿਣਾ ਗੱਟਾ) ਜੋ ਉਨ੍ਹਾਂ ਸੰਭਾਲਣ ਲਈ ਮੁਹੰਮਦ ਮੀਰ ਦੇ ਪਾਸ ਗੜ੍ਹੀ ਵਿਚ ਰੱਖਿਆ ਹੋਇਆ ਸੀ, ਹਮਲਾ ਕਰਨ ਵਾਲਿਆਂ ਸਿੰਘਾਂ ਦੇ ਹੱਥ ਆਇਆ। ਸਿਰਫ਼ ਉਨ੍ਹਾਂ ਇਹ ਭਲੀ ਗੁਜ਼ਾਰੀ ਕਿ ਪਿੰਡ ਨੂੰ ਸਾੜ-ਫੂਕ ਕੇ ਸੁਆਹ ਨਹੀਂ ਕੀਤਾ। ਇਸ ਮਾਰ ਦਾ ਇਹ ਅਸਰ ਹੋਇਆ ਕਿ ਕਈ ਉੱਘੇ ਮੋਮਨ ਘਰਾਣੇ ਪਿੰਡ ਹੀ ਛੱਡ ਗਏ। ਪਿੰਡ ਕਿੜੀ ਪਠਾਣਾਂ ਵਿਚ ਸਿੰਘਾਂ ਵੱਲੋਂ ਕੀਤੀ ਇਸ ਫ਼ਤਹਿ ਦੀ ਗੂੰਜ ਦਿੱਲੀ ਦਰਬਾਰ ਤੱਕ ਗਈ।' ਕੁਝ ਦਹਾਕੇ ਪਹਿਲਾਂ ਤੱਕ ਵੀ ਇਸ ਪਿੰਡ ਦੇ ਸਰਕਾਰੀ ਸਕੂਲ ਵਾਲੀ ਥਾਂ 'ਤੇ ਪਠਾਣਾਂ ਦੀ ਉਸ ਗੜ੍ਹੀ ਦੇ ਨਿਸ਼ਾਨ ਹੁੰਦੇ ਸਨ ਜੋ ਸਮੇਂ ਦੇ ਨਾਲ ਖਤਮ ਹੋ ਗਏ ਹਨ।

ਜੇ ਹੁਣ ਦੇ ਪਿੰਡਾਂ ਕਿੜੀ ਅਫ਼ਗਾਨਾਂ (ਕਿੜੀ ਪਠਾਣਾਂ) ਦੀ ਗੱਲ ਕਰੀਏ ਤਾਂ ਇੱਥੇ 1947 'ਚ ਲਹਿੰਦੇ ਪੰਜਾਬ ਤੋਂ ਉੱਜੜ ਕੇ ਆਏ ਸਿੱਖ ਆਬਾਦ ਹਨ। ਬੇਸ਼ੱਕ ਸਮਾਂ ਅਤੇ ਅਬਾਦੀ ਬਦਲਣ ਨਾਲ ਭਾਵੇਂ ਪਿੰਡਾਂ ਦੇ ਨਾਮ ਵੀ ਕਿੜੀ ਪਠਾਣਾਂ ਤੋਂ ਕਿੜੀ ਅਫ਼ਗਾਨਾਂ ਬਦਲ ਗਏ ਹਨ ਪਰ ਇਤਿਹਾਸ ਦੇ ਪੰਨਿਆਂ 'ਤੇ ਇਨ੍ਹਾਂ ਦਾ ਇਤਿਹਾਸ ਉਹ ਹੀ ਹੈ। ਜਿਥੇ ਇੱਕ ਪਿੰਡ ਕਿੜੀ ਅਫ਼ਗਾਨਾਂ ਵਿਚ ਪਹਿਲੇ ਗੁਰੂ ਨਾਨਕ ਸਾਹਿਬ ਦੀ ਇਲਾਹੀ ਬਾਣੀ ਨੇ ਇਸ ਪਿੰਡ ਦੀ ਫਿਜ਼ਾ ਵਿਚ ਰਸ ਘੋਲਿਆ ਸੀ ਉਥੇ ਹੀ ਦੂਸਰੇ ਕਿੜੀ ਅਫ਼ਗਾਨਾਂ (ਕਿੜੀ ਪਠਾਣਾਂ) ਨੇ ਜਬਰ ਵਿਰੁੱਧ ਖ਼ਾਲਸੇ ਦੀ ਲਲਕਾਰ ਵੀ ਦੇਖੀ ਹੈ। ਗੱਲ ਕੀ, ਰਬਾਬ ਦੀ ਮਿੱਠੀ ਧੁਨ ਤੋਂ ਨਗਾਰੇ ਦੀ ਗੂੰਜ ਤੱਕ ਇਨ੍ਹਾਂ ਕਿੜੀ ਅਫ਼ਗਾਨਿਆਂ ਦੀ ਧਰਤੀ ਤੋਂ ਸੁਣੀ ਜਾ ਸਕਦੀ ਹੈ।

## ਲਾਹੌਰ ਤੋਂ ਮਾਸਕੋ

*(ਪਿਛਲੇ ਸਫੇ ਦੀ ਬਾਕੀ)*

ਆਖਿਆ, "ਠਹਿਰ, ਮੈਂ ਤੈਨੂੰ ਸਵਾਲ ਕਰਨਾ ਚਾਹੁੰਦਾ ਹਾਂ।"

ਮੈਂ ਮੁਸਕਰਾ ਕੇ ਕਿਹਾ, "ਕੁਫ਼ਰ ਟੂਟਾ ਖ਼ੁਦਾ-ਖ਼ੁਦਾ ਕਰ ਕੇ। ਤੂੰ ਬੜੇ ਸ਼ੌਕ ਨਾਲ ਇਕ ਨਹੀਂ, ਦੋ ਸਵਾਲ ਪੁੱਛ।"

"ਤੂੰ ਕੀ ਸਮਝਦਾ ਏਂ ਮੈਂ ਸਾਹਿਤਕਾਰ ਨਹੀਂ?"

ਮੈਂ ਸ਼ਰਾਰਤ ਦੇ ਮੂਡ ਵਿਚ ਸੀ। ਮੈਂ ਆਖਿਆ, "ਜੀ ਹਾਂ।"

"ਇਸ ਦਾ ਮਤਲਬ ਹੈ ਮਹਿੰਦਰ ਝੂਠ ਬੋਲਦੈ।"

"ਜੀ ਹਾਂ।"

ਉਹ ਇਕ ਪਲ ਲਈ ਚੁੱਪ ਹੋ ਗਿਆ। ਫਿਰ ਉਸ ਨੇ ਮੈਨੂੰ ਮੋਢਿਆਂ ਤੋਂ ਹਲੂਣ ਕੇ ਤਿੱਖੀ ਆਵਾਜ਼ ਵਿਚ ਕਿਹਾ, "ਤੂੰ ਸਹੁੰ ਚੁੱਕ ਕੇ ਕਹਿ ਸਕਦੈਂ ਕਿ ਮੈਂ ਸਾਹਿਤਕਾਰ ਨਹੀਂ ਹਾਂ?"

ਇਸ ਵਾਰੀ ਮੈਂ ਰਤਾ ਕੁ ਡਰ ਗਿਆ। ਮੈਂ ਧੀਮੀ ਆਵਾਜ਼ ਵਿਚ ਆਖਿਆ, "ਸਹੁੰ ਤਾਂ ਨਹੀਂ ਚੁੱਕਾਂਗਾ।"

"ਇਸ ਦਾ ਮਤਲਬ ਹੈ ਹੁਣ ਤਕ ਜੋ ਤੂੰ ਆਖਿਆ, ਉਹ ਬਕਵਾਸ ਸੀ?"

"ਜੀ ਹਾਂ।"

"ਤੂੰ ਸਦਾ ਵਾਂਗ ਗ਼ੈਰ-ਸੰਜੀਦਗੀ ਤੋਂ ਕੰਮ ਲੈ ਰਿਹਾ ਏਂ। ਤੂੰ ਨਹੀਂ ਜਾਣਦਾ, ਮੈਂ ਇਕ ਮਹੱਤਵਪੂਰਨ ਫ਼ੈਸਲਾ ਕਰਨਾ ਹੈ। ਮੈਨੂੰ ਜਾਪਦੈ ਕਿ ਮੈਂ ਜ਼ਿੰਦਗੀ ਦੇ ਦੋਰਾਹੇ 'ਤੇ ਖਲੋਤਾ ਹਾਂ, ਫ਼ੈਸਲਾ ਨਹੀਂ ਕਰ ਸਕਦਾ ਕਿੱਧਰ ਜਾਵਾਂ। ਗੌਤਮ ਦੇ ਜੀਵਨ ਵਿਚ ਵੀ ਇਕ ਅਜਿਹੀ ਰਾਤ ਆਈ ਸੀ। ਉਸ ਨੇ ਅਨਿਸ਼ਚੇ ਦੀ ਸਥਿਤੀ ਵਿਚ ਕੰਬਦਿਆਂ ਤਾਰਿਆਂ ਵੱਲ ਦੇਖਿਆ ਸੀ। ਤਾਰਿਆਂ ਨੇ ਉਸ ਨੂੰ ਕਿਹਾ ਸੀ- ਅੱਜ ਤੂੰ ਆਪਣਾ ਭਵਿੱਖ ਚੁਣਨਾ ਹੈ। ਤੂੰ ਕੁਝ ਵਰ੍ਹਿਆਂ ਅੰਦਰ ਨਿੱਕੇ ਜਿਹੇ ਦੇਸ਼ ਦਾ ਰਾਜਾ ਬਣ ਸਕਦਾ ਏਂ। ਇਸ ਤੋਂ ਉਲਟ ਅਬਦੁਲਾਬਾਦ ਤਕ ਕਰੋੜਾਂ ਲੋਕਾਂ ਦੇ ਦਿਲ 'ਤੇ ਰਾਜ ਕਰ ਸਕਦਾ ਏਂ। ਦੱਸ ਤੈਨੂੰ ਕੀ ਮਨਜ਼ੂਰ ਹੈ?"

"ਰੱਬ ਨਾ ਕਰੇ ਤੂੰ ਕਿਧਰੇ ਸੰਸਾਰ ਤਿਆਗਣ ਦਾ ਮਨ ਤਾਂ ਨਹੀਂ ਬਣਾ ਰਿਹਾ?"

"ਨਹੀਂ।"

"ਤਾਂ ਫਿਰ ਅਜਿਹੀ ਕਿਹੜੀ ਦੁਬਧਾ ਹੈ?"

"ਮੈਂ ਬੜੀ ਗੰਭੀਰਤਾ ਨਾਲ ਇਸ ਸਮੱਸਿਆ 'ਤੇ ਵਿਚਾਰ ਕਰ ਰਿਹਾ ਹਾਂ ਕਿ ਜੇਕਰ ਸੱਚੀਂ ਹੀ ਮੈਨੂੰ ਲਿਖਣਾ ਨਹੀਂ ਆਉਂਦਾ ਤਾਂ ਕੱਲ੍ਹ ਤੋਂ ਕਿਉਂ ਨਾ ਵਕਾਲਤ ਦੀ ਜ਼ਿੰਦਗੀ ਸ਼ੁਰੂ ਕਰ ਲਵਾਂ।"

"ਵਾਸਤਾ ਰੱਬ ਦਾ, ਇੰਝ ਨਾ ਕਰੀਂ।"

"ਕਿਉਂ?"

"ਕਿਉਂਕਿ ਤੈਨੂੰ ਸੱਚਮੁਚ ਲਿਖਣਾ ਆਉਂਦਾ ਹੈ।"

"ਇਸ ਦਾ ਸਬੂਤ?"

"ਤੈਨੂੰ ਯਾਦ ਹੈ, 'ਹਮਾਯੂੰ' ਦੇ ਸੰਪਾਦਕ ਮੀਆਂ ਬਸ਼ੀਰ ਅਹਿਮਦ ਨੇ ਤੇਰੀ ਇਕ ਕਹਾਣੀ ਬਾਰੇ ਲਿਖਿਆ ਸੀ- "ਉਮਰ ਅਤੇ ਤਜਰਬੇ ਦੀਆਂ ਕੁਝ ਮੰਜ਼ਿਲਾਂ ਪਾਰ ਕਰਨ ਮਗਰੋਂ ਇਹ ਵਿਅਕਤੀ ਉਰਦੂ ਦਾ ਗੌਰਵਸ਼ਾਲੀ, ਸਾਹਿਤਕਾਰ ਸਾਬਤ ਹੋਵੇਗਾ।"

"ਉਹ ਤਾਂ ਹੌਸਲਾਅਫ਼ਜ਼ਾਈ ਸੀ।"

"'ਅਦਬੀ ਦੁਨੀਆ' ਦੇ ਸੰਪਾਦਕ ਮੌਲਾਨਾ ਸਲਾਹੂਦੀਨ ਨੇ 'ਯਰਕਾਨ' ਬਾਰੇ ਆਖਿਆ ਸੀ- ਇਸ ਕਹਾਣੀ ਦਾ ਸ਼ੁਮਾਰ ਸੰਸਾਰ ਦੀਆਂ ਸਰਬੋਤਮ ਕਹਾਣੀਆਂ ਵਿਚ ਕੀਤਾ ਜਾ ਸਕਦਾ ਹੈ।"

"ਮੈਂ ਮੀਆਂ ਬਸ਼ੀਰ ਅਹਿਮਦ ਤੇ ਮੌਲਾਨਾ ਸਲਾਹੂਦੀਨ ਦੀ ਨਹੀਂ, ਤੇਰੀ ਰਾਏ ਜਾਣਨੀ ਚਾਹੁੰਦਾ ਹਾਂ।"

"ਮੇਰੀ ਜਾਚੇ ਤੈਨੂੰ ਲਿਖਣਾ ਆਉਂਦਾ ਹੈ।"

"ਸਬੂਤ?"

"ਕਈ ਸਬੂਤ ਪੇਸ਼ ਕਰ ਸਕਦਾ ਹਾਂ। ਤਿੰਨ ਵਰ੍ਹੇ ਪਹਿਲਾਂ ਮੈਂ ਇਕ ਦਿਨ ਤੈਨੂੰ ਮਿਲਣ ਆਇਆ ਸੀ। ਤੂੰ ਬੜੀ ਬੇਰੁਖੀ ਨਾਲ ਮੇਰਾ ਸਵਾਗਤ ਕੀਤਾ ਸੀ। ਪੁੱਛਣ 'ਤੇ ਪਤਾ ਲੱਗਾ ਸੀ ਕਿ ਤੂੰ 'ਅਦਬੀ ਦੁਨੀਆ' ਦੇ ਸਾਲਨਾਮੇ ਲਈ ਕਹਾਣੀ ਲਿਖਣ ਦੀ ਵਿਉਂਤ ਬਣਾ ਰਿਹਾ ਸੀ, ਇੰਨੇ ਵਿਚ ਮੈਂ ਆ ਵੱਜਿਆ। ਤੂੰ ਮੈਨੂੰ ਡਰਾਇੰਗ ਰੂਮ ਵਿਚ ਬੈਠ ਕੇ ਰਸਾਲੇ ਦੇਖਣ ਲਈ ਆਖਿਆ ਤੇ ਆਪ ਦੂਜੇ ਕਮਰੇ ਵੱਲ ਚਲਾ ਗਿਆ। ਅੱਧ ਘੰਟੇ ਮਗਰੋਂ ਜਦੋਂ ਤੂੰ ਪੁੱਛਿਆ ਤਾਂ ਤੇਰੇ ਹੱਥ ਵਿਚ ਦਸ-ਬਾਰਾਂ ਕਾਗਜ਼ ਸਨ। ਤੂੰ ਬਹੁਤ ਖ਼ੁਸ਼ ਨਜ਼ਰ ਆ ਰਿਹਾ ਸੀ। ਰਸਮੀ ਭੂਮਿਕਾ ਬੰਨ੍ਹੇ ਬਗ਼ੈਰ ਮੈਨੂੰ ਕਹਾਣੀ ਪੜ੍ਹ ਕੇ ਸੁਣਾਉਣ ਲੱਗਾ। ਕਹਾਣੀ ਸੀ 'ਜੰਨਤ ਔਰ ਜਹੱਨੁਮ'। ਮੈਂ ਹੈਰਾਨ ਸੀ ਕਿ ਤੂੰ ਸੰਖੇਪ ਜਿਹੀ ਬੈਠਕ ਵਿਚ ਕਹਾਣੀ ਲਿਖ ਮਾਰੀ ਸੀ ਅਤੇ ਲਿਖਦੇ ਸਮੇਂ ਇਕ ਪੰਗਤੀ ਵੀ ਨਹੀਂ ਕੱਟੀ ਸੀ... ਤੇ ਫਿਰ ਪਹਿਲਗਾਮ ਵਿਚ। ਆਪਾਂ ਦੋਵੇਂ ਆਪਣੇ ਤੰਬੂ ਵਿਚ ਬੈਠੇ ਸਿਗਰਟ ਪੀ ਰਹੇ ਸੀ। ਬਾਹਰ ਮੋਹਲੇਧਾਰ ਮੀਂਹ ਵਰ੍ਹ ਰਿਹਾ ਸੀ। ਚਾਣਚਕ ਤੂੰ ਮੈਨੂੰ ਆਖਿਆ- 'ਮੈਨੂੰ ਕਹਾਣੀ ਅਹੁੜੀ ਹੈ। ਤੂੰ ਤੰਬੂ ਤੋਂ ਬਾਹਰ ਚਲਿਆ ਜਾਹ, ਮੈਂ ਕਹਾਣੀ ਲਿਖ ਲਵਾਂ।' ਮੈਂ ਜਦੋਂ ਵਰ੍ਹਦੇ ਮੀਂਹ ਵਿਚ ਬਾਹਰ ਜਾਣ ਤੋਂ ਨਾਂਹ ਕੀਤੀ ਤਾਂ ਤੂੰ ਮੇਰੇ ਤਰਲੇ ਕਰਨ ਲੱਗਾ। ਮੈਂ ਤੈਨੂੰ ਕੋਸਦਾ ਤੰਬੂ ਤੋਂ ਬਾਹਰ ਨਿਕਲਿਆ ਪਰ ਜਦੋਂ ਮੁੜ ਕੇ ਆਇਆ ਤਾਂ ਮੈਨੂੰ ਇਹ ਜਾਣ ਕੇ ਸੱਚੀਂ ਹੀ ਬੜੀ ਖ਼ੁਸ਼ੀ ਹੋਈ ਕਿ ਤੂੰ ਉੱਚ ਪੱਧਰੀ ਕਹਾਣੀ ਲਿਖ ਸੁੱਟੀ ਸੀ। ਸਿਰਲੇਖ ਸੀ 'ਨਗ਼ਮਾ ਕੀ ਮੌਤ'।... ਹੋਰ ਸੁਣ...।"

"ਪਰ ਤੂੰ ਸਹੁੰ ਖਾ ਕੇ ਕਿਉਂ ਨਹੀਂ ਆਖਦਾ ਕਿ ਮੈਂ ਲੇਖਕ ਹਾਂ?"

"ਖਹਿੜੇ ਪਵੇਂਗਾ ਤਾਂ ਸਹੁੰ ਵੀ ਖਾ ਲਵਾਂਗਾ। ਫ਼ਿਲਹਾਲ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਸਮਾਂ ਨੇੜੇ ਆ ਰਿਹਾ ਹੈ, ਜਦੋਂ ਤੂੰ ਵਿਸ਼ਵ ਪ੍ਰਸਿੱਧ ਲੇਖਕ ਹੋਵੇਂਗਾ। ਜਦੋਂ ਤੇਰੀਆਂ ਕਹਾਣੀਆਂ ਦੇ ਅੰਗਰੇਜ਼ੀ, ਰੂਸੀ, ਫਰਾਂਸੀਸੀ, ਚੀਨੀ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਜਾਣਗੇ, ਜਦੋਂ ਤੇਰਾ ਨਾਂ ਉਨ੍ਹਾਂ ਕਹਾਣੀਕਾਰਾਂ ਨਾਲ ਲਿਆ ਜਾਵੇਗਾ ਜਿਨ੍ਹਾਂ 'ਤੇ ਉੱਤਮ ਸਾਹਿਤ ਮਾਣ ਕਰਦਾ ਹੈ।"

"ਤੂੰ ਸੱਚ ਕਹਿ ਰਿਹੈਂ, ਮੈਨੂੰ ਬੇਵਕੂਫ਼ ਤਾਂ ਨਹੀਂ ਬਣਾ ਰਿਹਾ?"

"ਬਿਲਕੁਲ ਸੱਚ ਕਹਿ ਰਿਹਾਂ।"

"ਮੇਰੀ ਸਹੁੰ ਖਾਹ।"

"ਤੇਰੀ ਸਹੁੰ।"

ਉਸ ਦੇ ਹੋਠਾਂ 'ਤੇ ਮੁਸਕਾਨ ਲਹਿਰਾਈ। ਅੱਖਾਂ ਵਿਚ ਅਜੀਬ ਜਿਹੀ ਖ਼ੁਸ਼ੀ ਚਮਕੀ। ਉਸ ਨੇ ਮੈਨੂੰ ਕਲਾਵੇ ਵਿਚ ਲੈ ਕੇ ਕਿਹਾ, "ਮੇਰੀ ਉਲਝਣ ਹੱਲ ਹੋ ਗਈ। ਮੈਂ ਚੰਨ ਤਾਰਿਆਂ ਦੀ ਰੋਸ਼ਨੀ ਵਿਚ ਤੇਰੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਲਿਖਾਂਗਾ, ਨਿਰੰਤਰ ਲਿਖਾਂਗਾ। ਮੇਰੇ ਲਈ ਸਿਰਫ਼ ਤੇਰੀ ਸਨਦ ਕਾਫ਼ੀ ਹੈ ਕਿ ਮੈਂ ਲੇਖਕ ਹਾਂ। ਆਲੋਚਕ ਪੈਣ ਢੱਠੇ ਖੂਹ 'ਚ।"

ਇਸ ਘਟਨਾ ਨੂੰ ਪੰਜੀ ਵਰ੍ਹੇ ਹੋ ਗਏ ਹਨ। ਕ੍ਰਿਸ਼ਨ ਚੰਦਰ ਨੇ ਆਪਣਾ ਵਾਅਦਾ ਵਫ਼ਾ ਕੀਤਾ। ਉਸ ਨੇ ਖ਼ੂਬਸੂਰਤ ਕਹਾਣੀਆਂ, ਨਾਵਲਾਂ ਦਾ ਢੇਰ ਲਾ ਦਿੱਤਾ। ਵੱਡੇ-ਵੱਡੇ ਆਲੋਚਕਾਂ ਤੋਂ ਆਪਣਾ ਲੋਹਾ ਮਨਵਾ ਲਿਆ। ਆਲੇ ਅਹਿਮਦ ਸੁਰੂਰ, ਇਹਤਿਸ਼ਾਮ ਹੁਸੈਨ, ਫ਼ਿਰਾਕ ਗੋਰਖਪੁਰੀ, ਵਕਾਰ ਅਜ਼ੀਮ, ਡਾ. ਵਜ਼ੀਰ ਆਗ਼ਾ ਨੇ ਇਕਮਤ ਹੋ ਕੇ ਕ੍ਰਿਸ਼ਨ ਨੂੰ ਵਰਤਮਾਨ ਯੁੱਗ ਦਾ ਮਹਾਨ ਕਹਾਣੀਕਾਰ ਸਵੀਕਾਰ ਕੀਤਾ। ਕਾਫ਼ਿਰ ਤੋਂ ਕਾਫ਼ਿਰ ਤਕ ਨੂੰ ਉਸ ਉੱਪਰ ਈਮਾਨ ਲਿਆਉਣਾ ਪਿਆ।

ਇਹ ਅਦਭੁੱਤ ਸੰਜੋਗ ਹੈ ਕਿ ਬੀਤੇ ਨਵੰਬਰ ਦੀ ਇਕ ਰਾਤ ਨੂੰ ਮੈਂ 'ਸੋਵੀਅਤ ਲੈਂਡ' ਦਾ ਸੱਜਰਾ ਅੰਕ ਪੜ੍ਹ ਰਿਹਾ ਸੀ ਤਾਂ ਅਚਾਨਕ ਇਕ ਖ਼ਬਰ 'ਤੇ ਮੇਰੀ ਨਜ਼ਰ ਪਈ- 'ਭਾਰਤ ਦੇ ਪ੍ਰਸਿੱਧ ਕਹਾਣੀਕਾਰ ਕ੍ਰਿਸ਼ਨ ਚੰਦਰ ਦੀਆਂ ਰਚਨਾਵਾਂ ਦੀਆਂ 15 ਲੱਖ ਕਾਪੀਆਂ ਰੂਸ ਦੀਆਂ 14 ਭਾਸ਼ਾਵਾਂ ਵਿਚ ਹੁਣ ਤਕ ਵਿਕ ਚੁੱਕੀਆਂ ਹਨ।'

ਸਹਿਜੇ ਹੀ 1942 ਦੀ ਲਾਹੌਰ ਦੀ ਉਹ ਰਾਤ ਮੇਰੀਆਂ ਅੱਖਾਂ ਅੱਗੇ ਘੁੰਮ ਗਈ।

ਲਾਹੌਰ ਤੋਂ ਮਾਸਕੋ ਤਕ।

ਕ੍ਰਿਸ਼ਨ ਚੰਦਰ ਨੇ ਇਹ ਲੰਮਾ ਸਫ਼ਰ ਕਿਸ ਤੀਬਰ ਗਤੀ ਨਾਲ ਤੈਅ ਕੀਤਾ ਹੈ? ਜੇਕਰ ਮੈਂ ਭਾਵੁਕ ਹੁੰਦਾ ਤਾਂ ਜ਼ਰੂਰ ਮੇਰੀਆਂ ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਆ ਗਏ ਹੁੰਦੇ ਪਰ ਤਾਂ ਵੀ ਮੈਨੂੰ ਇਕ ਵਰਨਣ ਤੋਂ ਬਾਹਰੀ ਖ਼ੁਸ਼ੀ ਦਾ ਅਹਿਸਾਸ ਹੋਇਆ ਕਿ ਮੇਰੀ ਭਵਿੱਖਬਾਣੀ ਸੱਚ ਸਾਬਤ ਹੋਈ ਅਤੇ ਮੈਨੂੰ ਕ੍ਰਿਸ਼ਨ ਚੰਦਰ ਸਾਹਮਣੇ ਸ਼ਰਮਿੰਦਾ ਨਹੀਂ ਹੋਣਾ ਪਿਆ। ਮੈਂ ਉਹ ਖ਼ਬਰ ਮੁੜ-ਮੁੜ ਪੜ੍ਹੀ ਅਤੇ ਮੈਨੂੰ ਇੰਝ ਜਾਪਿਆ ਜਿਵੇਂ ਕ੍ਰਿਸ਼ਨ ਚੰਦਰ ਦੀ ਸਫਲਤਾ ਮੇਰੀ ਆਪਣੀ ਸਫਲਤਾ ਹੈ। ਉਸੇ ਸਮੇਂ ਮੇਰੇ 'ਤੇ ਇਹ ਭੇਤ ਖੁੱਲ੍ਹਿਆ ਕਿ ਅਜਿਹਾ ਸੋਚਣਾ ਮੇਰਾ ਹੱਕ ਹੈ ਕਿਉਂ ਜੋ ਕ੍ਰਿਸ਼ਨ ਅਤੇ ਕਨ੍ਹਈਆ ਅਸਲ ਵਿਚ ਇਕ ਹੀ ਤਾਂ ਹਨ।

*ਇਸ ਦਾ ਅਰਥ ਇਹ ਨਹੀਂ ਕਿ ਉਸ ਨੇ ਸਾਰੀ ਉਮਰ ਵਿਚ ਕੇਵਲ ਇਕ ਹੀ ਕੰਮ ਦੀ ਕਹਾਣੀ ਲਿਖੀ ਹੈ ਸਗੋਂ ਉਸ ਇਸੇ ਕਹਾਣੀ ਨੂੰ ਮੁੜ-ਮੁੜ ਲਿਖਣ ਮਗਰੋਂ ਕਦੀ ਇਸ ਦਾ ਸਿਰਲੇਖ 'ਜੰਨਤ ਔਰ ਜਹੱਨੁਮ', ਕਦੀ 'ਜ਼ਿੰਦਗੀ ਕੇ ਮੋੜ ਪਰ' ਅਤੇ ਕਦੀ 'ਅੰਨਦਾਤਾ' ਦੇ ਛੱਡਿਆ ਹੈ। ਕਦੀ ਇਸ ਨੂੰ ਨਾਵਲ ਦੇ ਕੈਨਵਸ 'ਤੇ ਪਸਾਰ ਕੇ 'ਸ਼ਿਕਸਤ' ਦੀ ਰਚਨਾ ਕੀਤੀ ਹੈ ਅਤੇ ਕਦੀ 'ਬਾਵਨ ਪੱਤੇ' ਦੀ। ਦੂਜੇ ਸ਼ਬਦਾਂ ਵਿਚ ਸ਼ੁਰੂ ਤੋਂ ਲੈ ਕੇ ਅੱਜ ਤਕ ਉਸ ਕੋਲ ਇਕ ਵਿਸ਼ਾ ਹੀ ਰਿਹਾ ਹੈ ਜਿਸ ਨੂੰ ਅਸੀਂ ਬਿਹਤਰ ਸ਼ਬਦਾਂ ਦੀ ਘਾਟ ਕਰ ਕੇ 'ਖ਼ੂਬਸੂਰਤ ਜ਼ਿੰਦਗੀ ਦਾ ਆਗਾਜ਼' ਆਖ ਸਕਦੇ ਹਾਂ। ਚਿਰਾਂ ਤੋਂ ਉਹ ਉਸ ਸਮੇਂ ਦੀ ਉਡੀਕ ਕਰ ਰਿਹਾ ਹੈ ਜਦੋਂ ਇਸ ਧਰਤੀ ਦੇ ਵਾਸੀਆਂ ਦੇ ਜੀਵਨ ਵਿਚ ਬਹਾਰ ਆਵੇਗੀ, ਜਦੋਂ ਉਨ੍ਹਾਂ ਨੂੰ ਰਹਿਣ ਲਈ ਸਾਫ਼ ਖੁੱਲ੍ਹੇ-ਡੁੱਲ੍ਹੇ ਘਰ, ਖਾਣ ਲਈ ਚੰਗੀ ਭਰਪੂਰ ਖ਼ੁਰਾਕ, ਪਹਿਨਣ ਲਈ ਸਾਫ਼-ਸੁਥਰੇ ਕੱਪੜੇ, ਪਿਆਰ ਕਰਨ ਲਈ ਸੁਹਿਰਦ ਮਿੱਤਰ, ਪਿਆਰ ਕਰਨ ਵਾਲੇ ਪਤਨੀ-ਬੱਚੇ ਪ੍ਰਾਪਤ ਹੋਣਗੇ। ਜਦੋਂ ਤਕ ਉਹ ਸਮਾਂ ਨਹੀਂ ਆਉਂਦਾ, ਕ੍ਰਿਸ਼ਨ ਚੰਦਰ ਨਿਰੰਤਰ ਲਿਖਦਾ ਰਹੇਗਾ। ਜਦੋਂ ਉਹ ਸਮਾਂ ਆ ਜਾਵੇਗਾ, ਉਹ ਲਿਖਣਾ ਬੰਦ ਕਰ ਦੇਵੇਗਾ ਅਤੇ ਸੁੱਖ ਦਾ ਸਾਹ ਲਵੇਗਾ ਕਿ ਉਸ ਸਮੇਂ ਨੂੰ ਲਿਆਉਣ ਵਿਚ ਉਸ ਦਾ ਵੀ ਯੋਗਦਾਨ ਹੈ।*

# ਰਹਿਣੀ-ਬਹਿਣੀ ਦੇ ਫ਼ਕੀਰ ਤੇ ਲੋਕਵੇਦ ਦੇ ਮਹਾਂਰਿਸ਼ੀ ਦੇਵਿੰਦਰ ਸਤਿਆਰਥੀ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਕਾਲਮ 'ਕਲਮਾਂ ਵਾਲੀਆਂ' ਤਹਿਤ ਔਰਤ ਲਿਖਾਰੀਆਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਲੜੀ ਛਾਪੀ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਹੁਣ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੇ ਸਾਹਿਤਕਾਰ ਦੋਸਤਾਂ ਬਾਰੇ 'ਕਲਮੀ ਚਿੱਤਰ' ਭੇਜੇ ਹਨ, ਜਿਸ ਵਿਚ ਉਨ੍ਹਾਂ ਵੱਖ-ਵੱਖ ਲਿਖਾਰੀਆਂ ਬਾਰੇ ਬੜੀਆਂ ਦਿਲਚਸਪ ਅਤੇ ਅਣਛੋਹੀਆਂ ਗੱਲਾਂ ਕੀਤੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਹਯਾਤੀ ਦਾ ਵੱਡਾ ਹਿੱਸਾ ਭਾਵੇਂ ਦਿੱਲੀ ਵਰਗੇ ਮਹਾਂਨਗਰ ਵਿਚ ਗੁਜ਼ਾਰਿਆ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਪਿੰਡਾਂ ਅਤੇ ਪੇਂਡੂ ਰਹਿਤਲ ਦੇ ਰੰਗ ਅਛੋਪਲੇ ਜਿਹੇ ਆਣ ਜੁੜਦੇ ਹਨ। ਉਨ੍ਹਾਂ ਦੀਆਂ ਕਿਰਤਾਂ ਵਿਚ ਸੁਹਜ ਅਤੇ ਸਲੀਕਾ ਆਪਣੀ ਮਿਸਾਲ ਆਪ ਬਣਦਾ ਹੈ। ਉਨ੍ਹਾਂ ਦੀਆਂ ਕਹਾਣੀਆਂ, ਪਲੇਠੇ ਤੇ ਇਕੋ-ਇਕ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਅਤੇ ਹੋਰ ਰਚਨਾਵਾਂ ਵਿਚ ਇਹ ਰੰਗ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲੜੀ ਤਹਿਤ ਦਰਵੇਸ਼ ਲੇਖਕ ਦੇਵਿੰਦਰ ਸਤਿਆਰਥੀ ਦਾ ਜੀਵਨ, ਜਿਸ ਨੂੰ ਭੁੱਲਰ ਨੇ ਬਹੁਤ ਵਿਸਤਾਰ ਅਤੇ ਦਿਲਚਸਪ ਸ਼ੈਲੀ ਵਿਚ ਪੇਸ਼ ਕੀਤਾ ਹੈ, ਪਾਠਕਾਂ ਦੀ ਨਜ਼ਰ ਹੈ।***

## ਕਲਮੀ ਚਿੱਤਰ

ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਸੀ, ਮੇਰੇ ਸਵੈਵਿਸ਼ਵਾਸ ਵਿਚ ਵਾਧਾ ਕਰਨ ਵਾਲੀ ਇਕ ਗੱਲ ਇਹ ਵੀ ਸੀ ਕਿ ਮੈਂ ਦੇਵਿੰਦਰ ਸਤਿਆਰਥੀ ਦੇ ਪਿੰਡਾਂ ਦਾ ਹਾਂ।...ਕਈ ਸਾਲਾਂ ਮਗਰੋਂ ਮੈਂ ਦਿੱਲੀ ਆ ਪਹੁੰਚਿਆ ਜਿਥੇ ਸਾਹਿਤ ਅਤੇ ਸੜਕਾਂ ਉੱਤੇ ਸਤਿਆਰਥੀ ਜੀ ਦੀ ਮਾਲਕੀ ਸੀ। ਉਨ੍ਹਾਂ ਦੇ ਪਹਿਲੀ ਵਾਰ ਦਰਸ਼ਨ ਭਾਪਾ ਪ੍ਰੀਤਮ ਸਿੰਘ ਦੇ ਨਵਯੁਗ ਪ੍ਰੈਸ ਵਿਚ ਹੋਏ। ਉਨ੍ਹਾਂ ਨੂੰ ਨੇੜਿਉਂ ਦੇਖ ਕੇ ਇਉਂ ਲਗਿਆ ਜਿਵੇਂ ਗੁਰੂਦੇਵ ਰਾਬਿੰਦਰਨਾਥ ਟੈਗੋਰ ਹੁਣੇ-ਹੁਣੇ ਸ਼ਾਂਤੀ-ਨਿਕੇਤਨ ਤੋਂ ਪੈਦਲ ਤੁਰ ਕੇ ਆਏ ਹੋਣ—ਘਸੇ ਹੋਏ ਬੂਟ, ਲੰਮੇ ਸਫ਼ਰ ਤੋਂ ਆਇਆਂ ਵਰਗੇ ਕੱਪੜੇ, ਦਾੜ੍ਹੀ ਉੱਤੇ ਧੂੜ, ਪਰ ਕੁਝ-ਕੁਝ ਵਿਰਲੇ ਰੇਸ਼ਮੀ ਕੇਸਾਂ ਦੀ ਝਾਲਰ ਹੇਠ ਚੌੜਾ ਨੂਰਾਨੀ



**ਗੁਰਬਚਨ ਸਿੰਘ ਭੁੱਲਰ**
ਫੋਨ:+91-80763-63058

ਮੱਥਾ ਤੇ ਰੱਬ ਦੇ ਆਪਣੇ ਹੱਥੀਂ ਤਰਾਸ਼ੇ ਹੋਏ ਖ਼ੂਬਸੂਰਤ ਨੈਣ-ਨਕਸ਼!

ਭਾਪਾ ਜੀ ਨੇ ਉਨ੍ਹਾਂ ਨੂੰ ਮੇਰੇ ਬਾਰੇ ਦੱਸਿਆ ਤਾਂ ਦੋਵਾਂ ਦੇ ਪਿੰਡਾਂ ਦੀ ਨੇੜਤਾ ਸੁਣ ਕੇ ਉਹ ਗਦਗਦ ਹੋ ਗਏ, 'ਲਓ ਜੀ, ਪਿੱਥੋ ਤਾਂ ਸਾਡੇ ਭਦੌੜ ਦਾ ਇਕ ਅਗਵਾੜ ਹੀ ਸਮਝੋ। ਭਾਪਾ ਜੀ, ਇਹਨੂੰ ਮੇਰੇ ਗੁਆਂਢੀ ਪਿੰਡ ਦਾ ਨਾ ਕਹੋ, ਮੇਰੇ ਪਿੰਡ ਦਾ ਹੀ ਕਹੋ।' ਭਾਪਾ ਜੀ ਆਪਣੇ ਮੇਜ਼ ਉੱਤੇ ਕੰਮ ਖਿਲਾਰੀ ਬੈਠੇ ਸਨ। ਕੁਝ-ਕੁਝ ਸ਼ਰਾਰਤੀ ਲਹਿਜ਼ੇ ਵਿਚ ਬੋਲੇ, 'ਜੇ ਇਹ ਗੱਲ ਹੈ ਤਾਂ ਭੁੱਲਰ ਨੂੰ ਕਿਤੇ ਲਿਜਾ ਕੇ ਚਾਹ ਵੀ ਪਿਆਓ ਤੇ ਨਾਲ ਕੋਈ ਰਚਨਾ ਵੀ ਸੁਣਾਓ।' ਉਨ੍ਹਾਂ ਨੇ ਸਤਿਆਰਥੀ ਜੀ ਦੇ ਕੋਟ ਦੀ ਜੇਬ ਵਿਚ ਬੰਦ ਮੁੱਠੀ ਪਾਈ ਤੇ ਖੁੱਲ੍ਹੀ ਕੱਢ ਲਈ। ਰਚਨਾ ਸੁਣਾਉਣ ਦੀ ਉਨ੍ਹਾਂ ਦੀ ਮਸ਼ਹੂਰ ਤੇ ਬਹੁਚਰਚਿਤ ਆਦਤ ਬਾਰੇ ਮੈਨੂੰ ਅਜੇ ਕੋਈ ਇਲਮ ਨਹੀਂ ਸੀ। ਇਸ ਪਹਿਲੀ ਮਿਲਣੀ ਵਿਚ ਹੀ ਉਹ ਮੈਨੂੰ ਚਾਂਦਨੀ ਚੌਕ ਦੀ ਇਕ ਭੀੜੀ ਜਿਹੀ ਵੀਹੀ ਵਿਚਲੇ ਇਕ ਅਧ-ਹਨੇਰੇ ਤੇ ਥਿੰਧੇ ਜਿਹੇ ਚਾਹ-ਖ਼ਾਨੇ ਵਿਚ ਲੈ ਗਏ ਅਤੇ 'ਛੋਟੀ ਜਿਹੀ ਰਚਨਾ' ਆਖ ਕੇ ਸਾਰਾ 'ਸੂਈ ਬਾਜ਼ਾਰ' ਸੁਣਾ ਛੱਡਿਆ।


ਉਸ ਪਿੱਛੋਂ ਦੇ ਲੰਮੇ ਸਾਲਾਂ ਵਿਚ ਪਤਾ ਨਹੀਂ ਕਿੰਨੇ ਅਣਗਿਣਤ ਵਾਰ ਮੁਲਾਕਾਤ ਹੋਈ ਹੋਵੇਗੀ। ਪਰ ਇਕ ਵਾਰ ਉਨ੍ਹਾਂ ਨੂੰ ਇਕ ਸਾਹਿਤਕ ਸਨਮਾਨ ਦੇਣ ਵਾਲੀ ਸੰਸਥਾ ਨੇ ਮੈਨੂੰ ਉਨ੍ਹਾਂ ਬਾਰੇ ਲੇਖ ਲਿਖਣ ਲਈ ਕਿਹਾ ਤਾਂ ਉਨ੍ਹਾਂ ਨਾਲ ਲੰਮੀ ਮੁਲਾਕਾਤ ਦੀ ਲੋੜ ਮਹਿਸੂਸ ਹੋਈ। ਤਦ ਸਵਾਲ ਪੈਦਾ ਹੋਇਆ, ਲੱਭਿਆ ਕਿਥੇ ਜਾਵੇ? ਉਨ੍ਹਾਂ ਦੀਆਂ ਪੈੜਾਂ ਤਾਂ ਦਿੱਲੀ ਦੀ ਹਰੇਕ ਸੜਕ ਉੱਤੇ, ਪਾਰਕਾਂ ਵਿਚ, ਕਾਫ਼ੀ ਹਾਊਸਾਂ ਤੇ ਚਾਹ-ਖ਼ਾਨਿਆਂ ਵਿਚ, ਆਰਟ ਗੈਲਰੀਆਂ ਤੇ ਪ੍ਰਦਰਸ਼ਨੀਆਂ ਵਿਚ, ਸਭਾਵਾਂ ਵਿਚ ਤੇ ਗੋਸ਼ਟੀਆਂ ਵਿਚ, ਨਵਯੁਗ ਤੇ ਜਨਤਕ ਪ੍ਰੈਸ ਵਿਖੇ, ਅਨੇਕ ਥਾਂਵਾਂ ਉੱਤੇ ਸਨ, ਪਰ 'ਥਿਆ ਗਿਆ, ਥਿਆ ਗਿਆ' ਕਿਥੇ ਹੋਵੇ? ਪਤਾ ਲੱਗੇ ਤੋਂ ਉਨ੍ਹਾਂ ਨੇ ਨਵਯੁਗ ਵਿਚ ਮਿਲਣ ਦਾ ਸਮਾਂ ਦੱਸ ਦਿੱਤਾ ਪਰ ਆਏ ਨਾ। ਦੂਜੇ-ਤੀਜੇ ਦਿਨ ਪਹੁੰਚੇ ਤਾਂ ਭਾਪਾ ਜੀ ਨੂੰ ਕਹਿੰਦੇ, 'ਜੀ ਉਸ ਦਿਨ ਮੈਂ ਭੁੱਲਰ ਨੂੰ ਮਿਲਣ ਦਾ ਇਕਰਾਰ ਕਰ ਕੇ ਉਡੀਕਦਾ ਰਖਿਆ, ਹੁਣ ਪਸ਼ਚਾਤਾਪ ਵਜੋਂ ਮੈਂ ਆਪ ਉਹਦੇ ਘਰ ਜਾਵਾਂਗਾ।' ਆਏ ਤਾਂ ਸਰੀਰ ਦਾ ਅੰਗ ਬਣ ਚੁੱਕੀ ਕੱਛੇ ਮਾਰੀ ਹੋਈ ਫ਼ਾਈਲ ਨਾਲ ਇਕ ਬਹੁਤ ਮੋਟਾ ਖਰੜਾ ਵੀ ਸੀ। ਹੁਣ ਤੱਕ ਹਰ ਹੱਥ ਆਏ ਬੰਦੇ ਨੂੰ ਉਨ੍ਹਾਂ ਦੀ ਖਰੜਾ ਸੁਣਾਉਣ ਦੀ ਲਤ ਬਾਰੇ ਮੈਂ ਚੰਗੀ ਤਰ੍ਹਾਂ ਜਾਣ ਚੁੱਕਿਆ ਸੀ।

ਉਨ੍ਹਾਂ ਨਾਲ ਗੱਲਾਂ ਕਰਨ ਲਈ ਬੰਦੇ ਨੂੰ ਬੜੇ ਦਮ ਦੀ ਲੋੜ ਪੈਂਦੀ ਸੀ—ਸਰੀਰਕ ਦਮ ਦੀ ਵੀ ਤੇ ਮਾਨਸਿਕ ਦਮ ਦੀ ਵੀ। ਉਹ ਸਰੋਤੇ ਨੂੰ ਉਂਗਲੀ ਫੜ ਕੇ ਆਪਣੇ ਨਾਲ ਉਸ ਅਮੁੱਕ-ਅਨੰਤ ਭੂਗੋਲ ਦਾ ਯਾਤਰੀ ਬਣਾ ਲੈਂਦੇ ਸਨ ਜਿਸ ਵਿਚ ਉਨ੍ਹਾਂ ਨੇ ਲੋਕਯਾਨ ਦਾ ਅਸ਼ਵਮੇਧੀ ਘੋੜਾ ਛੱਡ ਰਖਿਆ ਸੀ ਜੋ ਉਨ੍ਹਾਂ ਦੇ ਚਕਰਵਰਤੀ ਸਾਹਿਤ-ਸਮਰਾਟ ਹੋਣ ਵਿਚ ਕੋਈ ਸੰਦੇਹ ਨਹੀਂ ਸੀ ਰਹਿਣ ਦਿੰਦਾ। ਇਹ ਮਾਰਗ ਕਦੀ ਆਸਾਮ ਤੇ ਕਦੀ ਬੰਗਾਲ ਲੈ ਜਾਂਦਾ ਸੀ, ਕਦੀ ਗੁਜਰਾਤ ਤੇ ਕਦੀ ਬਲੋਚਿਸਤਾਨ, ਕਦੀ ਬਰਮਾ ਤੇ ਕਦੀ ਲੰਕਾ। ਕਦੀ ਇਹ ਪਹਾੜੀਂ ਚੜ੍ਹਾ ਲੈਂਦਾ ਸੀ ਅਤੇ ਕਦੀ ਦਰਿਆਵਾਂ ਤੇ ਜੰਗਲਾਂ-ਬੇਲਿਆਂ ਵਿਚੋਂ ਦੀ ਲੰਘਾਉਂਦਾ ਹੋਇਆ ਕੰਨਿਆ ਕੁਮਾਰੀ ਦੇ ਸਾਗਰ ਦੀਆਂ ਲਹਿਰਾਂ ਨਿਹਾਰਨ ਲਈ ਪ੍ਰੇਰਦਾ ਸੀ। ਇਸ ਮਾਰਗ ਉੱਤੇ ਤੁਰਦਿਆਂ ਕਦੀ ਉਹ ਕਿਸੇ ਆਸ਼ਰਮ ਵਿਚ ਲਿਜਾ ਕੇ ਰਿਖੀਸ਼ਰਾਂ-ਤਪੀਸ਼ਰਾਂ ਵਿਚਕਾਰ ਬਿਠਾ ਦਿੰਦੇ ਸਨ ਅਤੇ ਕਦੀ ਰੂਸ, ਫ਼ਰਾਂਸ, ਅਮਰੀਕਾ, ਇੰਗਲੈਂਡ ਦੇ ਪਿਛਲੀਆਂ ਸਦੀਆਂ ਦੇ ਤੇ ਅਜੋਕੇ ਸਾਹਿਤਕਾਰਾਂ ਨਾਲ ਜਾ ਹੱਥ ਮਿਲਵਾਉਂਦੇ ਸਨ। ਉਰਦੂ, ਹਿੰਦੀ, ਪੰਜਾਬੀ ਅਤੇ ਹੋਰ ਅਨੇਕਾਂ ਭਾਰਤੀ ਭਾਸ਼ਾਵਾਂ ਦੇ ਸਿਰਕੱਢ ਸਮਕਾਲੀ ਲੇਖਕ ਤਾਂ ਉਨ੍ਹਾਂ ਦੇ ਯਾਰ-ਬੇਲੀ ਸਨ ਹੀ।

ਮੈਂ ਸਵਾਲ ਕੀਤਾ, 'ਗੁਰੂਦੇਵ, ਤੁਹਾਨੂੰ ਹਿੰਦੀ ਵਾਲੇ ਉਰਦੂ ਜਾਂ ਪੰਜਾਬੀ ਦਾ ਅਤੇ ਉਰਦੂ ਵਾਲੇ ਹਿੰਦੀ ਜਾਂ ਪੰਜਾਬੀ ਦਾ ਲੇਖਕ ਮੰਨਦੇ ਹਨ। ਅਪਣਾਇਆ ਤਾਂ ਤੁਹਾਨੂੰ ਪੰਜਾਬੀ ਨੇ ਹੀ ਹੈ ਜੋ ਤੁਹਾਨੂੰ ਹਿੱਕ ਨਾਲ ਲਾ ਕੇ ਆਖਦੀ ਹੈ, ਹਿੰਦੀ ਜਾਂ ਉਰਦੂ ਦਾ ਨਹੀਂ, ਇਹ ਤਾਂ ਮੇਰਾ ਲਾਲ ਹੈ!...ਪਰ ਤੁਸੀਂ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦੇ ਵਸੀਲੇ ਵਜੋਂ ਮੁਖ ਤੌਰ ਉਤੇ ਕੋਈ ਇਕੋ ਭਾਸ਼ਾ ਕਿਉਂ ਨਾ ਚੁਣੀ?' ਉਨ੍ਹਾਂ ਨੇ ਮੁਸਕਰਾ ਕੇ ਆਪਣੀ ਬਹੁਭਾਸ਼ਤਾ ਦੇ ਕਾਰਨ ਸਮਝਾਏ, 'ਦਰਅਸਲ ਜੀ ਇਹ ਮੇਰੀ ਤਬੀਅਤ ਦੀ ਆਵਾਰਗੀ ਦਾ ਪਰਤੌ ਵੀ ਹੈ ਅਤੇ ਇਸ ਨਾਲ ਸ਼ਬਦ-ਚੋਣ ਦੀ ਸਮਰੱਥਾ ਵੀ ਵਧਦੀ ਹੈ।' ਫੇਰ ਗੰਭੀਰ ਹੋ ਕੇ ਕਿਤੇ ਦੂਰ, ਕਿਸੇ ਮਾਨਸਿਕ ਦਿਸਹੱਦੇ ਵੱਲ ਦੇਖਦਿਆਂ ਬੋਲੇ, 'ਭੁੱਲਰ ਜੀ, ਤੁਸੀਂ ਜ਼ਬਾਨਾਂ ਵਿਚੋਂ ਇਕ ਜ਼ਬਾਨ ਚੁਣਨ ਦੀ ਗੱਲ ਕਰਦੇ ਹੋ, ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ ਮੈਂ ਕਿਸ ਦੇਸ ਦਾ ਹਾਂ।'

ਵੱਖ-ਵੱਖ ਭਾਸ਼ਾਵਾਂ ਨਾਲ ਸਤਿਆਰਥੀ ਜੀ ਦਾ ਸਨੇਹ ਸਚੁਮੱਚ ਹੀ ਬੜਾ ਸੁਹਿਰਦ ਸੀ। ਇਕ ਦਿਨ ਲੋਕਮਾਤਾ ਉਨ੍ਹਾਂ ਨੂੰ ਕਹਿਣ ਲੱਗੀ, ਤੁਸੀਂ ਬੋਲੇ ਕੁੱਕੜ ਤਾਂ ਹੋ ਹੀ, ਦੁਸ਼ਟ ਵੀ ਹੋ। ਇਨ੍ਹਾਂ ਨੂੰ 'ਦੁਸ਼ਟ' ਕਹੇ ਜਾਣ ਦਾ ਕੋਈ ਗਿਲਾ ਨਹੀਂ ਹੋਇਆ ਸਗੋਂ ਖ਼ੁਸ਼ ਹੋ ਕੇ ਬੋਲੇ, 'ਬਈ ਵਾਹ, ਤੂੰ ਤਾਂ ਸੰਸਕ੍ਰਿਤ ਵੀ ਬੋਲਣ ਲੱਗੀ ਹੈਂ, ਰੁਸ਼ਟ, ਮੁਸ਼ਟ, ਦੁਸ਼ਟ।' ਮੈਨੂੰ ਇਹ ਗੱਲ ਸੁਣਾਉਂਦਿਆਂ ਆਖਣ ਲੱਗੇ, 'ਦਰਅਸਲ ਜੀ, ਲੋਕਮਾਤਾ ਦਾ ਬੰਦਿਆਂ ਦਾ ਮੁੱਲ ਅੰਗਣ ਦਾ ਆਪਣਾ ਹੀ ਤਰੀਕਾ ਹੈ ਜੋ ਕੋਈ ਬਹੁਤਾ ਪਾਏਦਾਰ ਜਾਂ ਤਰਕਪੂਰਨ ਨਹੀਂ। ਦੇਖੋ ਨਾ ਭੁੱਲਰ ਜੀ, ਮੈਨੂੰ ਤਾਂ ਦੁਸ਼ਟ ਕਹਿ ਦਿੱਤਾ, ਤੇ ਇਕ ਦਿਨ ਮੈਨੂੰ ਕਹਿ ਰਹੀ ਸੀ, ਤੁਸੀਂ ਹੁਣ ਤਕ ਜਿੰਨੇ ਦੋਸਤ ਬਣਾਏ ਨੇ, ਸਭ ਤੋਂ ਸਾਊ ਭੁੱਲਰ ਐ। ਕੋਈ ਪੁੱਛੇ ਬਈ ਭਲੀਏ ਲੋਕੇ, ਤੂੰ ਆਪਣੀ ਤੱਕੜੀ ਦੀ ਡੰਡੀ ਕੁਛ ਤਾਂ ਸਿੱਧੀ...!' ਉਨ੍ਹਾਂ ਨੇ ਗੱਲ ਜਾਣ ਕੇ ਵਿਚਾਲੇ ਛੱਡ ਦਿੱਤੀ। ਹਾਸੇ ਦੀਆਂ ਕੰਨੀਆਂ ਛੋਂਹਦੀ ਮੁਸਕਰਾਹਟ ਨਾਲ ਉਨ੍ਹਾਂ ਦੀਆਂ ਸੰਘਣੀਆਂ ਮੁੱਛਾਂ ਨੱਚਣ ਲੱਗੀਆਂ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਹਾਣੀਆਂ ਵਾਲੀ ਸ਼ਰਾਰਤ ਲਿਸ਼ਕਣ ਲੱਗੀ।

ਇਹ ਚੁਸਤੀ ਉਹ ਅਕਸਰ ਵਰਤਦੇ। ਗੱਲ ਅਧੂਰੀ ਛੱਡ ਕੇ ਜਾਂ ਦੋ-ਚਾਰ ਸ਼ਬਦਾਂ ਵਿਚ ਕੁਝ ਕਹਿ ਕੇ ਉਹ ਅਜਿਹਾ ਵਾਰ ਕਰਦੇ ਕਿ ਅਗਲਾ ਇਹ ਸਮਝਣ ਜੋਗਾ ਵੀ ਨਹੀਂ ਸੀ ਰਹਿੰਦਾ ਕਿ ਜਵਾਬ ਦੇਵੇ ਤਾਂ ਕੀ ਦੇਵੇ! ਇਹ ਭਾਣਾ ਵੱਡਿਆਂ-ਵੱਡਿਆਂ ਨਾਲ ਵਰਤ ਜਾਂਦਾ ਸੀ। ਸਤਿਆਰਥੀ ਜੀ, ਡਾ. ਹਰਿਭਜਨ ਸਿੰਘ ਤੇ ਹਰਿਨਾਮ ਕਰੋਲਬਾਗ਼ ਦੇ ਇਕ ਕਾਫ਼ੀ ਹਾਊਸ ਵਿਚ ਬੈਠੇ ਵਿਹਲੀਆਂ ਗੱਲਾਂ ਮਾਰ ਰਹੇ ਸਨ। ਹਰਿਭਜਨ ਸਿੰਘ ਓਦੋਂ ਕਰੋਲਬਾਗ਼ ਦੀ ਨਾਈਵਾਲਾ ਗਲੀ ਵਿਚ ਰਹਿੰਦੇ ਸਨ। ਸਤਿਆਰਥੀ ਜੀ ਦੀ ਉਨ੍ਹੀਂ ਦਿਨੀਂ ਲਿਖੀ ਇਕ ਕਵਿਤਾ ਦੀਆਂ ਸਤਰਾਂ ਸਨ, 'ਮੇਰੀ ਭੁੱਖ ਮਾਰਦੀ ਮੈਨੂੰ ਹਾਕਾਂ ਦਿੱਲੀ ਦੀਆਂ ਸੜਕਾਂ ਉੱਤੇ। ਨਿੰਦਿਆ ਸਾਡੀ ਗਲੀ 'ਚ ਆ ਕੇ ਦੇਵੇ ਹੋਕਾ ਜਾਂ ਫਿਰ ਸਾਡੀ ਗਲੀ 'ਚ ਭੌਂਕਣ ਕੁੱਤੇ!' ਹਰਿਭਜਨ ਸਿੰਘ ਕਹਿੰਦੇ, 'ਲੈ ਬਈ ਹਰਿਨਾਮ, ਇਨ੍ਹਾਂ ਦੀ ਗਲੀ ਦੇ ਕੁੱਤੇ ਇਨ੍ਹਾਂ ਨੂੰ ਭੌਂਕ ਰਹੇ ਨੇ!' ਸਤਿਆਰਥੀ ਜੀ ਨੇ ਉਜਰ ਕੀਤਾ, 'ਗਲੀ ਦੇ ਕੁੱਤੇ ਨਹੀਂ ਜੀ, ਗਲੀ 'ਚ ਕੁੱਤੇ!' ਹਰਿਭਜਨ ਸਿੰਘ ਨੇ ਹੋਰ ਛੇੜਿਆ, 'ਉਹ ਕਿਥੋਂ ਆ ਜਾਂਦੇ ਨੇ ਤੁਹਾਨੂੰ ਭੌਂਕਣ?' ਸਤਿਆਰਥੀ ਜੀ ਹੌਲੀ ਜਿਹੀ ਬੋਲੇ, 'ਜੀ, ਨਾਈਵਾਲਾ ਤੋਂ!' ਮੇਰਾ ਖ਼ਿਆਲ ਹੈ, ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਫ਼ਾਰਸੀ ਤੇ ਸੰਸਕ੍ਰਿਤ ਦੇ ਗਿਆਨਵਾਨ ਡਾ. ਹਰਿਭਜਨ ਸਿੰਘ ਨੂੰ 'ਦੇ' ਅਤੇ 'ਚ' ਦਾ ਭਾਸ਼ਾਈ ਫ਼ਰਕ ਏਨੀ ਸਪੱਸ਼ਟਤਾ ਨਾਲ ਕਿਸੇ ਗ੍ਰੰਥ ਨੇ ਵੀ ਨਹੀਂ ਸਮਝਾਇਆ ਹੋਣਾ!



ਇਕ ਵਾਰ ਸ਼ਬਦਾਂ ਦੀ ਇਹ ਛਮਕ ਸੰਤ ਸਿੰਘ ਸੇਖੋਂ ਨੂੰ ਵੀ ਝੱਲਣੀ ਪਈ। ਕੁਝ ਲੇਖਕ ਮਿੱਤਰ ਦਾਰੂ ਪੀ ਰਹੇ ਸਨ ਤੇ ਸਤਿਆਰਥੀ ਜੀ ਦਾੜ੍ਹੀ ਦੀ ਬੁੱਕਲ ਮਾਰ ਕੇ ਸੋਫੀ ਬਣੇ ਕੋਲ ਬੈਠੇ ਸਨ। ਸੇਖੋਂ ਤਰਾਰੇ ਵਿਚ ਆ ਕੇ ਕਹਿੰਦੇ, 'ਮੈਂ ਆਲੋਚਕ ਵਜੋਂ ਜਿਸ ਨੂੰ ਥਾਪੜਾ ਦੇ ਦਿਆਂ, ਉਹੋ ਲੇਖਕ ਸਥਾਪਤ ਮੰਨ ਲਿਆ ਜਾਂਦਾ ਹੈ। ਬਈ ਸਤਿਆਰਥੀ, ਤੂੰ ਕਦੀ ਕਿਸੇ ਪੁਸਤਕ ਬਾਰੇ ਲਿਖਣ ਨੂੰ ਨਹੀਂ ਕਿਹਾ।' ਸਤਿਆਰਥੀ ਜੀ ਸਹਿਜ ਨਾਲ ਬੋਲੇ, 'ਕਈ ਵਾਰ ਬੇਨਤੀ ਕਰਨ ਨੂੰ ਦਿਲ ਚਾਹਿਆ ਪਰ ਹਰ ਵਾਰ ਚੇਤੇ ਆ ਜਾਂਦਾ ਸੀ ਕਿ ਤੁਸੀਂ ਤਾਂ ਜੰਮਣ ਵਿਚ ਵੀ ਮੈਥੋਂ ਪੂਰੇ ਤਿੰਨ ਦਿਨ ਫਾਡੀ ਹੋ!'

ਲੇਖਕਾਂ ਦੇ ਹਾਣ ਅਤੇ ਸਾਥ ਬਾਰੇ ਸਤਿਆਰਥੀ ਜੀ ਦਾ ਕਹਿਣਾ ਸੀ ਕਿ ਉਮਰ-ਭੋਗੀ ਸਾਹਿਤਕਾਰਾਂ ਨਾਲ ਮਿਲਣ-ਜੁਲਣ ਦੀ ਥਾਂ ਉਨ੍ਹਾਂ ਨੇ ਨਵਿਆਂ ਨਾਲ ਜੁੜ ਕੇ ਤੁਰਨ ਦੀ ਵਾਦੀ ਚਿਰੋਕਣੀ ਪਾਈ ਹੋਈ ਸੀ। ਆਖਦੇ ਸਨ, 'ਬੁੱਢੇ ਬਲ੍ਹਦਾਂ ਨਾਲ ਪੰਜਾਲ਼ੀ ਜੁੜਨ ਦਾ ਕੀ ਫ਼ਾਇਦਾ! ਸਾਥ ਵਹਿੜਕਿਆਂ ਦਾ ਹੀ ਠੀਕ ਰਹਿੰਦਾ ਹੈ। ਬੁੱਢੇ ਲੋਕ ਸਾਹਿਤ ਦੀ ਗੱਲ ਘੱਟ, ਸਿਹਤ ਦੀ ਜ਼ਿਆਦਾ ਕਰਦੇ ਨੇ। ਤੁਸੀਂ ਦਿਲ ਦੇ ਦਰਦ ਦੀ ਬਾਤ ਪਾਉਂਦੇ ਹੋ, ਉਹ ਗੋਡਿਆਂ ਦੇ ਦਰਦ ਦੀ ਕਥਾ ਸੁਣਾਉਂਦੇ ਨੇ। ਤੁਸੀਂ ਰਚਨਾ ਦੇ ਅੱਜ ਜਾਂ ਭਲਕ ਦਾ ਜ਼ਿਕਰ ਕਰਦੇ ਹੋ, ਉਹ ਆਪਣਾ ਰਚਨਾਕਾਰ ਅਤੀਤ ਲੈ ਬੈਠਦੇ ਨੇ। ਕਹਿਣਗੇ, ਮੈਂ ਐਹ ਕੀਤਾ, ਮੈਂ ਔਹ ਕੀਤਾ, ਮੇਰੀ ਕਦਰ ਨਹੀਂ ਪਈ। ਭੁੱਲਰ ਜੀ, ਲੇਖਕ ਦੀ ਕਦਰ ਕੋਈ ਹੋਰ ਥੋੜ੍ਹੋ ਪਾਉਂਦਾ ਹੈ, ਲੇਖਕ ਨੇ ਤਾਂ ਜੀ ਆਪਣੀ ਕਦਰ ਆਪ ਪਾਉਣੀ ਹੁੰਦੀ ਹੈ!'

ਉਹ ਲੇਖਕੀ ਨਿਮਰਤਾ ਦੀਆਂ ਮਿਸਾਲਾਂ ਦਿੰਦੇ, 'ਦੇਖੋ ਜੀ, ਤੁਰਗਨੇਵ ਜਿਹਾ ਮਹਾਂ-ਰਚਨਾਕਾਰ ਤੇ ਆਪਣੇ ਸਮੇਤ ਬਾਕੀ ਸਭਨਾਂ ਲੇਖਕਾਂ ਨੂੰ ਗੋਗੋਲ ਦੇ ਓਵਰਕੋਟ ਦੀ ਜੇਬ ਵਿਚੋਂ ਨਿਕਲੇ ਹੋਏ ਆਖਦਾ ਹੈ। ਇਹੋ ਜਿਹੀ ਮਿਸਾਲ ਆਪਣੇ ਫ਼ਿਰਾਕ ਗੋਰਖਪੁਰੀ ਦੀ ਵੀ ਹੈ। ਸਾਡੇ ਜ਼ਮਾਨੇ ਦਾ ਉਰਦੂ ਦਾ ਇਕ ਮਹਾਨ ਸ਼ਾਇਰ! ਕਹਿੰਦਾ ਹੈ, ਉਰਦੂ ਵਿਚ ਹੁਣ ਤੱਕ ਢਾਈ ਸ਼ਾਇਰ ਹੋਏ ਹਨ, ਇਕ ਮੀਰ, ਦੂਜਾ ਗ਼ਾਲਿਬ...ਤੇ ਅੱਧਾ, ਪਤਾ ਹੈ, ਉਹ ਕਿਸ ਨੂੰ ਆਖਦਾ ਹੈ? ਆਪਣੇ ਸਮੇਤ ਬਾਕੀ ਸਾਰਿਆਂ ਨੂੰ। ਇਹ ਹੈ ਰਚਨਾਕਾਰ ਵਾਲਾ ਵਿਹਾਰ!'

ਲੋਕਮਾਤਾ ਨੇ ਉਨ੍ਹਾਂ ਨੂੰ ਘਰ ਦੇ ਕੰਮਾਂ ਤੋਂ ਉੱਕਾ ਹੀ ਮੁਕਤ ਕਰ ਛੱਡਿਆ ਸੀ। ਕਾਰਨ ਇਹ ਨਹੀਂ ਸੀ ਕਿ ਉਹ ਇਨ੍ਹਾਂ ਦੀ ਰਚਨਾਕਾਰੀ ਵਿਚ ਵਿਘਨ ਨਹੀਂ ਸੀ ਪਾਉਣਾ ਚਾਹੁੰਦੀ, ਕਾਰਨ ਇਹ ਸੀ ਕਿ ਉਹ ਚੁੱਲ੍ਹੇ ਚੜ੍ਹੀ ਚਾਹ ਵਾਸਤੇ ਖੰਡ ਲੈਣ ਭੇਜਦੀ, ਇਹ ਜਾਂ ਤਾਂ ਹਲ਼ਦੀ-ਮਿਰਚਾਂ ਲੈ ਆਉਂਦੇ ਤੇ ਜਾਂ ਫੇਰ ਕਈ-ਕਈ ਹਫ਼ਤੇ ਜਾਂ ਮਹੀਨੇ ਮੁੜਦੇ ਹੀ ਨਾ। ਇਕ ਵਾਰ ਬਾਜ਼ਾਰ ਭੇਜੇ ਤਾਂ ਕਈ ਮਹੀਨਿਆਂ ਮਗਰੋਂ ਘਰ ਮੁੜੇ ਅਤੇ ਲੋਕਮਾਤਾ ਨੂੰ ਕਹਿਣ ਲਗੇ, 'ਮੈਂ ਤਿੰਨ ਹਜ਼ਾਰ ਲੋਕ-ਗੀਤ ਇਕੱਠੇ ਕਰ ਲਿਆਇਆ ਹਾਂ।'

'ਤੁਹਾਡੀਆਂ ਇਨ੍ਹਾਂ ਉਦਾਸੀਆਂ ਸਮੇਂ ਬੇਬੇ ਅਕਦੀ-ਰੁਸਦੀ ਨਹੀਂ ਸੀ?' ਮੈਂ ਹੈਰਾਨ ਹੋਇਆ।

'ਮੈਂ ਜੀ ਆਪਣੀ ਇਸ ਆਦਤ ਬਾਰੇ ਇਹਨੂੰ ਵਿਆਹ ਵੇਲੇ ਹੀ ਦੱਸ ਦਿੱਤਾ ਸੀ। ਫੇਰ ਵੀ ਇਕ ਵਾਰ ਚਿਰਾਂ ਪਿਛੋਂ ਘਰ ਪਰਤੇ ਨੂੰ ਬੂਹਾ ਖੋਲ੍ਹਣ ਮਗਰੋਂ ਇਹਦੇ ਪਹਿਲੇ ਬੋਲ ਸਨ, ਤੁਸੀਂ ਜੇਹੇ ਜਿਉਂਦੇ, ਤੇਹੇ ਮੋਏ! ਮੈਂ ਗਦਗਦ ਹੋ ਗਿਆ। ਦੇਖੋ ਨਾ ਜੀ, ਜਦੋਂ ਬੰਦੇ ਦਾ ਜਿਉਣਾ-ਮਰਨਾ ਇਕ-ਸਮਾਨ ਹੋ ਜਾਵੇ, ਉਹ ਤਾਂ ਬ੍ਰਹਮਗਿਆਨ ਨੂੰ ਪ੍ਰਾਪਤ ਹੋ ਗਿਆ ਸਮਝੋ। ਆਪਣੀ ਇਕ ਕਵਿਤਾ ਦੀ ਇਕ ਸਤਰ ਮੈਂ ਲੋਕਮਾਤਾ ਵਲੋਂ ਹੀ ਲਿਖ ਦਿੱਤੀ: ਮੈਂ ਭੁੱਲੀ ਵਿਆਹ ਕਰਾ ਕੇ ਵੇ ਮਨ ਪਛੋਤਾਣਾ!' ਸਾਡਾ ਗੋਤ ਬੱਤਾ ਹੈ ਜੀ। ਆਪ ਇਹ ਅਜਿਹੇ ਮੌਕਿਆਂ 'ਤੇ ਕਈ ਵਾਰ ਆਖਦੀ, 'ਵਿਆਹ ਤੋਂ ਪਹਿਲਾਂ ਮੈਨੂੰ ਸਹੇਲੀਆਂ ਨੇ ਬੜੀਆਂ ਚਿਤਾਉਣੀਆਂ ਦਿੱਤੀਆਂ ਸੀ। ਅਖੇ, ਕਹਾਵਤ ਹੈ, ਬੱਤੇ ਬੜੇ ਕੁਪੱਤੇ! ਮੈਂ ਹੀ ਕਮਲੀ ਨੇ ਕੰਨ ਨਾ ਧਰਿਆ।'

ਸਤਿਆਰਥੀ ਜੀ ਅਜਿਹੇ ਮੌਕੇ ਆਖਦੇ, 'ਲੋਕਮਾਤਾ ਦਾ ਗਿਲਾ ਬੇਬੁਨਿਆਦ ਹੈ ਜੀ। ਵਿਆਹ ਵੇਲੇ ਸਹੇਲੀਆਂ ਨੇ ਇਹਦੀ ਹਥੇਲੀ ਉੱਤੇ ਕਾਲੇ ਤਿਲ ਰੱਖ ਕੇ ਮੈਨੂੰ ਚੱਬਣ ਲਈ ਕਿਹਾ ਸੀ। ਇਹ ਪਤਾ ਮੈਨੂੰ ਮਗਰੋਂ ਲਗਿਆ, ਇਉਂ ਤਿਲ ਚੱਬਣ ਵਾਲਾ ਬੰਦਾ ਸਾਰੀ ਉਮਰ ਪਤਨੀ ਦਾ ਦਬੇਲ ਬਣਿਆ ਰਹਿੰਦਾ ਹੈ। ਮੈਂ ਤਾਂ ਲੋਕਮਾਤਾ ਦਾ ਦਬੇਲ ਹਾਂ ਜੀ!'

ਮੈਂ ਕੁਝ ਹੈਰਾਨ ਹੋਇਆ, 'ਤੁਹਾਡਾ ਗੋਤ ਬੱਤਾ ਹੈ? ਮੈਂ ਤਾਂ ਸਮਝਦਾ ਰਿਹਾ, ਸਤਿਆਰਥੀ ਤੁਹਾਡਾ ਗੋਤ ਹੈ!...ਫੇਰ ਇਹ ਸਤਿਆਰਥੀ ਕਿਥੋਂ ਆ ਗਿਆ?'

ਉਹ ਆਪਣੇ ਨਾਂ ਦਾ ਇਤਿਹਾਸ ਦੱਸਣ ਲੱਗੇ, 'ਘਰ-ਦਿਆਂ ਨੇ ਮੇਰਾ ਪਲੇਠਾ ਨਾਂ ਤਾਂ ਯੁਧਿਸ਼ਠਰ ਰੱਖਿਆ ਸੀ। ਫੇਰ ਉਨ੍ਹਾਂ ਨੇ ਹੀ ਬਦਲ ਕੇ ਦੇਵਿੰਦਰ ਬੱਤਾ ਕਰ ਦਿੱਤਾ। ਸ਼ੁਰੂ ਵਿਚ ਲੋਕਯਾਨ ਯਾਤਰਾ ਦੌਰਾਨ ਕਈ ਵਾਰ ਚਾਰ ਪੈਸਿਆਂ ਲਈ ਮੈਂ ਰਾਹ ਵਿਚ ਕੋਈ ਛੋਟਾ-ਮੋਟਾ ਕੰਮ ਵੀ ਕਰ ਲੈਂਦਾ ਸੀ। 1929 ਵਿਚ ਮੈਂ ਅਜਮੇਰ ਦੇ 'ਵੈਦਕ ਯੰਤ੍ਰਾਲਯ ਪ੍ਰੈਸ' ਵਿਚ ਕੁਛ ਦਿਨ ਕੰਮ ਕੀਤਾ ਤਾਂ ਉਥੇ 'ਸਤਿਆਰਥ ਪ੍ਰਕਾਸ਼' ਦੀ ਛਪਾਈ ਹੋ ਰਹੀ ਸੀ। ਸਤਿਆਰਥ ਸ਼ਬਦ ਮੈਨੂੰ ਵਧੀਆ ਲਗਿਆ ਤੇ ਇਉਂ ਮੈਂ ਦੇਵਿੰਦਰ ਸਤਿਆਰਥੀ ਬਣ ਗਿਆ।'

ਸ਼ੁਭਚਿੰਤਕ ਘੇਰਦੇ, ਅਮਕੀ ਥਾਂ ਨੌਕਰੀ ਹੈ, ਚਲੋ ਟੱਬਰ-ਪਾਲ ਬਣੋ। ਇਨ੍ਹਾਂ ਦਾ ਹਰ ਵਾਰ ਇਕੋ ਜਵਾਬ ਵੀ ਤੇ ਉਜਰ ਵੀ, 'ਜੀ, 1929 ਵਿਚ ਕਾਂਗਰਸ ਦੇ ਸੰਪੂਰਨ ਸਵਰਾਜ ਦੇ ਮਤੇ ਦੇ ਨਾਲ-ਨਾਲ ਜੋ ਮੈਂ ਸਾਹਿਤਕਾਰੀ ਤੋਂ ਬਿਨਾਂ ਹੋਰ ਕੋਈ ਵੀ ਕੰਮ ਨਾ ਕਰਨ ਦਾ ਆਪਣੇ ਸੰਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਸੀ, ਉਹਦਾ ਕੀ ਬਣੇਗਾ?' ਆਖ਼ਰ ਸ਼ੁਭਚਿੰਤਕ ਕੋਈ ਸਾਹਿਤਕ ਨੌਕਰੀ ਲੱਭਣ ਲੱਗੇ। 1946 ਵਿਚ ਮਹਿੰਦਰ ਸਿੰਘ ਰੰਧਾਵਾ ਸਦਕਾ ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰੀਸਰਚ ਦੇ ਅੰਗਰੇਜ਼ੀ ਰਸਾਲੇ 'ਇੰਡੀਅਨ ਫ਼ਾਰਮਿੰਗ' ਵਿਚ ਸਹਾਇਕ ਸੰਪਾਦਕ ਦੀ ਕੁਰਸੀ ਉੱਤੇ ਬਿਠਾ ਦਿੱਤੇ ਗਏ। ਔਖਿਆਂ-ਸੌਖਿਆਂ ਦੋ ਵਰ੍ਹੇ ਤਾਂ ਲੰਘਾਏ ਪਰ ਦੋਸਤਾਂ ਨੂੰ ਵਾਰ-ਵਾਰ ਪੁਛਦੇ, 'ਕਿਉਂ ਜੀ, ਇਹ ਬਾਜਰੇ-ਛੋਲਿਆਂ ਬਾਰੇ ਤੇ ਪਸ਼ੂਆਂ-ਡੰਗਰਾਂ ਬਾਰੇ ਲੋਕਾਂ ਦੇ ਲੇਖ ਛਾਪਣੇ ਵੀ ਸਾਹਿਤਕ ਕਾਰਜ ਹੈ?'

ਦੋਸਤ ਜਾਣਦੇ ਸਨ, ਇਹ ਉਥੇ ਬਹੁਤਾ ਟਿਕਣਗੇ ਨਹੀਂ। ਚੰਗੇ ਭਾਗਾਂ ਨੂੰ ਭਾਰਤ ਸਰਕਾਰ ਦੇ ਸਾਹਿਤਕ ਹਿੰਦੀ ਰਸਾਲੇ 'ਆਜਕਲ' ਦੇ ਸੰਪਾਦਕ ਦੀ ਕੁਰਸੀ ਖਾਲੀ ਹੋ ਗਈ। ਇਹ ਤਾਂ ਸੱਚਮੁੱਚ ਦੀ ਸਾਹਿਤਕ ਨੌਕਰੀ ਸੀ, ਇਸ ਕਰਕੇ ਦੋਸਤਾਂ ਦੇ ਬਿਠਾਏ ਔਖੇ-ਸੌਖੇ ਅੱਠ ਵਰ੍ਹੇ ਕੱਟ ਗਏ। ਪਰ ਭਾਵੇਂ ਸਾਹਿਤਕ ਸੀ, ਤਾਂ ਵੀ ਸੀ ਤਾਂ ਨੌਕਰੀ ਹੀ! ਆਖ਼ਰ ਇਕ ਦਿਨ ਕਿਸੇ ਕਥਿਤ ਵੱਡੇ ਦੀ ਦਿਖਾਈ ਟੈਂ ਦੇ ਬਹਾਨੇ ਦਫ਼ਤਰ ਦੀਆਂ ਕੰਧਾਂ ਟਪਦਿਆਂ ਬਾਹਰ ਆ ਗਏ। ਕੁਝ ਸਮੇਂ ਮਗਰੋਂ ਆਲ ਇੰਡੀਆ ਰੇਡੀਓ ਨੇ ਲੋਕਸੰਗੀਤ-ਨਿਰਦੇਸ਼ਕ ਦੀ ਪਦਵੀ ਦੀ ਪੇਸ਼ਕਸ਼ ਕਰ ਦਿੱਤੀ। ਰੁਚੀ ਮੁਤਾਬਿਕ ਕੰਮ ਅਤੇ ਮੋਟੀ ਤਨਖ਼ਾਹ ਦੀ ਦਲੀਲ ਦਾ ਇਕੋ ਜਵਾਬ, 'ਪੱਲੇ ਖਰਚ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼!' ਲੋਕਮਾਤਾ ਨੇ ਵਾਰ-ਵਾਰ ਸਮਝਾਇਆ, 'ਭਲਿਆ ਲੋਕਾ, ਕਰ ਲੈ ਨੌਕਰੀ, ਨਹੀਂ ਤਾਂ ਆਪ ਵੀ ਔਖਾ ਹੋਵੇਂਗਾ ਤੇ ਸਾਨੂੰ ਵੀ ਔਖਾ ਕਰੇਂਗਾ।' ਪਰ ਇਨ੍ਹਾਂ ਨੇ ਇਕ ਨਾ ਮੰਨੀ।

ਸਾਡੇ ਪਿੰਡਾਂ ਦੇ ਮੌਜੀ ਬੰਦਿਆਂ ਦੀ ਇਕ ਕਹਾਵਤ ਹੈ ਜੋ ਸਤਿਆਰਥੀ ਜੀ ਦੇ ਪਿਤਾ ਅਕਸਰ ਦੁਹਰਾਇਆ ਕਰਦੇ ਸਨ: ਅਸੀਂ ਤਾਂ ਜਨੇਤ ਨਾਲ ਆਏ ਹੋਏ ਹਾਂ! ਪਿਓ ਪਰ ਪੂਤ! ਇਹ ਪਿਤਾ-ਪੁਰਖੀ ਆਰਾਮ-ਤਲਬੀ ਅਤੇ ਖ਼ੁਸ਼-ਮਿਜ਼ਾਜੀ ਇਨ੍ਹਾਂ ਦੇ ਲਹੂ ਵਿਚ ਰਚੀ-ਵਸੀ ਹੋਣਾ ਕੁਦਰਤੀ ਸੀ। ਕਹਿੰਦੇ ਸਨ, 'ਮੈਂ ਆਪਣੇ ਘਰ ਵਿਚ 'ਅਨਪੇਇੰਗ ਗੈਸਟ' ਵਾਂਗ ਰਹਿੰਦਾ ਹਾਂ। ਨਾ ਰਾਸ਼ਨ ਲਿਆਉਣ ਦੀ ਚਿੰਤਾ, ਨਾ ਦੁੱਧ ਦੀ। ਮੈਂ ਨਵੇਂ ਬੂਟ ਆਪ ਕਦੀ ਨਹੀਂ ਖਰੀਦਦਾ। ਨਾ ਕੋਟ ਲਈ ਕੱਪੜਾ, ਨਾ ਵਾਲਾਂ ਲਈ ਤੇਲ, ਨਾ ਕੰਘੀ। ਲਿਖਣ ਲਈ ਕਾਗਜ਼ ਵੀ ਲੋਕਮਾਤਾ ਹੀ ਖ਼ਰੀਦ ਕੇ ਦੇਵੇ ਤੇ ਸਿਆਹੀ ਵੀ ਤੇ ਕਲਮ ਵੀ!'

ਉਨ੍ਹਾਂ ਦੀ ਇਕ ਹਿੰਦੀ ਕਵਿਤਾ ਦਾ ਬੰਦ ਹੈ: ਦੇਸ਼ਕਾਲ ਕੀ ਵਹੀ ਪੁਰਾਨੀ ਚਾਲ/ ਸੁਨੀ-ਸੁਨਾਈ ਕਹਿਤਾ ਰਹਿਤਾ/ ਕਾਟ ਕਾਟ ਕੇ ਲਿਖਤਾ ਰਹਿਤਾ/ ਰਚਨਾ ਤੋ ਅਨੁਭਵ ਕੀ ਬਾਤ/ ਨਾ ਵੇਤਨ ਨਾ ਭੱਤਾ/ ਚੇਪੀ ਚੇਪੀ ਨਈ ਲਿਖਾਵਟ/ ਕਾਗ਼ਜ਼ ਬਨ ਗਿਆ ਗੱਤਾ।...ਉਹ ਆਪਣੀ ਰਚਨਾ ਜੋ ਵੀ ਹੱਥ ਲੱਗੇ, ਉਸੇ ਨੂੰ ਸੁਣਾਉਂਦੇ ਰਹਿੰਦੇ ਸਨ। ਸਾਹਿਤ ਤੋਂ ਪੂਰੀ ਤਰ੍ਹਾਂ ਅਭਿੱਜ, ਸਾਹਿਤ ਦੇ ੳ-ਅ ਦੇ ਅਗਿਆਨੀ ਸਰੋਤਿਆਂ ਨੂੰ, ਜਿਹੋ ਜਿਹਿਆਂ ਨੂੰ ਲੋਕ ਇੱਲ੍ਹ ਤੇ ਕੁੱਕੜ ਦਾ ਫ਼ਰਕ ਪਤਾ ਨਾ ਹੋਣ ਦੀ ਗੱਲ ਕਰਦੇ ਹਨ, ਵੀ ਉਸੇ ਉਤਸਾਹ, ਦਿਲਚਸਪੀ ਅਤੇ ਚਾਅ ਨਾਲ ਸੁਣਾਉਂਦੇ ਜਿਸ ਨਾਲ ਲੇਖਕਾਂ ਨੂੰ।

*(ਬਾਕੀ ਅਗਲੇ ਸਫੇ 'ਤੇ)*

## ਰਹਿਣੀ-ਬਹਿਣੀ ਦੇ ਫ਼ਕੀਰ ਤੇ ਲੋਕਵੇਦ ਦੇ ਮਹਾਂਰਿਸ਼ੀ ਦੇਵਿੰਦਰ ਸਤਿਆਰਥੀ

***(ਪਿਛਲੇ ਸਫੇ ਦਾ ਬਾਕੀ)***

ਪਹਿਲਾਂ ਉਹ ਲੰਮੇ ਕੋਟ ਦੀਆਂ ਵੱਡੀਆਂ ਜੇਬਾਂ ਵਿਚ ਰਬੜ, ਬਲੇਡ, ਪੈਨਸਿਲ ਅਤੇ ਪੈਨ ਰਖਦੇ ਸਨ। ਜਦੋਂ ਸਰੋਤਾ ਕਿਸੇ ਤਬਦੀਲੀ ਦਾ ਸੁਝਾਅ ਦਿੰਦਾ, ਉਹ ਪਾਠ ਉਥੇ ਹੀ ਰੋਕ ਦਿੰਦੇ। ਜੇ ਲਿਖਤ ਪੈਨਸਿਲ ਨਾਲ ਲਿਖੀ ਹੋਈ ਹੁੰਦੀ, ਜੇਬ ਵਿਚੋਂ ਰਬੜ ਕੱਢ ਕੇ ਸੰਬੰਧਿਤ ਸਤਰ ਮੇਸਦੇ ਅਤੇ ਸਰੋਤੇ ਦੇ ਦੱਸੇ ਹੋਏ ਸ਼ਬਦ ਪੈਨਸਿਲ ਨਾਲ ਲਿਖ ਲੈਂਦੇ। ਸਿਆਹੀ ਦੇ ਖਰੜੇ ਦੇ ਸ਼ਬਦ ਉਹ ਬਲੇਡ ਨਾਲ ਖੁਰਚਦੇ ਅਤੇ ਉਸੇ ਥਾਂ ਸਰੋਤੇ ਦੀ ਰਾਇ ਲਿਖ ਲੈਂਦੇ। ਕਈ ਲੋਕ ਕਹਿੰਦੇ ਸਨ ਕਿ ਮਗਰੋਂ ਇਹ ਸਰੋਤੇ ਦੀ ਪੈਨਸਿਲ ਨਾਲ ਲਿਖੀ ਰਾਇ ਮੇਸ ਕੇ ਜਾਂ ਸਿਆਹੀ ਨਾਲ ਲਿਖੀ ਰਾਇ ਖੁਰਚ ਕੇ ਆਪਣੇ ਪਹਿਲਾਂ ਵਾਲੇ ਸ਼ਬਦ ਹੀ ਫੇਰ ਲਿਖ ਲੈਂਦੇ ਹਨ। ਇਸ ਮਿਹਣੇ ਤੋਂ ਬਚਣ ਵਾਸਤੇ ਇਹ ਜੇਬ ਵਿਚ ਛੋਟੇ-ਛੋਟੇ ਕੋਰੇ ਕਾਗਜ਼, ਨਿੱਕੀ ਜਿਹੀ ਕੈਂਚੀ ਅਤੇ ਲੇਵੀ ਦੀ ਸ਼ੀਸ਼ੀ ਰੱਖਣ ਲੱਗੇ। ਹੁਣ ਇਹ ਖਰੜੇ ਨੂੰ ਮੇਸਣ ਜਾਂ ਖੁਰਚਣ ਦੀ ਥਾਂ ਬਦਲਣ ਵਾਲੇ ਸ਼ਬਦਾਂ ਉੱਤੇ ਲਾਉਣ ਲਈ ਕੈਂਚੀ ਨਾਲ ਲੋੜੀਂਦੇ ਆਕਾਰ ਦਾ ਕਾਗ਼ਜ਼ ਕਟਦੇ ਤੇ ਲੇਵੀ ਨਾਲ ਸਰੋਤੇ ਦੀ ਰਾਇ ਦੀ ਚੇਪੀ ਲਾ ਦਿੰਦੇ। ਹਰ ਸਤਰ ਵਿਚ ਚੇਪੀ ਉੱਤੇ ਚੇਪੀ ਅਤੇ ਉਸ ਚੇਪੀ ਉੱਤੇ ਹੋਰ ਚੇਪੀ ਲੱਗ ਕੇ ਕਾਗਜ਼ ਅੰਤ ਨੂੰ ਗੱਤਾ ਬਣ ਜਾਂਦਾ ਸੀ। ਲੋਕਮਾਤਾ ਇਨ੍ਹਾਂ ਦੇ ਖਰੜਿਆਂ ਵੱਲ ਦੇਖ ਕੇ ਨੱਕ ਚਾੜ੍ਹਦੀ, 'ਇਹ ਮੇਰਾ ਮੈਦੇ ਦਾ ਪੀਪਾ ਖਾ ਗਏ, ਅਜੇ ਇਨ੍ਹਾਂ ਦਾ ਢਿੱਡ ਨਹੀਂ ਭਰਿਆ।' ਤਾਰਾ ਸਿੰਘ ਇਨ੍ਹਾਂ ਦੀ ਫਾਈਲ ਨੂੰ ਗੱਭਣ ਫਾਈਲ ਆਖਦਾ।

ਲੋਕਗੀਤਾਂ ਦੇ ਮਹਾਂਰਥੀ ਬਾਰੇ ਜਿਹੜੇ ਟੋਟਕੇ ਤੇ ਲਤੀਫ਼ੇ ਸੁਣਨ ਨੂੰ ਮਿਲਦੇ ਹਨ, ਉਨ੍ਹਾਂ ਵਿਚੋਂ ਅਨੇਕ ਉਨ੍ਹਾਂ ਦੇ ਖਰੜਾ ਸੁਣਾਉਣ ਬਾਰੇ ਹੀ ਹਨ ਤੇ ਕਈ ਤਾਂ ਹਨ ਵੀ ਸੱਚੇ। ਇਕ ਦਿਨ ਮੈਂ ਆਪਣੇ ਰੂਸੀ ਦਫ਼ਤਰੋਂ ਆ ਕੇ ਕਨਾਟ ਪਲੇਸ ਦੇ ਪਲਾਜ਼ਾ ਸਿਨਮੇ ਕੋਲੋਂ ਚਾਂਦਨੀ ਚੌਕ ਵਾਲੇ ਫਟਫਟੇ ਉੱਤੇ ਚੜ੍ਹਨ ਲੱਗਿਆ। ਨੇੜੇ ਹੀ ਖਲੋਤੇ ਸਤਿਆਰਥੀ ਜੀ ਕਿਸੇ ਨੂੰ ਰਚਨਾ ਸੁਣਾ ਰਹੇ ਸਨ। ਸਰੋਤਾ ਤਪੀ ਹੋਈ ਧਰਤੀ ਉੱਤੇ ਖਲੋਤਿਆਂ ਵਾਂਗ ਕਦੀ ਖੱਬਾ ਪੈਰ ਚੁੱਕ ਲਵੇ, ਕਦੀ ਸੱਜਾ। ਉਹਦੇ ਚਿਹਰੇ ਉਤੋਂ ਪਰੇਸ਼ਾਨੀ ਮੁੜ੍ਹਕਾ ਬਣ-ਬਣ ਚਿਉਂ ਰਹੀ ਸੀ। ਨਵਯੁਗ ਚੱਲਣ ਦੇ ਮੇਰੇ ਸੱਦੇ ਦੇ ਜਵਾਬ ਵਿਚ ਇਹ ਬੋਲੇ, 'ਮੇਰੇ ਲਈ ਇਕ ਸੀਟ ਰੱਖ ਛੱਡਣੀ' ਅਤੇ ਫੇਰ ਖਰੜੇ ਦੇ ਪਾਠ ਵਿਚ ਮਗਨ ਹੋ ਗਏ। ਇਕ-ਇਕ ਕਰ ਕੇ ਸਵਾਰੀਆਂ ਆਉਂਦੀਆਂ ਗਈਆਂ। ਜਦੋਂ ਆਖ਼ਰੀ ਸੀਟ ਰਹਿ ਗਈ, ਮੇਰੇ ਆਵਾਜ਼ ਦਿੱਤਿਆਂ ਇਹ ਮੂੰਹ ਵਿਚਲੇ ਸ਼ਬਦ ਨਾਲ ਹੀ ਭੋਗ ਪਾ ਕੇ ਤੁਰ ਪਏ ਅਤੇ ਬਦਕਿਸਮਤ ਸਰੋਤਾ ਟੋਕਰੇ ਹੇਠੋਂ ਛੁੱਟੇ ਕਾਂ ਵਾਂਗ ਪਤਾ ਹੀ ਨਹੀਂ ਕਿਧਰ ਉਡਾਰੀ ਲਾ ਗਿਆ। ਆ ਕੇ ਮੇਰੇ ਨਾਲ ਦੀ ਸੀਟ ਉੱਤੇ ਬੈਠੇ ਤਾਂ ਮੈਂ ਪੁਛਿਆ, 'ਇਹ ਸਰੋਤਾ ਕੌਣ ਸੀ?' ਬੋਲੇ, 'ਪਤਾ ਨਹੀਂ ਜੀ ਕੌਣ ਸੀ। ਦਰਅਸਲ ਜੀ ਉਹਨੇ ਮੈਥੋਂ ਰੀਗਲ ਥੇਟਰ ਦਾ ਰਾਹ ਪੁੱਛਿਆ ਸੀ। ਮੈਂ ਕਿਹਾ, ਰੀਗਲ ਦਾ ਰਾਹ ਵੀ ਦਸਦੇ ਹਾਂ, ਪਹਿਲਾਂ ਇਹ ਦੋ ਕੁ ਪੰਨੇ ਤਾਂ ਸੁਣੋ!'

ਹੋਰ ਤਾਂ ਹੋਰ, ਇਹ ਪਾਬਲੋ ਨੇਰੂਦਾ ਨੂੰ ਵੀ ਕਵਿਤਾ ਸੁਣਾ ਗਏ! ਉਨ੍ਹਾਂ ਦੀ 1950 ਵਾਲੀ ਦਿੱਲੀ ਫੇਰੀ ਸਮੇਂ ਇਕ ਸਭਾ ਵਿਚ ਉਨ੍ਹਾਂ ਦੇ ਭਾਸ਼ਨ ਮਗਰੋਂ ਚਾਹ-ਪਾਣੀ ਵੇਲੇ ਸਤਿਆਰਥੀ ਜੀ ਉਨ੍ਹਾਂ ਦੇ ਨਾਲ ਵਾਲੀ ਕੁਰਸੀ ਉੱਤੇ ਬੈਠਣ ਵਿਚ ਸਫਲ ਹੋ ਗਏ। ਪਰ ਇਨ੍ਹਾਂ ਦੀ ਇਸ ਤੋਂ ਵੱਡੀ ਸਫਲਤਾ ਨੇਰੂਦਾ ਨੂੰ ਪਹਿਲਾਂ ਆਪਣੀ ਕਵਿਤਾ 'ਗੁਲਮੋਹਰ ਦੇ ਫੁੱਲ' ਦਾ ਭਾਵ-ਅਰਥ ਅੰਗਰੇਜ਼ੀ ਵਿਚ ਸਮਝਾਉਣਾ ਤੇ ਫੇਰ ਪੂਰੀ ਕਵਿਤਾ ਪੰਜਾਬੀ ਵਿਚ ਸੁਣਾਉਣਾ ਸੀ।

ਮੇਰੇ ਘਰ ਆਏ ਤਾਂ ਮੈਂ ਉਨ੍ਹਾਂ ਨੂੰ ਖਰੜੇ ਦੀਆਂ ਚੇਪੀਆਂ ਅਤੇ ਰਚਨਾ ਦੀ ਜਟਿਲਤਾ ਦਾ ਮੁੱਦਾ ਲੈ ਕੇ ਘੇਰਨ ਦੀ ਕੋਸ਼ਿਸ਼ ਕੀਤੀ, 'ਪਰ ਇਥੇ ਤਾਂ, ਸਤਿਆਰਥੀ ਜੀ, ਤੁਹਾਡੀ ਗੱਲ ਵਿਚ ਸਵੈ-ਵਿਰੋਧ ਆ ਜਾਂਦਾ ਹੈ। ਇਕ ਪਾਸੇ ਤੁਸੀਂ ਪਾਠਕ ਨੂੰ ਏਨਾ ਮਹੱਤਵ ਦਿੰਦੇ ਹੋ ਕਿ ਜਣੇ-ਖਣੇ ਨੂੰ ਸੁਣਾਉਣ ਵਿਚ ਤੇ ਉਹਦੀ ਰਾਇ ਸਿਰ-ਮੱਥੇ ਰੱਖਣ ਵਿਚ ਵੀ ਤੁਸੀਂ ਕੋਈ ਝਿਜਕ ਨਹੀਂ ਦਿਖਾਉਂਦੇ ਅਤੇ ਦੂਜੇ ਪਾਸੇ ਰਚਨਾ ਪਾਠਕ ਦੇ ਸਿਰ ਤੋਂ ਉੱਤੇ-ਉੱਤੇ ਲੰਘ ਜਾਣ ਦੀ ਵੀ ਤੁਹਾਨੂੰ ਕੋਈ ਪਰਵਾਹ ਨਹੀਂ!' ਪਰ ਚੌਦਾਂ ਹੱਥ ਦੀ ਛਾਲ ਮਾਰਨ ਦੇ ਸਮਰੱਥ ਹਿਰਨ-ਸੋਚ ਵਾਲੇ ਬਾਬੇ ਮੇਰੇ ਵਰਗਿਆਂ ਦੇ ਅਜਿਹੇ ਕੱਚੇ ਫੰਧਿਆਂ ਵਿਚ ਫਸਣ ਵਾਲੇ ਕਿਥੇ ਸਨ! ਉਨ੍ਹਾਂ ਨੇ ਨਵਾਂ ਸਿਧਾਂਤ ਪੇਸ਼ ਕਰ ਦਿੱਤਾ, 'ਦਰਅਸਲ ਜੀ, ਰਚਨਾ ਕਰਦਿਆਂ ਹੋਇਆਂ ਲਿਖਣਾ ਓਨਾ ਮਹੱਤਵ ਨਹੀਂ ਰਖਦਾ ਜਿੰਨਾ ਨਾ-ਲਿਖਣਾ। ਸਰਤ ਚੰਦਰ ਚੈਟਰਜੀ ਨੇ ਦਲੀਪ ਕੁਮਾਰ ਰਾਏ ਨੂੰ ਕਿਹਾ ਸੀ, ਤੂੰ ਲਿਖਣਾ ਤਾਂ ਜਾਣਦਾ ਹੈਂ, ਪਰ ਨਾ-ਲਿਖਣਾ ਨਹੀਂ। ਭੁੱਲਰ ਜੀ, ਦੇਖੋ ਨਾ, ਮਕਾਨ ਵਿਚ ਕੁਛ ਹਿੱਸਾ ਅਣਛੱਤਿਆ ਵੀ ਤਾਂ ਹੁੰਦਾ ਹੈ। ਰਚਨਾ ਵੀ ਇਸੇ ਤਰ੍ਹਾਂ ਹੋਣੀ ਚਾਹੀਦੀ ਹੈ ਤਾਂ ਜੋ ਪਾਠਕ ਉਸ ਅਣਛੱਤੇ ਹਿੱਸੇ ਵਿਚੋਂ ਦੀ ਆਪਣੀ ਮਰਜ਼ੀ ਤੇ ਕਲਪਨਾ ਦਾ ਅੰਬਰ-ਟੋਟਾ ਦੇਖ ਸਕੇ। ਇਹ ਕੋਈ ਨੀਰੇ ਵਾਲਾ ਕੋਠਾ ਥੋੜ੍ਹੋ ਹੁੰਦਾ ਹੈ ਜਿਸ ਵਿਚ ਨਾ ਬਾਰੀ ਹੋਵੇ, ਨਾ ਰੌਸ਼ਨਦਾਨ!' ਫੇਰ ਉਹ ਮੁਸਕਰਾਏ, 'ਰਹੀ ਗੱਲ ਰਚਨਾ ਸੁਣਾਉਣ ਦੀ, ਜੀਹਦਾ ਤੁਸੀਂ ਹੁਣੇ ਜ਼ਿਕਰ ਕੀਤਾ ਸੀ' ਤੇ ਮੇਜ਼ ਉੱਤੋਂ ਖਰੜਾ ਚੁਕਦਿਆਂ ਬੋਲੇ, 'ਲਓ ਇਕ ਛੋਟੀ ਜਿਹੀ ਰਚਨਾ ਸੁਣੋ।'

ਇਕ ਅਨੰਤ ਸਰੀਰਕ-ਮਾਨਸਿਕ ਯਾਤਰਾ ਦਾ ਅਤੇ ਨਿਰੰਤਰ ਕਲਮੀ ਘਾਲਨਾ ਦਾ ਨਾਂ ਹੈ ਦੇਵਿੰਦਰ ਸਤਿਆਰਥੀ। ਨੋਬਲ ਇਨਾਮ ਨਾਲ਼ ਪ੍ਰਸਿੱਧ ਹੋਈ ਰਾਬਿੰਦਰਨਾਥ ਟੈਗੋਰ ਦੀ ਰਚਨਾ 'ਗੀਤਾਂਜਲੀ' ਦਾ ਉਰਦੂ ਅਨੁਵਾਦ ਪੰਦਰਾਂ ਸਾਲ ਦੀ ਉਮਰ ਵਿਚ ਪੜ੍ਹਨ ਮਗਰੋਂ ਪੰਜਾਬ ਦੇ ਪਿੰਡਾਂ ਦੇ ਇਕੋਤਰ ਸੌ ਲੋਕਗੀਤ ਇਕੱਤਰ ਕਰਨ ਦਾ ਵਿਚਾਰ ਆਉਣ ਨਾਲ ਆਰੰਭ ਹੋਇਆ ਉਨ੍ਹਾਂ ਦਾ ਸ਼ਬਦ-ਚੱਕਰ ਅਤੇ ਵੀਹ ਸਾਲ ਦੀ ਉਮਰ ਵਿਚ ਕਾਲਜ ਦੀ ਪੜ੍ਹਾਈ ਵਿਚੇ ਛਡਦਿਆਂ ਸ਼ਾਂਤੀ-ਨਿਕੇਤਨ ਜਾ ਕੇ ਗੁਰੂਦੇਵ ਦੇ ਦਰਸ਼ਨ ਕਰਨ ਨਾਲ ਆਰੰਭ ਹੋਇਆ ਉਨ੍ਹਾਂ ਦਾ ਪੈਰ-ਚੱਕਰ। ਢਲਦੀ ਉਮਰ ਨੇ ਦੂਰ-ਦੁਰੇਡੇ ਸਫ਼ਰ ਤਾਂ ਪਹਿਲਾਂ ਘਟਾ ਦਿੱਤੇ ਤੇ ਮਗਰੋਂ ਰੋਕ ਦਿੱਤੇ ਪਰ ਇਸ਼ਕ ਤੋਂ ਵਧ ਕੇ ਜਨੂੰਨ ਦੀ ਹੱਦ ਤਕ ਪਹੁੰਚੀ ਤੇ ਫੇਰ ਭਟਕਣ ਦਾ ਰੂਪ ਧਾਰ ਚੁੱਕੀ ਸ਼ਬਦ ਸੰਬੰਧੀ ਜਗਿਆਸਾ ਤੇ ਖੋਜਭਾਲ ਅੰਤਲੇ ਸਾਹਾਂ ਤਕ ਚਲਦੀ ਰਹੀ।

ਸਤਿਆਰਥੀ ਜੀ ਨੇ ਵਿਦਿਆਰਥੀ ਹੁੰਦਿਆਂ ਮੋਗੇ ਦੇ ਹਾਈ ਸਕੂਲ ਵਿਚ ਪੰਜਾਬ ਦੇ ਕਾਫੀ ਲੋਕਗੀਤ ਇਕੱਠੇ ਕਰ ਲਏ ਸਨ। ਕਾਲਜੀ ਪੜ੍ਹਾਈ ਵਾਸਤੇ ਡੀ. ਏ. ਵੀ. ਕਾਲਜ ਲਾਹੌਰ ਜਾ ਪਹੁੰਚੇ। ਲਾਹੌਰ ਉਸ ਸਮੇਂ ਸਾਹਿਤ ਤੇ ਸਭਿਆਚਾਰ ਦਾ ਹਿੰਦੁਸਤਾਨ ਦਾ ਇਕ ਵੱਡਾ ਕੇਂਦਰ ਸੀ। ਇਕ ਦਿਨ ਅਚਾਨਕ ਸਭ ਤੋਂ ਪਿਆਰੇ ਮਿੱਤਰ ਦੀ ਮੌਤ ਹੋ ਗਈ। ਸਤਿਆਰਥੀ ਜੀ ਨੇ 'ਹਾਇ ਰੱਬਾ' ਦਾ ਹਉਕਾ ਲੈ ਕੇ ਮੁੰਡੇ ਦੇ ਮਗਰ-ਮਗਰ ਅਗਲੀ ਦੁਨੀਆ ਦੇ ਰਾਹ ਤੁਰਨ ਦਾ ਫ਼ੈਸਲਾ ਕਰ ਲਿਆ! ਹੋਰ ਮਿੱਤਰਾਂ ਤੇ ਜਮਾਤੀਆਂ ਦੇ ਸਮਝਾਇਆਂ ਵੀ ਨਾ ਸਮਝੇ ਤਾਂ ਕਿਸੇ ਸ਼ੁਭ-ਚਿੰਤਕ ਨੇ ਮਹਾਂਕਵੀ ਇਕਬਾਲ ਸਾਹਮਣੇ ਲਿਜਾ ਖੜ੍ਹੇ ਕੀਤੇ। ਉਨ੍ਹਾਂ ਨੇ ਸਤਿਆਰਥੀ ਜੀ ਦੇ ਚਿਹਰੇ ਨੂੰ ਕੁਝ ਪਲ ਨਜ਼ਰਾਂ ਗੱਡ ਦੇ ਘੋਖਿਆ, ਫੇਰ ਹੁੱਕੇ ਦੀ ਨੜੀ ਮੂੰਹ ਵਿਚੋਂ ਕੱਢ ਕੇ ਤੇ ਮੁੱਛਾਂ ਉੱਤੇ ਹੱਥ ਫੇਰ ਕੇ ਬੋਲੇ, 'ਨੌਜਵਾਨ, ਹਿੰਦੂ ਏਂ ਤਾਂ ਮਰਨ ਪਿੱਛੋਂ ਤੇਰਾ ਨਵਾਂ ਜਨਮ ਤਾਂ ਹੋਵੇਗਾ ਹੀ। ਦੇਖ, ਤੇਰੇ ਨਵੇਂ ਜਨਮ ਵਿਚ ਤਿੰਨ ਗੱਲਾਂ ਵਿਚੋਂ ਕੋਈ ਇਕ ਮੁਮਕਿਨ ਏ। ਨਵਾਂ ਜਨਮ ਇਸ ਜਨਮ ਵਰਗਾ ਹੀ ਹੋਇਆ ਤਾਂ ਮਰਨ ਦਾ ਕੀ ਲਾਭ? ਇਸ ਨਾਲੋਂ ਭੈੜਾ ਵੀ ਹੋ ਸਕਦਾ ਏ; ਤਦ ਤਾਂ ਮਰਨਾ ਮੂਰਖਤਾ ਹੋਵੇਗੀ। ਸੋ ਅਗਲਾ ਜੀਵਨ ਇਸ ਨਾਲੋਂ ਚੰਗੇਰਾ ਹੋਣ ਦੇ ਇਮਕਾਨ ਤਾਂ ਤੀਜਾ ਹਿੱਸਾ ਈ ਨੇ। ਏਡਾ ਵੱਡਾ ਰਿਸਕ ਕਾਹਦੇ ਲਈ ਲੈਣਾ ਹੋਇਆ! ਜਿਹੋ ਜਿਹਾ ਵੀ ਹੈ, ਇਸੇ ਜੀਵਨ ਨੂੰ ਚਲਦਾ ਰਹਿਣ ਦੇ!'

ਇੰਜ ਆਤਮਘਾਤ ਦਾ ਵਿਚਾਰ ਤਾਂ ਮਹਾਂਕਵੀ ਇਕਬਾਲ ਨੇ ਛੁਡਵਾ ਦਿੱਤਾ, ਕਾਲਜ ਉਨ੍ਹਾਂ ਨੇ ਆਪ ਛੱਡ ਦਿੱਤਾ ਅਤੇ ਅਮਰਨਾਥ ਦੇ ਯਾਤਰੀਆਂ ਨਾਲ ਹੋ ਤੁਰੇ। ਸ਼ਾਇਦ ਉਨ੍ਹਾਂ ਨੇ ਵੀ ਇਹ ਨਹੀਂ ਸੋਚਿਆ ਹੋਵੇਗਾ ਕਿ ਇਹ ਯਾਤਰਾ ਉਮਰ-ਭਰ ਦੀ ਨਿਰੰਤਰ ਯਾਤਰਾ ਦਾ ਆਰੰਭ ਸੀ। ਗੁਰੂਦੇਵ ਰਾਬਿੰਦਰਨਾਥ ਟੈਗੋਰ ਕੋਲ ਸ਼ਾਂਤੀ-ਨਿਕੇਤਨ ਪੁੱਜੇ ਤਾਂ ਉਨ੍ਹਾਂ ਨੇ ਇਨ੍ਹਾਂ ਦੇ ਹੁਣ ਤੱਕ ਦੇ ਕੰਮ ਬਾਰੇ ਜਾਣ ਕੇ ਪ੍ਰੇਰਿਆ, ਸਾਰੇ ਦੇਸ ਦੇ ਲੋਕਗੀਤ ਦਿਲੀ ਜਜ਼ਬਿਆਂ ਦੀ ਇਕੋ ਮਾਲਾ ਦੇ ਮਣਕੇ ਹਨ, ਇਹ ਖਿੰਡੇ ਹੋਏ ਮਣਕੇ ਇਕੱਠੇ ਕਰੋ! ਤੇ ਇਨ੍ਹਾਂ ਨੇ ਗੁਰੂਦੇਵ ਦੇ ਸੁਝਾਅ ਉੱਤੇ ਫੁੱਲ ਚੜ੍ਹਾਉਂਦਿਆਂ ਬੰਗਾਲ, ਮਹਾਂਰਾਸ਼ਟਰ, ਗੁਜਰਾਤ, ਸਿੰਧ ਅਤੇ ਰਾਜਪੂਤਾਨੇ, ਆਦਿ ਦੇ ਪਿੰਡ ਗਾਹ ਮਾਰੇ ਤੇ ਅਨੇਕਾਂ-ਅਨੇਕ ਲੋਕਗੀਤਾਂ ਦਾ ਵਡਮੁੱਲਾ ਖਜ਼ਾਨਾ ਇਕੱਤਰ ਕਰ ਲਿਆ।

ਲੋਕਗੀਤਾਂ ਦੇ ਇਸ ਲਗਾਤਾਰ ਭਰ ਰਹੇ ਖਜ਼ਾਨੇ ਨੂੰ ਆਧਾਰ ਬਣਾ ਕੇ ਉਨ੍ਹਾਂ ਨੇ ਕੁਝ ਲੇਖ ਲਿਖੇ ਅਤੇ 'ਪ੍ਰੀਤਲੜੀ' ਵਿਚ ਛਪਵਾ ਦਿੱਤੇ। ਉਨ੍ਹਾਂ ਦੇ ਇਹ ਲੇਖ ਸ. ਸ. ਅਮੋਲ ਨੇ ਪੜ੍ਹੇ ਤਾਂ ਉਨ੍ਹਾਂ ਨੂੰ ਬਹੁਤ ਚੰਗੇ ਲੱਗੇ। ਉਨ੍ਹਾਂ ਨੇ ਧਨੀ ਰਾਮ ਚਾਤ੍ਰਿਕ ਨਾਲ ਸਲਾਹ ਕੀਤੀ ਅਤੇ 'ਪ੍ਰੀਤਲੜੀ' ਤੋਂ ਪਤਾ ਕਰ ਕੇ ਭਦੌੜ ਦੇ ਸਿਰਨਾਵੇਂ ਉਤੇ ਚਿੱਠੀ ਲਿਖ ਭੇਜੀ। ਚਿੱਠੀ ਵਿਚ ਅਮੋਲ ਜੀ ਨੇ ਇਹ ਇੱਛਾ ਦੱਸੀ ਕਿ ਸਤਿਆਰਥੀ ਜੀ ਉਨ੍ਹਾਂ ਦੇ ਕਾਲਜ ਵਿਚ ਲੋਕਗੀਤਾਂ ਬਾਰੇ ਪੰਜ ਭਾਸ਼ਨ ਦੇਣ। ਇਹ ਲੇਖਾਂ ਦੀ ਫ਼ਾਈਲ ਕੱਛੇ ਮਾਰ ਕੇ ਅੰਮ੍ਰਿਤਸਰ ਜਾ ਪਹੁੰਚੇ। ਪੰਜ ਭਾਸ਼ਨ ਇਕ-ਇਕ ਕਰ ਕੇ ਪੰਜ ਦਿਨਾਂ ਵਿਚ ਹੋਏ ਅਤੇ ਵੱਖ-ਵੱਖ ਵਿਦਵਾਨਾਂ ਨੇ ਪੰਜੇ ਦਿਨਾਂ ਦੇ ਪੰਜਾਂ ਸਮਾਗਮਾਂ ਦੀ ਪ੍ਰਧਾਨਗੀ ਕੀਤੀ। ਅੰਤਲੇ ਭਾਸ਼ਨ ਦੇ ਪ੍ਰਧਾਨ ਪ੍ਰਿੰ. ਤੇਜਾ ਸਿੰਘ ਸਨ। ਸਮਾਗਮ ਦੀ ਸਮਾਪਤੀ ਮਗਰੋਂ ਉਨ੍ਹਾਂ ਨੇ ਸਤਿਆਰਥੀ ਜੀ ਨੂੰ ਇਨ੍ਹਾਂ ਭਾਸ਼ਨਾਂ ਦੀ ਪੁਸਤਕ ਛਪਵਾਉਣ ਦੀ ਸਲਾਹ ਦਿੱਤੀ। ਇਉਂ 1936 ਵਿਚ 'ਗਿੱਧਾ' ਦਾ ਜਨਮ ਹੋਇਆ। 'ਗਿੱਧਾ' ਛਪਦਿਆਂ ਹੀ ਟਕਸਾਲੀ, ਭਾਵ ਕਲਾਸਕੀ ਰਚਨਾ ਬਣ ਗਿਆ। ਇਸ ਪੁਸਤਕ ਨੇ ਲੋਕਗੀਤਾਂ ਦੇ, ਲੋਕ-ਸਾਹਿਤ ਦੇ ਅਤੇ ਲੋਕ-ਸਭਿਆਚਾਰ ਦੇ ਮੁਲੰਕਣ ਦਾ ਇਕ ਗਾਡੀ ਰਾਹ ਖੋਲ੍ਹ ਦਿੱਤਾ। 'ਗਿੱਧਾ' ਦਾ ਬਹੁਤ ਵਿਸਤਾਰਪੂਰਨ 'ਮੁਖਬੰਧ' ਪ੍ਰਿੰ. ਤੇਜਾ ਸਿੰਘ ਨੇ ਲਿਖਿਆ। 'ਗਿੱਧਾ' ਦੀ ਅੰਤਿਕਾ 'ਸਾਹਿਤ ਦੀ ਕਹਿਕਸ਼ਾਂ' ਗੁਰਬਖ਼ਸ਼ ਸਿੰਘ ਨੇ ਲਿਖੀ।

ਉਹ ਦੂਜਿਆਂ ਨੂੰ ਹੀ ਸਾਧੂ-ਮਹਾਤਮਾ ਨਹੀਂ ਸਨ ਲਗਦੇ, ਆਪ ਵੀ ਆਪਣੇ ਫ਼ਕੀਰੀ ਵੇਸ ਦਾ ਲਾਹਾ ਬੇਝਿਜਕ ਲੈ ਲੈਂਦੇ ਸਨ। ਲੰਮੇ ਸਮੇਂ ਤਕ ਕਲਕੱਤੇ ਰਹੇ। ਟਰਾਮ ਉੱਤੇ ਸਵਾਰ ਹੁੰਦੇ ਤਾਂ ਕੰਡਕਟਰ ਟਿਕਟ ਪੁਛਦੇ। ਉਹ ਪਿੱਛੇ ਨੂੰ ਖਿੱਲਰੇ ਵਾਲਾਂ ਅਤੇ ਲੰਮੀ ਰੇਸ਼ਮੀ ਦਾੜ੍ਹੀ ਉੱਤੇ ਹੱਥ ਫੇਰ ਕੇ ਆਖਦੇ, 'ਆਮੀ ਬਾਵਾ ਲੋਗ!' ਕਈ ਕੰਡਕਟਰ ਚੁੱਪ ਕਰ ਜਾਂਦੇ ਪਰ ਕਈ ਝਗੜਾ ਪਾ ਬੈਠਦੇ ਅਤੇ ਟਰਾਮ ਰੋਕ ਕੇ ਉਤਾਰ ਦਿੰਦੇ। ਇਹ ਅੱਗੇ ਜਾਂ ਪਿੱਛੇ ਜਿਹੜਾ ਵੀ ਸਟੈਂਡ ਨੇੜੇ ਹੁੰਦਾ, ਪੈਦਲ ਜਾ ਕੇ ਦੂਜੀ ਟਰਾਮ ਫੜ ਲੈਂਦੇ। ਉਸ ਟਰਾਮ ਵਿਚ ਵੀ ਇਹੋ ਕਿੱਸਾ ਦੁਹਰਾਇਆ ਜਾਂਦਾ। ਆਖ਼ਰ ਕੁਝ ਦਿਨਾਂ ਵਿਚ ਸਾਰੇ ਕੰਡਕਟਰ ਜਾਣ ਗਏ ਕਿ ਕਿੰਨਾ ਵੀ ਉਤਾਰੀਏ, ਸਫ਼ਰ ਤਾਂ 'ਬਾਵਾ ਲੋਗ' ਨੇ ਸਾਡੀਆਂ ਟਰਾਮਾਂ ਵਿਚ ਮੁਫ਼ਤ ਹੀ ਕਰਨਾ ਹੈ। ਉਨ੍ਹਾਂ ਨੇ ਟਿਕਟ ਪੁੱਛਣਾ ਤੇ ਬਾਵਾ-ਲੋਗ ਨੂੰ ਉਤਾਰਨਾ ਛੱਡ ਦਿੱਤਾ।

ਭਾਰਤ ਦੀ ਬੁਲਬੁਲ ਸਰੋਜਨੀ ਨਾਇਡੂ ਨੇ ਭੇਤ ਖੋਲ੍ਹਿਆ ਸੀ, 'ਸਤਿਆਰਥੀ ਓਨਾ ਬੁੱਢਾ ਨਹੀਂ, ਜਿੰਨਾ ਦਾੜ੍ਹੀ ਕਰਕੇ ਲਗਦਾ ਹੈ।' ਉਹ ਸਭ ਦੀ ਕੀਤੀ ਹੋਈ ਪ੍ਰਸੰਸਾ ਨੂੰ ਖ਼ੁਸ਼ਬੂਦਾਰ ਫੁੱਲਾਂ ਵਾਂਗ ਝੋਲ਼ੀ ਵਿਚ ਸਾਂਭਦੇ ਸਨ ਪਰ ਆਨੰਦ-ਪ੍ਰਸੰਨ ਸਰੋਜਨੀ ਦੀ ਟਿੱਪਣੀ ਨਾਲ ਹੁੰਦੇ ਸਨ, 'ਦੇਖੋ ਨਾ ਜੀ, ਆਖ਼ਰ ਕਵਿੱਤਰੀ ਹੋਈ, ਉਹ ਵੀ ਵੱਡੀ ਕਵਿੱਤਰੀ! ਉਹਦੇ ਹਰ ਲਫ਼ਜ਼ ਵਿਚੋਂ ਤਾਂ ਕਵਿਤਾ ਦੀ ਕਿਣਮਿਣ ਹੋਣੀ ਹੀ ਹੋਈ!' ਫੇਰ ਉਹ ਆਵਾਜ਼ ਕੁਝ ਨੀਵੀਂ ਤੇ ਭੇਤਭਰੀ ਬਣਾ ਕੇ ਆਖਦੇ ਸਨ, 'ਗੱਲ ਇਹ ਹੈ, ਭੁੱਲਰ ਜੀ, ਮੈਂ ਇਸ ਉਮਰ ਨੂੰ ਪਹੁੰਚ ਕੇ ਵੀ ਜੇ ਬੁੱਢਾ ਨਹੀਂ ਹੋਇਆ, ਕੀ ਜਾਣੀਏ, ਇਹ ਸਰੋਜਨੀ ਦੇ ਪਵਿੱਤਰ ਬੋਲ ਹੀ ਮੇਰੇ ਵਾਸਤੇ ਅਮਰ-ਫਲ ਸਿੱਧ ਹੋਏ ਹੋਣ!' ਪੰਜਾਬੀ ਦੇ ਸਾਹਿਤਕਾਰਾਂ ਵਿਚੋਂ ਸਿਰਫ਼ ਉਹ ਇਕੱਲੇ ਸਨ ਜਿਨ੍ਹਾਂ ਦੀ ਨੇੜਤਾ ਮਹਾਤਮਾ ਗਾਂਧੀ ਤੋਂ ਲੈ ਕੇ ਅਨੇਕਾਂ-ਅਨੇਕ ਸਿਆਸਤਦਾਨਾਂ, ਵਿਦਵਾਨਾਂ, ਲੇਖਕਾਂ, ਕਲਾਕਾਰਾਂ, ਆਦਿ ਨਾਲ ਸੀ। ਤੇ ਅਜਿਹੇ ਵੀ ਸਿਰਫ਼ ਉਹ ਇਕੱਲੇ ਹੀ ਸਨ ਜਿਨ੍ਹਾਂ ਨੇ ਕਦੀ ਕਿਸੇ ਨੇੜਤਾ ਦਾ ਕੋਈ ਲਾਹਾ ਲੈਣ ਬਾਰੇ ਸੋਚਿਆ ਤੱਕ ਨਹੀਂ ਸੀ।

ਸਾਹਿਤਕ-ਸਮਾਜਕ ਸਭਾਵਾਂ ਜਾਂ ਸਮਾਗਮਾਂ ਵਿਚ ਉਨ੍ਹਾਂ ਦਾ ਆਉਣਾ ਘਟਣ ਲਗਿਆ। ਸਦੀਆਂ ਵਰਗੇ ਸਾਲਾਂ-ਦਹਾਕਿਆਂ ਤੋਂ ਨਿਰੰਤਰ ਤੁਰਦੇ ਦੇਖ ਉਨ੍ਹਾਂ ਦਾ ਨਾ-ਤੁਰਨਾ ਮਾੜੀ ਗੱਲ ਹੋ ਗਈ। ਇਕ ਵਾਰ ਪਤਾ ਨਹੀਂ ਉਹਦੇ ਜਾਂ ਸਤਿਆਰਥੀ ਜੀ ਦੇ ਜਾਂ ਦੋਵਾਂ ਦੇ ਮਨ ਵਿਚ ਕੀ ਆਈ ਕਿ ਲੋਕਮਾਤਾ ਭਾਪਾ ਜੀ ਦੇ ਫ਼ਾਰਮ ਵਾਲੀ 'ਧੁੱਪ ਦੀ ਮਹਿਫ਼ਲ' ਵਿਚ ਸਤਿਆਰਥੀ ਜੀ ਦੇ ਨਾਲ ਆ ਪਧਾਰੀ। ਮੈਂ ਪੁੱਛਿਆ, 'ਬੇਬੇ, ਇਕੱਲੇ ਤੋਰਨ ਤੋਂ ਡਰਦਿਆਂ ਆਖ਼ਰ ਇਨ੍ਹਾਂ ਨਾਲ ਬਾਹਰ ਆਉਣਾ ਹੀ ਪਿਆ?' ਕਹਿਣ ਲੱਗੀ, 'ਇਨ੍ਹਾਂ ਲੰਡੇ ਚਿੜਿਆਂ ਦੀ ਕਾਹਦੀ ਰਾਖੀ, ਪੁੱਤ! ਹੁਣ ਤਾਂ ਇਨ੍ਹਾਂ ਦੇ ਤੁਰਨ ਤੋਂ ਨਹੀਂ, ਨਾ-ਤੁਰਨ ਤੋਂ ਡਰ ਲਗਦਾ ਹੈ। ਰਾਮ ਜੀ ਇਨ੍ਹਾਂ ਦੀ ਆਵਾਰਾਗਰਦੀ ਬਣਾਈ ਰੱਖਣ। ਹੁਣ ਤਾਂ ਮੈਨੂੰ ਇਹ ਬੂਟ ਘਸਾਉਂਦੇ ਹੀ ਚੰਗੇ ਲਗਦੇ ਨੇ। ਜੇ ਕਿਸੇ ਦਿਨ ਘਰ ਰਹਿ ਪੈਣ, ਸੰਸੇ ਨਾਲ ਕਾਲਜੇ ਮਰੋੜ ਚੜ੍ਹਦੇ ਨੇ, ਹੇ ਮੇਰੇ ਰਾਮ, ਅੱਜ ਰਾਜੀ ਤਾਂ ਹਨ!'

ਫੇਰ ਜਦੋਂ ਸਰੀਰਕ ਕਮਜ਼ੋਰੀ ਵਧ ਗਈ, ਲੋਕਮਾਤਾ ਨੇ ਉਨ੍ਹਾਂ ਦਾ ਘਰੋਂ ਨਿਕਲਣਾ ਬੰਦ ਕਰ ਦਿੱਤਾ। ਇਕ ਦਿਨ ਮੈਂ ਛੇੜਿਆ, 'ਚਲੋ, ਆਵਾਰਾਗਰਦੀ ਕਰਾਂਗੇ।' ਤੇ ਬੇਬੇ ਨੂੰ ਆਖਿਆ, 'ਬੇਬੇ, ਇਹ ਸ਼ਾਮ ਤਕ ਸਹੀ-ਸਲਾਮਤ ਵਾਪਸ ਘਰ ਪਹੁੰਚਦੇ ਹੋ ਜਾਣਗੇ।' ਬੇਬੇ ਸਹਿਮਤ ਨਹੀਂ ਸੀ। ਉਹਨੇ ਸਿਰ ਮਾਰਿਆ, 'ਕਿਥੇ ਧੂਹੀਂ ਫਿਰੇਂਗਾ ਪੁੱਤ ਇਨ੍ਹਾਂ ਨੂੰ! ਹੁਣ ਇਨ੍ਹਾਂ ਦਾ ਸਰੀਰ ਏਨੀ ਧੰਗੇੜ ਝੱਲਣ ਜੋਗਾ ਹੈ ਨਹੀਂ। ਨਾਲੇ ਬੋਲੇ ਕੁੱਕੜ ਨੂੰ ਕੁਛ ਸੁਣਦਾ ਤਾਂ ਹੈ ਨਹੀਂ।' ਦਾੜ੍ਹੀ ਨੂੰ ਗਲਵਕੜੀ ਪਾਉਣ ਲਈ ਹੇਠਾਂ ਨੂੰ ਪਲਮੀਆਂ ਹੋਈਆਂ ਮੁੱਛਾਂ ਪਿੱਛੋਂ ਸਤਿਆਰਥੀ ਜੀ ਮੁਸਕਰਾਏ, 'ਦੇਖੋ ਜੀ, ਮੰਟੋ ਇਕ ਵਾਰ ਬੇਦੀ ਨੂੰ ਕਹਿਣ ਲਗਿਆ, ਦਾੜ੍ਹੀ-ਕਟੇ ਸਰਦਾਰ ਕੀ ਹਾਲ ਹੈ? ਬੇਦੀ ਬੋਲਿਆ, ਮੀਆਂ, ਮੇਰਾ ਹਾਲ ਪੁੱਛਦਾ ਹੈਂ ਕਿ ਪੂਰੀ ਸਿੱਖ ਕੌਮ ਦੀ ਬੇਇੱਜ਼ਤੀ ਕਰ ਰਿਹਾ ਹੈਂ!...ਭੁੱਲਰ ਜੀ, ਲੋਕ-ਮਾਤਾ ਨੂੰ ਪੁੱਛੋ, ਮੇਰੀ ਸੱਟ-ਫੇਟ ਦੀ ਚਿੰਤਾ ਕਰ ਰਹੀ ਹੈ ਕਿ ਬਹਾਨੇ ਨਾਲ ਮੈਨੂੰ ਬੋਲਾ ਕੁੱਕੜ ਆਖ ਰਹੀ ਹੈ।' ਫੇਰ ਕਹਿਣ ਲਗੇ, 'ਲਓ ਤੁਸੀਂ ਨਾਲ ਚੱਲਣ ਦੇ ਸੱਦੇ ਦੀ ਗੱਲ ਵੀ ਸੁਣ ਲਓ।

ਇਕ ਵਾਰ ਬਾਪੂ ਪੁੱਛਣ ਲੱਗੇ ਕਿ ਤੇਰਾ ਕੀ ਕਾਰਜਕਰਮ ਹੈ? ਮੈਥੋਂ ਬੰਬਈ ਜਾਣਾ ਸੁਣ ਕੇ ਕਹਿੰਦੇ, ਮੇਰੇ ਨਾਲ ਵਾਰਧਾ ਚੱਲੋ। ਮੈਂ ਕਿਹਾ, ਤੁਸੀਂ ਮੇਰੇ ਨਾਲ ਬੰਬਈ ਚੱਲੋ! ਬੋਲੇ, ਬੰਬਈ ਕੀ ਪਿਆ ਹੈ? ਮੈਂ ਠਾਹ ਉੱਤਰ ਦਿੱਤਾ, ਵਾਰਧਾ ਕੀ ਪਿਆ ਹੈ? ਬਾਪੂ ਨੂੰ ਤਾਂ ਜੀ ਇਉਂ ਮਿੱਤਰਾਂ ਵਾਂਗੂੰ ਕੋਈ ਕਦੀ ਬੋਲਦਾ ਹੀ ਨਹੀਂ ਸੀ। ਉਹ ਕੱਚੇ ਜਿਹੇ ਹੋ ਕੇ ਥੋੜ੍ਹੀ ਹਾਸੀ ਹੱਸੇ ਅਤੇ ਕੋਲ ਖਲੋਤੇ ਇਕ ਆਦਮੀ ਨੂੰ ਕਹਿਣ ਲਗੇ, ਮੁਣਸ਼ੀ ਕੋ ਬੁਲਾਓ। ਕੇ.ਐਮ. ਮੁਣਸ਼ੀ ਭੱਜਿਆ-ਭੱਜਿਆ ਆਇਆ। ਬਾਪੂ ਬੋਲੇ, 'ਬਈ ਮੁਣਸ਼ੀ, ਤੂੰ ਬੰਬਈ ਆਪਣੀ ਨਵੀਂ ਕੋਠੀ ਵਿਚ ਜੋ ਕਮਰਾ ਵਿਸ਼ੇਸ਼ ਮੇਰੇ ਲਈ ਬਣਵਾਇਆ ਹੈ, ਉਹ ਏਸ ਦਾੜ੍ਹੀ ਵਾਲੇ ਲਈ ਖੋਲ੍ਹ ਦੇਈਂ। ਇਹ ਬੰਬਈ ਜਾ ਰਿਹਾ ਹੈ। ਅਗੋਂ ਵੀ ਇਹ ਜਦੋਂ ਬੰਬਈ ਆਵੇ, ਮੇਰੇ ਵਾਲਾ ਕਮਰਾ ਇਹਦਾ।' ਮੈਂ ਜੀ ਪੂਰੇ ਤਿੰਨ ਮਹੀਨੇ ਬਾਪੂ ਵਾਲੇ ਉਸ ਕਮਰੇ ਵਿਚ ਰਿਹਾ।...ਸੋ ਤੁਸੀਂ, ਭੁੱਲਰ ਜੀ, ਮੈਨੂੰ ਆਪਣੇ ਨਾਲ ਚੱਲਣ ਲਈ ਕਹਿੰਦੇ ਹੋ, ਮੈਂ ਕਹਿੰਦਾ ਹਾਂ, ਤੁਸੀਂ ਅੱਜ ਮੇਰੇ ਕੋਲ ਇਥੇ ਘਰ ਹੀ ਬੈਠੋ। ਕਹਿੰਦੇ ਨੇ ਨਾ ਜੀ, ਟਪਦੀ ਫਿਰਦੀ ਵੱਛੀ ਮੌਜ ਨਾਲ ਧੁੱਪੇ ਪਏ ਕੱਟੇ ਨੂੰ ਕਹਿਣ ਲੱਗੀ, ਆ ਜਾ ਵੇ ਕੱਟਿਆ, ਖੇਡੀਏ। ਕੱਟਾ ਬੋਲਿਆ, ਤੂੰ ਹੀ ਟਪਦੀ ਫਿਰ, ਅਸੀਂ ਤਾਂ ਇਥੇ ਪਏ ਹੀ ਕੰਨ ਹਿਲਾ-ਹਿਲਾ ਕੇ ਖੇਡਾਂਗੇ। ਹੁਣ ਤਾਂ ਜੀ ਅਸੀਂ ਘਰੇ ਬੈਠੇ-ਪਏ ਹੀ ਕੰਨ ਹਿਲਾ-ਹਿਲਾ ਕੇ ਖੇਡਣ ਜੋਗੇ ਰਹਿ ਗਏ ਹਾਂ।'

ਮੈਂ ਕਿਹਾ, 'ਬੇਬੇ, ਸੜਕਾਂ, ਕਾਫ਼ੀ ਹਾਊਸ, ਭਾਪਾ ਜੀ ਦਾ ਨਵਯੁਗ, ਇਹ ਸਭ ਤਾਂ ਸਤਿਆਰਥੀ ਜੀ ਨਾਂ ਦੀ ਮੱਛੀ ਵਾਸਤੇ ਜੀਵਨਦਾਤਾ ਸਰੋਵਰ ਹਨ। ਇਨ੍ਹਾਂ ਬਿਨਾਂ ਇਹ ਜਿਉਂਦੇ ਕਿਵੇਂ ਰਹਿਣਗੇ?'

ਬੇਬੇ ਕੋਰੀ ਨਾਂਹ ਕਰਦਿਆਂ ਕਹਿਣ ਲੱਗੀ, 'ਨਾ ਪੁੱਤ, ਹੁਣ ਨਹੀਂ ਮੈਂ ਇਨ੍ਹਾਂ ਨੂੰ ਘਰੋਂ ਬਾਹਰ ਜਾਣ ਦੇਣਾ। ਨਾ ਜਾਣੀਏ, ਕੋਈ ਮੋਟਰ-ਗੱਡੀ, ਕੋਈ ਟਰੱਕ-ਠੇਲ੍ਹਾ ਫੇਟ ਮਾਰ ਜਾਵੇ। ਦਿੱਲੀ ਚੰਦਰੀ ਦਾ ਕੀ ਵਸਾਹ।'

ਹੁਣ ਬਾਬੇ ਚੁੱਪ ਬੈਠੇ ਸੁਣਦੇ ਰਹੇ। ਮੈਨੂੰ ਪਤਾ ਸੀ, ਉਹ ਸੰਘਣੀਆਂ ਮੁੱਛਾਂ ਹੇਠ ਮੁਸਕਰਾ ਰਹੇ ਹਨ। ਮੈਂ ਕਿਹਾ, 'ਮਹਾਰਾਜ, ਬੇਬੇ ਦੀ ਕਚਹਿਰੀ ਵਿਚ ਅਪੀਲ ਕਰ ਦੇਖੋ। ਜੇ ਪਰਵਾਨ ਹੋ ਜਾਵੇ, ਹਫ਼ਤੇ, ਦੋ ਹਫ਼ਤੀਂ ਬਾਹਰ ਨਿੱਕਲਣ ਦੀ ਪੈਰੋਲ ਮਿਲ ਜਾਵੇ, ਕੋਈ ਮੇਰੇ ਵਰਗਾ ਘਰੋਂ ਲੈ ਜਾਇਆ ਕਰੂਗਾ ਤੇ ਘਰ ਛੱਡ ਜਾਇਆ ਕਰੂਗਾ।'

'ਨਹੀਂ, ਭੁੱਲਰ ਜੀ, ਇਹ ਅਪੀਲ ਵਾਲੀ ਕਚਹਿਰੀ ਨਹੀਂ", ਉਹ ਹੱਸੇ, 'ਲੋਕਮਾਤਾ ਦੀ ਕਚਹਿਰੀ ਤੁਰਕਾਂ ਦੀ ਕਚਹਿਰੀ ਹੈ ਜਿਥੇ ਅਪੀਲ, ਵਕੀਲ, ਦਲੀਲ ਵਾਸਤੇ ਕੋਈ ਗੁੰਜਾਇਸ਼ ਨਹੀਂ!'

'ਲੈ ਦੇਖ ਲੈ ਪੁੱਤ, ਇਨ੍ਹਾਂ ਦੀ ਮੱਤ!' ਬੇਬੇ ਖਿੜਖਿੜਾ ਕੇ ਹੱਸੀ, 'ਮੈਨੂੰ ਜਗਰਾਵਾਂ ਦੀ ਖੱਤਰੀਆਂ-ਜਾਈ ਨੂੰ ਤੁਰਕਣੀ ਬਣਾ ਦਿੱਤਾ।'

ਬੇਬੇ ਨੂੰ ਅੱਧੀ ਸਦੀ ਤੋਂ ਵੱਧ ਸਮਾਂ ਦਿੱਲੀ ਰਹਿੰਦਿਆਂ ਹੋ ਗਿਆ ਸੀ, ਪਰ ਉਹ ਪੇਕਿਆਂ ਵਾਲੀਆਂ ਜਗਰਾਵਾਂ ਅਤੇ ਸਹੁਰਿਆਂ ਵਾਲਾ ਭਦੌੜ ਨਾਲ ਚੁੱਕੀ ਫਿਰਦੀ ਸੀ। ਦਿੱਲੀ ਨਾਲ ਉਹਨੇ ਕਦੀ ਕੋਈ ਬਹੁਤਾ ਵਾਹ-ਵਾਸਤਾ ਨਹੀਂ ਸੀ ਰਖਿਆ ਤੇ ਨੇੜਤਾ ਜਾਂ ਅਪਣੱਤ ਨਹੀਂ ਸੀ ਦਿਖਾਈ, ਦਿੱਲੀ ਦਾ ਵਸਾਹ ਕਰਨਾ ਤਾਂ ਦੂਰ ਦੀ ਗੱਲ ਰਹੀ। ਸਤਿਆਰਥੀ ਜੀ ਨਾਲ ਉਹ ਕਦੀ ਕਿਸੇ ਸਾਹਿਤਕ ਇਕੱਠ ਵਿਚ ਨਹੀਂ ਸੀ ਗਈ। ਦਿੱਲੀ ਉਹਦੇ ਪੇਂਡੂ ਮਲਵਈ ਸੁਭਾਅ ਲਈ ਅੰਤ ਤੱਕ ਬੇਵਿਸਾਹੀ ਚੰਦਰੀ ਹੀ ਰਹੀ।

ਦੂਜੀ ਮੁਸ਼ਕਿਲ ਇਹ ਸੀ ਕਿ ਸਤਿਆਰਥੀ ਜੀ ਨਾਲ ਗੱਲ ਕਰਨ ਲਈ, ਉਨ੍ਹਾਂ ਦਾ ਹਾਲ-ਚਾਲ ਪੁੱਛਣ ਲਈ ਹੁਣ ਕਾਫ਼ੀ ਸਮੇਂ ਤੋਂ ਫੋਨ ਵੀ ਕਿਸੇ ਕੰਮ ਨਹੀਂ ਸੀ ਆਉਂਦਾ। ਤੁਸੀਂ ਕੁਝ ਕਹਿੰਦੇ ਸੀ, ਉਹ ਕੁਝ ਸੁਣਦੇ ਸਨ। ਤੁਸੀਂ ਕੁਝ ਪੁਛਦੇ ਸੀ, ਉਹ ਕੁਝ ਦਸਦੇ ਸਨ। ਅਜਿਹੇ ਮੌਕੇ ਬੈਂਗਣ ਖਰੀਦ ਕੇ ਲਿਜਾ ਰਹੇ ਬੋਲੇ ਤੋਂ ਬਾਲ-ਬੱਚੇ ਦੀ ਸੁਖ-ਸਾਂਦ ਪੁੱਛਣ ਵਾਲਾ ਲਤੀਫ਼ਾ ਯਾਦ ਆ ਜਾਂਦਾ ਸੀ। ਹੁਣ ਉਨ੍ਹਾਂ ਨੂੰ ਘਰ ਜਾ ਕੇ ਹੀ ਮਿਲਿਆ ਜਾ ਸਕਦਾ ਸੀ। ਨਵਯੁਗ ਪਬਲਿਸ਼ਰਜ਼ ਦੀਆਂ 'ਸੰਦਲੀ ਗਲੀ' ਦੇ ਨਾਂ ਹੇਠ ਛਾਪੀਆਂ ਉਨ੍ਹਾਂ ਦੀਆਂ 16 ਚੋਣਵੀਆਂ ਕਹਾਣੀਆਂ ਪੜ੍ਹੀਆਂ ਤਾਂ ਮਿਲਣ-ਤਾਂਘ ਤਿਖੇਰੀ ਹੋ ਗਈ। ਵੈਸੇ ਤਾਂ ਇਹ ਸਾਰੀਆਂ ਹੀ ਕਹਾਣੀਆਂ ਪਹਿਲਾਂ ਪੜ੍ਹੀਆਂ ਹੋਈਆਂ ਸਨ, ਪਰ ਇਨ੍ਹਾਂ ਸਿਰੇ-ਸੱਟ ਕਹਾਣੀਆਂ ਨੂੰ ਇਕਠਿਆਂ ਪੜ੍ਹਨਾ ਆਪਣੇ ਆਪ ਵਿਚ ਇਕ ਅਨੁਭਵ ਸੀ। ਪੁਸਤਕ ਦੇ ਫ਼ਲੈਪ ਉੱਤੇ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਜੀ ਨੇ ਕੁਝ ਸਤਰਾਂ ਦਿੰਦਿਆਂ ਅੰਤਲਾ ਵਾਕ ਲਿਖਿਆ ਹੋਇਆ ਸੀ: '93 ਵਰ੍ਹੇ ਦਾ ਪੁਰਾਣਾ ਸਾਹਿਤਕਾਰ, ਅੱਜ ਵੀ ਨਵਾਂ-ਨਕੋਰ। 8 ਮਈ 2001 ਉਨ੍ਹਾਂ ਦੇ 93 ਵਰ੍ਹੇ ਪੂਰੇ ਹੋਣ ਦਾ ਦਿਨ। ਤਨ ਕੁਝ-ਕੁਝ ਨਿਰਬਲ, ਪਰ ਉਮਰ ਅਨੁਸਾਰ ਚੰਗਾ-ਭਲਾ ਅਤੇ ਮਨ ਪਹਿਲਾਂ ਵਾਲਾ ਹੀ, ਪੂਰੀ ਤਰ੍ਹਾਂ ਚੁਸਤ ਤੇ ਸੁਚੇਤ।'

ਇਕ ਦਿਨ ਮੇਰਾ ਸ਼ਿਸ਼-ਮਿੱਤਰ ਨਰਿੰਦਰ ਭੁੱਲਰ ਚੰਡੀਗੜ੍ਹੋਂ ਆਇਆ ਅਤੇ ਉਹਦੀਆਂ ਪਹਿਲੀਆਂ ਗੱਲਾਂ ਵਿਚ ਇਹ ਸਵਾਲ ਵੀ ਸ਼ਾਮਲ ਸੀ, 'ਸਤਿਆਰਥੀ ਜੀ ਹੁਣ ਕਦੀ ਮਿਲੇ? ਕੀ ਹਾਲ ਹੈ ਉਨ੍ਹਾਂ ਦਾ?'

'ਚੱਲੀਏ?' ਮੈਂ ਫ਼ੈਸਲੇ ਵਰਗੇ ਜਵਾਬ ਵਿਚ ਸਵਾਲ ਕੀਤਾ।

ਵਿਹੜਾ ਧੋ ਰਹੀ ਕੰਮ-ਵਾਲੀ ਨੇ ਘੰਟੀ ਸੁਣ ਕੇ ਫਾਟਕ ਖੋਲ੍ਹਿਆ ਅਤੇ ਪੁੱਛੇ ਤੋਂ ਖੁੱਲ੍ਹੇ ਬੂਹੇ ਵਾਲੇ ਕਮਰੇ ਵੱਲ ਇਸ਼ਾਰਾ ਕਰ ਦਿੱਤਾ। ਸਤਿਆਰਥੀ ਜੀ ਅਤੇ ਬੇਬੇ ਪਲੰਘ ਉੱਤੇ ਬੈਠੇ ਸਨ ਜਿਸ ਕੋਲ ਦੋ ਕੁਰਸੀਆਂ ਪਈਆਂ ਸਨ। ਮੈਂ ਬਿਨਾਂ ਕੁਝ ਆਖਿਆਂ ਸਤਿਆਰਥੀ ਜੀ ਦੇ ਗੋਡੇ ਘੁੱਟੇ ਅਤੇ ਬੇਬੇ ਨੂੰ ਪੈਰੀਂ-ਪੈਣਾ ਕੀਤਾ। ਨਰਿੰਦਰ ਨੇ ਵੀ ਦੋਹਾਂ ਨੂੰ ਸਤਿਕਾਰ ਭੇਟਿਆ। ਪਿਛਲੀ ਮੁਲਾਕਾਤ ਤੋਂ ਮਗਰੋਂ ਦੇ ਸਮੇਂ ਵਿਚ ਹੀ ਉਹ ਦੋਵੇਂ ਖਾਸੇ ਬਿਰਧ ਹੋ ਗਏ ਲਗਦੇ ਸਨ। ਸਤਿਆਰਥੀ ਜੀ ਗਦਗਦ ਹੋ ਕੇ 'ਵਾਹ ਮਾਰਾਜ, ਵਾਹ ਮਾਰਾਜ' ਕਰਨ ਲੱਗ ਪਏ, ਪਰ ਲਗਦਾ ਸੀ, ਬੇਬੇ ਦਾ ਚੇਤਾ ਇਕਾਗਰ ਨਹੀਂ ਸੀ ਹੋ ਰਿਹਾ। ਮੈਂ ਉਸ ਨੂੰ ਉਲਝਣ ਵਿਚੋਂ ਕੱਢਣ ਲਈ ਕੁਰਸੀ ਵੱਲ ਅਹੁਲਦਿਆਂ ਕਿਹਾ, 'ਮੈਂ ਆਪਣੇ ਪਿੰਡਾਂ ਵਾਲਾ ਭੁੱਲਰ ਹਾਂ, ਬੇਬੇ।' ਉਹ ਮੈਨੂੰ 'ਸਾਡੇ ਪਿੰਡਾਂ ਵਾਲਾ ਭੁੱਲਰ' ਹੀ ਆਖਿਆ ਕਰਦੀ ਸੀ। ਉਨ੍ਹਾਂ ਵੇਲਿਆਂ ਦੀਆਂ ਵਿੱਥਾਂ ਅਨੁਸਾਰ ਆਖ਼ਰ ਭਦੌੜ ਤੇ ਪਿੱਥੋ ਦਾ ਫ਼ਰਕ ਵੀ ਕਿੰਨਾ ਕੁ ਸੀ! ਤੜਕੇ ਲੱਸੀ ਪੀ ਕੇ ਪੈਦਲ ਤੁਰਿਆ ਬੰਦਾ ਪਿਛਲੇ ਪਹਿਰ ਦਾ ਤੌੜੀ ਦਾ ਦੁੱਧ ਭਦੌੜ ਪਹੁੰਚ ਕੇ ਪੀ ਸਕਦਾ ਸੀ।

'ਅੱਛਾ...ਲੈ...ਆਹੋ...ਮੈਂ ਵੀ ਕਹਾਂ, ਮੁੰਡਾ ਆਪਣਾ ਲਗਦਾ ਹੈ।...ਸਾਡਾ ਮੁੰਡਾ ਹੈਂ ਤਾਂ ਤੂੰ ਕੁਰਸੀ ਉੱਤੇ ਕਿਉਂ ਬਹਿਨੈਂ, ਐਧਰ ਆ, ਮੇਰੇ ਕੋਲ।' ਉਹਨੇ ਅੱਗੇ ਨੂੰ ਹੋ ਮੈਨੂੰ ਬਾਹੋਂ ਫੜ ਕੇ ਪਲੰਘ ਉਤੇ ਖਿੱਚ ਲਿਆ। ਉਹਦੇ ਪਿਆਰ ਨਾਲ ਜੋ ਖ਼ੁਸ਼ੀ ਹੋਣੀ ਸੀ, ਉਹ ਤਾਂ ਹੋਈ ਹੀ, ਇਹਤੋਂ ਵਧੀਕ ਖ਼ੁਸ਼ੀ ਮੈਨੂੰ ਸੱਠੋਂ ਟੱਪੇ ਨੂੰ ਉਹਦੇ 'ਮੁੰਡਾ' ਕਹਿਣ ਸਦਕਾ ਹੋਈ। ਕੁਰਸੀ ਉੱਤੇ ਬੈਠ ਚੁਕੇ ਨਰਿੰਦਰ ਵੱਲ ਹੱਥ ਕਰ ਕੇ ਮੈਂ ਦੱਸਿਆ, 'ਬੇਬੇ, ਇਹ ਨਰਿੰਦਰ ਐ, ਚੰਡੀਗੜ੍ਹੋਂ! ਪਹਿਲਾਂ ਬਹੁਤ ਸਾਲ ਇਥੇ ਦਿੱਲੀ ਰਿਹਾ। ਇਹਨੂੰ ਸਤਿਆਰਥੀ ਜੀ ਨੇ ਪੁੱਤ ਬਣਾਇਆ ਹੋਇਐ।'

ਸਤਿਆਰਥੀ ਜੀ ਮੁਸਕੜੀਏਂ ਹੱਸੇ। ਬੇਬੇ ਨੇ ਉਨ੍ਹਾਂ ਵੱਲ ਵੇਖ ਕੇ ਕਿਹਾ, 'ਆਹੋ, ਇਨ੍ਹਾਂ ਦੇ ਪੁੱਤਾਂ ਦੀ ਭਲੀ ਕਹੀ। ਅੱਧੇ ਇਨ੍ਹਾਂ ਨੇ ਪੁੱਤ ਬਣਾ ਲਏ, ਬਾਕੀ ਦੇ ਅੱਧੇ ਇਨ੍ਹਾਂ ਨੂੰ ਆਪੇ ਬਾਪੂ ਕਹਿਣ ਲੱਗ ਪਏ।'

ਸਤਿਆਰਥੀ ਜੀ ਬੋਲੇ, 'ਭੁੱਲਰ ਜੀ, ਆਪਣੇ ਪਿੰਡਾਂ ਦੀ ਬੋਲੀ ਹੈ ਨਾ, 'ਪੌ ਬਾਰਾਂ, ਛੜੇ ਦੇ ਪੁੱਤ ਅਠਾਰਾਂ, ਬਾਪੂ ਕੋਈ ਨਾ ਕਹੇ।' ਭਲੀਏ ਲੋਕੇ, ਖ਼ੁਸ਼ ਹੋ, ਬਿਗਾਨੇ ਪੁੱਤ ਮੈਨੂੰ ਬਾਪੂ ਮੰਨਦੇ ਵੀ ਨੇ ਤੇ ਕਹਿੰਦੇ ਵੀ ਨੇ।...ਦੇਖੋ ਜੀ, ਅੱਜ-ਕੱਲ੍ਹ ਤਾਂ ਸਕੇ ਪੁੱਤ ਸਕੇ ਬਾਪੂਆਂ ਨੂੰ ਬਾਪੂ ਨਹੀਂ ਆਖਦੇ। ਮੁੰਡਿਆਂ ਦੀ ਗੱਲ ਤਾਂ ਛਡੋ ਜੀ, ਗੁਰੂਦੇਵ ਟੈਗੋਰ ਮੈਨੂੰ ਕਹਿੰਦੇ, ਸਤਿਆਰਥੀ ਜੀ, ਲੋਕਗੀਤ ਵੀ ਤੁਹਾਡੇ ਪੁੱਤਰ ਨੇ!'

'ਇਨ੍ਹਾਂ ਨੇ ਤੁਹਾਨੂੰ ਵੀ ਤਾਂ ਲੋਕਮਾਤਾ ਦਾ ਨਾਂ ਦੇ ਕੇ ਸਾਰੇ ਲੋਕਾਂ ਦੀ ਮਾਤਾ ਬਣਾ ਦਿੱਤਾ ਹੈ', ਮੈਂ ਸਤਿਆਰਥੀ ਜੀ ਦਾ ਪੱਖ ਪੂਰਦਿਆਂ ਬੇਬੇ ਨੂੰ ਕਿਹਾ।

'ਸਾਰਿਆਂ ਵਿਚ ਤਾਂ ਇਹ ਆਪ ਵੀ ਆ ਗਏ', ਉਹ ਸਤਿਆਰਥੀ ਜੀ ਵੱਲ ਹੱਥ ਕਰ ਕੇ ਹੱਸੀ, 'ਗਜ਼-ਗਜ਼ ਲੰਮੀ ਧੌਲ਼ੀ ਦਾੜ੍ਹੀ ਵਾਲੇ ਇਹ ਵੀ ਮੇਰੇ ਪੁੱਤ!'

ਮੈਂ ਗੱਲ ਪਲਟ ਕੇ ਉਨ੍ਹਾਂ ਦੇ ਲਿਖਣ ਬਾਰੇ ਪੁੱਛਿਆ। ਬੋਲੇ, 'ਹੁਣ ਕੰਮ ਹੁੰਦਾ ਨਹੀਂ। ਨਵਾਂ ਤਾਂ ਕੁਛ ਨਹੀਂ ਲਿਖਿਆ। ਇਕ ਦਿਨ ਭਾਪਾ ਜੀ ਆਏ ਸੀ, ਮੇਰੀਆਂ ਸਾਰੀਆਂ ਕਿਤਾਬਾਂ ਲੈ ਗਏ। ਪਤਾ ਨਹੀਂ ਉਨ੍ਹਾਂ ਦਾ ਕੀ ਕਰਨਗੇ। ਨਾ ਤਾਂ ਜੀ ਉਨ੍ਹਾਂ ਨੇ ਕੁਛ ਦੱਸਿਆ ਤੇ ਨਾ ਜੀ ਮੈਂ ਹੀ ਕੁਛ ਪੁੱਛਿਆ।'

ਬੇਬੇ ਨੇ ਟਿੱਚਰ ਕੀਤੀ, 'ਪਹਿਲਾਂ ਵੀ ਲਿਖਦੇ ਘੱਟ ਸੀ, ਇਕ ਵਾਰ ਲਿਖੇ ਉੱਤੇ ਮੁੜ-ਮੁੜ ਚੇਪੀਆਂ ਬਹੁਤੀਆਂ ਲਾਉਂਦੇ ਰਹਿੰਦੇ ਸੀ। ਮੇਰੇ ਮੈਦੇ ਦੇ ਵੈਰੀ।'

***(ਬਾਕੀ ਅਗਲੇ ਸਫੇ 'ਤੇ)***

# ਮਹਿਕ ਚਿੱਠੀਆਂ ਦੀ

ਕਹਿੰਦੇ ਨੇ ਕਿ ਬਦਲਾਓ ਕੁਦਰਤ ਦਾ ਨਿਯਮ ਹੈ। ਇਹ ਹੋਣਾ ਵੀ ਲਾਜ਼ਮੀ ਚਾਹੀਦਾ ਹੈ, ਨਹੀਂ ਤਾਂ ਜ਼ਿੰਦਗੀ ਨੀਰਸ ਜਿਹੀ ਬਣ ਜਾਵੇਗੀ। ਰਵਾਇਤ ਅਨੁਸਾਰ ਜਦੋਂ ਕਿਸੇ ਨਵੀਂ ਚੀਜ਼ ਦੇ ਆਉਣ ਨਾਲ਼ ਸਬੰਧਿਤ ਪੁਰਾਣੀ ਚੀਜ਼ ਦਾ ਖ਼ਾਤਮਾ ਹੁੰਦਾ ਹੈ ਤਾਂ ਦੁੱਖ ਵੀ ਹੁੰਦਾ ਹੈ। ਫ਼ੋਨ, ਮੋਬਾਈਲ, ਇੰਟਰਨੈੱਟ, ਐਸ.ਐਮ.ਐਸ, ਵ੍ਹਟਸਐਪ ਆਦਿ ਦੀ ਆਮਦ ਤੋਂ ਪਹਿਲਾਂ ਕੋਈ ਵੀ ਸੁਨੇਹਾ ਪਹੁੰਚਾਉਣ ਲਈ ਚਿੱਠੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਬੇਸ਼ੱਕ ਹੁਣ ਕੋਈ ਵੀ ਸੁਨੇਹਾ ਦੇਸ਼-ਵਿਦੇਸ਼ ਤੱਕ ਮਿੰਟਾਂ-ਸਕਿੰਟਾਂ ਵਿਚ ਪਹੁੰਚ ਜਾਂਦਾ ਹੈ ਪਰ ਜੋ ਕਿਸੇ ਆਪਣੇ ਦੀ ਹੱਥ-ਲਿਖਤ ਚਿੱਠੀ ਪੜ੍ਹ ਕੇ ਆਪਣੇਪਣ ਦਾ ਅਹਿਸਾਸ ਹੁੰਦਾ ਸੀ ਉਹ ਅਜੋਕੇ

ਅਮਰਬੀਰ ਸਿੰਘ ਚੀਮਾ
ਫੋਨ: 98889-40211

ਤਰੀਕਿਆਂ ਵਿਚ ਨਹੀਂ ਮਿਲ ਸਕਦਾ। ਪੁਰਾਣੀਆਂ ਫ਼ਿਲਮਾਂ ਵਿਚ ਆਪਾਂ ਅਕਸਰ ਦੇਖਦੇ ਹਾਂ ਕਈ ਵਾਰੀ ਕੋਈ ਆਦਮੀ ਕਿਸੇ ਔਰਤ ਵੱਲੋਂ ਲਿਖੀ ਚਿੱਠੀ ਪੜ੍ਹਦਾ ਸੀ ਤਾਂ ਚਿੱਠੀ ਵਾਲੇ ਕਾਗ਼ਜ਼ ਉੱਪਰ ਉਸ ਔਰਤ ਦੀ ਫ਼ੋਟੋ ਦਿਖਾਈ ਜਾਂਦੀ ਸੀ ਕਿਉਂਕਿ ਚਿੱਠੀ ਪੜ੍ਹਦੇ-ਪੜ੍ਹਦੇ ਲਿਖਣ ਵਾਲੇ ਦੀ ਤਸਵੀਰ ਮਨ ਵਿਚ ਛਪ ਜਾਂਦੀ ਸੀ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਚਿੱਠੀ ਲਿਖਣ ਵਾਲਾ ਸਾਹਮਣੇ ਹੀ ਬੈਠਾ ਹੈ। ਚਿੱਠੀ ਪੜ੍ਹਨ ਸਮੇਂ ਲਿਖਣ ਵਾਲੇ ਦੇ ਹੱਥਾਂ ਦੀ ਛੋਹ ਮਹਿਸੂਸ ਹੁੰਦੀ ਸੀ।

ਪਹਿਲਾਂ ਸੁੱਖ-ਦੁੱਖ ਦੱਸਣ ਦਾ ਇੱਕ ਮਾਤਰ ਸਾਧਨ ਚਿੱਠੀਆਂ ਹੀ ਸਨ। ਚਿੱਠੀ-ਪੱਤਰੀ ਦਾ ਅਹਿਸਾਸ ਘਰੋਂ ਬਾਹਰ ਰਹਿੰਦੇ ਜਾਂ ਵਿਦੇਸ਼ ਵੱਸੇ ਲੋਕਾਂ ਨੂੰ ਜ਼ਿਆਦਾ ਹੁੰਦਾ ਹੈ। ਹਰ ਰੋਜ਼ ਚਿੱਠੀ ਦੀ ਉਡੀਕ ਦਾ ਸਵਾਦ ਬਿਆਨ ਨਹੀਂ ਕੀਤਾ ਜਾ ਸਕਦਾ। ਚਿੱਠੀ ਮਿਲ ਜਾਣ 'ਤੇ ਉਸ ਨੂੰ ਪੜ੍ਹਨ ਦਾ ਸਵਾਦ ਉਸ ਤੋਂ ਵੀ ਜ਼ਿਆਦਾ ਹੁੰਦਾ ਹੈ। ਇੱਕੋ ਚਿੱਠੀ ਨੂੰ ਕਈ-ਕਈ ਵਾਰ ਪੜ੍ਹਨ ਦਾ ਵੀ ਆਪਣਾ ਹੀ ਲੁਤਫ਼ ਹੈ। ਫੇਰ ਚਿੱਠੀ ਲਿਖਣ ਦੀ ਵਾਰੀ ਆਉਂਦੀ ਹੈ ਜੋ ਆਪਣੇ ਆਪ ਵਿਚ ਇੱਕ ਕਲਾ ਹੀ ਹੈ।

ਸਾਡੇ ਦੇਸ਼ ਵਿਚ ਰੁਜ਼ਗਾਰ ਦੀ ਅਣਹੋਂਦ ਕਰਕੇ ਵਿਦੇਸ਼ ਜਾਣਾ ਨੌਜਵਾਨਾਂ ਦੀ ਮਜਬੂਰੀ ਹੈ। ਵਿਆਹ ਤੋਂ ਬਾਅਦ ਭਰੀ ਜਵਾਨੀ ਵਿਚ ਆਪਣੇ ਬਜ਼ੁਰਗ ਮਾਪਿਆਂ ਤੇ ਸੱਜ ਵਿਆਹੀ ਨਾਰ ਨੂੰ ਛੱਡ ਕੇ ਵਿਦੇਸ਼ ਜਾਣਾ ਕੋਈ ਸੌਖਾ ਨਹੀਂ ਹੁੰਦਾ। ਇਸ ਤੋਂ ਵੱਡਾ ਦਰਦ ਕੀ ਹੋ ਸਕਦਾ ਹੈ ਜਦੋਂ ਆਪਣੇ ਵਿਦੇਸ਼ੀ ਪੁੱਤ ਦੀ ਚਿੱਠੀ ਪੜ੍ਹ-ਪੜ੍ਹ ਕੇ ਬੁੱਢੇ ਮਾਂ-ਬਾਪ ਦੀਆਂ ਅੱਖਾਂ ਵਿਚਲੇ ਹੰਝੂ ਸੁੱਕ ਜਾਂ ਮੁੱਕ ਗਏ ਹੋਣ। ਇਸ ਤਰ੍ਹਾਂ ਦੇ ਵਿਛੋੜੇ ਦੇ ਦਰਦ ਨੂੰ ਉਹੀ ਬਿਆਨ ਕਰ ਸਕਦੇ ਹਨ ਜਿਨ੍ਹਾਂ ਨੇ ਇਸ ਨੂੰ ਭੋਗਿਆ ਹੈ। ਹਰ ਦਿਨ ਢਲਣ 'ਤੇ ਸੱਜ-ਵਿਆਹੀ ਦੀ ਜਵਾਨੀ ਵੀ ਢਲਦੀ ਜਾਂਦੀ ਹੈ। ਉਹ ਉਡੀਕਵਾਨ ਹੋਈ ਕਦੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖ ਕੇ ਝੂਰਦੀ ਰਹਿੰਦੀ ਹੈ, ਕਦੇ ਕੋਠੇ 'ਤੇ ਚੜ੍ਹ ਕੇ ਆਪਣੇ ਖ਼ਾਵੰਦ ਦੇ ਵਿਦੇਸ਼ੋਂ ਪਰਤਣ ਦੇ ਕਿਆਸ ਲਾਉਂਦੀ ਰਹਿੰਦੀ ਹੈ ਤੇ ਕਦੇ ਕਮਰੇ ਵਿਚ ਵੜ ਕੇ ਝੱਲਿਆਂ ਵਾਂਗ ਇਕੱਲੀ ਰੋਂਦੀ ਰਹਿੰਦੀ ਹੈ। ਅਜਿਹੇ ਵਿਚ ਸਿਰਫ਼ ਚਿੱਠੀਆਂ ਹੀ ਹੁੰਦੀਆਂ ਸਨ ਜਿਨ੍ਹਾਂ ਨੂੰ ਪੜ੍ਹ ਕੇ ਜਾਂ ਲਿਖ ਕੇ ਮਨ ਨੂੰ ਸਕੂਨ ਮਿਲਦਾ ਸੀ। ਵਿਦੇਸ਼ ਵੱਸਦੇ ਮਾਹੀ ਦੀ ਸੁੱਖ-ਸਾਂਦ ਦੀ ਚਿੱਠੀ ਲੈ ਕੇ ਆਉਣ ਵਾਲਾ ਡਾਕੀਆ ਕਿਸੇ ਮਸੀਹੇ ਤੋਂ ਘੱਟ ਨਹੀਂ ਸੀ ਲੱਗਦਾ। ਸੁਆਣੀ ਮਾਹੀ ਦੀਆਂ ਲਿਖੀਆਂ ਚਿੱਠੀਆਂ ਸਾਂਭ-ਸਾਂਭ ਰੱਖਦੀ ਤੇ ਉਨ੍ਹਾਂ ਨੂੰ ਵਾਰ-ਵਾਰ ਪੜ੍ਹਦੀ ਰਹਿੰਦੀ ਕਿ ਸ਼ਾਇਦ ਕਿਸੇ ਚਿੱਠੀ ਵਿਚ ਮਾਹੀ ਦੇ ਆਉਣ ਦੀ ਤਰੀਕ ਹੀ ਲਿਖੀ ਹੋਵੇ। ਚਿੱਠੀਆਂ ਨਾਲ਼ ਇੱਕ ਅਲੱਗ ਜਿਹਾ ਰਿਸ਼ਤਾ ਬਣਿਆ ਹੁੰਦਾ ਸੀ ਜਿਹੜਾ ਅਜੋਕੇ ਈ-ਮੇਲਜ਼ ਜਾਂ ਵ੍ਹਟਸਐਪ ਨਾਲ਼ ਨਹੀਂ ਬਣ ਸਕਦਾ। ਸਮੇਂ-ਸਮੇਂ ਕਿੰਨੇ ਹੀ ਗੀਤਕਾਰਾਂ ਨੇ ਬਿਰਹਾ ਦੇ ਦਰਦ ਨੂੰ ਆਪਣੀ ਕਲਮ ਨਾਲ਼ ਨਿਵਾਜਿਆ ਹੈ ਤੇ ਕਿੰਨੇ ਹੀ ਗਾਇਕਾਂ ਨੇ ਉਸ ਲਿਖੇ ਦਰਦ ਨੂੰ ਆਪਣੀ ਆਵਾਜ਼ ਰਾਹੀਂ ਬਿਆਨ ਕੀਤਾ ਹੈ।



ਸਾਡੇ ਫ਼ੌਜੀ ਜਵਾਨ ਵੀ ਇਹ ਦਰਦ ਆਪਣੇ ਸੀਨੇ 'ਤੇ ਹੰਢਾਉਂਦੇ ਹਨ। ਉਹ ਦੂਰ ਬਾਰਡਰਾਂ 'ਤੇ ਦੇਸ਼ ਦੀ ਰਾਖੀ ਕਰਨ ਹਿੱਤ ਕਈ-ਕਈ ਮਹੀਨੇ-ਸਾਲ ਆਪਣੇ ਘਰੋਂ ਬਾਹਰ ਰਹਿੰਦੇ ਹਨ। ਫ਼ੌਜੀ ਵੱਲੋਂ ਲਿਖੀ ਹਰ ਚਿੱਠੀ ਉਸਦੀ ਜ਼ਿੰਦਗੀ ਦੀ ਸਲਾਮਤੀ ਦੀ ਗਵਾਹੀ ਭਰਦੀ ਸੀ ਤੇ ਚਿੱਠੀ ਮਿਲ ਜਾਣ 'ਤੇ ਉਸਦੀ ਘਰਵਾਲੀ ਰੱਬ ਦਾ ਲੱਖ-ਲੱਖ ਸ਼ੁਕਰ ਕਰਦੀ ਸੀ। ਕੁਝ ਦਿਨ ਲੰਘਣ ਤੋਂ ਬਾਅਦ ਫੇਰ ਚਿੱਠੀ ਦੀ ਉਡੀਕ ਸ਼ੁਰੂ ਹੋ ਜਾਂਦੀ ਸੀ। ਬਾਰਡਰ ਉੱਤੇ ਮਾਹੌਲ ਖ਼ਰਾਬ ਹੋਣ ਸਮੇਂ ਕਿਸੇ ਕਾਰਨ ਚਿੱਠੀ ਨਾ ਮਿਲਣ 'ਤੇ ਜਾਂ ਲਿਖਣ ਵਿਚ ਦੇਰ ਹੋ ਜਾਣ 'ਤੇ ਕਿਸੇ ਵੀ ਫ਼ੌਜੀ ਦੇ ਘਰਦਿਆਂ ਤੇ ਘਰਵਾਲੀ ਦੀ ਹਾਲਤ ਬਿਨਾ ਪਾਣੀਓਂ ਮੱਛੀ ਵਰਗੀ ਹੋ ਜਾਂਦੀ ਸੀ। ਕਈ ਵਾਰ ਚਿੱਠੀ ਮਿਲੀ ਨੂੰ ਮਹੀਨੇ ਲੰਘ ਜਾਂਦੇ ਸੀ। ਜਿੱਥੇ ਅਗਲੇ ਪਲ ਦਾ ਹੀ ਪਤਾ ਨਹੀਂ ਆਵੇ ਕਿ ਨਾ ਆਵੇ ਉੱਥੇ ਮਹੀਨਾ-ਮਹੀਨਾ ਬਿਨਾ ਸੁੱਖ-ਸਾਂਦ ਜਾਣਿਆ ਕਿਵੇਂ ਲੰਘਦਾ ਹੋਵੇਗਾ ਇਹ ਮਹਿਸੂਸ ਕਰਦਿਆਂ ਹੀ ਰੌਂਗਟੇ ਖੜੇ ਹੋ ਜਾਂਦੇ ਹਨ। ਚਿੱਠੀ ਆਉਣ ਦਾ ਮਤਲਬ ਫ਼ੌਜੀ ਮਾਹੀ ਦੇ ਸਾਹ ਚੱਲਣ ਦੀ ਗਾਰੰਟੀ ਮੰਨਿਆ ਜਾਂਦਾ ਸੀ। ਬਾਰਡਰ 'ਤੇ ਬੈਠਾ ਕੋਈ ਫ਼ੌਜੀ ਆਪਣੀ ਫੌਜਣ ਦੇ ਖ਼ਿਆਲਾਂ ਵਿਚ ਖੋਇਆ ਹੋਇਆ ਜਿਵੇਂ ਕਹਿ ਰਿਹਾ ਹੋਵੇ

ਕਦੇ ਨੈਣ ਸੀ ਤੇਰੇ ਨਾਲ਼ ਲੜੇ ਫੌਜਣੇ,
ਅੱਜ ਬਾਰਡਰਾਂ 'ਤੇ ਫ਼ੌਜੀ ਤੇਰਾ ਲੜੇ ਫੌਜਣੇ।

ਮੇਰੇ ਬਿਦਰ ਪੜ੍ਹਦਿਆਂ ਸਾਡੇ ਕਾਲਜ ਦੇ ਹੋਸਟਲ ਵਿਚ ਕਰੀਬ ਚਾਰ-ਪੰਜ ਸੌ ਮੁੰਡੇ ਰਹਿੰਦੇ ਸਨ। ਉਦੋਂ ਉੱਥੇ ਡਾਕ ਦਾ ਸਮਾਂ ਦੁਪਹਿਰੇ ਇੱਕ-ਡੇਢ ਵਜੇ ਦਾ ਹੁੰਦਾ ਸੀ। ਮੈਨੂੰ ਯਾਦ ਹੈ ਕਿ ਡਾਕ ਵੰਡਣ ਵਾਲੇ ਡਾਕੀਏ ਦਾ ਨਾਂ ਮਿਸ਼ਰਾ ਸੀ ਤੇ ਦੁਪਹਿਰੇ ਜਦੋਂ ਉਹ ਡਾਕ ਲੈ ਕੇ ਆਉਂਦਾ ਸੀ ਤਾਂ ਉਹ ਦੇ ਕੋਲ ਸਾਰੇ ਮੁੰਡਿਆਂ ਦੀਆਂ ਢੇਰਾਂ ਚਿੱਠੀਆਂ ਹੁੰਦੀਆਂ ਸਨ। ਸਾਰੇ ਮੁੰਡੇ ਉਸ ਦੇ ਆਲੇ-ਦੁਆਲੇ ਝੁੰਡ ਬਣਾ ਕੇ ਉਹ ਨੂੰ ਘੇਰ ਹੀ ਲੈਂਦੇ ਸਨ। ਆਪਣੀ ਚਿੱਠੀ ਪਹਿਲਾਂ ਤੇ ਛੇਤੀ ਲੈਣ ਲਈ ਉਹਦੀਆਂ ਮਿੰਨਤਾਂ ਵੀ ਕਰਦੇ ਸੀ। ਉਹ ਵੀ ਫਟਾਫਟ ਕਮਰਾ ਨੰਬਰ ਬੋਲ-ਬੋਲ ਕੇ ਸਾਰੀਆਂ ਚਿੱਠੀਆਂ ਮਿੰਟਾਂ ਵਿਚ ਹੀ ਵੰਡ ਦਿੰਦਾ ਸੀ। ਕਈ ਵਾਰੀ ਕਿਸੇ ਮੁੰਡੇ ਦੀ ਚਿੱਠੀ ਉਸ ਦੇ ਦੋਸਤਾਂ ਦੇ ਹੱਥ ਲੱਗ ਜਾਂਦੀ ਤਾਂ ਉਹ ਸ਼ਾਮ ਤੱਕ ਉਸ ਦੀਆਂ ਮਿੰਨਤਾਂ ਕਰਾਉਂਦੇ ਰਹਿੰਦੇ ਤੇ ਪਾਰਟੀ ਲੈਣ ਦੇ ਭਰੋਸੇ ਮਗਰੋਂ ਹੀ ਉਸ ਨੂੰ ਚਿੱਠੀ ਦਿੰਦੇ। ਫੇਰ ਕਿਤੇ ਜਾ ਕੇ ਉਹ ਆਪਣੀ ਚਿੱਠੀ ਪੜ੍ਹਦਾ। ਏਦਾਂ ਕਿਸੇ ਨਾ ਕਿਸੇ ਦੀ ਪਾਰਟੀ ਰੋਜ਼ ਹੀ ਚੱਲਦੀ ਰਹਿੰਦੀ। ਕਈ ਵਾਰੀ ਤਾਂ ਕੁਝ ਸ਼ਰਾਰਤੀ ਮੁੰਡੇ ਪਾਰਟੀ ਲੈਣ ਦੇ ਮਾਰੇ ਝੂਠੀ ਚਿੱਠੀ ਆਉਣ ਦਾ ਨਾਟਕ ਵੀ ਕਰਦੇ। ਦੁਪਹਿਰ ਸਮੇਂ ਸਾਰੇ ਪੱਬਾਂ ਭਾਰ ਡਾਕੀਏ ਨੂੰ ਉਡੀਕਦੇ ਹੁੰਦੇ ਸੀ ਤੇ ਜਦੋਂ ਕਦੇ ਕਿਸੇ ਨੂੰ ਚਿੱਠੀ ਆਉਣ ਦੀ ਉਮੀਦ ਦੇ ਉਲਟ ਚਿੱਠੀ ਨਾ ਮਿਲਣੀ ਤਾਂ ਉਹ ਬਹੁਤ ਉਦਾਸ ਹੋ ਜਾਂਦਾ ਸੀ। ਜਿਸ ਦਿਨ ਡਾਕੀਏ ਨੇ ਨਾ ਆਉਣਾ ਤਾਂ ਡਾਕਖ਼ਾਨੇ ਤੱਕ ਉਸ ਨੂੰ ਦੇਖ ਕੇ ਆਉਂਦੇ ਸੀ।

ਉਸ ਸਮੇਂ ਬੈਂਕਾਂ ਦੇ ਏ.ਟੀ.ਐਮ. ਵਗੈਰਾ ਵੀ ਨਹੀਂ ਹੁੰਦੇ ਸੀ। ਇਸ ਲਈ ਸੁੱਖ-ਸਾਂਦ ਤੋਂ ਇਲਾਵਾ ਘਰੋਂ ਪੈਸੇ ਮੰਗਵਾਉਣ ਦਾ ਵੀ ਇੱਕੋ-ਇੱਕ ਸਾਧਨ ਚਿੱਠੀ ਹੀ ਸੀ। ਚਿੱਠੀ ਵਾਲੇ ਹਲਕੇ ਪੀਲੇ ਰੰਗ ਦੇ ਲਿਫ਼ਾਫ਼ੇ ਵਿਚ ਹੀ ਲੋੜੀਂਦੇ ਪੈਸਿਆਂ ਦਾ ਬੈਂਕ-ਡਰਾਫ਼ਟ ਵੀ ਹੁੰਦਾ ਸੀ। ਕਈਆਂ ਨੂੰ ਪੈਸਿਆਂ ਕਰਕੇ ਵੀ ਚਿੱਠੀ ਦੀ ਜ਼ਿਆਦਾ ਉਡੀਕ ਰਹਿੰਦੀ ਸੀ। ਜਦੋਂ ਕਿਸੇ ਕੋਲ ਪੈਸੇ ਬਿਲਕੁਲ ਖ਼ਤਮ ਹੋ ਜਾਣ ਵਾਲੇ ਹੋ ਜਾਣੇ ਤਾਂ ਐਮਰਜੈਂਸੀ ਵਰਗੇ ਹਾਲਾਤ ਹੋ ਜਾਂਦੇ। ਇਕਦਮ ਚਿੱਠੀ ਪਾਉਣ ਦਾ ਮਤਲਬ ਪਹਿਲਾਂ ਦਸ-ਬਾਰਾਂ ਦਿਨਾਂ ਵਿਚ ਚਿੱਠੀ ਘਰ ਪਹੁੰਚਣੀ ਤੇ ਫੇਰ ਇੰਨੇ ਹੀ ਦਿਨਾਂ ਵਿਚ ਉਸ ਚਿੱਠੀ ਦਾ ਜਵਾਬ ਆਉਣਾ। ਅਜਿਹੇ ਮੌਕੇ ਟੈਲੀਗਰਾਮ ਦੀ ਸੇਵਾ ਲਈ ਜਾਂਦੀ ਸੀ। ਕਿਉਂਕਿ ਟੈਲੀਗਰਾਮ ਕਰਨ ਲਈ ਪੈਸੇ ਪ੍ਰਤੀ ਸ਼ਬਦ ਦੇ ਹਿਸਾਬ ਨਾਲ ਲੱਗਦੇ ਸਨ ਇਸ ਲਈ ਜ਼ਿਆਦਾ ਮੁੰਡੇ ਟੈਲੀਗਰਾਮ ਵਿਚ ਸਿਰਫ਼ 'ਐਂਡ ਮਨੀ ਸੈਂਡ ਮਨੀ' ਹੀ ਲਿਖਦੇ ਹੁੰਦੇ ਸੀ। ਟੈਲੀਗਰਾਮ ਦੂਜੇ ਦਿਨ ਪਹੁੰਚ ਜਾਂਦੀ ਸੀ।

ਚਿੱਠੀਆਂ ਦੀ ਹੋਂਦ ਨੂੰ ਖ਼ਤਰਾ ਤਾਂ ਟੈਲੀਫ਼ੋਨ ਸੇਵਾ ਦੀ ਆਮਦ ਨਾਲ਼ ਹੀ ਹੋ ਗਿਆ ਸੀ ਪਰ ਫੇਰ ਵੀ ਲੋਕ ਕਿਸੇ ਨਾ ਕਿਸੇ ਤਰ੍ਹਾਂ ਚਿੱਠੀਆਂ ਨਾਲ ਜੁੜੇ ਰਹੇ। ਮੋਬਾਈਲ ਆਉਣ ਨਾਲ ਚਿੱਠੀਆਂ ਦਾ ਰੁਝਾਨ ਹੋਰ ਵੀ ਘਟ ਗਿਆ। ਗਾਇਕ ਹੰਸ ਰਾਜ ਹੰਸ ਨੇ ਤਾਂ ਓਦੋਂ ਹੀ ਗੀਤ ਗਾ ਦਿੱਤਾ ਸੀ -

ਤੁਸੀਂ ਚਿੱਠੀਆਂ ਪਾਉਣੀਆਂ ਭੁੱਲ ਗਏ ਜਦੋਂ ਦਾ ਟੈਲੀਫ਼ੋਨ ਲੱਗਿਆ।

ਅੱਜ ਭਾਵੇਂ ਕੋਈ ਵੀ ਸੁਨੇਹਾ ਦੇਸ਼-ਵਿਦੇਸ਼ ਨਾਲ ਦੀ ਨਾਲ ਪਹੁੰਚ ਜਾਂਦਾ ਹੈ ਪਰ ਉਸ ਵਿਚ ਉਹ ਅਪਣੱਤ ਤੇ ਨਿੱਘ ਨਹੀਂ ਹੈ। ਚਿੱਠੀਆਂ ਦੀ ਜਗ੍ਹਾ ਈ-ਮੇਲਜ਼ ਨੇ ਲੈ ਲਈ ਹੈ ਅਤੇ ਹੁਣ ਤਾਂ ਹੋਰ ਵੀ ਬਹੁਤ ਸਾਰੀਆਂ ਐਪਸ ਤੇ ਸੋਸ਼ਲ-ਨੈੱਟਵਰਕਿੰਗ ਸਾਈਟਸ ਆ ਚੁੱਕੀਆਂ ਹਨ। ਚਿੱਠੀਆਂ ਤਾਂ ਹੁਣ ਜ਼ਿਆਦਾਤਰ ਸਰਕਾਰੀ ਦਫ਼ਤਰਾਂ ਤੋਂ ਹੀ ਆਉਂਦੀਆਂ ਹਨ। ਸਰਕਾਰੀ ਵਿਭਾਗ ਵੀ ਹੌਲੀ-ਹੌਲੀ ਆਨ-ਲਾਈਨ ਹੋ ਰਹੇ ਹਨ ਜਾਂ ਹੋ ਚੁੱਕੇ ਹਨ। ਲੱਗਦਾ ਹੈ ਕਿ ਟੈਲੀਗਰਾਮ ਸੇਵਾ ਵਾਂਗ ਚਿੱਠੀਆਂ ਵੀ ਇੱਕ ਦਿਨ ਬੀਤੇ ਸਮੇਂ ਦੀ ਕਹਾਣੀ ਬਣ ਜਾਣਗੀਆਂ ਪਰ ਜਿਹੜੇ ਲੋਕ ਚਿੱਠੀਆਂ ਪੜ੍ਹਦੇ-ਲਿਖਦੇ ਰਹੇ ਹਨ, ਉਨ੍ਹਾਂ ਦੇ ਮਨਾਂ ਵਿਚ ਚਿੱਠੀਆਂ ਦੀਆਂ ਕੌੜੀਆਂ-ਮਿੱਠੀਆਂ ਯਾਦਾਂ ਹਮੇਸ਼ਾ ਬਣੀਆਂ ਰਹਿਣਗੀਆਂ। ਉਨ੍ਹਾਂ ਨੂੰ ਅੱਜ ਵੀ ਕਿਸੇ ਸੱਜਣ-ਮਿੱਤਰ ਦੀ ਮਹਿਕਾਂ ਬਿਖੇਰਦੀ ਹੋਈ ਚਿੱਠੀ ਦੀ ਉਡੀਕ ਹੋਵੇਗੀ।

---

## ਰਹਿਣੀ-ਬਹਿਣੀ ਦੇ ਫ਼ਕੀਰ ਤੇ ਲੋਕਵੇਦ ਦੇ ਮਹਾਂਰਿਸ਼ੀ ਦੇਵਿੰਦਰ ਸਤਿਆਰਥੀ

*(ਪਿਛਲੇ ਸਫੇ ਦਾ ਬਾਕੀ)*

'ਇਉਂ ਤਾਂ ਨਾ ਕਹੋ, ਬੇਬੇ। ਲਿਖਿਆ ਤਾਂ ਬਹੁਤ ਹੈ ਇਨ੍ਹਾਂ ਨੇ। ਪੰਜਾਬੀ ਵਿਚ ਤਾਂ ਲਿਖਿਆ ਹੀ, ਉਰਦੂ, ਹਿੰਦੀ ਤੇ ਅੰਗਰੇਜ਼ੀ ਵਿਚ ਵੀ ਲਿਖਿਆ। ਕਹਾਣੀਆਂ, ਨਾਵਲ, ਕਵਿਤਾਵਾਂ, ਲੇਖ, ਸਵੈ-ਜੀਵਨੀ। ਅਨੇਕ ਭਾਸ਼ਾਵਾਂ ਦੇ ਹਜ਼ਾਰਾਂ ਲੋਕਗੀਤ ਇਕੱਠੇ ਕੀਤੇ। ਕੋਈ ਗਿਣਤੀ-ਮਿਣਤੀ ਹੈ ਇਨ੍ਹਾਂ ਦੇ ਸਾਹਿਤਕ ਕੰਮ ਦੀ!'

ਬੇਬੇ ਨੇ ਹਉਕਾ ਲਿਆ, 'ਪਰ ਜੇ ਚੇਪੀਆਂ ਦਾ ਚੰਦਰਾ ਵੈਲ ਨਾ ਲਗਿਆ ਹੁੰਦਾ, ਭਾਵੇਂ ਗੱਡਿਆਂ ਦੇ ਗੱਡੇ ਕਿਤਾਬਾਂ ਹੋਰ ਲਿਖ ਲੈਂਦੇ।'

ਸਤਿਆਰਥੀ ਜੀ ਨੇ ਗੱਲ ਵਿਚੋਂ ਗੱਲ ਕੱਢੀ, 'ਦੇਖੋ ਜੀ, ਆਪਣੇ ਲੋਕਯਾਨ ਵਿਚ ਸਾਹਿਤ ਤੇ ਗੱਡੇ ਦਾ ਕਿੰਨਾ ਗੂੜ੍ਹਾ ਨਾਤਾ ਹੈ!...ਅਖੇ, ਪੜ੍ਹ-ਪੜ੍ਹ ਗੱਡੇ ਲੱਦੀਏ...ਲੋਕਮਾਤਾ ਆਖਦੀ ਹੈ, ਗੱਡਿਆਂ ਦੇ ਗੱਡੇ ਕਿਤਾਬਾਂ!'

ਨਰਿੰਦਰ ਕਹਿਣ ਲਗਿਆ, 'ਹੁਣ ਘਰ ਬੈਠੇ ਹੋ ਤਾਂ ਬੂਟਾਂ ਨੂੰ ਵੀ ਸੁਖ ਦਾ ਸਾਹ ਆਇਆ ਹੋਊ। ਕਦੀ ਤੁਸੀਂ ਲਿਖਿਆ ਸੀ, ਚਾਲੀ ਬੂਟ ਹੰਢਾ ਲਏ ਦਿੱਲੀ ਵਸਦਿਆਂ।'

'ਉਹ ਤਾਂ ਜੀ, ਚਾਲੀ ਵਰ੍ਹੇ ਪਹਿਲਾਂ ਲਿਖਿਆ ਸੀ। ਉਸ ਪਿਛੋਂ ਤਾਂ ਚਾਲੀ ਦੂਣੀ ਅੱਸੀ ਬੂਟ ਹੋਰ ਘਸ ਗਏ ਹੋਣਗੇ। ਜੀ ਮੈਂ ਬੂਟਾਂ ਨਾਲ ਕਰਦਾ ਵੀ ਭੈੜੀ ਸੀ। ਜੇ ਬੂਟ ਬਿਚਾਰੇ ਬੋਲ ਸਕਦੇ ਹੁੰਦੇ, ਮੈਨੂੰ ਦੁਕਾਨ ਵਿਚ ਵੜਦਾ ਦੇਖ ਕੇ ਡੱਬਿਆਂ ਵਿਚ ਪਏ ਹੀ ਚੀਕਾਂ ਮਾਰ ਉਠਦੇ, ਅਸੀਂ ਏਸ ਬੰਦੇ ਦੇ ਪੈਰੀਂ ਨਹੀਂ ਪੈਣਾ', ਸਤਿਆਰਥੀ ਜੀ ਖੁੱਲ੍ਹ ਕੇ ਹੱਸੇ।

ਬੇਬੇ ਦਾ ਉਹੋ ਪੁਰਾਣਾ ਦੁਖੜਾ, 'ਬਥੇਰੇ ਬੂਟ ਘਸਾ ਲਏ। ਕੋਈ ਗਿਣਤੀ ਐ। ਬਥੇਰਾ ਤੁਰ ਲਿਆ ਸਾਰੀ ਉਮਰ। ਕੋਈ ਕੋਹਾਂ ਦਾ ਲੇਖਾ ਐ। ਤੋਰੀ ਦੇ ਕਿਧਰ ਸੀ, ਤੁਰ ਕਿਧਰੇ ਜਾਂਦੇ ਸੀ।'

'ਲਉ ਜੀ, ਇਕੇਰਾਂ ਲੋਕਮਾਤਾ ਭੁੱਲ ਕੇ ਮੈਨੂੰ ਦੁਕਾਨ ਤੋਂ ਸਬਜ਼ੀ ਲਿਆਉਣ ਲਈ ਭੇਜ ਬੈਠੀ', ਸਤਿਆਰਥੀ ਜੀ ਸ਼ਰਾਰਤੀ ਹਾਸੀ ਹੱਸੇ, 'ਮੈਂ ਤਿੰਨ ਹਫ਼ਤੇ ਨਾ ਮੁੜਿਆ।'

'ਤਿੰਨ ਹਫ਼ਤੇ ਨਹੀਂ, ਪੂਰੇ ਤਿੰਨ ਮਹੀਨੇ।...ਹੁਣ ਭੁੱਲਣ ਵੀ ਲੱਗ ਗਏ', ਬੇਬੇ ਨੇ ਹਵਾ ਵਿਚ ਹੱਥ ਮਾਰਿਆ, 'ਹੁਣ ਇਨ੍ਹਾਂ ਦਾ ਚੇਤਾ ਪੂਰਾ ਕੰਮ ਨਹੀਂ ਕਰਦਾ।'

'ਲੋਕਮਾਤਾ ਨੇ ਤਾਂ ਜੀ ਮੇਰਾ ਚੇਤਾ ਕਦੇ ਵੀ ਪੂਰਾ ਕੰਮ ਕਰਦਾ ਨਹੀਂ ਮੰਨਿਆ।...ਉਹ ਗੱਲ ਇਉਂ ਹੋਈ ਜੀ', ਸਤਿਆਰਥੀ ਜੀ ਪੁਰਾਣਾ ਕਿੱਸਾ ਨਵੇਂ ਵਾਂਗ ਸੁਆਦ ਲੈ ਕੇ ਸੁਣਾਉਣ ਲਗੇ, 'ਕੁਦਰਤ ਦੀ ਖੇਡ ਦੇਖੋ, ਚਿੱਤ ਵਿਚ ਕੀ ਆਈ, ਸਬਜ਼ੀ ਖਰੀਦਣ ਗਿਆ ਮੈਂ ਮਿੱਤਰਾਂ ਨੂੰ ਮਿਲਣ ਪਾਕਿਸਤਾਨ ਪਹੁੰਚ ਗਿਆ। ਲੋਕਮਾਤਾ ਨੇ ਨਹਿਰੂ ਨੂੰ ਚਿੱਠੀ ਲਿਖ ਦਿੱਤੀ, ਤੁਸੀਂ 'ਡਿਸਕਵਰੀ ਆਫ਼ ਇੰਡੀਆ' ਲਿਖ ਕੇ ਇੰਡੀਆ ਤਾਂ ਲੱਭ ਲਿਆ, ਹੁਣ ਮੇਰਾ ਪਤੀ ਲੱਭੋ ਤਾਂ ਜਾਣਾਂ। ਉਨ੍ਹਾਂ ਨੇ ਪਾਕਿਸਤਾਨ ਵਿਚ ਭਾਰਤੀ ਦੂਤਾਵਾਸ ਨੂੰ ਹੁਕਮ ਚਾੜ੍ਹਿਆ। ਭਾਰਤੀ ਹਾਈ ਕਮਿਸ਼ਨਰ ਦੀ ਪਤਨੀ ਨੇ ਮੈਨੂੰ ਲੱਭ-ਲਭਾ ਕੇ ਸਮੁੱਚੀ ਇਸਤਰੀ ਜਾਤੀ ਦਾ ਵਾਸਤਾ ਪਾਉਂਦਿਆਂ ਹੱਥ ਜੋੜੇ ਕਿ ਮੈਂ ਘਰ ਪਰਤ ਜਾਵਾਂ।'

ਭਾਪਾ ਜੀ ਨੇ ਉਨ੍ਹਾਂ ਦੀਆਂ ਸਾਰੀਆਂ ਪੰਜਾਬੀ ਰਚਨਾਵਾਂ ਇਕੋ ਜਿਲਦ ਵਿਚ ਛਾਪਣ ਦੀ ਸਲਾਹ ਬਣਾਈ, ਕਹਾਣੀਆਂ, ਕਵਿਤਾਵਾਂ, ਨਾਵਲ, ਯਾਦਾਂ, ਆਦਿ, ਸਭ! ਸਤਿਆਰਥੀ ਜੀ ਨੂੰ ਉਨ੍ਹਾਂ ਦਾ ਕਹਿਣਾ ਸੀ ਕਿ ਰਚਨਾਵਾਂ ਨੂੰ ਤਰਤੀਬ ਦੇਣੀ, ਹਰ ਪੁਸਤਕ ਦੇ ਅਗਲੇ ਪੰਨਿਆਂ ਵਾਲੀ ਜਾਣਕਾਰੀ ਪੁਸਤਕ-ਸੰਗ੍ਰਹਿ ਦੀ ਲੋੜ ਅਨੁਸਾਰ ਸੰਖੇਪ ਕਰਨੀ, ਘੱਟੋ-ਘੱਟ ਦੋ ਵਾਰ ਪਰੂਫ਼ ਪੜ੍ਹਨੇ, ਸਾਰਾ ਕੰਮ ਬਹੁਤ ਮਿਹਨਤ, ਸਗੋਂ ਮੁਸ਼ੱਕਤ ਵੀ ਮੰਗੇਗਾ ਤੇ ਹੋਰ ਸਾਰੇ ਕੰਮ ਛੱਡ ਕੇ ਲੰਮਾ ਸਮਾਂ ਵੀ। ਇਕ ਦਿਨ ਮੈਂ ਮਿਲਣ ਗਿਆ ਤਾਂ ਸਤਿਆਰਥੀ ਜੀ ਬੋਲੇ, 'ਮੈਂ ਤਾਂ ਹੁਣ ਇਹ ਕੰਮ ਕਰਨ ਜੋਗਾ ਹਾਂ ਨਹੀਂ। ਦੇਖੋ ਭੁੱਲਰ ਜੀ, ਜਦੋਂ ਦੁਰਾਨੀਆਂ ਨੂੰ ਅੰਮ੍ਰਿਤਸਰੋਂ ਭਜਾਉਣ ਦਾ ਮਸਲਾ ਖੜ੍ਹਾ ਹੋਇਆ ਸੀ, ਸਭ ਇਕ ਦੂਜੇ ਨੂੰ ਦੇਖਣ ਲੱਗੇ ਸਨ। ਆਖ਼ਰ ਆਪਣੇ ਇਲਾਕੇ ਵਿਚੋਂ ਦਮਦਮਾ ਸਾਹਿਬ ਤੋਂ ਬਾਬਾ ਦੀਪ ਸਿੰਘ ਨੇ ਪੰਦਰਾਂ ਸੇਰ ਭਾਰਾ ਫ਼ੌਲਾਦੀ ਖੰਡਾ ਚੁੱਕਿਆ ਸੀ। ਇਹ ਮੇਰੀਆਂ ਸਾਰੀਆਂ ਪੁਸਤਕਾਂ ਨੂੰ ਇਕੋ ਗ੍ਰੰਥ ਦਾ ਰੂਪ ਦੇਣ ਦਾ ਕੰਮ ਵੀ ਦੁਰਾਨੀਆਂ ਨੂੰ ਭਜਾਉਣ ਨਾਲੋਂ ਘੱਟ ਮੁਸ਼ਕਿਲ ਨਹੀਂ!' ਉਨ੍ਹਾਂ ਨੇ ਮੇਰੇ ਮੋਢੇ ਉੱਤੇ ਹੱਥ ਰਖਿਆ, 'ਪੰਦਰਾਂ ਸੇਰ ਭਾਰਾ ਖੰਡਾ ਤਾਂ ਜੀ ਹੁਣ ਵੀ ਕਲਮ ਦੇ ਰੂਪ ਵਿਚ ਆਪਣੇ ਇਲਾਕੇ ਦੇ ਹੀ ਕਿਸੇ ਸਿਦਕੀ-ਸਿਰੜੀ ਨੂੰ ਚੁੱਕਣਾ ਪਵੇਗਾ!'

ਮੈਂ ਉਨ੍ਹਾਂ ਦੇ ਗੋਡੇ ਛੋਹੇ, 'ਠੀਕ ਹੈ, ਸਤਿਆਰਥੀ ਜੀ, ਬੇਫ਼ਿਕਰ ਹੋ ਜਾਓ। ਭਾਪਾ ਜੀ ਨੂੰ ਅੱਜ ਹੀ ਸਾਰੀਆਂ ਪੁਸਤਕਾਂ ਭੇਜਣ ਵਾਸਤੇ ਫੋਨ ਕਰ ਦੇਵਾਂਗਾ।' ਮੈਂ ਭਾਪਾ ਜੀ ਨੂੰ ਇਹ ਵੀ ਆਖਿਆ, 'ਤੁਸੀਂ ਮੈਥੋਂ ਵੱਧ ਜਾਣਦੇ ਹੋ, ਕੰਮ ਬੜਾ ਵੱਡਾ, ਫ਼ੈਲਵਾਂ ਤੇ ਸਮਾਂ-ਖਾਊ ਹੈ। ਬਾਬਿਆਂ ਦੀ ਸਿਹਤ ਛੱਪੜ ਦੇ ਪਾਣੀ ਵਾਂਗ ਸੁਕਦੀ ਜਾਂਦੀ ਹੈ। ਸਭ ਕੰਮ ਛੱਡ ਕੇ ਇਸੇ ਨੂੰ ਲੱਗ ਜਾਈਏ। ਗ੍ਰੰਥ ਛਪ ਜਾਵੇ, ਪੰਜਾਬੀ ਭਵਨ ਵਿਚ ਵੱਡਾ ਇਕੱਠ ਕਰ ਕੇ ਪੂਰੇ ਆਦਰ-ਮਾਣ ਤੇ ਜਲੌਅ ਨਾਲ ਉਨ੍ਹਾਂ ਨੂੰ ਭੇਟ ਕਰ ਦੇਈਏ।'

ਭਾਪਾ ਜੀ ਬੋਲੇ, 'ਤੁਸਾਂ ਮੇਰੇ ਮਨ ਦੀ ਬੁੱਝ ਲਈ ਏ। ਬਿਲਕੁਲ ਇੰਜ ਹੀ ਕਰਾਂਗੇ।'

ਉਨ੍ਹਾਂ ਦੀਆਂ ਸਾਰੀਆਂ ਪੰਜਾਬੀ ਪੁਸਤਕਾਂ ਪੰਜ ਭਾਗਾਂ ਵਿਚ ਵੰਡੀਆਂ ਗਈਆਂ। ਪਹਿਲੇ ਭਾਗ ਵਿਚ ਚਾਰ ਪੁਸਤਕਾਂ ਲੋਕਗੀਤਾਂ ਬਾਰੇ, ਦੂਜੇ ਵਿਚ ਨੌਂ ਕਹਾਣੀ-ਸੰਗ੍ਰਹਿ, ਤੀਜੇ ਵਿਚ ਨਾਵਲ 'ਘੋੜਾ ਬਾਦਸ਼ਾਹ' ਤੇ ਚੌਥੇ ਭਾਗ ਵਿਚ ਚਾਰ ਕਾਵਿ-ਸੰਗ੍ਰਹਿ ਇਕੱਠੇ ਹੋ ਗਏ। ਪੰਜਵਾਂ ਭਾਗ ਇਕੱਲੀ ਪੁਸਤਕ 'ਮੇਰੇ ਸਫ਼ਰ ਦੀਆਂ ਯਾਦਾਂ' ਦੇ ਰੂਪ ਵਿਚ ਹੈ। ਅਸਲ ਵਿਚ ਇਹ ਉਨ੍ਹਾਂ ਦੇ ਸਫ਼ਰ ਦੀਆਂ ਨਹੀਂ, ਜੀਵਨ-ਸਫ਼ਰ ਦੀਆਂ ਯਾਦਾਂ ਹਨ, ਜਿਨ੍ਹਾਂ ਵਿਚ ਅਨੇਕ ਮਹਾਨ ਵਿਅਕਤੀਆਂ ਨਾਲ ਉਨ੍ਹਾਂ ਦੀਆਂ ਮਿਲਣੀਆਂ ਵੀ ਸ਼ਾਮਲ ਹਨ। ਗ੍ਰੰਥ ਦਾ ਨਾਂ ਮੈਂ 'ਸਤਿਆਰਥ' ਰੱਖ ਦਿੱਤਾ। ਪਹਿਲੇ ਪਰੂਫ਼ ਆਏ ਤਾਂ ਸਾਧਾਰਨ ਪੁਸਤਕ ਤੋਂ ਦੁਗੁਣੇ ਵੱਡੇ ਆਕਾਰ ਵਿਚ ਸੰਘਣੀ ਜੜਤ ਵਾਲ਼ੇ ਦੋ-ਕਾਲਮੀ 880 ਪੰਨੇ ਬਣੇ ਹੋਏ ਸਨ। ਦੂਜੇ ਪਰੂਫ਼ਾਂ ਨੂੰ ਛਪਣਜੋਗ ਬਣਾ ਕੇ ਮੈਂ ਪੁਲੰਦਾ ਭਾਪਾ ਜੀ ਨੂੰ ਦੇਣ ਤੁਰਿਆ ਤਾਂ ਸਤਿਆਰਥੀ ਜੀ ਵਾਲੇ ਰਾਹੋਂ ਹੋ ਲਿਆ। ਉਹ ਤਾਂ ਆਪ ਸੰਪਾਦਨ ਦੇ ਮਹਾਂ-ਅਨੁਭਵੀ ਤੇ ਦਿੱਖ ਨਿਖਾਰਨ ਦੇ ਕਲਾਕਾਰ ਸਨ, ਪਰੂਫ਼ ਫਰੋਲੇ-ਦੇਖੇ ਤਾਂ ਉਨ੍ਹਾਂ ਦੇ ਚਿਹਰੇ ਦਾ ਰੰਗ ਦੇਖਣ ਵਾਲਾ ਸੀ। ਬੋਲੇ, 'ਇਹਨੂੰ ਕਹਿੰਦੇ ਨੇ ਜੀ ਪੰਦਰਾਂ ਸੇਰ ਦਾ ਖੰਡਾ ਵਾਹੁਣਾ!'

ਉਨ੍ਹਾਂ ਦਾ 95ਵਾਂ ਸਾਲ ਮੁੱਕਣ ਵੱਲ ਜਾ ਰਿਹਾ ਸੀ ਤੇ 'ਸਤਿਆਰਥ' ਦੇ ਫ਼ਰਮੇ ਫਟਾਫਟ ਛਪ ਰਹੇ ਸਨ ਕਿ 12 ਫ਼ਰਵਰੀ 2003 ਨੂੰ ਪੈਰਾਂ ਵਿਚ ਲਗਾਤਾਰ ਯਾਤਰਾ ਲਿਖੀ ਵਾਲਾ ਯਾਤਰੀ ਲੰਮੀ ਇਕ-ਮਾਰਗੀ ਯਾਤਰਾ ਉੱਤੇ ਤੁਰ ਗਿਆ ਤੇ ਪਿੱਛੇ ਅਜਿਹਾ ਖਾਲੀ ਆਸਨ ਛੱਡ ਗਿਆ ਜਿਸ ਉੱਤੇ ਬੈਠਣ ਵਾਲਾ ਪੰਜਾਬੀ ਸਾਹਿਤ ਨੂੰ ਕਦੀ ਕੋਈ ਨਹੀਂ ਲੱਭੇਗਾ! ਕੁਝ ਦਿਨਾਂ ਮਗਰੋਂ ਭਾਪਾ ਜੀ ਨੇ 'ਸਤਿਆਰਥ' ਭੇਜਿਆ ਤਾਂ ਦੇਖ ਕੇ ਰੂਹ ਰੱਜ ਗਈ! ਝੋਰਾ ਹੋਇਆ, ਉਨ੍ਹਾਂ ਦੇ ਦੇਖੇ ਹੋਏ ਪਰੂਫ਼ਾਂ ਤੋਂ ਬਣਿਆ ਸੁੰਦਰ-ਸਜੀਲਾ ਗ੍ਰੰਥ ਅਸੀਂ ਉਨ੍ਹਾਂ ਨੂੰ ਹਾਲ-ਗੁੰਜਾਵੀਆਂ ਤਾੜੀਆਂ ਵਿਚ ਭੇਟ ਨਾ ਕਰ ਸਕੇ, ਪਰ ਕੁਛ-ਕੁਛ ਤਸੱਲੀ ਵੀ ਰਹੀ, ਘੱਟੋ-ਘੱਟ ਉਹ ਗ੍ਰੰਥ ਨੂੰ ਛਪਾਈ ਵਿਚ ਪਿਆ ਤਾਂ ਦੇਖ ਹੀ ਗਏ ਸਨ!

ਅਚਾਨਕ ਖ਼ਿਆਲ ਆਇਆ, ਇਸ ਗ੍ਰੰਥ ਦੇ ਰਚਨਾਕਾਰ ਨੂੰ ਪੰਜਾਬੀ ਵਾਲ਼ਿਆਂ ਨੇ ਸਾਹਿਤ ਅਕਾਦਮੀ ਦੇ ਇਨਾਮ ਦੇ ਯੋਗ ਨਹੀਂ ਸਮਝਿਆ। ਕਦੀ ਜੇ ਇਹ ਗੱਲ ਚੱਲ ਪੈਂਦੀ ਤਾਂ ਉਹ ਫ਼ੱਕਰ-ਫ਼ਕੀਰ ਬੰਦ ਆਖਦੇ, 'ਜਦੋਂ ਸਾਹਿਤ ਅਕਾਦਮੀ ਦਾ ਇਨਾਮ ਕਿਸੇ ਵੀ ਹੋਰ ਲੇਖਕ ਨੂੰ ਮਿਲਦਾ ਹੈ, ਉਹ ਵੀ ਮੈਨੂੰ ਹੀ ਮਿਲਦਾ ਹੈ। ਦੇਖੋ ਨਾ ਭੁੱਲਰ ਜੀ, ਆਖ਼ਰ ਇਨਾਮ ਮਿਲਿਆ ਤਾਂ ਸਾਹਿਤ ਨੂੰ ਹੀ ਹੈ ਨਾ ਤੇ ਸਾਹਿਤ ਵਿਚ ਮੇਰਾ ਵੀ ਤਾਂ ਸੀਰ ਹੈ! ਸਗੋਂ ਸਾਹਿਤ ਅਕਾਦਮੀ ਦਾ ਇਨਾਮ ਕੀ, ਜਦੋਂ ਕਿਸੇ ਲੇਖਕ ਨੂੰ ਨੋਬਲ ਇਨਾਮ ਮਿਲਦਾ ਹੈ, ਉਹ ਵੀ ਨਾਲ ਹੀ ਮੈਨੂੰ ਵੀ ਮਿਲਦਾ ਹੈ।'

ਵੈਸੇ ਉਨ੍ਹਾਂ ਦੀ ਬੋਹਣੀ ਤਾਂ ਵਧੀਆ ਹੋਈ ਸੀ। 1949 ਵਿਚ, ਸ਼ਾਇਦ ਉਹ ਇਨਾਮਾਂ ਦਾ ਪਹਿਲਾ ਵਰ੍ਹਾ ਸੀ, ਭਾਸ਼ਾ ਵਿਭਾਗ ਨੇ ਜਿਹੜੇ ਪੰਜ ਮਾਣਯੋਗ ਲੇਖਕ ਸਨਮਾਨੇ ਸਨ, ਉਸ ਸਨ ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਪ੍ਰਿੰ. ਤੇਜਾ ਸਿੰਘ, ਦੇਵਿੰਦਰ ਸਤਿਆਰਥੀ ਤੇ ਈਸ਼ਵਰ ਚੰਦ ਨੰਦਾ। 1976 ਵਿਚ ਭਾਰਤ ਸਰਕਾਰ ਨੇ ਪਦਮਸ਼੍ਰੀ ਭੇਟ ਕੀਤਾ। 1977 ਵਿਚ ਭਾਸ਼ਾ ਵਿਭਾਗ ਨੇ ਉਨ੍ਹਾਂ ਨੂੰ ਸ੍ਰੇਸ਼ਟ ਹਿੰਦੀ ਲੇਖਕ ਵਜੋਂ ਸਨਮਾਨਿਆ। 1987 ਵਿਚ ਪੰਜਾਬੀ ਅਕਾਦਮੀ, ਦਿੱਲੀ ਨੇ ਸਰਵੋਤਮ ਸਾਹਿਤਕਾਰ ਸਨਮਾਨ ਅਤੇ 1989 ਵਿਚ ਹਿੰਦੀ ਅਕਾਦਮੀ, ਦਿੱਲੀ ਨੇ ਵਿਸ਼ੇਸ਼ ਸਨਮਾਨ ਦਿੱਤਾ। ਕਈ ਨਾਮੀ ਗ਼ੈਰ-ਸਰਕਾਰੀ ਸੰਸਥਾਵਾਂ ਨੇ ਸਨਮਾਨਿਤ ਕੀਤਾ ਜਿਨ੍ਹਾਂ ਵਿਚੋਂ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀ ਫ਼ੈਲੋਸ਼ਿਪ ਪ੍ਰਮੁੱਖ ਸੀ।

ਸ਼ਬਦ ਲਈ ਸਤਿਆਰਥੀ ਜੀ ਵਰਗਾ ਸਮਰਪਨ ਬਹੁਤ ਹੀ ਘੱਟ ਦੇਖਣ ਵਿਚ ਆਉਂਦਾ ਹੈ। ਤੇ ਇਸ ਸਮਰਪਨ ਦਾ ਜੋ ਮੁੱਲ ਉਨ੍ਹਾਂ ਨੇ ਤਾਰਿਆ, ਉਹਦੀ ਮਿਸਾਲ ਵੀ ਵਿਰਲੀ-ਟਾਂਵੀਂ ਹੀ ਮਿਲਦੀ ਹੈ। ਬੇਬੇ ਨੇ ਠੀਕ ਹੀ ਇਸ ਨੂੰ 'ਤਪੱਸਿਆ' ਦਾ ਨਾਂ ਦਿੱਤਾ। 'ਕੁਝ ਕਰਨ' ਦੀ ਉਮਰੇ ਉਨ੍ਹਾਂ ਨੂੰ 'ਸਿੱਧੇ ਰਾਹ' ਪਾਉਣ ਲਈ 1929 ਵਿਚ ਵਿਆਹ ਕਰ ਦਿੱਤਾ ਗਿਆ। ਇਨ੍ਹਾਂ ਨੇ ਘਰ ਨਾਲ ਬੱਝੇ ਰਹਿਣ ਜਾਂ ਘਰ ਨੂੰ ਨਾਲ ਤੋਰ ਕੇ ਆਪਣੇ ਮਿਸ਼ਨ ਦੇ ਸਾਧਕ ਬਣੇ ਰਹਿਣ ਵਿਚੋਂ ਛੇਕੜਲਾ ਰਾਹ ਚੁਣਿਆ। ਬੇਪਰਵਾਹੀ ਕਹੋ ਜਾਂ ਲਾਪਰਵਾਹੀ, ਪਲੇਠੀ ਧੀ ਕਵਿਤਾ ਦਾ ਜਨਮ ਵੀ ਯਾਤਰਾ ਦੌਰਾਨ ਕਿਧਰੇ ਉੜੀਸਾ ਵਿਚ ਹੋਇਆ। ਅਜਿਹਾ ਸ਼ਬਦ-ਸਿਦਕ ਕਿੰਨਾ ਕੁ ਦੇਖਣ ਵਿਚ ਆਉਂਦਾ ਹੈ ਜਿਸ ਤੋਂ ਤਿਲੋਤਮਾ ਨਾਂ ਦੀ ਅੱਪਸਰਾ ਚੇਤੇ ਆ ਜਾਂਦੀ ਹੈ, ਪੁਰਾਣਾਂ ਅਨੁਸਾਰ ਬ੍ਰਹਮਾ ਨੇ ਥਾਂ-ਥਾਂ ਤੋਂ ਤਿਲ-ਤਿਲ ਸੁੰਦਰਤਾ ਜੋੜ ਕੇ ਜਿਸ ਨੂੰ ਸਿਰਜਿਆ ਸੀ।

ਰਹਿਣੀ-ਬਹਿਣੀ ਵਿਚ ਸਤਿਆਰਥੀ ਜੀ ਸੱਚਮੁੱਚ ਦਰਵੇਸ਼ ਫ਼ਕੀਰ ਸਨ। ਸਾਹਿਤ ਉਨ੍ਹਾਂ ਦਾ ਸਮੁੱਚਾ ਜੀਵਨ ਸੀ। ਪਰਿਵਾਰ ਵੀ ਦੂਜੇ ਥਾਂ ਉੱਤੇ ਆਉਂਦਾ ਸੀ। ਧਨ-ਦੌਲਤ ਅਤੇ ਮਾਣ-ਸਨਮਾਨ ਤੇ ਇਨਾਮ-ਪੁਰਸਕਾਰ ਉਨ੍ਹਾਂ ਵਾਸਤੇ ਬਹੁਤ ਛੋਟੀਆਂ ਗੱਲਾਂ ਸਨ। ਜੇ ਸਾਹਿਤ ਅਕਾਦਮੀ ਦੇ ਪੰਜਾਬੀ ਇਨਾਮ ਦੇ ਸਾਲੋ-ਸਾਲ ਆਏ ਚੋਣਕਾਰਾਂ ਨੇ ਉਨ੍ਹਾਂ ਨੂੰ ਇਨਾਮ ਨਹੀਂ ਦਿੱਤਾ, ਉਨ੍ਹਾਂ ਨੂੰ ਕੋਈ ਗਿਲਾ ਨਹੀਂ ਸੀ। ਸੱਚ ਇਹ ਹੈ ਕਿ ਇਨਾਮ ਨਾ ਮਿਲਣ ਕਰਕੇ ਉਹ ਛੋਟੇ ਨਹੀਂ ਹੋਏ, ਛੋਟੇ ਚੋਣਕਾਰ ਹੋਏ ਹਨ, ਛੋਟੀ ਸਾਹਿਤ ਅਕਾਦਮੀ ਹੋਈ ਹੈ। ਨਾ ਹੀ ਕਦੀ ਉਹ ਆਪਣੇ ਸੰਬੰਧਾਂ ਦਾ ਲਾਭ ਉਠਾਉਂਦੇ ਸਨ। ਜਿਸ ਗਾਂਧੀ ਜੀ ਨਾਲ ਉਨ੍ਹਾਂ ਦੇ ਨਿਕਟਵਰਤੀ ਵੀ ਖੁੱਲ੍ਹ ਲੈਣ ਦਾ ਜੇਰਾ ਨਹੀਂ ਸਨ ਕਰਦੇ, ਸਤਿਆਰਥੀ ਜੀ ਉਨ੍ਹਾਂ ਨੂੰ ਵੀ ਮੂੰਹ-ਆਈ ਆਖ ਸਕਦੇ ਸਨ। ਪਰ ਇਨ੍ਹਾਂ ਨੇ ਉਨ੍ਹਾਂ ਨਾਲ ਅਤੇ ਹੋਰ ਅਨੇਕ ਵੱਡੇ ਆਗੂਆਂ ਤੇ ਲੇਖਕਾਂ ਨਾਲ ਨੇੜਤਾ ਨੂੰ ਕਦੀ ਆਪਣੇ ਹਿਤ ਲਈ ਵਰਤਣ ਬਾਰੇ, ਕੋਈ ਪਦਵੀ, ਕੋਈ ਸਨਮਾਨ ਲੈਣ ਬਾਰੇ ਸੋਚਿਆ ਤਕ ਨਹੀਂ ਸੀ।

ਜਦੋਂ 18 ਫ਼ਰਵਰੀ 2003 ਨੂੰ ਉਹ ਸੰਦਲੀ ਗਲੀ ਦੇ ਯਾਤਰੀ ਬਣੇ, ਉਨ੍ਹਾਂ ਦੀ ਉਮਰ 95 ਸਾਲ ਸੀ। ਐਨੀ ਮੇਰੀ ਬਾਤ! ਪਰ ਇਹ ਬਾਤ ਐਨੀ ਕੁ ਰਹਿ ਕੇ ਮੁੱਕਣ ਵਾਲੀ ਨਹੀਂ। ਬਾਤ ਸਤਿਆਰਥੀ ਜੀ ਦੀ ਵੀ ਚਲਦੀ ਰਹੇਗੀ ਤੇ ਬਾਤ ਸਤਿਆਰਥੀ-ਸਾਹਿਤ ਦੀ ਵੀ ਚਲਦੀ ਹੀ ਰਹੇਗੀ!


# ਵੀਰ ਸਾਵਰਕਰ ਬਾਰੇ ਫਿਲਮ ਨੇ ਫਿਰ ਵਿਵਾਦ ਛੇੜਿਆ

ਕੁਦਰਤ ਕੌਰ

ਹਿੰਦੂਤਵ ਸਿਧਾਂਤ ਦੇ ਕਰਤਾ-ਧਰਤਾ ਵਿਨਾਇਕ ਦਮੋਦਰ ਸਾਵਰਕਰ ਬਾਰੇ ਆ ਰਹੀ ਫਿਲਮ 'ਸਵਤੰਤਰ ਵੀਰ ਸਾਵਰਕਰ' ਬਾਰੇ ਵਿਵਾਦ ਭਖ ਪਿਆ ਹੈ। ਇਹ ਫਿਲਮ ਉਘਾ ਅਦਾਕਾਰ ਰਣਦੀਪ ਹੁੱਡਾ ਬਣਾ ਰਿਹਾ ਹੈ। ਇਸ ਫਿਲਮ ਵਿਚ ਉਹ ਸਾਵਰਕਰ ਦੀ ਮੁੱਖ ਭੂਮਿਕਾ ਨਿਭਾਅ ਰਿਹਾ ਹੈ ਅਤੇ ਇਸ ਫਿਲਮ ਦਾ ਨਿਰਦੇਸ਼ਨ ਵੀ ਖੁਦ ਕਰ ਰਿਹਾ ਹੈ।

ਹਾਲ ਹੀ ਵਿਚ ਇਸ ਫਿਲਮ ਦਾ ਟੀਜ਼ਰ ਜਾਰੀ ਹੋਇਆ ਹੈ ਜਿਸ ਵਿਚ ਦਰਸਾਇਆ ਗਿਆ ਹੈ ਕਿ ਸਾਵਰਕਰ ਅਜਿਹਾ ਕ੍ਰਾਂਤੀਕਾਰੀ ਸੀ ਜਿਸ ਤੋਂ ਸ਼ਹੀਦ ਭਗਤ ਸਿੰਘ, ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਖੁਦੀ ਰਾਮ ਭੋਸ ਪ੍ਰਭਾਵਿਤ ਹੋਏ ਸਨ। ਸੰਜੀਦਾ ਸ਼ਖਸੀਅਤਾਂ ਨੇ ਇਸ ਬਾਰੇ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਹੈ ਕਿ ਫਿਲਮ ਵਿਚ ਇਤਿਹਾਸ ਨੂੰ ਬਹੁਤ ਜ਼ਿਆਦਾ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਭਗਤ ਸਿੰਘ ਦੇ ਸਾਵਰਕਰ ਤੋਂ ਪ੍ਰਭਾਵਿਤ ਹੋਣ ਵਾਲੇ ਤੱਥ ਨੂੰ ਵੀ ਗਲਤ ਰੰਗ ਵਿਚ ਪੇਸ਼ ਕੀਤਾ ਗਿਆ ਸੀ।

ਯਾਦ ਰਹੇ ਕਿ ਸਾਵਰਕਰ ਨੇ 1909 ਵਿਚ 'ਇੰਡੀਅਨ ਵਾਰ ਆਫ ਇੰਡੀਪੈਂਡੈਂਸ 1857' ਦੇ ਨਾਂ ਹੇਠ ਕਿਤਾਬ ਲਿਖੀ ਸੀ। ਉਸ ਵਕਤ ਇਹ ਕਿਤਾਬ ਵਾਹਵਾ ਚਰਚਾ ਵਿਚ ਆਈ ਸੀ। ਇਸ ਵਿਚ 1857 ਵਾਲੇ ਵਿਦਰੋਹ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਸੀ। ਭਗਤ ਸਿੰਘ ਨੇ ਵੀ ਇਹ ਕਿਤਾਬ ਪੜ੍ਹੀ ਸੀ ਅਤੇ ਹੋਰਾਂ ਨੂੰ ਵੀ ਪੜ੍ਹਨ ਦੀ ਸਲਾਹ ਦਿੱਤੀ ਸੀ। ਉਸ ਦਾ ਮੰਨਣਾ ਸੀ ਕਿ ਅਜਿਹੀਆਂ ਕਿਤਾਬਾਂ ਨਾਲ ਲੋਕਾਂ ਨੂੰ ਆਜ਼ਾਦੀ ਦੇ ਸੰਘਰਸ਼ ਲਈ ਪ੍ਰੇਰਿਆ ਜਾ ਸਕਦਾ ਸੀ। ਭਗਤ ਸਿੰਘ ਵਾਂਗ ਹੀ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਖੁਦੀ ਰਾਮ ਬੋਸ ਦਾ ਨਾਂ ਜੋੜਿਆ ਗਿਆ ਹੈ।








ਫਿਲਮ 'ਸਵਤੰਤਰ ਵੀਰ ਸਾਵਰਕਰ' ਦਾ ਪੋਸਟਰ, (ਵਿਚਕਾਰ) ਵਿਨਾਇਕ ਦਮੋਦਰ ਸਾਵਰਕਰ ਅਤੇ (ਸੱਜੇ) ਅਦਾਕਾਰ ਰਣਦੀਪ ਹੁੱਡਾ ਜੋ ਆਪਣੀ ਹੀ ਨਿਰਦੇਸ਼ਨਾ ਵਾਲੀ ਇਸ ਫਿਲਮ ਵਿਚ ਮੁੱਖ ਕਿਰਦਾਰ ਨਿਭਾਅ ਰਿਹਾ ਹੈ।








ਭਗਤ ਸਿੰਘ, ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਖੁਦੀ ਰਾਮ ਬੋਸ।

ਦੁਨੀਆ ਜਾਣਦੀ ਹੈ ਕਿ ਅੰਗਰੇਜ਼ਾਂ ਖਿਲਾਫ ਆਜ਼ਾਦੀ ਦੇ ਸੰਘਰਸ਼ ਵਿਚ ਭਗਤ ਸਿੰਘ, ਨੇਤਾ ਜੀ ਸੁਭਾਸ਼ ਅਤੇ ਖੁਦੀ ਰਾਮ ਬੋਸ ਦਾ ਆਪੋ-ਆਪਣਾ ਵਿਲੱਖਣ ਸਥਾਨ ਹੈ। ਦੂਜੇ ਪਾਸੇ ਹਿੰਦੂਤਵਵਾਦੀਆਂ ਅਤੇ ਆਰ.ਐੱਸ.ਐੱਸ. ਨੇ ਅੰਗਰੇਜ਼ਾਂ ਖਿਲਾਫ ਆਜ਼ਾਦੀ ਦੀ ਲੜਾਈ ਵਿਚ ਕੋਈ ਹਿੱਸਾ ਨਹੀਂ ਲਿਆ। ਆਰ.ਐੱਸ.ਐੱਸ. ਦੇ ਪ੍ਰਚਾਰਕ ਤਾਂ ਸਗੋਂ ਹਿੰਦੂਆਂ ਅੰਦਰ ਇਹ ਪ੍ਰਚਾਰ ਕਰਦੇ ਸਨ ਕਿ ਤੁਸੀਂ ਆਪਣੀ ਸ਼ਕਤੀ ਅੰਗਰੇਜ਼ਾਂ ਖਿਲਾਫ ਲੜਾਈ ਵਿਚ ਬਰਬਾਦ ਨਾ ਕਰੋ, ਇਹ ਸ਼ਕਤੀ ਹਿੰਦੂਤਵ ਦੇ ਪ੍ਰਚਾਰ ਲਈ ਖਰਚ ਕਰੋ। ਹੋਰ ਤਾਂ ਹੋਰ, ਸਾਵਰਕਰ ਜਦੋਂ ਕਾਲੇ ਪਾਣੀਆਂ ਵਿਚ ਜੇਲ੍ਹ ਕੱਟ ਰਿਹਾ ਸੀ ਤਾਂ ਉਹ ਜੇਲ੍ਹ ਦੇ ਤਸ਼ੱਦਦਾਂ ਤੋਂ ਡਰ ਕੇ ਮੁਆਫੀ ਮੰਗ ਕੇ ਰਿਹਾਅ ਹੋ ਗਿਆ ਸੀ। ਆਪਣੇ ਮੁਆਫੀਨਾਮੇ ਵਿਚ ਉਸ ਨੇ ਲਿਖ ਕੇ ਦਿੱਤਾ ਸੀ ਕਿ ਉਹ ਅੰਗਰੇਜ਼ਾਂ ਖਿਲਾਫ ਕਿਸੇ ਵੀ ਸਿਆਸੀ ਸਰਗਰਮੀ ਵਿਚ ਸ਼ਾਮਿਲ ਨਹੀਂ ਹੋਵੇਗਾ। ਇਉਂ ਅੱਜ ਤੱਕ ਸਾਵਰਕਰ ਦਾ ਸ਼ੁਮਾਰ ਆਜ਼ਾਦੀ ਦੇ ਸੰਘਰਸ਼ ਦੇ ਪਿੜ ਵਿਚੋਂ ਭਗੌੜੇ ਹੋਣ ਵਾਲਿਆਂ ਵਿਚ ਹੁੰਦਾ ਹੈ ਪਰ ਜਦੋਂ ਤੋਂ ਭਾਰਤ ਵਿਚ ਕੇਂਦਰੀ ਸੱਤਾ ਉਤੇ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ) ਦਾ ਕਬਜ਼ਾ ਹੋਇਆ ਹੈ, ਸਾਵਰਕਰ ਨੂੰ ਦੇਸ਼ਭਗਤ ਸਾਬਤ ਕਰਨ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ। ਇਨ੍ਹਾਂ ਨੇ ਦੇਸ਼ ਦੀ ਪਾਰਲੀਮੈਂਟ ਵਿਚ ਸਾਵਰਕਰ ਦੀ ਤਸਵੀਰ ਵੀ ਲਾ ਲਈ ਹੈ।

ਪਿਛਲੇ ਨੌਂ ਸਾਲ ਤੋਂ ਮੋਦੀ ਸਰਕਾਰ ਹਿੰਦੂਤਵ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਇਸ ਨੇ ਆਪਣੇ ਪ੍ਰਚਾਰ ਦਾ ਇਕ ਵੱਡਾ ਅਤੇ ਜ਼ੋਰਦਾਰ ਸਾਧਨ ਸਿਨੇਮਾ ਨੂੰ ਬਣਾਇਆ ਹੈ। ਪਿਛਲੇ ਸਮੇਂ ਦੌਰਾਨ ਅਜਿਹੀਆਂ ਫਿਲਮਾਂ ਦਾ ਮਿਥ ਕੇ ਨਿਰਮਾਣ ਕੀਤਾ ਗਿਆ ਹੈ ਜੋ ਹਿੰਦੂਤਵੀ ਸਿਧਾਂਤ ਦੇ ਤਾਂ ਹੱਕ ਵਿਚ ਭੁਗਤਦੀਆਂ ਹੀ ਹਨ; ਇਹ ਮੁਸਲਮਾਨਾਂ, ਦਲਿਤਾਂ ਅਤੇ ਘੱਟਗਿਣਤੀ ਫਿਰਕਿਆਂ ਖਿਲਾਫ ਜ਼ਹਿਰ ਵੀ ਉਗਲਦੀਆਂ ਹਨ। ਫਿਲਮੀ ਦੁਨੀਆ ਵਿਚ ਇਕ ਅਜਿਹੀ ਧਿਰ ਉਭਰ ਆਈ ਹੈ ਜੋ ਸਰਕਾਰ ਦੀ ਸ਼ਹਿ ਅਤੇ ਹੱਲਾਸ਼ੇਰੀ 'ਤੇ ਅਜਿਹੀਆਂ ਫਿਲਮਾਂ ਧੜਾ-ਧੜ ਬਣਾ ਰਹੀ ਹੈ। ਰਣਦੀਪ ਹੁੱਡਾ ਦੀ ਸਾਵਰਕਰ ਬਾਰੇ ਫਿਲਮ 'ਸਵਤੰਤਰ ਵੀਰ ਸਾਵਰਕਰ' ਇਸੇ ਕੜੀ ਦਾ ਹਿੱਸਾ ਹੈ।

# 'ਯਾਰ ਜੁਲਾਹੇ' ਦੀ ਸਾਹਿਤਕ ਯਾਰੀ




'ਯਾਰ ਜੁਲਾਹੇ' ਦਾ ਪੋਸਟਰ ਅਤੇ (ਸੱਜੇ) ਕਹਾਣੀ ਪੜ੍ਹਦੀ ਅਦਾਕਾਰਾ ਮਾਹਿਰਾ ਕਾਨ ਵਾਲਾ ਪੋਸਟਰ।

ਪਾਕਿਸਤਾਨੀ ਅਦਾਕਾਰ ਮਾਹਿਰਾ ਖਾਨ, ਸਰਵਤ ਗਿਲਾਨੀ, ਨਿਮਰਾ ਬੁੱਚਾ ਅਤੇ ਫੈਸਲ ਕੁਰੈਸ਼ੀ ਡੀ.ਟੀ.ਐਚ. ਦੇ ਜ਼ਿੰਦਗੀ ਚੈਨਲ 'ਤੇ ਤਿੰਨ ਜੂਨ ਤੋਂ ਪ੍ਰਸਾਰਿਤ ਹੋ ਰਹੀ ਸੀਰੀਜ਼ 'ਯਾਰ ਜੁਲਾਹੇ' ਵਿਚ ਭਾਰਤੀ ਉਪ ਮਹਾਦੀਪ ਦੇ ਮਸ਼ਹੂਰ ਲੇਖਕਾਂ ਗੁਲਜ਼ਾਰ, ਸਾਅਦਤ ਹਸਨ ਮੰਟੋ, ਇਸਮਤ ਚੁਗਤਾਈ ਅਤੇ ਅਹਿਮਦ ਨਦੀਮ ਕਾਸਮੀ ਦੀਆਂ ਕਹਾਣੀਆਂ ਪੜ੍ਹ ਕੇ ਸੁਣਾ ਰਹੇ ਹਨ। 'ਯਾਰ ਜੁਲਾਹੇ' ਦੇ ਚਾਰ ਐਪੀਸੋਡ ਜ਼ਿੰਦਗੀ ਚੈਨਲ ਦੇ ਡੀ.ਟੀ.ਐਚ. ਪਲੈਟਫਾਰਮਾਂ- ਟਾਟਾ ਸਕਾਈ, ਡਿਸ਼ ਟੀ.ਵੀ., ਡੀ.ਟੂਐੱਚ. ਅਤੇ ਏਅਰਟੈੱਲ 'ਤੇ ਪ੍ਰਸਾਰਿਤ ਹੋਣਗੇ। ਟੀ.ਵੀ. ਸ਼ੋਅ 'ਹਮਸਫਰ' ਅਤੇ ਬੌਲੀਵੁੱਡ ਫਿਲਮ 'ਰਈਸ' ਦੀ ਅਦਾਕਾਰਾ ਮਾਹਿਰਾ ਖਾਨ ਨੇ ਇਸ ਸੀਰੀਜ਼ ਦੇ ਪਹਿਲੇ ਐਪੀਸੋਡ ਵਿਚ ਕਾਸਮੀ ਦੀ ਯਾਦਗਾਰ ਕਹਾਣੀ 'ਗੁੜੀਆ' ਸੁਣਾਈ। ਨਿਮਰਾ ਬੁੱਚਾ ਨੇ ਦੂਜੇ ਐਪੀਸੋਡ ਵਿਚ ਚੁਗਤਾਈ ਦੀ ਕਹਾਣੀ 'ਮੁਗਲ ਬੱਚਾ' ਸੁਣਾਈ। ਹੁਣ ਸਰਵਤ ਗਿਲਾਨੀ ਤੀਜੇ ਐਪੀਸੋਡ ਵਿਚ ਗੁਲਜ਼ਾਰ ਦੀ ਕਹਾਣੀ 'ਸਨਸੈੱਟ ਬੁਲੇਵਰਡ' ਸੁਣਾਏਗੀ ਜੋ 16 ਅਤੇ 17 ਜੂਨ ਨੂੰ ਪ੍ਰਸਾਰਿਤ ਹੋਵੇਗਾ। ਚੌਥੇ ਅਤੇ ਆਖਰੀ ਐਪੀਸੋਡ ਵਿਚ ਫੈਸਲ ਕੁਰੈਸ਼ੀ ਵੱਲੋਂ ਮੰਟੋ ਦੀ ਕਹਾਣੀ 'ਗੁਸਲਖਾਨਾ' ਸੁਣਾਈ ਜਾਵੇਗੀ।


ਯਾਦ ਰਹੇ ਕਿ ਦੋਹਾਂ ਮੁਲਕਾਂ ਦੇ ਫਨਕਾਰਾਂ ਵਿਚਕਾਰ ਰਾਬਤਾ ਵੱਖ-ਵੱਖ ਸਮਿਆਂ ਦੌਰਾਨ ਹੁੰਦਾ ਰਿਹਾ ਹੈ, ਖਾਸ ਕਰ ਕੇ ਭਾਰਤ ਅਤੇ ਪਾਕਿਸਤਾਨ ਦੇ ਗਾਇਕ ਅਤੇ ਅਦਾਕਾਰ ਦੋਹਾਂ ਮੁਲਕਾਂ ਵਿਚ ਆਪੋ-ਆਪਣੇ ਪ੍ਰੋਗਰਾਮ ਦਿੰਦੇ ਰਹੇ ਹਨ। ਅਜਿਹੇ ਪ੍ਰੋਗਰਾਮਾਂ ਨੂੰ ਸਰੋਤੇ ਅਤੇ ਦਰਸ਼ਕ ਭਰਪੂਰ ਹੁੰਗਾਰਾ ਭਰਦੇ ਰਹੇ ਹਨ ਪਰ ਇਹ ਵੀ ਸੱਚ ਹੈ ਕਿ ਧਾਰਮਿਕ ਜਨੂਨੀ ਅਜਿਹੇ ਪ੍ਰੋਗਰਾਮਾਂ ਖਿਲਾਫ ਆਪਣੀਆਂ ਕਾਰਵਾਈਆਂ ਕਰਦੇ ਰਹੇ ਹਨ। ਬਹੁਤ ਵਾਰ ਹੁੱਲੜਬਾਜ਼ੀ ਕਰ ਕੇ ਅਜਿਹੇ ਪ੍ਰੋਗਰਾਮ ਬੰਦਰ ਵੀ ਕਰਵਾਏ ਗਏ। ਉਂਝ, ਪਿਛਲੇ 9 ਸਾਲ ਤੋਂ, ਜਦੋਂ ਤੋਂ ਭਾਰਤ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਕਾਇਮ ਹੋਈ ਹੈ, ਅਜਿਹੇ ਪ੍ਰੋਗਰਾਮ ਹੋਣੇ ਬੰਦ ਹੀ ਹੋ ਗਏ ਹਨ। ਅਸਲ ਵਿਚ ਨਰਿੰਦਰ ਮੋਦੀ ਦੀ ਪਾਰਟੀ- ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਜਥੇਬੰਦੀ ਆਰ.ਐੱਸ.ਐੱਸ. ਦੀ ਤਕਰੀਬਨ ਸਾਰੀ ਸਿਆਸਤ ਤਾਂ ਪਾਕਿਸਤਾਨ ਦੇ ਵਿਰੋਧ ਵਿਚੋਂ ਨਿੱਕਲਦੀ ਹੈ; ਇਸ ਲਈ ਸਰਕਾਰ ਬਣਦਿਆਂ ਸਾਰ ਸਭ ਤੋਂ ਪਹਿਲਾ ਹਮਲਾ ਇਕ ਤਰ੍ਹਾਂ ਨਾਲ ਫਨਕਾਰਾਂ ਉਤੇ ਹੀ ਹੋਇਆ।

ਹੁਣ 'ਯਾਰ ਜੁਲਾਹੇ' ਨੇ ਵਧੀਆ ਸ਼ੁਰੂਆਤ ਕੀਤੀ ਹੈ। ਸੰਭਵ ਹੈ ਕਿ ਆਉਂਦੇ ਸਮਿਆਂ ਦੌਰਾਨ ਅਜਿਹੇ ਹੋਰ ਬਹੁਤ ਸਾਰੇ ਪ੍ਰੋਗਰਾਮ ਉਲੀਕੇ ਜਾਣ ਅਤੇ ਦਰਸ਼ਕਾਂ ਤੇ ਸਰੋਤਿਆਂ ਨਾਲ ਰਾਬਤਾ ਬਣਾਉਣ।

-ਆਮਨਾ ਕੌਰ

# ਅਦਾਕਾਰ ਰਜਨੀਕਾਂਤ ਹੁਣ 'ਜੇਲ੍ਹਰ' ਬਣਿਆ

ਫਿਲਮ ਸੁਪਰ ਸਟਾਰ ਰਜਨੀਕਾਂਤ ਦੀ ਫਿਲਮ 'ਜੇਲ੍ਹਰ' ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ। ਫਿਲਮ ਦੇ ਪ੍ਰੋਡਕਸ਼ਨ ਹਾਊਸ ਵੱਲੋਂ ਇਸ ਸਬੰਧੀ ਟਵਿੱਟਰ ਅਕਾਊਂਟ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਗਈਆਂ ਹਨ ਜਿਨ੍ਹਾਂ 'ਚ ਫਿਲਮ ਦੇ ਅਦਾਕਾਰ ਤੇ ਹੋਰ ਅਮਲਾ ਸ਼ੂਟਿੰਗ ਮੁਕੰਮਲ ਹੋਣ ਮਗਰੋਂ ਕੇਕ ਕੱਟਦਾ ਅਤੇ ਖੁਸ਼ੀ ਮਨਾਉਂਦਾ ਦਿਖਾਈ ਦੇ ਰਿਹਾ ਹੈ। ਪਿਛਲੇ ਸਾਲ ਫਿਲਮ ਦੇ ਨਿਰਮਾਤਾਵਾਂ ਨੇ ਰਜਨੀਕਾਂਤ ਦੀ ਪਹਿਲੀ ਝਲਕ ਦਾ ਪੋਸਟਰ ਸਾਂਝਾ ਕਰਦਿਆਂ ਇਹ ਫਿਲਮ ਬਣਾਉਣ ਦਾ ਐਲਾਨ ਕੀਤਾ ਸੀ। ਇਸ ਪੋਸਟਰ ਵਿਚ ਰਜਨੀਕਾਂਤ ਨੇ ਕਰੀਮ ਰੰਗ ਦੀ ਸ਼ਰਟ ਅਤੇ ਖਾਕੀ ਰੰਗ ਦੀ ਪੈਂਟ ਪਾਈ ਹੋਈ ਹੈ ਤੇ ਉਹ ਆਪਣੇ ਦੋਵੇਂ ਹੱਥ ਪਿੱਛੇ ਕਰਕੇ ਖੜ੍ਹਾ ਦਿਖਾਈ ਦੇ ਰਿਹਾ ਹੈ। ਇਸ ਫਿਲਮ ਲਈ ਦਰਸ਼ਕਾਂ ਵਿਚ ਕਾਫ਼ੀ ਉਤਸ਼ਾਹ ਹੈ। ਇਹ ਐਕਸ਼ਨ ਫਿਲਮ ਹੈ ਜਿਸ ਵਿੱਚ ਕੰਨੜ ਅਦਾਕਾਰ ਸ਼ਿਵਾ ਰਾਜਕੁਮਾਰ, ਮਲਿਆਲਮ ਫਿਲਮਾਂ ਦੇ ਅਦਾਕਾਰ ਮੋਹਨਲਾਲ ਤੇ ਤਮੰਨਾ ਭਾਟੀਆ ਅਤੇ ਰਾਮਿਆ ਕ੍ਰਿਸ਼ਨਨ ਵੀ ਅਹਿਮ ਭੂਮਿਕਾਵਾਂ ਵਿਚ ਨਜ਼ਰ ਆਉਣਗੇ। ਇਸ ਤੋਂ ਇਲਾਵਾ ਰਜਨੀਕਾਂਤ ਦੀ ਫਿਲਮ 'ਲਾਲ ਸਲਾਮ' ਵੀ ਛੇਤੀ ਹੀ ਰਿਲੀਜ਼ ਹੋਣ ਵਾਲੀ ਹੈ।



# PAO Punjabi American Organization

# ਤੀਆਂ ਦਾ ਮੇਲਾ 2023

## Teeyan Da Mela 2023

### ਐਤਵਾਰ 30 ਜੁਲਾਈ, 2023 ਸਵੇਰੇ 10:30 ਤੋਂ ਸ਼ਾਮ 4:00 ਵਜੇ ਤਕ

### *Venue- Cotillion Banquets, Palatine



***Tickets:** General Ticket - $40 *VIP- $100 *VIP Table- $1000*

**Kids 6 years to 12 years - $20 *Kids under 5 years - Free admission*

**Food included with the ticket price**

ENJOY DHOLKI • DANCING • SINGING • MEHNDI • GIDDHA • SHOPPING • FOOD

## For More Information

**Minni Multani 630-935-5239, Naina Singh 847-828-9412, Sukhi Singh 847-917-3664, Jasmeet Suga 630-890-1362, Raj Mago 630-890-1362, Pammi Sangha 630-965-2930, Shaloo Chhabra 813-317-6815, Pinky Walia 847-999-8720, Jeewan Dhami 847-409-4675, Jolly Dandona: 847-630-6417, Joti Khaira: 630-277-1649, Sheetal Kalra: 773-580-0445**

For Stalls - Kamal Hunjan 630.673.5156 or Gurpreet K. Singh 630.677.6144

For Items & Performances - Rossie Rehal 630.699.8555 or Prabh Khaira 630.267.2107